

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

for Free Consultation!!!

Helpful in Easy and Accessible Home Loans at low Interest Rates.

CENTURY 21 SCHEETZ
RAYD@C21Scheetz.com



Twenty First Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 21, Issue 33, August 15, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


## ਮੋਦੀ ਦੇ 'ਗੋਵਿੰਦ ਰਮਾਇਣ' ਬਾਰੇ ਬਿਆਨ ਤੋਂ ਵਿਵਾਦ ਭਖਿਆ

**ਅੰਮ੍ਰਿਤਸਰ:** ਰਾਮ ਮੰਦਿਰ ਦੇ ਭੂਮੀ ਪੂਜਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਗੁਰੂ ਗੋਬਿੰਦ ਸਿੰਘ ਵਲੋਂ 'ਗੋਵਿੰਦ ਰਮਾਇਣ' ਲਿਖੇ ਜਾਣ ਬਾਰੇ ਦਾਅਵਾ ਕਰਨ ਅਤੇ ਇਸੇ ਦਿਨ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਇਕਬਾਲ ਸਿੰਘ ਵਲੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਅਤੇ ਦਸਮ ਪਿਤਾ ਨੂੰ ਭਗਵਾਨ ਰਾਮ ਦੇ ਦੋ ਪੁੱਤਰਾਂ ਲਵ ਤੇ ਕੁਸ਼ ਦੇ ਵੰਸ਼ਜ਼ ਦੱਸਣ ਦਾ ਮਾਮਲਾ ਭਖ ਗਿਆ ਹੈ।

ਸਿੱਖ ਜਥੇਬੰਦੀਆਂ ਨੇ ਇਸ ਮਸਲੇ 'ਤੇ ਅਕਾਲ ਤਖਤ ਦੇ ਜਥੇਦਾਰ ਦੀ ਚੁੱਪ ਉਤੇ ਸਵਾਲ ਚੁੱਕਦਿਆਂ ਮੰਗ ਕਰ ਦਿੱਤੀ ਹੈ ਕਿ ਉਹ ਸਿੱਖਾਂ ਨੂੰ ਇਸ ਦੁਬਿਧਾ 'ਚੋਂ ਕੱਢਣ ਕਿ ਮੋਦੀ ਅਤੇ ਸਾਬਕਾ ਜਥੇਦਾਰ ਵਲੋਂ ਦਿੱਤੇ ਬਿਆਨ ਸਹੀ ਹਨ ਜਾਂ ਗਲਤ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਮੋਦੀ ਨੇ ਗੁਰੂ ਗੋਬਿੰਦ ਸਿੰਘ ਦੁਆਰਾ 'ਗੋਵਿੰਦ ਰਮਾਇਣ' ਲਿਖੇ ਜਾਣ ਬਾਰੇ ਕਹਿ ਕੇ ਗੁਮਰਾਹ ਕੀਤਾ ਹੈ ਜਦਕਿ ਅਸਲੀਅਤ 'ਚ ਅਜਿਹਾ ਕੋਈ ਗ੍ਰੰਥ ਦਸਵੇਂ ਗੁਰੂ ਨੇ ਨਹੀਂ ਲਿਖਿਆ ਹੈ। ਪ੍ਰਧਾਨ ਮੰਤਰੀ ਵਲੋਂ ਇਹ ਗੱਲ ਉਸ ਵੇਲੇ ਆਖੀ ਗਈ ਜਦੋਂ ਰਾਮ ਮੰਦਿਰ ਦਾ ਨੀਂਹ ਪੱਥਰ ਰੱਖਣ ਦਾ ਪ੍ਰੋਗਰਾਮ ਚੱਲ ਰਿਹਾ ਸੀ। ਸਿੱਖ ਜਥੇਬੰਦੀਆਂ ਨੂੰ ਖਦਸ਼ਾ ਹੈ ਕਿ ਪ੍ਰਧਾਨ ਮੰਤਰੀ ਵਲੋਂ ਕੀਤੀ ਗਈ ਇਹ ਗੱਲ ਭਵਿੱਖ ਵਿਚ ਇਤਿਹਾਸਕ ਹਵਾਲਾ ਬਣੇਗੀ, ਇਸ ਲਈ ਇਸ ਦਾ ਵਿਰੋਧ ਕਰਨਾ ਜ਼ਰੂਰੀ ਬਣਦਾ ਹੈ।

ਉਂਜ ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਸਿੱਖਾਂ ਨੂੰ ਹਿੰਦੂ ਧਰਮ ਦੇ ਹਿੱਸੇ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੋਵੇ। ਇਥੋਂ ਤੱਕ ਕਿ ਸੁਪਰੀਮ ਕੋਰਟ ਵਿਚ ਰਾਮ ਮੰਦਿਰ ਭੂਮੀ ਮਸਲੇ ਦੀ ਸੁਣਵਾਈ ਵੇਲੇ ਹਿੰਦੂ ਪੱਖ ਨੇ ਸਿੱਖਾਂ ਦੇ ਦਸਵੇਂ ਗੁਰੂ, ਗੋਬਿੰਦ ਸਿੰਘ ਦੀ ਅਯੁੱਧਿਆ ਫੇਰੀ ਤੇ ਰਾਮ ਮੰਦਿਰ ਦੇ ਦਰਸ਼ਨਾਂ ਦਾ ਜ਼ਿਕਰ ਕਰਕੇ



ਵਿਵਾਦਤ ਜ਼ਮੀਨ ਉਤੇ ਆਪਣੇ ਦਾਅਵੇ ਨੂੰ ਪੱਕਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਧਰ, ਮੋਦੀ ਦੇ ਮੂੰਹੋਂ ਨਿਕਲੇ ਇਨ੍ਹਾਂ ਵਿਵਾਦਤ ਬੋਲਾਂ ਨੂੰ ਭਗਵਾ ਧਿਰ ਦੇ ਸਿਆਸੀ ਮਨਸ਼ੇ ਨਾਲ ਵੀ ਜੋੜਿਆ ਜਾ ਰਿਹਾ ਹੈ। ਸਿਆਸੀ ਮਾਹਰ ਦਾਅਵਾ ਕਰ ਰਹੇ ਹਨ ਕਿ ਮੋਦੀ ਦੇ ਮੂੰਹੋਂ ਸਿੱਖ ਗੁਰੂਆਂ ਬਾਰੇ ਬਿਆਨ ਅਚਾਨਕ ਨਹੀਂ ਨਿਕਲਿਆ, ਸਗੋਂ ਇਹ ਤੈਅ ਰਣਨੀਤੀ ਦਾ ਹਿੱਸਾ ਸੀ।

ਪੂਰੇ ਮੁਲਕ ਵਿਚ ਕੁੱਲ ਮਿਲਾ ਕੇ ਪੰਜਾਬ


***(ਬਾਕੀ ਸਫਾ 6 ਉਤੇ)***


## ਇਕਬਾਲ ਸਿੰਘ ਨੂੰ ਤਲਬ ਕਰਨ ਦੀ ਮੰਗ ਉਠੀ

**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਇਕਬਾਲ ਸਿੰਘ ਨੂੰ ਤਲਬ ਕਰ ਕੇ ਉਨ੍ਹਾਂ ਖਿਲਾਫ ਕਾਰਵਾਈ ਕੀਤੀ ਜਾਵੇ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਤੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਜਨਰਲ ਸਕੱਤਰ ਤੇ ਮੁੱਖ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਜਗਰੂਪ ਸਿੰਘ ਚੀਮਾ ਨੇ ਆਖਿਆ ਹੈ ਕਿ ਇਕਬਾਲ ਸਿੰਘ ਵਲੋਂ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਰਾਮ ਚੰਦਰ, ਲਵ ਤੇ ਕੁਸ਼ ਦੇ ਵੰਸ਼ਜ ਆਖ ਕੇ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ ਹੈ। ਇਕਬਾਲ ਸਿੰਘ ਖਿਲਾਫ ਤੁਰਤ ਧਾਰਮਿਕ ਕਾਰਵਾਈ ਕਰਕੇ ਸਿੱਖਾਂ ਦੇ ਇਤਿਹਾਸ ਨੂੰ ਵਿਗਾੜ ਕੇ ਕਹਿਣ ਦੇ ਦੋਸ਼ 'ਚ ਅਕਾਲ ਤਖਤ ਸਾਹਿਬ ਵਿਖੇ ਤਲਬ ਕਰਨਾ ਚਾਹੀਦਾ ਹੈ। ਗਿਆਨੀ ਇਕਬਾਲ ਸਿੰਘ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਰਹੇ ਹਨ ਅਤੇ ਪਹਿਲਾਂ ਵੀ ਕਈ ਵਾਰ ਵਿਵਾਦ ਵਿਚ ਰਹਿ ਚੁਕੇ ਹਨ।

## ਸ਼ਰਾਬ ਕਾਂਡ ਨੇ ਹਿਲਾਈ ਕੈਪਟਨ ਦੀ ਕੁਰਸੀ


**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਉਠੀਆਂ ਬਾਗੀ ਸੁਰਾਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੁਰਸੀ ਹਿਲਾ ਕੇ ਰੱਖ ਦਿੱਤੀ ਹੈ। ਪੰਜਾਬ ਵਿਚ ਸ਼ਰਾਬ ਕਾਂਡ ਤੋਂ ਬਾਅਦ ਇਕ ਪਾਸੇ ਵਿਰੋਧੀ ਧਿਰਾਂ ਕੈਪਟਨ ਸਰਕਾਰ ਡੇਗਣ ਲਈ ਰਾਜਪਾਲ ਨੂੰ ਮੰਗ ਪੱਤਰ ਦੇਣ ਸਮੇਤ ਧਰਨੇ ਮਾਰ ਰਹੀਆਂ ਹਨ, ਦੂਜੇ ਪਾਸੇ ਕਾਂਗਰਸ ਦੇ 'ਆਪਣਿਆਂ' ਨੇ ਵੀ ਕੈਪਟਨ ਹਕੂਮਤ ਦੀਆਂ ਨਾਲਾਇਕੀਆਂ ਦੀ ਲੰਮੀ ਚੌੜੀ ਲਿਸਟ ਚੁੱਕ ਲਈ ਹੈ। ਹਾਲਾਤ ਇਹ ਬਣ ਗਏ ਹਨ ਕਿ ਮੁੱਖ ਮੰਤਰੀ ਨੂੰ ਜਵਾਬ ਦੇਣਾ ਔਖਾ ਹੋ ਗਿਆ ਹੈ ਤੇ ਅੰਦਰੋਂ ਅੰਦਰੀ ਬਗਾਵਤ ਨੂੰ ਠੱਲ੍ਹਣ ਦੀਆਂ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ।

ਕੈਪਟਨ ਅਮਰਿੰਦਰ ਸਿੰਘ ਦਾ ਸ਼ਰਾਬ ਕਾਂਡ ਤੋਂ ਉਠੇ ਸਿਆਸੀ ਉਬਾਲ ਨੂੰ ਮੱਠਾ ਕਰਨ ਲਈ ਜ਼ੋਰ ਲੱਗਾ ਹੋਇਆ ਹੈ। ਪਤਾ ਲੱਗਾ ਹੈ ਕਿ ਜ਼ਹਿਰੀਲੀ ਸ਼ਰਾਬ ਦੇ ਮਾਮਲੇ ਨੂੰ ਲੈ ਕੇ ਵਿਰੋਧੀ ਧਿਰਾਂ ਦੇ ਹੱਲੇ ਨੂੰ ਟੱਕਰ ਦੇਣ ਲਈ ਵਿਉਂਤਬੰਦੀ ਬਣਾਉਣ ਦੇ ਨਾਲ-ਨਾਲ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਦੇ ਬਗਾਵਤੀ ਸੁਰਾਂ ਖਿਲਾਫ ਵੀ ਪੈਂਤੜਾ ਤਿਆਰ ਕੀਤਾ ਜਾ ਰਿਹਾ ਹੈ।

ਇਸੇ ਰਣਨੀਤੀ ਵਜੋਂ ਕੈਪਟਨ ਨੇ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੂੰ ਦੁਪਹਿਰ ਦੇ ਖਾਣੇ 'ਤੇ ਸੱਦਿਆ ਜਿਸ ਦੌਰਾਨ ਉਨ੍ਹਾਂ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਦੇ ਬਗਾਵਤੀ ਸੁਰਾਂ ਨੂੰ ਲੈ ਕੇ ਵਿਚਾਰ ਚਰਚਾ ਕੀਤੀ। ਸੂਤਰਾਂ ਮੁਤਾਬਕ ਕਾਂਗਰਸ ਹਾਈਕਮਾਨ ਨੇ ਆਸ਼ਾ ਕੁਮਾਰੀ ਤੋਂ ਇਸ ਮਾਮਲੇ 'ਚ ਰਿਪੋਰਟ ਮੰਗੀ ਹੈ। ਕਾਂਗਰਸ ਹਾਈਕਮਾਨ ਪੰਜਾਬ ਦੇ ਸ਼ਰਾਬ ਕਾਂਡ ਤੋਂ ਇਲਾਵਾ ਬਾਜਵਾ-ਦੂਲੋ ਦੇ ਮਾਮਲੇ ਨੂੰ ਲੈ ਫਿਕਰਮੰਦ ਹੈ ਕਿਉਂਕਿ ਮੱਧ ਪ੍ਰਦੇਸ਼ ਮਗਰੋਂ ਰਾਜਸਥਾਨ ਵਿਚ ਪਾਰਟੀ ਵਿਚ ਬਣੇ ਸੰਕਟ ਨੇ ਕਾਂਗਰਸ ਨੂੰ ਵੱਡੀ ਢਾਹ ਲਾਈ ਹੈ। ਸੂਤਰਾਂ ਨੇ ਕਿਹਾ ਕਿ ਸ਼ਰਾਬ ਕਾਂਡ ਦੀ ਸੂਈ ਦੋ ਸ਼ਰਾਬ ਸਨਅਤਾਂ ਵਲ ਘੁੰਮ ਰਹੀ ਹੈ ਜਿਸ ਨੂੰ ਲੈ ਕੇ ਸਰਕਾਰ ਨੂੰ ਅੰਦਰੋਂ ਘਬਰਾਹਟ ਵੀ ਹੈ। ਵਿਰੋਧੀ ਧਿਰਾਂ ਇਸ ਮਾਮਲੇ 'ਤੇ ਕੋਈ ਮੌਕਾ ਖੁੰਝਣ ਨਹੀਂ ਦੇ ਰਹੀਆਂ ਹਨ। ਦੱਸ ਦਈਏ ਕਿ ਪੰਜਾਬ ਵਿਚ ਪਿਛਲੇ ਲਗਭਗ ਸਾਢੇ 3 ਸਾਲ ਤੋਂ ਸੱਤਾ ਚਲਾ ਰਹੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਦਾ ਵਿਵਾਦਾਂ ਤੇ ਆਲੋਚਨਾ ਨੇ ਇਸ ਦਾ ਪਿੱਛਾ ਨਹੀਂ ਛੱਡਿਆ। ਅਕਸਰ ਸਰਕਾਰ 'ਤੇ ਇਸ ਕਰਕੇ ਉਂਗਲਾਂ ਜ਼ਰੂਰ ਉੱਠਦੀਆਂ ਰਹੀਆਂ ਹਨ ਕਿ ਉਹ ਆਪਣੇ ਕੀਤੇ ਵਾਅਦਿਆਂ ਨੂੰ ਅੱਧਾ-ਅਧੂਰਾ ਹੀ ਪੂਰਾ ਕਰ ਸਕੀ ਹੈ।

ਹਾਲਾਤ ਇਹ ਬਣ ਗਏ ਕਿ ਪਾਰਟੀ ਅੰਦਰੋਂ ਹੀ ਵਿਰੋਧ ਦੀਆਂ ਆਵਾਜ਼ਾਂ ਉੱਠਣ ਲੱਗੀਆਂ। ਨਵਜੋਤ ਸਿੰਘ ਸਿੱਧੂ ਵਰਗੇ ਵਿਅਕਤੀ ਨੂੰ ਸਰਕਾਰ ਤੋਂ ਕਿਨਾਰਾ ਕਰਨ ਲਈ ਮਜਬੂਰ ਹੋਣਾ ਪਿਆ। ਇਥੋਂ ਤੱਕ ਕਿ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੀ ਆਪਣੀ ਹੀ ਸਰਕਾਰ ਦੀ ਸ਼ਰੇਆਮ ਆਲੋਚਨਾ ਕਰਦੇ ਨਜ਼ਰ ਆਏ। ਹੁਣ ਇਹ ਧੁਖਦਾ ਧੂੰਆਂ ਹੋਰ ਤੀਬਰ ਹੁੰਦਾ ਦਿਖਾਈ ਦੇ ਰਿਹਾ ਹੈ। ਪਿਛਲੇ ਦਿਨੀਂ ਹੋਏ ਦੁਖਦਾਈ ਸ਼ਰਾਬ ਕਾਂਡ ਨੇ ਜਿਥੇ ਸਰਕਾਰ ਦੀਆਂ ਚਿੰਤਾਵਾਂ ਵਿਚ ਵਾਧਾ ਕੀਤਾ ਹੈ, ਉਥੇ ਵਿਰੋਧੀ ਪਾਰਟੀਆਂ ਇਸ ਮਸਲੇ ਨੂੰ ਲੈ ਕੇ ਪੂਰੀ ਤਰ੍ਹਾਂ ਮੈਦਾਨ ਵਿਚ ਉਤਰ ਆਈਆਂ ਹਨ। ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘ ਦੂਲੋ ਨੇ ਪਿਛਲੇ ਦਿਨੀਂ ਰਾਜਪਾਲ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਜੋ ਚਿੱਠੀ ਸੌਂਪੀ ਹੈ, ਉਸ ਨੇ ਪਾਰਟੀ ਅਤੇ ਸਰਕਾਰ ਦੋਵਾਂ ਦੀਆਂ ਮੁਸ਼ਕਿਲਾਂ ਨੂੰ ਹੋਰ ਵੀ ਵਧਾ ਦਿੱਤਾ ਹੈ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style

We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



LEAF XPRESS
INIANAPOLIS, IN

Now Hiring!

We are looking for professional CDL A drivers.
*Newer Model well maintained Trucks and Trailers.
*COMPETITIVE PAY!! HOME EVERY WEEKEND!!
*Atleast 2 years of experience required.

Call, ISHAN: 317-688-9222

28-



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill,
New York 11419

# ਆਰ. ਐਸ. ਐਸ. ਦੀਆਂ ਸਿਫਤਾਂ ਕਰ ਕੇ ਬੁਰੇ ਫਸੇ ਸੁਖਦੇਵ ਢੀਂਡਸਾ

**ਬਟਾਲਾ:** ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਸਰਪ੍ਰਸਤ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੱਲੋਂ ਸ਼੍ਰੋਮਣੀ ਕਮੇਟੀ (ਐਸ.ਜੀ.ਪੀ.ਸੀ.) ਬਾਰੇ ਕੀਤੀ ਟਿੱਪਣੀ ਦਾ ਮਾਮਲਾ ਭਖ ਗਿਆ ਹੈ। ਸ਼੍ਰੋਮਣੀ ਕਮੇਟੀ ਸਣੇ ਸਿੱਖ ਜਥੇਬੰਦੀਆਂ ਨੇ ਢੀਂਡਸਾ ਦੇ ਇਸ ਬਿਆਨ ਉਤੇ ਸਖਤ ਇਤਰਾਜ਼ ਜਤਾਇਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਢੀਂਡਸਾ ਵੱਲੋਂ ਆਰ.ਐਸ.ਐਸ. ਨੂੰ ਸਿੱਖ ਕੌਮ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲੋਂ ਬਿਹਤਰ ਦੱਸਣ ਨਾਲ ਉਨ੍ਹਾਂ ਦੀ ਮਨਸ਼ਾ ਸਪਸ਼ਟ ਹੋ ਗਈ ਹੈ। ਉਨ੍ਹਾਂ ਢੀਂਡਸਾ ਦੇ ਬਿਆਨ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਇਹ ਸੰਸਥਾ ਸਿੱਖ ਕੌਮ ਦੀਆਂ ਕੁਰਬਾਨੀਆਂ ਤੋਂ ਬਾਅਦ ਹੋਂਦ 'ਚ ਆਈ ਸੀ ਪਰ ਹੁਣ ਤੱਕ ਸ਼੍ਰੋਮਣੀ ਕਮੇਟੀ ਦੇ ਕੰਮਾਂ ਦੇ ਸੋਹਲੇ ਗਾਉਣ ਵਾਲੇ ਢੀਂਡਸਾ ਵੱਲੋਂ ਅੱਜ ਆਰ. ਐਸ. ਐਸ ਨੂੰ ਸ਼੍ਰੋਮਣੀ ਕਮੇਟੀ ਨਾਲੋਂ ਬਿਹਤਰ ਦੱਸਣਾ ਮੰਦਭਾਗਾ ਹੈ। ਉਨ੍ਹਾਂ ਢੀਂਡਸਾ ਨੂੰ ਸਵਾਲ ਕੀਤਾ ਕਿ ਜੇ ਸ਼੍ਰੋਮਣੀ ਕਮੇਟੀ ਨਾਲੋਂ ਆਰ. ਐਸ. ਐਸ. ਹੀ ਚੰਗੀ ਹੈ ਤਾਂ ਉਹ ਆਏ ਦਿਨ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਬਿਆਨ ਕਿਉਂ ਦੇ ਰਹੇ ਹਨ। ਇਕ ਪਾਸੇ ਤਾਂ ਉਹ ਸ਼੍ਰੋਮਣੀ ਕਮੇਟੀ ਚੋਣਾਂ ਦੀਆਂ ਤਿਆਰੀਆਂ ਕਰ ਰਹੇ ਹਨ, ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੂੰ ਆਰ.ਐਸ.ਐਸ. ਤੋਂ ਨੀਵਾਂ ਵਿਖਾ ਕੇ ਅਖਬਾਰੀ ਸੁਰਖੀਆਂ 'ਚ ਆ ਰਹੇ ਹਨ।



ਲੌਂਗੋਵਾਲ ਨੇ ਕਿਹਾ ਕਿ ਇਹ ਤਾਂ ਆਮ ਚਰਚਾ ਹੀ ਸੀ ਕਿ ਢੀਂਡਸਾ ਆਪਣੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਵਿਰੋਧ ਕਿਸੇ ਦੇ ਇਸ਼ਾਰਿਆਂ ਉਤੇ ਹੀ ਕਰ ਰਹੇ ਹਨ ਤੇ ਅੱਜ ਉਨ੍ਹਾਂ ਦੇ ਬਿਆਨ ਨੇ ਸਾਰੇ ਸ਼ੰਕਿਆਂ ਨੂੰ ਦੂਰ ਕਰ ਦਿੱਤਾ ਹੈ। ਉਨ੍ਹਾਂ ਢੀਂਡਸਾ ਦੇ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਲੋੜ ਪੈਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਹੋਰ ਅਹੁਦੇਦਾਰ ਆਪਣੀ ਭੂਮਿਕਾ ਹੀ ਅਦਾ ਨਹੀਂ ਕਰਦੇ ਬਲਕਿ ਜ਼ਿਕਰਯੋਗ ਢੰਗ ਨਾਲ ਦਬਾਅ ਬਣਾ ਕੇ ਜਾਇਜ਼ ਗੱਲ ਵੀ ਮਨਵਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਕਿਸੇ ਦੇ ਸਰਟੀਫਿਕੇਟ ਦੀ ਲੋੜ ਨਹੀਂ ਹੈ।

ਦੱਸ ਦਈਏ ਕਿ ਢੀਂਡਸਾ ਨੇ ਇਕ ਬਿਆਨ ਵਿਚ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਨਾਲੋਂ ਆਰ.ਐਸ.ਐਸ. ਕਿਤੇ ਚੰਗੀ ਹੈ ਕਿਉਂਕਿ ਕੇਂਦਰ ਸਰਕਾਰ ਜਾਂ ਹੋਰ ਪ੍ਰਾਂਤਾਂ 'ਚ ਭਾਜਪਾ ਸਰਕਾਰ ਜਿੱਥੇ ਗਲਤ ਹੋਵੇ, ਸੰਘ ਉਸ ਨੇਤਾ ਦੇ ਤੁਰਤ 'ਕੰਨ ਮਰੋੜ' ਕੇ ਉਸ ਦੀ ਗਲਤੀ ਦਾ ਅਹਿਸਾਸ ਕਰਵਾ ਦਿੰਦਾ ਹੈ, ਪਰ ਬੇਅਦਬੀ ਕਾਂਡ, ਬਹਿਬਲ ਅਤੇ ਬਰਗਾੜੀ ਕਲਾਂ ਘਟਨਾਵਾਂ ਲਈ ਐਸ.ਜੀ.ਪੀ.ਸੀ. ਦੇ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਨੇ ਅਕਾਲੀ ਸਰਕਾਰ ਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਕੀਤੀ। ਉਨ੍ਹਾਂ ਬਾਦਲਾਂ 'ਤੇ ਪਾਰਟੀ, ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਦਾ ਦੁਰਉਪਯੋਗ ਕਰਨ ਦੇ ਇਲਜ਼ਾਮ ਲਾਉਂਦਿਆਂ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਉਹ ਪੰਥਕ ਮਰਿਆਦਾ ਦੀ ਬਹਾਲੀ ਲਈ ਸ਼੍ਰੋਮਣੀ ਅਕਾਲੀ ਦਲ (ਡੀ) ਦਾ ਸਾਥ ਦੇਣ।

ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਆਰ.ਐਸ.ਐਸ. ਦੀਆਂ ਸਰਗਰਮੀਆਂ ਵਿਚ ਨਾ ਤਾਂ ਧਰਮ ਦਾ ਪ੍ਰਚਾਰ ਹੈ ਤੇ ਨਾਹੀ ਸਮਾਜਿਕ ਖੇਤਰ ਵਿਚ ਕੋਈ ਰੋਲ, ਇਹ ਜਥੇਬੰਦੀ ਘੱਟ ਗਿਣਤੀ ਕੌਮਾਂ ਨੂੰ ਬਹੁ-ਗਿਣਤੀ ਵਿਚ ਜਜ਼ਬ ਕਰਨ ਦੀ ਸਾਜਿਸ਼ ਤਹਿਤ ਕੰਮ ਕਰਦੀ ਹੈ। ਉਨ੍ਹਾਂ ਅਕਾਲੀ ਦਲ (ਡ) ਦੇ ਮੁਖੀ ਸੁਖਦੇਵ ਸਿੰਘ ਢੀਂਡਸਾ ਵੱਲੋਂ ਆਰ.ਐਸ.ਐਸ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਵਧੀਆ ਸੰਸਥਾ ਦੱਸਣਾ ਕਿਸੇ ਵੀ ਤਰ੍ਹਾਂ ਵਾਜਬ ਨਹੀਂ ਕਿਉਂਕਿ ਸ਼੍ਰੋਮਣੀ ਕਮੇਟੀ ਧਾਰਮਿਕ, ਸਮਾਜਿਕ ਅਤੇ ਵਿਦਿਅਕ ਖੇਤਰ ਦੇ ਨਾਲ ਨਾਲ ਪੰਥ, ਪੰਜਾਬ ਅਤੇ ਦੇਸ਼ ਪ੍ਰਤੀ ਜੋ ਭੂਮਿਕਾ ਅਦਾ ਕਰ ਰਹੀ ਹੈ ਉਹ ਮਾਣਮੱਤਾ ਤੇ ਗੌਰਵਮਈ ਹੈ, ਜਦਕਿ ਆਰ. ਐਸ. ਐਸ. ਸਿਰਫ ਹਿੰਦੂ ਏਜੰਡੇ ਤੇ ਕੰਮ ਕਰਦੀ ਹੈ, ਜਿਸ ਦਾ ਉਦੇਸ਼ ਘੱਟ ਗਿਣਤੀਆਂ ਬਾਰੇ ਕੂੜ ਪ੍ਰਚਾਰ ਕਰ ਕੇ ਬਹੁਗਿਣਤੀ ਦਾ ਰਾਜ ਸਥਾਪਤ ਕਰਨਾ ਹੈ ਤੇ ਘੱਟ ਗਿਣਤੀਆਂ ਦੇ ਧਾਰਮਿਕ ਸਭਿਆਚਾਰ ਦੇ ਨਾਲ-ਨਾਲ ਉਨ੍ਹਾਂ ਦੀ ਆਜ਼ਾਦ ਤੇ ਨਿਆਰੀ ਹਸਤੀ ਨੂੰ ਖਤਮ ਕਰਨਾ ਹੈ। ਜਥੇਦਾਰ ਪੰਜੋਲੀ ਨੇ ਪੰਥਕ ਆਗੂ ਨੂੰ ਅਪੀਲ ਕੀਤੀ ਕਿ ਉਹ ਚੋਣਾ ਲੜਨ ਲਈ ਕੌਮ ਦੇ ਉਜਲੇ ਭਵਿੱਖ ਦਾ ਏਜੰਡਾ ਲੈ ਕੇ ਆਉਣ, ਜਿਥੇ ਕਿਤੇ ਸੰਸਥਾ ਵਿਚ ਕੋਈ ਕਮੀ ਨਜ਼ਰ ਆਉਂਦੀ ਹੈ, ਉਸ ਦਾ ਨੋਟਿਸ ਲੈਣ, ਉਸ ਵਿਚ ਸੁਧਾਰ ਕਰਨ ਦਾ ਏਜੰਡਾ ਲੈ ਕੇ ਆਉਣ, ਪਰ ਇਹ ਗੱਲ ਬਿਲਕੁਲ ਠੀਕ ਨਹੀਂ ਕਿ ਇਹੋ ਜਿਹੀ ਮਹਾਨ ਸੰਸਥਾ ਦੀ ਤੁਲਨਾ ਕਿਸੇ ਹੋਰ ਨਾਲ ਕਰਕੇ ਇਸ ਸਾਖ ਨੂੰ ਖੋਰਾ ਲਾਇਆ ਜਾਵੇ।

### *'ਐਸ.ਜੀ.ਪੀ.ਸੀ. ਦੀ ਤੁਲਨਾ ਆਰ.ਐਸ.ਐਸ. ਨਾਲ ਨਹੀਂ ਕੀਤੀ'*

**ਬਟਾਲਾ:** ਸ਼੍ਰੋਮਣੀ ਅਕਾਲੀ ਦਲ (ਡੈਮੋਕ੍ਰੇਟਿਕ) ਦੇ ਸਰਪ੍ਰਸਤ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਐਸ.ਜੀ.ਪੀ.ਸੀ. ਦੀ ਤੁਲਨਾ ਆਰ.ਐਸ.ਐਸ. ਨਾਲ ਕੀਤੇ ਜਾਣ ਦਾ ਖੰਡਨ ਕਰਦਿਆਂ ਦੱਸਿਆ ਕਿ ਉਸ ਨੇ ਅਜਿਹੇ ਸ਼ਬਦ ਨਹੀਂ ਕਹੇ। ਉਨ੍ਹਾਂ ਦੱਸਿਆ ਕਿ ਐਸ.ਜੀ.ਪੀ.ਸੀ. ਸਿੱਖਾਂ ਦੀਆਂ ਕੁਰਬਾਨੀਆਂ ਕਰਕੇ ਹੋਂਦ ਵਿਚ ਆਈ ਹੈ ਪਰ ਅਜੋਕੇ ਦੌਰ ਵਿਚ ਇਸ ਸੰਸਥਾ ਦੇ ਪ੍ਰਬੰਧਕਾਂ ਦੀਆਂ ਖਾਮੀਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਐਸ.ਜੀ.ਪੀ.ਸੀ. ਪ੍ਰਬੰਧਕਾਂ ਦੇ ਅਵੇਸਲੇ ਹੋਣ ਨਾਲ ਸਿੱਖੀ ਵਿਚ ਨਿਘਾਰ ਆਇਆ ਹੈ। ਉਨ੍ਹਾਂ ਦੱਸਿਆ ਕਿ 267 ਸਰੂਪਾਂ ਦੀ ਬੇਅਦਬੀ ਦੇ ਅਫਸੋਸ ਵਜੋਂ ਅਖੰਡ ਪਾਠ ਦੇ ਭੋਗ 17 ਅਗਸਤ ਨੂੰ ਗੁਰਦੁਆਰਾ ਪਿਪਲੀ ਸਾਹਿਬ ਕਾਹਨੂੰਵਾਨ ਛੰਭ 'ਚ ਪਾਏ ਜਾ ਰਹੇ ਹਨ।

# ਪੰਜਾਬ ਕਾਂਗਰਸ ਦਾ ਅੰਦਰੂਨੀ ਕਲੇਸ਼ ਸਿਖਰ ਉਤੇ ਪੁੱਜਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਚ ਅੰਦਰੂਨੀ ਜੰਗ ਭਖ ਗਈ ਹੈ। ਪੰਜਾਬ ਦੀ ਕਾਂਗਰਸ ਸਰਕਾਰ ਨੇ ਪਾਰਟੀ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੀ ਪੁਲਿਸ ਸੁਰੱਖਿਆ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਸ੍ਰੀ ਬਾਜਵਾ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਖਿਲਾਫ ਤਿੱਖੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਤੋਂ ਕਾਂਗਰਸ ਦਾ ਅੰਦਰੂਨੀ ਸੰਕਟ ਡੂੰਘਾ ਹੁੰਦਾ ਦਿਖਾਈ ਦੇ ਰਿਹਾ ਹੈ। ਹਾਲਾਂਕਿ ਸਰਕਾਰ ਦਾ ਦਾਅਵਾ ਹੈ ਕਿ ਇਹ ਫੈਸਲਾ ਪਹਿਲਾਂ ਤੋਂ ਹੀ ਸਿੱਧੇ ਤੌਰ ਉਤੇ ਕੇਂਦਰੀ ਸੁਰੱਖਿਆ ਲੈ ਰਹੇ ਬਾਜਵਾ ਨੂੰ ਕਿਸੇ ਕਿਸਮ ਦਾ ਕੋਈ ਖਤਰਾ ਨਾ ਹੋਣ ਦੇ ਮੱਦੇਨਜ਼ਰ ਲਿਆ ਗਿਆ ਹੈ।



ਦੱਸਣਯੋਗ ਹੈ ਕਿ ਕਾਂਗਰਸ ਦੇ ਦੋ ਰਾਜ ਸਭਾ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਨੇ ਸੂਬੇ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੂੰ ਮੰਗ ਪੱਤਰ ਦੇ ਕੇ 'ਸ਼ਰਾਬ ਤਰਾਸਦੀ' ਦੀ ਸੀ.ਬੀ.ਆਈ. ਤੇ ਈ.ਡੀ. ਤੋਂ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਸੀ। ਰਾਜ ਸਭਾ ਮੈਂਬਰਾਂ ਦੀ ਇਸ ਕਾਰਵਾਈ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਸ੍ਰੀ ਬਾਜਵਾ ਦੀ ਸੁਰੱਖਿਆ ਅਚਨਚੇਤ ਵਾਪਸ ਲੈਣ ਨੂੰ ਉਕਤ ਗਤੀਵਿਧੀਆਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਕੈਪਟਨ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਸੂਬੇ ਦੀ ਪੁਲਿਸ ਵੱਲੋਂ ਬਾਜਵਾ ਨੂੰ ਦਿੱਤੀ ਸੁਰੱਖਿਆ ਦਾ ਕੋਈ ਮਕਸਦ ਨਹੀਂ ਰਿਹਾ ਗਿਆ ਸੀ ਕਿਉਂਕਿ ਉਨ੍ਹਾਂ (ਬਾਜਵਾ) ਨੇ ਸਿੱਧੇ ਤੌਰ ਉਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਕੇਂਦਰੀ ਸੁਰੱਖਿਆ ਹਾਸਲ ਕਰ ਲਈ ਸੀ। ਅਜਿਹੀ ਸਥਿਤੀ ਵਿਚ ਦੋਹਰੀ ਸੁਰੱਖਿਆ ਵਿਵਸਥਾ ਨੂੰ ਕਾਰਗਰ ਨਹੀਂ ਮੰਨਿਆ ਜਾ ਸਕਦਾ, ਵਿਸ਼ੇਸ਼ ਕਰ ਕੇ ਉਦੋਂ, ਜਦੋਂ ਰਾਜ ਸਭਾ ਮੈਂਬਰ ਨੇ ਸੂਬੇ ਦੀ ਪੁਲਿਸ ਉਤੇ ਭਰੋਸਾ ਨਾ ਪ੍ਰਗਟਾਉਂਦਿਆਂ ਕੇਂਦਰੀ ਸੁਰੱਖਿਆ ਪ੍ਰਾਪਤ ਕਰਨਾ ਮੁਨਾਸਿਬ ਸਮਝਿਆ ਹੋਵੇ।

ਬੁਲਾਰੇ ਮੁਤਾਬਕ ਬਾਜਵਾ ਦੇ ਦਾਅਵੇ ਦੇ ਉਲਟ ਰਾਜ ਸਭਾ ਮੈਂਬਰ ਨੂੰ ਕੇਂਦਰੀ ਸੁਰੱਖਿਆ ਕਾਂਗਰਸ ਲੀਡਰਸ਼ਿਪ ਦੇ ਕਹਿਣ ਉਤੇ ਨਹੀਂ ਮਿਲੀ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੰਸਦ ਮੈਂਬਰ ਨੂੰ ਦਰਪੇਸ਼ ਕਿਸੇ ਕਿਸਮ ਦੇ ਖਤਰੇ ਦਾ ਪਤਾ ਲਗਾਉਣ ਲਈ ਰਾਜ ਸਰਕਾਰ ਨਾਲ ਵਿਚਾਰ ਕਰਨ ਦੀ ਲੋੜ ਨਹੀਂ ਸਮਝੀ, ਜੋ ਕਿ ਆਮ ਤੌਰ ਉਤੇ ਕਿਸੇ ਵੀ ਵਿਅਕਤੀ ਨੂੰ ਕੇਂਦਰੀ ਸੁਰੱਖਿਆ ਦੇਣ ਤੋਂ ਪਹਿਲਾਂ ਲਾਜ਼ਮੀ ਤੌਰ 'ਤੇ ਕੀਤੀ ਜਾਣ ਵਾਲੀ ਪ੍ਰਕਿਰਿਆ ਹੁੰਦੀ ਹੈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਅਸਲ ਵਿਚ ਬਾਜਵਾ ਪੰਜਾਬ ਪੁਲਿਸ ਵੱਲੋਂ ਵਾਧੂ ਸੁਰੱਖਿਆ ਪ੍ਰਾਪਤ ਕਰ ਰਹੇ ਸਨ, ਜੋ ਰਾਜ ਸਭਾ ਮੈਂਬਰ ਨੂੰ ਦਿੱਤੀ ਜਾਂਦੀ ਸੁਰੱਖਿਆ ਤੋਂ ਵੱਧ ਸੀ। ਇਸ ਦਾ ਕਾਰਨ ਇਹ ਸੀ ਕਿ ਸੂਬਾ ਸਰਕਾਰ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਪੀ.ਸੀ.ਸੀ.) ਦੇ ਪ੍ਰਧਾਨ ਰਹੇ ਹੋਣ ਕਰਕੇ ਉਨ੍ਹਾਂ ਤੋਂ ਇਹ ਵੱਡੀ ਸੁਰੱਖਿਆ ਵਾਪਸ ਨਹੀਂ ਲਈ ਸੀ।

ਗ੍ਰਹਿ ਮੰਤਰਾਲੇ ਵਲੋਂ 19 ਮਾਰਚ ਨੂੰ ਬਾਜਵਾ ਨੂੰ ਜ਼ੈੱਡ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਗਈ ਸੀ ਅਤੇ ਅੱਜ ਤੱਕ ਉਨ੍ਹਾਂ ਕੋਲ ਨਿੱਜੀ ਸੁਰੱਖਿਆ, ਘਰ ਦੀ ਸੁਰੱਖਿਆ ਅਤੇ ਐਸਕਾਰਟ ਲਈ ਸੀ.ਆਈ.ਐਸ.ਐਫ. ਦੇ 25 ਜਵਾਨਾਂ ਸਮੇਤ ਦੋ ਐਸਕਾਰਟ ਡਰਾਈਵਰ ਮੌਜੂਦ ਹਨ। 23 ਮਾਰਚ ਤੱਕ ਉਨ੍ਹਾਂ ਕੋਲ 14 ਪੰਜਾਬ ਪੁਲਿਸ ਦੇ ਕਰਮਚਾਰੀ ਵੀ ਤਾਇਨਾਤ ਸਨ ਪਰ ਉਨ੍ਹਾਂ ਵਿਚੋਂ ਕੁਝ ਨੂੰ ਕੋਵਿਡ ਡਿਊਟੀ ਦੇ ਮੱਦੇਨਜ਼ਰ ਵਾਪਸ ਬੁਲਾ ਲਿਆ ਗਿਆ। ਇਸ ਸਮੇਂ ਬਾਜਵਾ ਕੋਲ ਪੰਜਾਬ ਪੁਲਿਸ ਦੇ ਛੇ ਕਰਮਚਾਰੀ ਹਨ ਅਤੇ ਡਰਾਈਵਰ ਸਮੇਤ ਇਕ ਐਸਕਾਰਟ ਹੈ, ਜਿਸ ਨੂੰ ਹੁਣ ਵਾਪਸ ਲਿਆ ਜਾ ਰਿਹਾ ਹੈ।

### ਪੰਜਾਬ ਦੇ ਵਿਧਾਇਕਾਂ ਨੂੰ ਦਿੱਲੀ ਸੱਦੇ ਹਾਈਕਮਾਂਡ: ਬਾਜਵਾ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੇਕਰ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਹਿੰਦੇ ਹਨ ਕਿ ਉਨ੍ਹਾਂ ਨੂੰ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋਂ ਨੇ ਮੁੱਖ ਮੰਤਰੀ ਨਹੀਂ ਬਣਾਇਆ ਸਗੋਂ ਕਾਂਗਰਸੀ ਵਿਧਾਇਕਾਂ ਨੇ ਬਣਾਇਆ ਹੈ ਤਾਂ ਉਹ ਸ੍ਰੀਮਤੀ ਸੋਨੀਆ ਗਾਂਧੀ ਅਤੇ ਸ੍ਰੀ ਰਾਹੁਲ ਗਾਂਧੀ ਨੂੰ ਅਪੀਲ ਕਰਦੇ ਹਨ ਕਿ ਰਾਜ ਦੇ ਕਾਂਗਰਸੀ ਵਿਧਾਇਕਾਂ ਨੂੰ ਉਨ੍ਹਾਂ ਦੇ ਵਿਚਾਰ ਲੈਣ ਲਈ ਦਿੱਲੀ ਸੱਦਿਆ ਜਾਵੇ ਤਾਂ ਉਨ੍ਹਾਂ 'ਚੋਂ 99 ਫੀਸਦੀ ਵਿਧਾਇਕ ਕੈਪਟਨ ਅਤੇ ਜਾਖੜ ਨੂੰ ਲਾਂਭੇ ਕਰਨ ਦੀ ਹੀ ਸਲਾਹ ਦੇਣਗੇ।

### ਜਾਖੜ ਦਾ ਬਾਜਵਾ ਨੂੰ ਸ਼ਾਇਰੀ ਜ਼ਰੀਏ ਜਵਾਬ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਸ਼ਾਇਰੀ ਜ਼ਰੀਏ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੂੰ ਜਵਾਬ ਦਿੱਤਾ ਹੈ। ਉਨ੍ਹਾਂ ਆਪਣੇ ਟਵਿਟਰ 'ਤੇ ਸ. ਬਾਜਵਾ ਨੂੰ ਜਵਾਬ ਦਿੰਦੇ ਹੋਏ ਇਕ ਵੀਡੀਓ ਪਾਈ ਹੈ ਤੇ ਉਸ ਵੀਡੀਓ ਵਿਚਲੀ ਨਜ਼ਮ ਜਰੀਏ ਸ੍ਰੀ ਜਾਖੜ ਨੇ ਸ. ਬਾਜਵਾ ਨੂੰ ਜਵਾਬ ਦਿੱਤਾ ਹੈ। ਵੀਡੀਓ ਵਿਚਲੀ ਨਜ਼ਮ ਦੇ ਬੋਲ ਹਨ 'ਜੋ ਖਾਨਦਾਨੀ ਰਈਸ ਹੈ, ਵੋ ਮਿਜ਼ਾਜ ਰਖਤੇ ਹੈਂ ਨਰਮ ਅਪਨਾ, ਤੁਮ੍ਹਾਰਾ ਲਹਿਜ਼ਾ ਬਤਾ ਰਹਾ ਹੈ, ਤੁਮ੍ਹਾਰੀ ਦੌਲਤ ਨਈਂ ਨਈਂ ਹੈ। ਸ੍ਰੀ ਜਾਖੜ ਵਲੋਂ ਟਵਿਟਰ 'ਤੇ ਪਾਈ ਇਸ ਵੀਡੀਓ ਨੂੰ ਜਿਥੇ ਬਹੁਤੇ ਸਮਰਥਕਾਂ ਨੇ ਸ੍ਰੀ ਜਾਖੜ ਦਾ ਸ. ਬਾਜਵਾ ਨੂੰ ਕਰਾਰਾ ਜਵਾਬ ਦੱਸਿਆ ਹੈ, ਉਥੇ ਕੁਝ ਇਕ ਨੇ ਇਹ ਵੀ ਕਿਹਾ ਹੈ ਕਿ ਕਾਂਗਰਸੀ ਆਗੂਆਂ ਦੀ ਆਪਸੀ ਲੜਾਈ ਨਾਲ ਪਾਰਟੀ ਦਾ ਨੁਕਸਾਨ ਹੋ ਰਿਹਾ ਹੈ।

# ਕਰੋਨਾ ਵਾਇਰਸ ਦੀ ਥਾਂ ਹੋਰ ਬਿਮਾਰੀਆਂ ਤੋਂ ਗ੍ਰਸਤ ਲੋਕ ਵੱਧ ਦੁਖੀ

**ਚੰਡੀਗੜ੍ਹ:** ਕਰੋਨਾ ਮਹਾਮਾਰੀ ਦੇ ਨਾਮ ਉਤੇ ਲਏ ਜਾ ਰਹੇ ਫੈਸਲੇ ਲੋਕਾਂ ਦੀਆਂ ਮੁਸ਼ਕਲਾਂ ਵਧਾ ਰਹੇ ਹਨ। ਪੰਜਾਬ ਵਿਚ ਇਸ ਸਮੇਂ ਹਾਲਾਤ ਇਹ ਬਣ ਗਏ ਹਨ ਕਿ ਕਰੋਨਾ ਪੀੜਤਾਂ ਦੀ ਥਾਂ ਹੋਰ ਬਿਮਾਰੀਆਂ ਤੋਂ ਗ੍ਰਸਤ ਲੋਕ ਵੱਧ ਪਰੇਸ਼ਾਨ ਹੋ ਰਹੇ ਹਨ। ਪਟਿਆਲਾ ਜਿਲ੍ਹੇ ਦੇ ਪਿੰਡ ਕੌਲੀ ਦੇ 26 ਸਾਲਾ ਗੁਰਵਿੰਦਰ ਸਿੰਘ ਦੀ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਕਰੋਨਾ ਵਾਰਡ 'ਚ ਮੌਤ ਹੋ ਗਈ। ਮ੍ਰਿਤਕ ਨੌਜਵਾਨ ਵਿਧਵਾ ਮਾਂ ਦਾ ਇਕਲੌਤਾ ਪੁੱਤ ਸੀ, ਜਿਸ ਦਾ ਡੇਢ ਮਹੀਨੇ ਮਗਰੋਂ ਵਿਆਹ ਹੋਣ ਵਾਲਾ ਸੀ। ਮ੍ਰਿਤਕ ਦੇ ਵਾਰਸਾਂ ਦਾ ਕਹਿਣਾ ਹੈ ਕਿ ਉਸ ਦੇ ਗੁਰਦੇ 'ਚ ਇਨਫੈਕਸ਼ਨ ਸੀ ਪਰ ਇਥੇ ਕਰੋਨਾ ਵਾਰਡ 'ਚ ਦਾਖਲ ਕਰਕੇ ਉਸ ਦੀ ਅਸਲੀ ਮੁਸ਼ਕਲ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ, ਜੋ ਉਸ ਦੀ ਮੌਤ ਦਾ ਕਾਰਨ ਬਣਿਆ।



ਇਸੇ ਤਰ੍ਹਾਂ ਪੱਟੀ ਸ਼ਹਿਰ ਦੇ ਵਾਰਡ ਨੰਬਰ 14 ਦੇ ਸਰਦੂਲ ਸਿੰਘ ਲਾਡੀ (36) ਪੁੱਤਰ ਪਿਆਰਾ ਸਿੰਘ ਦੀ ਸਿਹਤ ਵਿਭਾਗ ਦੀ ਲਾਪਰਵਾਹੀ ਕਾਰਨ ਮੌਤ ਹੋ ਗਈ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਸਰਦੂਲ ਸਿੰਘ ਲਾਡੀ ਬਵਾਸੀਰ ਤੋਂ ਪੀੜਤ ਸੀ, ਜਿਸ ਦੇ ਖ਼ੂਨ ਦਾ ਰਸਾਅ ਹੋਣ ਕਾਰਨ ਖ਼ੂਨ ਦੀ ਮਾਤਰਾ ਘਟ ਗਈ ਸੀ। ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਪੱਟੀ ਲਿਜਾਇਆ ਗਿਆ, ਜਿਥੇ ਹਸਪਤਾਲ ਦੇ ਡਾਕਟਰਾਂ ਵੱਲੋਂ ਕਰੋਨਾ ਦੇ ਸ਼ੱਕ ਹੇਠ ਉਸ ਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਤੇ ਸਮੇਂ ਸਿਰ ਇਲਾਜ ਨਾ ਹੋਣ ਕਾਰਨ ਉਸ ਨੇ ਰਸਤੇ ਵਿਚ ਦੀ ਦਮ ਤੋੜ ਦਿੱਤਾ। ਪੰਜਾਬ ਵਿਚ ਅਜਿਹੇ ਅਣਗਿਣਤ ਮਾਮਲੇ ਸਾਹਮਣੇ ਆ ਰਹੇ ਹਨ।

ਦੱਸ ਦਈਏ ਕਿ ਲੌਕਡਾਊਨ ਸ਼ੁਰੂ ਹੁੰਦਿਆਂ ਹੀ ਪੀ.ਜੀ.ਆਈ. ਅਤੇ ਹੋਰ ਵੱਡੇ ਸਰਕਾਰੀ ਹਸਪਤਾਲਾਂ ਦੀਆਂ ਓ.ਪੀ.ਡੀ. ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ। ਨਿੱਜੀ ਖੇਤਰ ਦੇ ਹਸਪਤਾਲ ਕਰੋਨਾ ਦੇ ਡਰੋਂ ਮਰੀਜ਼ ਦੇਖਣ ਤੋਂ ਭੱਜ ਰਹੇ ਹਨ। ਇਸ ਨਾਲ ਬਹੁਤ ਸਾਰੀਆਂ ਹੋਰ ਬਿਮਾਰੀਆਂ ਨਾਲ ਜੂਝ ਰਹੇ ਮਰੀਜ਼ਾਂ ਲਈ ਇਲਾਜ ਕਰਾਉਣਾ ਨਾਮੁਮਕਿਨ ਹੋ ਗਿਆ। ਪੰਜਾਬ ਸਰਕਾਰ ਨੇ ਤਾਜ਼ਾ ਫੈਸਲੇ ਰਾਹੀਂ ਸਰਕਾਰੀ ਹਸਪਤਾਲਾਂ ਵਿਚ ਸਾਧਾਰਨ ਅਪਰੇਸ਼ਨ 15 ਦਿਨ ਲਈ ਰੋਕ ਦੇਣ ਦਾ ਹੁਕਮ ਦਿੱਤਾ ਹੈ। ਸਰਕਾਰ ਦੀ ਦਲੀਲ ਹੈ ਕਿ ਕਰੋਨਾ ਦੇ ਮਾਮਲੇ ਵਧਣ ਕਰ ਕੇ ਸਿਹਤ ਅਮਲੇ ਦੀਆਂ ਸੇਵਾਵਾਂ ਦੀ ਵਧੀ ਜ਼ਰੂਰਤ ਕਰ ਕੇ ਅਪਰੇਸ਼ਨ ਰੋਕਣ ਦਾ ਆਰਜ਼ੀ ਫੈਸਲਾ ਲਿਆ ਗਿਆ ਹੈ। ਇਕ ਅਨੁਮਾਨ ਅਨੁਸਾਰ ਜ਼ਿਲ੍ਹਾ ਪੱਧਰੀ ਸਰਕਾਰੀ ਹਸਪਤਾਲਾਂ ਵਿਚ ਪ੍ਰਤੀ ਮਹੀਨਾ ਔਸਤਨ 300 ਅਤੇ ਤਹਿਸੀਲ ਪੱਧਰ ਉਤੇ ਪੰਜਾਹ ਤੋਂ ਸੌ ਅਪਰੇਸ਼ਨ ਹੁੰਦੇ ਹਨ। ਡਾਕਟਰੀ ਅਮਲੇ ਦਾ ਤਰਕ ਇਸ ਤੋਂ ਉਲਟ ਹੈ; ਉਨ੍ਹਾਂ ਅਨੁਸਾਰ ਸਰਜਨ ਅਤੇ ਅਪਰੇਸ਼ਨ ਥੀਏਟਰ ਵਿਚਲਾ ਅਮਲਾ ਕੋਵਿਡ ਮਰੀਜ਼ਾਂ ਦੀ ਦੇਖ-ਭਾਲ ਵਿਚ ਨਹੀਂ ਲੱਗਿਆ ਹੋਇਆ।

ਸਰਕਾਰ ਦੇ ਨਵੇਂ ਫੈਸਲੇ ਨਾਲ ਅੱਖਾਂ, ਨੱਕ, ਕੰਨ, ਬੱਚੇਦਾਨੀ, ਅੰਤੜੀਆਂ, ਹਰਨੀਆਂ, ਬਵਾਸੀਰ, ਪਿੱਤਾ, ਗਦੂਦਾਂ ਜਾਂ ਹੋਰ ਜਨਰਲ ਅਪਰੇਸ਼ਨਾਂ ਨਾਲ ਸਬੰਧਤ ਮਰੀਜ਼ ਜਾਂ ਤਕਲੀਫ ਝੱਲਣਗੇ ਜਾਂ ਜਬਰੀ ਨਿੱਜੀ ਹਸਪਤਾਲਾਂ ਵੱਲ ਧੱਕੇ ਜਾਣਗੇ। ਕੋਵਿਡ-19 ਦੇ ਮਰੀਜ਼ਾਂ ਦੀ ਦੇਖ-ਭਾਲ ਲਈ ਸਰਕਾਰ ਨੇ ਨਿੱਜੀ ਹਸਪਤਾਲਾਂ ਤੋਂ ਇਲਾਜ ਕਰਵਾਉਣ ਦੇ ਦਾਅਵੇ ਵੀ ਕੀਤੇ ਸਨ ਪਰ ਇਨ੍ਹਾਂ ਉੱਤੇ ਵੱਡੀ ਪੱਧਰ 'ਤੇ ਅਮਲ ਨਹੀਂ ਹੋ ਰਿਹਾ। ਸਰਕਾਰ ਦੀ ਦਲੀਲ ਕਿ ਕੋਵਿਡ-19 ਦੇ ਕੇਸ ਵਧਣ ਕਾਰਨ ਅਪਰੇਸ਼ਨਾਂ ਉਤੇ ਰੋਕ ਪੰਦਰਾਂ ਦਿਨਾਂ ਲਈ ਲਗਾਈ ਹੈ, ਨੂੰ ਸਮਝਣਾ ਮੁਸ਼ਕਲ ਹੈ। ਇਸ ਦਾ ਫਾਇਦਾ ਨਿੱਜੀ ਖੇਤਰ ਦੇ ਹਸਪਤਾਲਾਂ ਨੂੰ ਹੀ ਮਿਲਣਾ ਹੈ।

ਸਿਹਤ ਮਾਹਰਾਂ ਮੁਤਾਬਕ ਇਸ ਸਬੰਧੀ ਕੇਂਦਰੀ ਸਰਕਾਰ ਅਤੇ ਸੂਬਾ ਸਰਕਾਰਾਂ ਦੀਆਂ ਨੀਤੀਆਂ ਸ਼ੁਰੂ ਤੋਂ ਹੀ ਖਾਮੀਆਂ ਭਰੀਆਂ ਰਹੀਆਂ ਹਨ। ਸਿਰਫ ਕੁਝ ਹਸਪਤਾਲਾਂ ਅਤੇ ਵਾਰਡਾਂ ਉਤੇ ਕੋਵਿਡ-19 ਦੇ ਮਰੀਜ਼ਾਂ ਦਾ ਬੋਝ ਪਾ ਦਿੱਤਾ ਗਿਆ ਜਦੋਂਕਿ ਇਹ ਬਿਮਾਰੀ ਜਿਹੜੀ ਆਮ ਫਲੂ ਵਰਗੀ ਹੈ, ਦਾ ਇਲਾਜ ਕੋਈ ਵੀ ਐਮ.ਬੀ.ਬੀ.ਐਸ. ਡਾਕਟਰ ਕਰ ਸਕਦਾ ਹੈ। ਇਸ ਨਾਲ ਕੁਝ ਹਸਪਤਾਲਾਂ ਅਤੇ ਵਾਰਡਾਂ 'ਤੇ ਬੋਝ ਵਧਿਆ ਅਤੇ ਉਥੇ ਡਾਕਟਰਾਂ, ਨਰਸਾਂ, ਪੈਰਾਮੈਡੀਕਲ ਅਤੇ ਹੋਰ ਅਮਲੇ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

# ਆਪੋ-ਆਪਣੀ ਜ਼ਿੱਦ 'ਤੇ ਅੜੇ ਭਾਰਤ-ਪਾਕਿਸਤਾਨ

## ਸਿੰਧ ਜਲ ਸੰਧੀ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਨੂੰ ਸੁਝਾਅ ਦਿੱਤਾ ਹੈ ਕਿ ਸਿੰਧ ਜਲ ਸਮਝੌਤੇ ਤਹਿਤ ਪਾਣੀ ਦੇ ਮੁੱਦੇ ਸਬੰਧੀ ਗੱਲਬਾਤ ਕਰੋਨਾ ਮਹਾਮਾਰੀ ਦੇ ਮੱਦੇਨਜ਼ਰ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੀ ਜਾਵੇ, ਪਰ ਪਾਕਿਸਤਾਨ ਇਸ ਗੱਲ ਉਤੇ ਜ਼ੋਰ ਦੇ ਰਿਹਾ ਹੈ ਕਿ ਗੱਲਬਾਤ ਅਟਾਰੀ ਚੈੱਕ ਪੋਸਟ ਉਤੇ ਕੀਤੀ ਜਾਵੇ। ਪਿਛਲੇ ਹਫਤੇ ਲਿਖੇ ਪੱਤਰ ਵਿਚ ਭਾਰਤ ਦੇ ਸਿੰਧ ਕਮਿਸ਼ਨਰ ਨੇ ਪਾਕਿਸਤਾਨ ਦੇ ਆਪਣੇ ਹਮਰੁਤਬਾ ਨੂੰ ਕਿਹਾ ਸੀ ਕਿ ਕਰੋਨਾ ਕਾਰਨ ਅਟਾਰੀ ਚੈੱਕ ਪੋਸਟ ਉਤੇ ਮੀਟਿੰਗ ਕਰਨਾ ਠੀਕ ਨਹੀਂ ਹੈ।

ਪਾਕਿਸਤਾਨ ਦੀ ਬੇਨਤੀ 'ਤੇ ਮਾਰਚ ਦੇ ਅਖੀਰਲੇ ਹਫਤੇ ਸਿੰਧ ਜਲ ਸਮਝੌਤੇ ਤਹਿਤ ਗੱਲਬਾਤ ਲਈ ਮੀਟਿੰਗ ਰੱਖੀ ਗਈ ਸੀ ਜਿਸ ਨੂੰ ਕਰੋਨਾ ਸੰਕਟ ਨੂੰ ਦੇਖਦਿਆਂ ਮੁਲਤਵੀ ਕਰ ਦਿੱਤਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਹਾਲਾਤ ਬਿਹਤਰ ਹੋਣ ਅਤੇ ਕੌਮਾਂਤਰੀ ਆਵਾਜਾਈ ਬਹਾਲ ਹੋਣ ਵਿਚ ਕੁਝ ਸਮਾਂ ਲੱਗੇਗਾ, ਜਿਸ ਨੂੰ ਦੇਖਦਿਆਂ ਭਾਰਤੀ ਕਮਿਸ਼ਨਰ ਨੇ ਜੁਲਾਈ ਦੇ ਪਹਿਲੇ ਹਫਤੇ ਮੀਟਿੰਗ ਵੀਡੀਓ ਕਾਨਫਰੰਸਿੰਗ ਰਾਹੀਂ ਜਾਂ ਕਿਸੇ ਹੋਰ ਤਰੀਕੇ ਕਰਨ ਦੀ ਪੇਸ਼ਕਸ਼ ਕੀਤੀ ਸੀ। ਇਸ ਦੇ ਜਵਾਬ ਵਿਚ ਪਾਕਿਸਤਾਨੀ ਕਮਿਸ਼ਨਰ ਵੱਲੋਂ ਜੁਲਾਈ ਦੇ ਅਖੀਰਲੇ ਹਫਤੇ ਭੇਜੇ ਪੱਤਰ ਵਿਚ ਮੀਟਿੰਗ ਅਟਾਰੀ ਚੈੱਕ ਪੋਸਟ ਉਤੇ ਕਰਨ 'ਤੇ ਜ਼ੋਰ ਦਿੱਤਾ ਗਿਆ ਸੀ। ਇਸ ਦੇ ਜਵਾਬ ਵਿਚ ਭਾਰਤੀ ਕਮਿਸ਼ਨਰ ਨੇ ਕਿਹਾ ਸੀ ਕਿ ਕਰੋਨਾ ਕਾਰਨ ਭਾਰਤ ਵਿਚ ਹਾਲਾਤ ਠੀਕ ਨਹੀਂ ਹਨ ਕਿ ਭਾਰਤੀ ਵਫਦ ਨੂੰ ਮੀਟਿੰਗ ਲਈ ਅਟਾਰੀ ਚੈੱਕ ਪੋਸਟ ਉਤੇ ਭੇਜਿਆ ਜਾ ਸਕੇ। ਇਸ ਦੇ ਨਾਲ ਹੀ ਭਾਰਤ ਨੇ ਪਾਕਿਸਤਾਨ ਨੂੰ ਵਰਚੂਅਲ ਮੀਟਿੰਗ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਦੂਜੇ ਮੁਲਕਾਂ ਨਾਲ ਕੂਟਨੀਤਕ ਪੱਧਰ ਉਤੇ ਗੱਲਬਾਤ ਵੀ ਵਰਚੂਅਲ ਮੀਟਿੰਗ ਰਾਹੀਂ ਕੀਤੀ ਜਾ ਰਹੀ ਹੈ, ਇਸ ਲਈ ਸਿੰਧ ਜਲ ਬਾਰੇ ਮੀਟਿੰਗ ਵੀ ਇਸ ਤਰੀਕੇ ਨਾਲ ਕੀਤੀ ਜਾਵੇ।

ਹਾਲ ਦੀ ਘੜੀ ਦੋਵਾਂ ਧਿਰਾਂ ਵਿਚਾਲੇ ਇਕ ਮੁੱਦਾ, ਕਿਸ਼ਨਗੰਗਾ ਅਤੇ ਰਾਟੇਲ ਹਾਈਡਰੋਇਲੈਕਟ੍ਰਿਕ ਪ੍ਰੋਜੈਕਟਾਂ ਬਾਰੇ ਸਹਿਮਤ ਨਾ ਹੋਣਾ ਹੈ। ਕਾਬਲੇਗੌਰ ਹੈ ਕਿ ਸਿੰਧ ਜਲ ਸਮਝੌਤੇ ਤਹਿਤ 1960 ਵਿਚ ਸਥਾਈ ਸਿੰਧ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਸੀ। ਦੋਵਾਂ ਮੁਲਕਾਂ ਦੇ ਕਮਿਸ਼ਨਰ ਸਮਝੌਤੇ ਨਾਲ ਸਬੰਧਤ ਮਸਲਿਆਂ ਉਤੇ ਸਰਕਾਰ ਦੇ ਪ੍ਰਤੀਨਿਧ ਵਜੋਂ ਕੰਮ ਕਰਦੇ ਹਨ। ਸਮਝੌਤੇ ਅਨੁਸਾਰ ਸਾਲ ਵਿਚ ਇਕ ਵਾਰ ਦੋਵਾਂ ਕਮਿਸ਼ਨਰਾਂ ਦੀ ਮੀਟਿੰਗ ਹੁੰਦੀ ਹੈ ਜੋ ਇਕ ਵਾਰ ਭਾਰਤ ਤੇ ਇਕ ਵਾਰ ਪਾਕਿਸਤਾਨ ਵਿੱਚ ਹੁੰਦੀ ਹੈ। ਇਸ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਤਿੰਨ ਪੂਰਵੀ ਨਦੀਆਂ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਭਾਰਤ ਨੂੰ ਦਿੱਤਾ ਗਿਆ ਹੈ, ਜਦੋਂ ਕਿ ਪੱਛਮੀ ਨਦੀਆਂ, ਸਿੰਧ, ਚਨਾਬ ਅਤੇ ਜੇਹਲਮ 'ਤੇ ਪਾਕਿਸਤਾਨ ਦਾ ਹੱਕ ਹੈ ਤੇ ਭਾਰਤ ਨੂੰ ਇਸ ਦੇ ਪਾਣੀ ਦੇ ਕੁਝ ਅਧਿਕਾਰ ਦਿੱਤੇ ਗਏ ਹਨ।

## ਮਨੀਲਾ 'ਚ ਗੋਲੀਆਂ ਮਾਰ ਕੇ ਪੰਜਾਬੀ ਨੌਜਵਾਨ ਦਾ ਕਤਲ

**ਕੋਟਕਪੂਰਾ:** ਪਿੰਡ ਫਿੱਡੇ ਕਲਾਂ ਦੇ ਫਿਲਪੀਨਜ਼ (ਮਨੀਲਾ) 'ਚ ਪਿਛਲੇ 12-13 ਸਾਲਾਂ ਤੋਂ ਰਹਿ ਰਹੇ ਪੰਜਾਬੀ ਨੌਜਵਾਨ ਦੀ ਕਿਸੇ ਅਣਪਛਾਤੇ ਵਿਅਕਤੀ ਨੇ ਸਵੇਰ ਸਮੇਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਜਾਣਕਾਰੀ ਅਨੁਸਾਰ ਪਿੰਡ ਫਿੱਡੇ ਦਾ ਨੌਜਵਾਨ ਹਰਪ੍ਰੀਤ ਸਿੰਘ ਮਾਨ (32) ਪੁੱਤਰ ਅਵਤਾਰ ਸਿੰਘ ਮਾਨ ਮਨੀਲਾ ਵਿਖੇ ਆਪਣੇ ਵਾਹਨ 'ਤੇ ਸਵੇਰੇ ਤੜਕਸਾਰ ਕਰੀਬ 4 ਵਜੇ ਸਬਜ਼ੀ ਦੇਣ ਲਈ ਗਿਆ, ਜਦ ਉਥੋਂ ਵਾਪਸ ਪਰਤਣ ਲੱਗਾ ਤਾਂ ਅਚਾਨਕ ਵਾਹਨ ਦਾ ਟਾਇਰ ਪੰਕਚਰ ਹੋ ਜਾਣ ਕਾਰਨ ਉਹ ਤੇ ਉਸ ਦਾ ਸਾਥੀ ਖੁਦ ਹੀ ਸਟਿੱਪਣੀ ਬਦਲਣ ਲੱਗੇ।

ਇਸ ਦੌਰਾਨ ਇਕ ਮੋਟਰਸਾਈਕਲ 'ਤੇ ਆਏ ਹੈਲਮਟ ਪਹਿਨੇ ਅਣਪਛਾਤੇ ਨੌਜਵਾਨ ਨੇ ਉਸ ਦੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ, ਜਦਕਿ ਉਸ ਦੇ ਸਾਥੀ ਨੇ ਨੇੜਲੇ ਇਕ ਘਰ 'ਚ ਵੜ ਕੇ ਆਪਣੀ ਜਾਨ ਬਚਾਈ। ਮ੍ਰਿਤਕ ਹਰਪ੍ਰੀਤ ਸਿੰਘ ਮਾਨ ਦਾ ਅਜੇ ਇਕ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ ਅਤੇ ਉਹ ਆਪਣੀ ਪਤਨੀ ਨਾਲ ਉਥੇ ਰਹਿ ਰਿਹਾ ਸੀ।


## ਬਜ਼ੁਰਗ ਦੀ ਦੇਖਭਾਲ ਲਈ ਬੀਬੀ ਦੀ ਭਾਲ

ਯੰਗਸਟਾਊਨ, ਓਹਾਇਓ, ਅਮਰੀਕਾ (Youngstown, Ohio, USA) ਰਹਿੰਦੇ ਪੰਜਾਬੀ ਪਰਿਵਾਰ ਨੂੰ ਬਜ਼ੁਰਗ ਦਾਦੀ ਜੀ ਦੀ ਦੇਖਭਾਲ ਕਰਨ ਵਾਲੀ ਬੀਬੀ ਦੀ ਭਾਲ ਹੈ, ਜੋ ਰੋਜ਼ਾਨਾ ਕੰਮਾਂ 'ਚ ਮਦਦ ਕਰ ਸਕੇ। ਰਿਹਾਇਸ਼ ਅਤੇ ਭੋਜਨ ਦਿੱਤਾ ਜਾਵੇਗਾ।

ਤਨਖਾਹ $3,000 ਪ੍ਰਤੀ ਮਹੀਨਾ ਸ਼ੁਰੂਆਤ
ਸਰਕਾਰੀ ਮਨਜ਼ੂਰਸ਼ੁਦਾ ਸਿਖਲਾਈ ਨਾਲ ਤਨਖਾਹ $4,000 ਪ੍ਰਤੀ ਮਹੀਨਾ ਹੋ ਸਕਦੀ ਹੈ।

ਸੰਪਰਕ ਕਰੋ: ਈਮੇਲ: biji1924@gmail.com
ਜਾਂ ਫੋਨ: 330-967-0878

33-34



## ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਮਿਲਵਾਕੀ, ਵਿਸਕਾਸਿਨ ਵਿਚ ਨਾਰਥ ਇੰਡੀਅਨ ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਚੰਗੀ ਤਨਖਾਹ, ਰਿਹਾਇਸ਼ ਫਰੀ

ਕਾਲ ਕਰੋ, ਮਿਸਟਰ ਸਿੰਘ
ਫੋਨ: 414-581-3784
bsingh1350@me.com

28-


# Matrimonials

## ਲੜਕੀ ਦੀ ਲੋੜ ਹੈ

Saini Sikh clean shaven handsome boy, 29, 6', M.B.A. Bio Technology doing BDS in Australia, seeks suitable well educated Saini/Jatt Sikh girl. All family well settled in USA. Cont. Mohan Saini, Ph: 516-503-9541 or email: mohan1w34@gmail.com 30-33

Suitable match for USA citizen clean shaven Jatt Sikh boy, 35 yrs, 5'-11", Masters in Event Tourism Management. No dowry. Contact: 317-909-3287; WhatsApp+1-317-529-3886. 28-31

Wanted Suitable girl for slim, handsome Jatt Sikh boy, 29 yrs, 6 feet tall, on work permit and currently owns a liquor store. Whole family in America. Contact, Ph: 815-621-9077 28-31

Wanted Suitable girl for US Citizen Khatri Gursikh boy, 35 yrs, height 5'-10", BS & MS (USA), working as a Pharmaceutical Engineer in Chicago area. Contact, Ph: 630-290-1375 or neenakr2016@gmail.com 28-31

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਉਮਰ 30 ਸਾਲ, 5'-9", ਵੈਸ਼ਨੂੰ ਲੜਕੇ ਅਤੇ ਦੂਜੇ ਯੂ. ਐਸ. ਵਰਕ ਪਰਮਿਟ ਹੋਲਡਰ, ਉਮਰ 29 ਸਾਲ, 5'-9" ਵੈਸ਼ਨੂੰ ਲੜਕੇ ਲਈ ਲੜਕੀਆਂ ਦੀ ਲੋੜ ਹੈ। ਸੰਪਰਕ ਕਰੋ, ਫੋਨ: 216-235-5171 25-28

ਸੈਣੀ ਸਿੱਖ, 34 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

ਸੈਣੀ ਸਿੱਖ, 30 ਸਾਲ, ਕੱਦ 5'-7", ਬੀ. ਕਾਮ., ਲੀਕਰ ਸਟੋਰ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਸੈਣੀ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 309-868-7373 29-32

Handsome Jat Sikh Johal boy, 25 yrs, 6'-2". B.Sc. Computer Science from USA. Working in Bay Area as Sr. Production Engineer, good package $150K. Owns Rural & Urban Property. Two sisters (Elder sister married & well settled in USA & younger sister doctor). Required beautiful, tall, professionally qualified US citizen Jat Sikh girl. Please contact: +91-98141-20374 (Father, India), 775-357-4816 (Sister, USA) or Email: Simjohal174@gmail.com 25-28


**Punjab Times**
*Punjabtimes1@gmail.com*
*Ph: 847-359-0746*
*punjabtimesusa.com*


## ਲੜਕੇ ਦੀ ਲੋੜ ਹੈ

US born, Hindu Nai beautiful girl, 31 yrs, 5'-2, Masters in English and a JD (law) degree, divorced with one child looking for a well-settled and educated boy in America. Whole family is well-settled in New York. Please contact, Ph: 347-252-6400 26-29

Wanted suitable match in USA Born or raised and we consider student visa also for good looking Punjabi Brahmin girl, 28 yrs, 5'-4", well educated BBA, working as a HR Manager in multinational company. Please contact Hindu family only. Please email: pk-1960@hotmail.com, Ph: 216-288-1676 21-24


*To Advertise with Punjab Times Call: 847-359-0746*
*Visit us on the web:**www.punjabtimesusa.com***



## ਜਥੇ ਦੀ ਲੋੜ ਹੈ

ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ) ਲਈ ਤਿੰਨ ਜਣਿਆਂ ਦੇ ਜਥੇ ਦੀ ਲੋੜ ਹੈ। ਜਥੇ ਦਾ ਕਾਰਜ ਜੋੜਮੇਲ ਮੌਕੇ ਜੋੜਮੇਲ ਦੀ ਅਗਵਾਈ ਕਰਨਾ, ਕੀਰਤਨ, ਕਥਾ ਤੇ ਅਰਦਾਸ ਕਰਨਾ ਅਤੇ ਸੰਗਤ ਨੂੰ ਪ੍ਰੇਰਨਾ ਤੇ ਅਧਿਆਤਮਿਕ ਰਾਹ ਦਿਖਾਉਣਾ ਹੋਵੇਗਾ। ਅਜਿਹੇ ਕਾਰਜ ਦਾ ਪਹਿਲਾਂ ਤਜਰਬਾ ਹੋਣਾ ਜ਼ਰੂਰੀ ਹੈ।

ਸੰਪਰਕ ਕਰੋ: ਬਲਵਿੰਦਰ ਸਿੰਘ ਢਿੱਲੋਂ
ਪ੍ਰਧਾਨ, ਸਿੱਖ ਸੈਂਟਰ, ਸੈਨ ਐਨਟੋਨੀਓ (ਟੈਕਸਸ)
ਫੋਨ: 210-573-3017

### ਯੋਗਤਾਵਾਂ

*ਜਥੇ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਗੁਰਬਾਣੀ ਦਾ ਡੂੰਘਾ ਗਿਆਨ ਅਤੇ ਅੰਗਰੇਜ਼ੀ ਦਾ ਕੁਝ ਗਿਆਨ ਹੋਵੇ।
*ਕਲਾਸੀਕਲ ਸੰਗੀਤ ਦਾ ਗਿਆਨ, ਰਾਗ, ਤਬਲਾ ਤਾਲ ਤੇ ਹਾਰਮੋਨੀਅਮ ਦਾ ਗਿਆਨ ਹੋਵੇ।
*ਸਾਹਿਤ ਬਾਰੇ ਗਿਆਨ, ਭਾਸ਼ਣ ਤੇ ਵਿਅਕਤੀਗਤ ਗੁਣ ਵੀ ਹੋਣ।
*ਡਿਊਟੀ ਵਧੀਆ ਢੰਗ ਨਾਲ ਨਿਭਾਉਣ ਲਈ ਸੰਗਤ ਨੂੰ ਪ੍ਰਭਾਵਿਤ ਕਰਨ ਦਾ ਗੁਣ ਵੀ ਹੋਵੇ।

### ਡਿਊਟੀ ਵਿਚ ਸ਼ਾਮਿਲ ਹਨ

ਗੁਰੂ ਗ੍ਰੰਥ ਸਾਹਿਬ ਦਾ ਪਾਠ, ਹਫਤਾਵਾਰੀ ਦੀਵਾਨਾਂ ਵਿਚ ਸ਼ਬਦ ਗਾਇਨ, ਵਿਆਹ ਤੇ ਮੰਗਣੀ ਸਮਾਗਮ, ਸਸਕਾਰ ਅਤੇ ਹੋਰ ਧਾਰਮਿਕ ਰਸਮਾਂ/ਸਮਾਗਮ ਕਰਵਾਉਣੇ।

ਤਨਖਾਹ: 4000 ਡਾਲਰ ਪ੍ਰਤੀ ਮਹੀਨਾ ਅਤੇ ਕੀਰਤਨ ਭੇਟਾ
ਜੇ ਲੋੜ ਹੋਵੇ ਤਾਂ ਅੰਗਰੇਜ਼ੀ ਜਾਂ ਕੰਪਿਊਟਰ ਸਿਖਲਾਈ ਲਈ ਅਦਾਇਗੀ ਵੀ ਕੀਤੀ ਜਾਵੇਗੀ।

# ਖੇਡ ਪ੍ਰੋਮੋਟਰ ਸੁਖਦੇਵ ਸਿੰਘ ਦੇਵ ਦਾ ਸਿਆਟਲ 'ਚ ਸਨਮਾਨ

**ਸਿਆਟਲ (ਬਿਊਰੋ):** ਮਿਸੀਸਿੱਪੀ ਦੇ ਨਾਮੀ ਕਾਰੋਬਾਰੀ ਤੇ ਖੇਡਾਂ ਨੂੰ ਬੜ੍ਹਾਵਾ ਦੇਣ ਵਾਲੇ ਸੁਖਦੇਖ ਸਿੰਘ ਦੇਵ ਦਾ ਲੰਘੇ ਦਿਨੀਂ ਸਿਆਟਲ ਵਿਚ ਸਨਮਾਨ ਕੀਤਾ ਗਿਆ। ਪੰਜਾਬ ਸਪੋਰਟਸ ਕਲੱਬ, ਸਿਆਟਲ ਦੇ ਸਾਬਕਾ ਤੇ ਪਹਿਲੇ ਪ੍ਰਧਾਨ ਬਲਜੀਤ ਸਿੰਘ ਸੋਹਲ ਨੇ ਸਵਾਗਤੀ ਭਾਸ਼ਣ ਵਿਚ ਦੱਸਿਆ ਕਿ ਸ੍ਰੀ ਦੇਵ ਮਿਸੀਸਿੱਪੀ ਵਿਚ ਵੱਡੇ ਟੂਰਨਾਮੈਂਟ ਕਰਵਾ ਚੁਕੇ ਹਨ ਅਤੇ ਪੰਜਾਬੀ ਭਾਈਚਾਰੇ ਦੇ ਸਾਂਝੇ ਕਾਰਜਾਂ ਵਿਚ ਅੱਗੇ ਲੱਗ ਕੇ ਵਡਮੁੱਲਾ ਯੋਗਦਾਨ ਪਾ ਰਹੇ ਹਨ। ਸੁਖਦੇਵ ਸਿੰਘ ਦੇਵ ਨੇ ਦੱਸਿਆ ਕਿ ਨਵੀਂ ਪਨੀਰੀ ਦੇ ਬੱਚਿਆਂ ਨੂੰ ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਖੇਡਾਂ ਨਾਲ ਜੋੜਨ ਦਾ ਉਪਰਾਲਾ ਕਰਨਾ ਚਾਹੀਦਾ ਹੈ।

**ਪੁਸਤਕ "ਰਿਸਦੇ ਜ਼ਖਮ" ਰਿਲੀਜ਼:** ਇਸੇ ਦੌਰਾਨ ਖਾਲਸਾ ਕਾਲਜ, ਅੰਮ੍ਰਿਤਸਰ ਦੇ ਵਿਦਿਆਰਥੀ ਜੀਵਨ ਵਿਚ ਪੰਜਾਬ ਸੀ. ਪੀ. ਐਮ. ਦੇ ਪ੍ਰਧਾਨ ਰਹੇ ਤੇ ਅਮਰੀਕਾ ਆ ਵੱਸੇ ਜਸਵਿੰਰ ਸਿੰਘ ਪੱਖੋ ਕੇ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਪੱਖੋ ਕੇ ਦਾ ਕਹਾਣੀ ਸੰਗ੍ਰਿਹ "ਰਿਸਦੇ ਜ਼ਖਮ" ਰਿਲੀਜ਼ ਕੀਤਾ ਗਿਆ। ਹਾਜ਼ਰ ਸਾਹਿਤਕਾਰਾਂ ਨੇ ਇਸ ਨੂੰ ਪੰਜਾਬੀ ਸਾਹਿਤ ਲਈ ਵੱਡੀ ਦੇਣ ਦੱਸਿਆ।

ਦਰਸ਼ਨ ਸਿੰਘ ਬੜਾ ਪਿੰਡ ਨੇ ਦੱਸਿਆ ਕਿ ਬੀਬੀ ਸੁਰਿੰਦਰ ਕੌਰ ਪੱਖੋ ਕੇ ਦੇ ਇਸ ਕਹਾਣੀ ਸੰਗ੍ਰਿਹ ਦੀਆਂ ਕਹਾਣੀਆਂ ਦੇ ਪਾਤਰ ਜਿਉਂਦੇ ਜਾਗਦੇ, ਸੰਘਰਸ਼ਸ਼ੀਲ ਤੇ ਜ਼ਿੰਦਗੀ ਦੀਆਂ ਮੁਸੀਬਤਾਂ ਨਾਲ ਮੱਥਾ ਲਾਉਣ ਦੀ ਸਮਰੱਥਾ ਰੱਖਦੇ ਹਨ। ਨਾਮੀ ਫੋਟੋਗ੍ਰਾਫਰ ਤੇ ਸਾਹਿਤ ਪ੍ਰੇਮੀ ਕਾਕਾ ਬਲਵਿੰਦਰ ਸਿੰਘ ਗੋਰਾਇਆ ਨੇ ਦੱਸਿਆ ਕਿ ਬੀਬੀ ਪੱਖੋ ਕੇ ਨੇ ਆਪਣੇ ਵਿਦਿਆਰਥੀ ਜੀਵਨ ਦੇ ਘੋਲਾਂ ਤੋਂ ਸ਼ੁਰੂ ਕਰ ਕੇ ਵਿਸਥਾਰ ਸਾਹਿਤਕ ਤੱਕ ਗੱਲ ਮੁਕਾਈ ਹੈ।

ਕੁਲਵੰਤ ਸਿੰਘ ਸਾਹ ਨੇ 'ਦੁੱਖਾਂ ਦੇ ਗੋਹੜੇ' ਕਹਾਣੀ ਵਿਚ ਸਾਰੀਆਂ ਔਰਤਾਂ ਨੂੰ ਔਰਤਾਂ ਦੇ ਤੌਰ 'ਤੇ ਪੇਸ਼ ਕਰਦਿਆਂ ਸੰਘਰਸ਼ ਕਰਦੀ ਔਰਤ ਨੂੰ ਮਰਦ ਵਾਂਗ ਔਰਤਪਨ ਕਾਇਮ ਰੱਖ ਕੇ ਮਿਸਾਲ ਪੈਦਾ ਕੀਤੀ, ਜਿਸ ਨੇ ਆਪਣੇ ਦੋ ਪੁੱਤਰਾਂ 'ਚੋਂ ਇਕ ਡਾਕਟਰ ਸਵੈਮਾਨ ਸਿੰਘ ਤੇ ਇਕ ਇੰਜੀਨੀਅਰ ਸੰਗਰਾਮ ਸਿੰਘ ਤੇ ਸਫਲ ਬਿਜਨਸਮੈਨ ਪਰਿਵਾਰਕ ਕਦਰਾਂ ਕੀਮਤਾਂ ਵਾਂਗ ਧਿਆਨ ਵਿਚ ਰੱਖਦਿਆਂ ਜ਼ਿੰਦਗੀ ਬਤੀਤ ਕਰ ਰਹੇ ਦੱਸਿਆ। ਬੀਬੀ ਪੱਖੋ ਕੇ ਨੇ 100-100 ਕਿਤਾਬਾਂ 10 ਸਕੂਲਾਂ ਅਤੇ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਭੇਜੀਆਂ ਹਨ।



*ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਸੋਹਲ, ਕੁਲਵੰਤ ਸਿੰਘ ਸ਼ਾਹ, ਜੇਗ ਬਸਰਾ, ਉਂਕਾਰ ਭੰਡਾਲ ਅਤੇ ਦਰਸ਼ਨ ਸਿੰਘ ਬੜਾ ਪਿੰਡ ਸੁਖਦੇਵ ਸਿੰਘ ਦੇਵ ਸਨਮਾਨਤ ਕਰਦੇ ਹੋਏ; ਨਾਲ ਖੜ੍ਹੇ ਹਨ ਬਲਵਿੰਦਰ ਕਾਕਾ, ਲਖਵਿੰਦਰ ਸਿੰਘ ਤੇ ਸੁਰਿੰਦਰ ਸਿੰਘ।*

# ਸਿਆਟਲ 'ਚ ਬੱਚਿਆਂ ਦਾ ਖੇਡ ਕੈਂਪ ਕਰੋਨਾ ਵਾਇਰਸ ਕਰਕੇ ਰੱਦ ਕਰਨ ਦਾ ਫੈਸਲਾ

**ਸਿਆਟਲ (ਬਿਊਰੋ):** ਪਿਛਲੇ 10 ਸਾਲ ਤੋਂ ਚਲ ਰਿਹਾ ਬੱਚਿਆਂ ਦਾ 11ਵਾਂ ਖੇਡ ਕੈਂਪ ਕਰੋਨਾ ਮਹਾਮਾਰੀ ਕਾਰਨ ਰੱਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਵਾਸ਼ਿੰਗਟਨ ਸਟੇਟ ਵਿਚ ਗਵਰਨਰ ਜੇ ਇੰਨਸਲੀ ਵੱਲੋਂ ਮੁੜ ਪਾਬੰਦੀਆਂ ਲਾਉਣ ਕਰਕੇ ਪ੍ਰਬੰਧਕਾਂ ਤੇ ਸਿਆਟਲ ਦੇ ਖੇਡ ਪ੍ਰੇਮੀਆਂ ਦੇ ਸੁਝਾਅ ਮੁਤਾਬਕ ਇਸ ਸਾਲ ਬੱਚਿਆਂ ਦਾ ਖੇਡ ਕੈਂਪ ਰੱਦ ਕਰ ਦਿੱਤਾ ਗਿਆ ਹੈ। ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਖੇਡ ਕੈਂਪ ਸ਼ੁਰੂ ਕਰਨ ਦੀ ਇੱਛਾ ਪ੍ਰਗਟ ਕੀਤੀ ਗਈ ਸੀ, ਪਰ ਕੈਂਟ ਪਾਰਕ ਤੇ ਰਿਕ੍ਰੀਏਸ਼ਨ ਮਹਿਕਮੇ ਨੇ ਇਜਾਜ਼ਤ ਨਾ ਦਿੱਤੀ।

ਜ਼ਿਕਰਯੋਗ ਹੈ ਕਿ ਪੰਜਾਬੀ ਭਾਈਚਾਰੇ ਦੇ ਸਕੂਲੀ ਬੱਚੇ ਪਿਛਲੇ 6 ਮਹੀਨੇ ਤੋਂ ਘਰਾਂ ਵਿਚ ਬੈਠੇ ਤੰਗ ਹੋ ਗਏ ਹਨ, ਕਿਉਂਕਿ ਮਾਰਚ ਤੋਂ ਬਾਅਦ ਸਕੂਲ ਬੰਦ ਪਏ ਹਨ। ਬੱਚਿਆਂ ਨੂੰ ਆਪਣੇ ਪੱਧਰ 'ਤੇ ਸਰੀਰਕ ਕਸਰਤ ਕਰਨ ਤੇ ਮਨ ਪਸੰਦ ਖੇਡ ਖੇਡਣ ਲਈ ਹਦਾਇਤ ਦਿੱਤੀ ਜਾ ਰਹੀ ਹੈ ਅਤੇ ਕਰੋਨਾ ਮਹਾਮਾਰੀ ਤੋਂ ਸਾਵਧਾਨ ਹੋ ਕੇ ਬਚਾਉ ਕਰਨ ਲਈ ਅਪੀਲ ਕੀਤੀ ਜਾ ਰਹੀ ਹੈ।

## ਪਤੰਜਲੀ ਆਈ.ਪੀ.ਐਲ. ਸਪਾਂਸਰਸ਼ਿਪ ਦੀ ਦੌੜ 'ਚ ਸ਼ਾਮਲ ਹੋਵੇਗੀ

**ਨਵੀਂ ਦਿੱਲੀ:** ਬਾਬਾ ਰਾਮਦੇਵ ਦੀ ਪਤੰਜਲੀ ਆਯੂਰਵੈਦ ਅਗਾਮੀ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਦੀ ਟਾਈਟਲ ਸਪਾਂਸਰਸ਼ਿਪ ਹਾਸਲ ਕਰਨ ਦੀ ਦੌੜ ਵਿਚ ਸ਼ਾਮਲ ਹੋਣ ਉਤੇ ਵਿਚਾਰ ਕਰ ਰਹੀ ਹੈ। ਇਹ ਦਾਅਵਾ ਕੰਪਨੀ ਦੇ ਇਕ ਅਧਿਕਾਰੀ ਨੇ ਕੀਤਾ ਹੈ। ਪੂਰਬੀ ਲੱਦਾਖ ਵਿਚ ਐਲ.ਏ.ਸੀ. ਉਤੇ ਚੀਨ ਨਾਲ ਜਾਰੀ ਤਲਖੀ ਮਗਰੋਂ ਚੀਨੀ ਮੋਬਾਈਲ ਕੰਪਨੀ ਵੀਵੋ ਨੂੰ ਆਈ.ਪੀ.ਐਲ. ਦੇ ਟਾਈਟਲ ਸਪਾਂਸਰ ਵਜੋਂ ਲਾਂਭੇ ਕੀਤੇ ਜਾਣ ਮਗਰੋਂ ਇਸ ਥਾਂ ਲਈ ਦਾਅਵੇਦਾਰੀ ਵਜੋਂ ਕਈ ਨਾਮੀ ਕੰਪਨੀਆਂ ਕਤਾਰ ਵਿਚ ਹਨ।


ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

'ਦੇਸੀ ਬਾਜ਼ਾਰ' ਗਰੀਨਵੁੱਡ, ਇੰਡੀਆਨਾ ਲਈ ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ: 317-888-2040



ਵੇਟਰ, ਹੈਲਪਰ, ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਵੇਟਰ, ਕਿਚਨ ਹੈਲਪਰ, ਤੰਦੂਰੀਏ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ।

ਸੰਪਰਕ ਕਰੋ, ਦਵਿੰਦਰ ਸਿੰਘ

ਫੋਨ: 262-391-7666

26-



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

Email: Homeomedicine@yahoo.com

7021 Village Park Way, Dublin, CA 94568



Midway Business Broker




For All Your Commercial Real Estate Needs

MIDWAY Business Broker
We Build Your Dreams

We Help You To
*Gas Station
*Commercial
*Liquor Store
*Hotel/Motel
*Miscellaneous Store

We will assist you to provide funding from $25K to $500K in 48 hrs.

List your business at: WWW.MBBBIZ.COM

Ajeet Singh: 847-529-9778
Nick Verma: 630-664-1435



Michigan Truck Driving School

6405 Middlebelt Road, Romulus, MI 48174

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298

# ਜ਼ਹਿਰੀਲੀ ਸ਼ਰਾਬ ਕਾਂਡ: ਕੈਪਟਨ ਸਰਕਾਰ ਨੂੰ ਚੁਫੇਰਿਉਂ ਘੇਰਾ ਪਿਆ

**ਚੰਡੀਗੜ੍ਹ:** ਪੰਜਾਬ ਦੇ ਤਿੰਨ ਜ਼ਿਲ੍ਹਿਆਂ-ਅੰਮ੍ਰਿਤਸਰ, ਗੁਰਦਾਸਪੁਰ ਤੇ ਤਰਨਤਾਰਨ 'ਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ ਮੌਤਾਂ ਦੇ ਮਾਮਲੇ ਉਤੇ ਵਿਰੋਧੀ ਧਿਰਾਂ ਨੇ ਕੈਪਟਨ ਸਰਕਾਰ ਨੂੰ ਚੁਫੇਰਿਉਂ ਘੇਰਿਆ ਹੋਇਆ ਹੈ। ਅਕਾਲੀ ਦਲ ਬਾਦਲ, ਆਮ ਆਦਮੀ ਪਾਰਟੀ ਸਮੇਤ ਹੋਰ ਧਿਰਾਂ ਵੱਲੋਂ ਪੂਰੇ ਸੂਬੇ ਵਿਚ ਮੁਜ਼ਾਹਰੇ ਕੀਤੇ ਜਾ ਰਹੇ ਹਨ।

ਸਿਆਸੀ ਵਿਰੋਧੀ ਸਵਾਲ ਕਰ ਰਹੇ ਹਨ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਵੱਲੋਂ ਪੰਜਾਬ ਨੂੰ ਚਾਰ ਹਫਤਿਆਂ ਦੌਰਾਨ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਸੀ, ਪਰ ਲੰਘੇ ਸਾਢੇ ਤਿੰਨ ਸਾਲਾਂ ਦੌਰਾਨ ਪੰਜਾਬ 'ਚ ਨਸ਼ਾ ਮਾਫੀਆ ਤੇ ਸ਼ਰਾਬ ਮਾਫੀਆ ਹੋਰ ਸਰਗਰਮ ਹੋ ਗਿਆ ਹੈ। ਜਿਸ ਕਾਰਨ ਪੰਜਾਬ ਦੇ ਮਾਝਾ ਖੇਤਰ ਨਾਲ ਸਬੰਧਤ ਤਿੰਨ ਜ਼ਿਲ੍ਹਿਆਂ 'ਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਸੈਂਕੜੇ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਪਰ ਸਰਕਾਰ ਵੱਲੋਂ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇ ਕੇ ਖਾਨਾਪੂਰਤੀ ਕੀਤੀ ਜਾ ਰਹੀ ਹੈ। ਭਾਜਪਾ ਆਗੂਆਂ ਨੇ ਦੋਸ਼ ਲਗਾਇਆ ਕਿ ਜ਼ਹਿਰੀਲੀ ਸ਼ਰਾਬ ਦੇ ਮਾਮਲੇ 'ਚ ਕਾਂਗਰਸ ਸਰਕਾਰ ਦੇ ਕਈ ਵਿਧਾਇਕ, ਪੁਲਿਸ ਅਧਿਕਾਰੀ ਸ਼ਾਮਲ ਹਨ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਸੀ.ਬੀ.ਆਈ. ਜਾਂ ਸੁਪਰੀਮ ਕੋਰਟ ਦੇ ਜੱਜ ਤੋਂ ਜਾਂਚ ਕਰਵਾ ਕੇ ਲੋਕਾਂ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਵਫਦ ਨੇ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੂੰ ਅਪੀਲ ਕੀਤੀ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਬਰਖਾਸਤ ਕੀਤੀ ਜਾਵੇ ਅਤੇ ਜ਼ਹਿਰੀਲੀ ਸ਼ਰਾਬ ਤ੍ਰਾਸਦੀ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਜਾਂ ਸੀ.ਬੀ.ਆਈ. ਕੋਲੋਂ ਜਾਂਚ ਕਰਵਾਉਣ ਦੇ ਹੁਕਮ ਦਿੱਤੇ ਜਾਣ। ਵਫਦ ਨੇ ਇਹ ਵੀ ਮੰਗ ਕੀਤੀ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਕਾਂਗਰਸੀ ਆਗੂਆਂ ਵੱਲੋਂ ਗੈਰਕਾਨੂੰਨੀ ਸ਼ਰਾਬ ਦੇ ਧੰਦੇ ਵਿਚ ਕਮਾਏ ਪੈਸੇ ਵਸੂਲੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਆਗੂ ਮਨੋਰੰਜਨ ਕਾਲੀਆ ਦੀ ਅਗਵਾਈ ਹੇਠਲੇ ਵਫਦ ਨੇ ਰਾਜਪਾਲ ਨੂੰ ਇਹ ਅਪੀਲ ਵੀ ਕੀਤੀ ਕਿ ਗੈਰਕਾਨੂੰਨੀ ਸ਼ਰਾਬ ਦੇ ਵਪਾਰ ਵਿਚ ਸ਼ਾਮਲ ਸਾਰੇ ਦੋਸ਼ੀਆਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾਣ ਅਤੇ ਡਿਸਟਿਲਰੀਆਂ ਤੋਂ ਸਪਰਿਟ ਤੇ ਈ.ਐਨ.ਏ. ਦੀ ਸਪਲਾਈ ਰੋਕੀ ਜਾਵੇ। ਉਨ੍ਹਾਂ ਮੰਗ ਕੀਤੀ ਕਿ ਪੀੜਤ ਪਰਿਵਾਰਾਂ ਨੇ ਜਿਨ੍ਹਾਂ ਦੋਸ਼ੀਆਂ ਦੇ ਨਾਂ ਲਏ ਹਨ, ਖਾਸ ਤੌਰ ਉਤੇ ਖਡੂਰ ਸਾਹਿਬ ਹਲਕੇ ਦੇ ਵਿਧਾਇਕ ਰਮਨਜੀਤ ਸਿੰਘ ਸਿੱਕੀ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਜ਼ਹਿਰੀਲੀ ਸ਼ਰਾਬ ਦੇ 118 ਪੀੜਤ ਪਰਿਵਾਰ ਦੇ ਮੁੜ ਵਸੇਬੇ ਦੇ ਪ੍ਰਬੰਧ ਕਰਨ ਦੀ ਵੀ ਅਪੀਲ ਕੀਤੀ ਹੈ।




ਵਫਦ ਦੇ ਨਾਲ ਇਕ ਪੀੜਤ ਪਰਿਵਾਰ ਵੀ ਗਿਆ ਸੀ। ਉਨ੍ਹਾਂ ਰਾਜਪਾਲ ਨੂੰ ਮੰਗ ਪੱਤਰ ਸੌਂਪਦਿਆਂ ਕਿਹਾ ਕਿ ਜ਼ਹਿਰੀਲੀ ਸ਼ਰਾਬ ਤ੍ਰਾਸਦੀ ਸਰਕਾਰੀ ਸਰਪ੍ਰਸਤੀ ਦਾ ਸਿੱਧਾ ਨਤੀਜਾ ਹੈ। ਇਸੇ ਲਈ ਅੰਮ੍ਰਿਤਸਰ, ਤਰਨ ਤਾਰਨ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਵਫਦ ਨੇ ਦੋਸ਼ ਲਾਇਆ ਕਿ ਇਸ ਪੱਧਰ ਦੀ ਸ਼ਰਾਬ ਦੀ ਸਪਲਾਈ ਕਾਂਗਰਸੀ ਆਗੂਆਂ ਤੇ ਵਿਧਾਇਕਾਂ ਅਤੇ ਪੁਲੀਸ ਤੇ ਆਬਕਾਰੀ ਮੁਲਾਜ਼ਮਾਂ ਵਿਚਾਲੇ ਗੰਢ-ਤੁਪ ਨਾਲ ਹੀ ਹੋਈ ਹੈ। ਉਧਰ, ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਕੁਮਾਰ ਨੇ ਪਿੰਡ ਮੁੱਛਲ ਵਿਚ ਜ਼ਹਿਰੀਲੀ ਸ਼ਰਾਬ ਨਾਲ ਮਰੇ ਵਿਅਕਤੀਆਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਪੰਜਾਬ ਵਿਚ ਨਕਲੀ ਸ਼ਰਾਬ ਦਾ ਧੰਦਾ ਮੌਜੂਦਾ ਸਰਕਾਰ ਦੀ ਸਰਪ੍ਰਸਤੀ ਤੋਂ ਬਿਨਾਂ ਨਹੀਂ ਚੱਲ ਸਕਦਾ। ਉਨ੍ਹਾਂ ਨੇ ਇਨ੍ਹਾਂ ਮੌਤਾਂ ਲਈ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਕਰਾਰ ਦਿੰਦਿਆਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨੈਤਿਕਤਾ ਦੇ ਆਧਾਰ 'ਤੇ ਤੁਰਤ ਅਸਤੀਫਾ ਦੇਣਾ ਚਾਹੀਦਾ ਹੈ। ਅਸ਼ਵਨੀ ਕੁਮਾਰ ਨੇ ਕਿਹਾ ਕਿ ਇਹ ਮੌਤਾਂ ਨਹੀਂ ਸੋਚੀ ਸਮਝੀ ਸਾਜ਼ਿਸ਼ ਅਧੀਨ ਕੀਤੇ ਗਏ ਕਤਲ ਹਨ। ਮ੍ਰਿਤਕਾਂ ਵਿਚ ਜ਼ਿਆਦਾਤਰ ਦਲਿਤ ਅਤੇ ਗਰੀਬ ਹਨ। ਸੀ.ਬੀ.ਆਈ. ਜਾਂਚ ਨਾਲ ਹੀ ਸਾਰਾ ਸੱਚ ਸਾਹਮਣੇ ਆ ਸਕਦਾ ਹੈ।

## ਦੋਸ਼ੀਆਂ ਖਿਲਾਫ ਹੋਵੇਗੀ ਸਖਤ ਕਾਰਵਾਈ: ਕੈਪਟਨ

**ਤਰਨ ਤਾਰਨ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਤਰਨ ਤਾਰਨ ਜ਼ਿਲ੍ਹੇ ਦਾ ਦੌਰਾ ਕਰਕੇ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮਾਰੇ ਗਏ ਲੋਕਾਂ ਦੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਸਖਤ ਕਾਰਵਾਈ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਨੇ ਪੀੜਤ ਪਰਿਵਾਰਾਂ ਲਈ ਮੁਆਵਜ਼ਾ ਰਾਸ਼ੀ 2 ਲੱਖ ਰੁਪਏ ਤੋਂ ਵਧਾ ਕੇ 5 ਲੱਖ ਰੁਪਏ ਕਰਨ ਦਾ ਐਲਾਨ ਵੀ ਕੀਤਾ ਹੈ। ਜ਼ਹਿਰੀਲੀ ਸ਼ਰਾਬ ਕਾਂਡ ਦੇ ਪੀੜਤ ਪਰਿਵਾਰਾਂ ਨੂੰ ਮਿਲਣ ਪਹੁੰਚੇ ਮੁੱਖ ਮੰਤਰੀ ਨੇ ਕਿਹਾ ਕਿ ਇਸ ਸੰਗੀਨ ਜੁਰਮ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

## ਕੈਪਟਨ ਸਣੇ ਕਾਂਗਰਸ ਵਿਧਾਇਕਾਂ 'ਤੇ ਕੇਸ ਦਰਜ ਹੋਵੇ: ਮਾਨ

**ਪਟਿਆਲਾ:** ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿਚ ਚੱਲ ਰਹੇ ਮਾਫੀਆ ਰਾਜ ਦੇ ਸਰਗਨਾ ਹਨ। ਸ਼ਰਾਬ ਸਬੰਧੀ ਲੋਕਾਂ ਵੱਲੋਂ ਕੀਤੇ ਖੁਲਾਸਿਆਂ ਤੋਂ ਸਪਸ਼ਟ ਹੁੰਦਾ ਹੈ ਕਿ ਪੰਜਾਬ ਦੇ 7 ਵਿਧਾਇਕ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਵਿਚ ਹਨ। ਇਸ ਕਰਕੇ ਮਾਫੀਆ ਦੇ ਮੁਖੀ ਕੈਪਟਨ ਅਮਰਿੰਦਰ ਸਿੰਘ ਅਤੇ ਸੱਤ ਵਿਧਾਇਕਾਂ ਤੇ 302 ਧਾਰਾ ਅਧੀਨ ਕੇਸ ਦਰਜ ਹੋਣਾ ਚਾਹੀਦਾ ਹੈ, ਨਹੀਂ ਤਾਂ ਜੇ ਸਾਲ 2022 ਵਿਚ 'ਆਪ' ਸਰਕਾਰ ਆਉਂਦੀ ਹੈ ਤਾਂ ਇਕ-ਇਕ ਮਾਮਲੇ ਦਾ ਹਿਸਾਬ ਲਿਆ ਜਾਵੇਗਾ।

## ਸ਼ਰਾਬ ਤਸਕਰੀ ਦਾ ਪੈਸਾ ਗਾਂਧੀ ਪਰਿਵਾਰ ਤੱਕ ਪੁੱਜਾ?

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਸ਼ਰਾਬ ਦੀ ਤਸਕਰੀ ਦਾ ਹਿੱਸਾ ਗਾਂਧੀ ਪਰਿਵਾਰ ਤੱਕ ਜਾਣ ਦੇ ਦੋਸ਼ ਲਾਉਂਦਿਆਂ ਸੂਬੇ ਦੇ ਰਾਜਪਾਲ ਵੀਪੀ ਸਿੰਘ ਬਦਨੌਰ ਤੋਂ ਨਿਰਪੱਖ ਜਾਂਚ ਦੇ ਹੁਕਮਾਂ ਦੀ ਮੰਗ ਕੀਤੀ ਹੈ। ਅਕਾਲੀਆਂ ਵੱਲੋਂ ਸ਼ਰਾਬ ਤਰਾਸਦੀ ਦੇ ਮੁੱਦੇ ਉਤੇ ਰਾਜ ਭਵਨ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੀ ਅਗਵਾਈ ਹੇਠ ਪਟਿਆਲਾ ਸ਼ਹਿਰੀ ਅਤੇ ਆਨੰਦਪੁਰ ਸਾਹਿਬ ਹਲਕਿਆਂ ਤੋਂ ਪਾਰਟੀ ਵਰਕਰਾਂ ਤੇ ਜ਼ਹਿਰੀਲੀ ਸ਼ਰਾਬ ਕਾਂਡ ਦੇ ਪੀੜਤ ਪਰਿਵਾਰਾਂ ਨੇ ਵਿਸ਼ਾਲ ਰੋਸ ਮਾਰਚ ਕੱਢਿਆ ਜਿਸ ਨੂੰ ਰਾਜ ਭਵਨ ਤੋਂ 200 ਮੀਟਰ ਦੂਰ ਰੋਕ ਲਿਆ ਗਿਆ। ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਸ਼ਰਾਬ ਮਾਫੀਆ ਨੇ 2000 ਕਰੋੜ ਰੁਪਏ ਕਥਿਤ ਤੌਰ 'ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੋਂ ਇਲਾਵਾ ਕਾਂਗਰਸ ਹਾਈ ਕਮਾਂਡ ਨੂੰ ਭੇਜੇ ਹਨ।

# ਨਾਜਾਇਜ਼ ਸ਼ਰਾਬ ਹੁਣ ਜਾਨਵਰਾਂ ਲਈ ਕਾਲ ਬਣੀ

**ਜਲੰਧਰ:** ਪੰਜਾਬ ਵਿਚ ਨਾਜਾਇਜ਼ ਸ਼ਰਾਬ ਇਨਸਾਨਾਂ ਤੋਂ ਬਾਅਦ ਹੁਣ ਜਾਨਵਰਾਂ ਦੀਆਂ ਜਾਨਾਂ ਲੈ ਰਹੀ ਹੈ। ਪੰਜਾਬ ਪੁਲਿਸ ਵੱਲੋਂ ਵੱਡੇ ਪੱਧਰ 'ਤੇ ਫੜੀ ਲਾਹਣ ਸਤਲੁਜ ਦਰਿਆ ਵਿਚ ਸੁੱਟਣ ਕਾਰਨ ਵੱਡੀ ਪੱਧਰ 'ਤੇ ਮੱਛੀਆਂ ਮਰ ਗਈਆਂ ਹਨ। ਇਨ੍ਹਾਂ ਵਿਚੋਂ ਕੁਝ ਪ੍ਰਜਾਤੀਆਂ ਤਾਂ ਹਾਲ ਹੀ ਵਿਚ ਕਰੀਬ ਤਿੰਨ ਦਹਾਕੇ ਬਾਅਦ ਸਤਲੁਜ ਵਿਚ ਪਰਤੀਆਂ ਸਨ। ਪੁਲਿਸ ਦੀ ਲਾਪਰਵਾਹੀ ਪ੍ਰਤੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀ ਚੁੱਪ ਵੱਟੀ ਬੈਠੇ ਹਨ। ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਸ ਮਾਮਲੇ ਨੂੰ ਬੋਰਡ ਦੀ ਮੀਟਿੰਗ ਵਿਚ ਰੱਖਣ ਦਾ ਫੈਸਲਾ ਕੀਤਾ ਹੈ। ਸਮਾਜ ਸੇਵੀ ਸੰਸਥਾਵਾਂ ਪੁਲਿਸ ਦੇ ਇਸ ਵਤੀਰੇ ਪ੍ਰਤੀ ਸਖਤ ਨਰਾਜ਼ ਹਨ।

ਉਧਰ, ਮਰੀਆਂ ਮੱਛੀਆਂ ਦਾ ਸੱਚ ਸਾਹਮਣੇ ਲਿਆਉਣ ਵਾਲੇ ਨੌਜਵਾਨ ਨੂੰ ਪੁਲਿਸ ਆਪਣੇ ਢੰਗ ਤਰੀਕਿਆਂ ਨਾਲ ਤੰਗ ਪਰੇਸ਼ਾਨ ਕਰਨ ਲੱਗ ਪਈ ਹੈ। ਜਾਣਕਾਰੀ ਅਨੁਸਾਰ ਪੁਲਿਸ ਨੇ ਫਿਲੌਰ, ਸ਼ਾਹਕੋਟ ਤੇ ਲੋਹੀਆਂ ਦੇ ਸਤਲੁਜ ਦਰਿਆ ਨੇੜਲੇ ਪਿੰਡਾਂ ਵਿਚੋਂ 3 ਲੱਖ 58 ਹਜ਼ਾਰ ਲੀਟਰ ਤੋਂ ਵੱਧ ਲਾਹਣ ਫੜੀ ਸੀ। ਪੰਜਾਬ ਪੁਲਿਸ ਦੇ ਡੀ.ਜੀ.ਪੀ. ਦਿਨਕਰ ਗੁਪਤਾ ਨੇ ਸਤਲੁਜ ਦਰਿਆ ਵਿਚ ਲਾਹਣ ਰੋੜ੍ਹੇ ਜਾਣ ਦੀਆਂ ਸੋਸ਼ਲ ਮੀਡੀਆ ਉਤੇ ਚੱਲ ਰਹੀ ਚਰਚਾ ਦਾ ਨੋਟਿਸ ਲੈਂਦਿਆਂ ਅਧਿਕਾਰੀਆਂ ਨੂੰ ਇਸ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਸਤਲੁਜ 'ਚ ਬੁੱਢੇ ਨਾਲੇ ਤੇ ਚਿੱਟੀ ਵੇਈਂ ਦਾ ਜ਼ਹਿਰੀਲਾ ਪਾਣੀ ਪੈਣ ਨਾਲ ਦਰਿਆ ਵਿਚਲੇ ਜਲ ਜੀਵ ਮਰ ਗਏ ਸਨ। ਮੱਛੀਆਂ ਦੀਆਂ ਕਈ ਦੁਰਲੱਭ ਪ੍ਰਜਾਤੀਆਂ ਸਮਾਪਤ ਹੋ ਗਈਆਂ ਸਨ। ਕਰੋਨਾ ਕਾਰਨ ਲੱਗੀ ਤਾਲਾਬੰਦੀ ਤੇ ਸਤਲੁਜ 'ਚ ਛੱਡੇ ਸਾਫ ਪਾਣੀ ਨਾਲ ਇਕ ਵਾਰ ਫਿਰ ਤਿੰਨ ਦਹਾਕਿਆਂ ਬਾਅਦ ਜਲ ਜੀਵ ਮੁੜ ਦਰਿਆ ਵਿਚ ਪਰਤ ਆਏ ਸਨ ਪਰ ਇਸ ਨੂੰ ਪੁਲਿਸ ਤੇ ਸ਼ਰਾਬ ਮਾਫੀਆ ਵੱਲੋਂ ਰੋੜ੍ਹੀ ਗਈ ਲਾਹਣ ਨੇ ਇਕ ਵਾਰ ਫਿਰ ਤਬਾਹੀ ਦੇ ਕੰਢੇ ਲੈ ਆਂਦਾ ਹੈ। ਨਿਗਰਾਨ ਕਮੇਟੀ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਮੁਲਜ਼ਮਾਂ ਵਿਰੁੱਧ 1974 ਦੇ ਵਾਟਰ ਐਕਟ ਤਹਿਤ ਕਾਰਵਾਈ ਹੋਵੇ ਤੇ ਸਤਲੁਜ 'ਚ ਸਾਫ ਪਾਣੀ ਛੱਡਿਆ ਜਾਵੇ। ਇਸ ਸਬੰਧੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦੋ ਐਸ.ਡੀ.ਓਜ਼. ਨੇ ਸਤਲੁਜ ਦੇ ਪਾਣੀ ਦੇ ਸੈਂਪਲ ਲਏ ਹਨ।

ਸਤਲੁਜ ਵਿਚ ਮਰੀਆਂ ਮੱਛੀਆਂ ਦੀ ਵੀਡੀਓ ਬਣਾਉਣ ਵਾਲੇ ਸੁਖਬੀਰ ਸਿੰਘ ਵਾਸੀ ਫਤਿਹਪੁਰ ਭੰਗਵਾਂ ਨੇ ਦੱਸਿਆ ਕਿ ਸਵੇਰੇ 6 ਵਜੇ ਵੱਡੀ ਗਿਣਤੀ 'ਚ ਮਰੀਆਂ ਮੱਛੀਆਂ ਰੁੜ੍ਹ ਰਹੀਆਂ ਸਨ। ਬਹੁਤ ਸਾਰੀਆਂ ਮੱਛੀਆਂ ਤਾਂ ਦਰਿਆ ਦੇ ਪਾਣੀ ਨਾਲ ਰੁੜ੍ਹ ਵੀ ਗਈਆਂ ਸਨ।

**ਸਤਲੁਜ 'ਚ ਸੁੱਟੀ ਲਾਹਣ ਨਾਲ ਮਰੀਆਂ ਮੱਛੀਆਂ**



## ਬਾਜਵਾ-ਦੂਲੋ ਨੂੰ ਕਾਂਗਰਸ 'ਚੋਂ ਕੱਢਣ ਦੀ ਮੰਗ

**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਰਾਜ ਸਭਾ ਮੈਂਬਰਾਂ ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਦੀਆਂ ਪਾਰਟੀ ਤੇ ਸਰਕਾਰ ਵਿਰੋਧੀ ਗਤੀਵਿਧੀਆਂ ਨੂੰ ਅਨੁਸ਼ਾਸਨਹੀਣਤਾ ਕਰਾਰ ਦਿੰਦਿਆਂ ਉਨ੍ਹਾਂ ਨੂੰ ਪਾਰਟੀ 'ਚੋਂ ਕੱਢਣ ਦੀ ਮੰਗ ਕੀਤੀ ਹੈ। ਮੰਤਰੀਆਂ ਨੇ ਜ਼ਹਿਰੀਲੀ ਸ਼ਰਾਬ ਕਾਂਡ 'ਤੇ ਆਪਣੀ ਪਾਰਟੀ ਦੀ ਸਰਕਾਰ ਉਤੇ ਹਮਲਾ ਬੋਲਣ ਲਈ ਦੋਵੇਂ ਆਗੂਆਂ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ ਹੈ। ਵਜ਼ੀਰਾਂ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਜਦੋਂ ਵਿਧਾਨ ਸਭਾ ਚੋਣਾਂ ਦਾ ਸਮਾਂ ਦੋ ਸਾਲ ਤੋਂ ਵੀ ਘੱਟ ਰਹਿੰਦਾ ਹੋਵੇ ਤਾਂ ਅਨੁਸ਼ਾਸਨਹੀਣਤਾ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ ਹੈ।

ਮੰਤਰੀਆਂ ਨੇ ਕਿਹਾ ਕਿ ਦੋਵੇਂ ਆਗੂਆਂ ਨੇ ਰਾਜ ਸਭਾ 'ਚ ਪੰਜਾਬ ਦੇ ਹਿੱਤਾਂ ਦਾ ਮਸਲਾ ਕਦੇ ਵੀ ਨਹੀਂ ਉਠਾਇਆ। ਕੈਬਨਿਟ ਮੰਤਰੀਆਂ ਨੇ ਕਿਹਾ ਕਿ ਜ਼ਹਿਰੀਲੀ ਸ਼ਰਾਬ ਦੀ ਘਟਨਾ ਨਾਲ ਨਿਪਟਣ ਵਿਚ ਸਰਕਾਰ ਵਿਰੁੱਧ ਰੋਸ ਜ਼ਾਹਿਰ ਕਰਨ ਲਈ ਪਾਰਟੀ ਅਤੇ ਸਰਕਾਰ ਦੇ ਮੰਚ ਨੂੰ ਦਰਕਿਨਾਰ ਕਰ ਕੇ ਇਸ ਦੀ ਸੀ.ਬੀ.ਆਈ. ਅਤੇ ਈਡੀ ਪਾਸੋਂ ਜਾਂਚ ਕਰਵਾਉਣ ਲਈ ਰਾਜਪਾਲ ਤੱਕ ਪਹੁੰਚ ਕਰਨ ਨਾਲ ਦੋਵੇਂ ਸੰਸਦ ਮੈਂਬਰਾਂ ਨੇ ਨਾ ਸਿਰਫ ਜਮਹੂਰੀ ਸ਼ਾਸਨ ਦੀ ਬੁਨਿਆਦ ਨੂੰ ਸੱਟ ਮਾਰੀ ਹੈ ਸਗੋਂ ਪੁਲਿਸ ਫੋਰਸ ਦੇ ਵੱਕਾਰ ਨੂੰ ਵੀ ਸੱਟ ਮਾਰਨ ਦੀ ਕੋਸ਼ਿਸ਼ ਕੀਤੀ ਹੈ।

## ਕੌਮੀ ਪੁਰਸਕਾਰ ਜੇਤੂ 13 ਪੰਚਾਇਤੀ ਰਾਜ ਸੰਸਥਾਵਾਂ ਦਾ ਸਨਮਾਨ

**ਚੰਡੀਗੜ੍ਹ:** ਕੇਂਦਰੀ ਪੇਂਡੂ ਵਿਕਾਸ ਵਿਭਾਗ ਵੱਲੋਂ ਵੀਡੀਓ ਕਾਨਫਰੰਸ ਰਾਹੀਂ ਕੌਮੀ ਪੁਰਸਕਾਰ ਜੇਤੂ ਪੰਚਾਇਤੀ ਰਾਜ ਸੰਸਥਾਵਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕਰਦਿਆਂ ਪੇਂਡੂ ਵਿਕਾਸ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਪੁਰਸਕਾਰ ਜੇਤੂ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਵਧਾਈ ਦਿੱਤੀ। ਇਸ ਸਾਲ ਪੁਰਸਕਾਰਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਵਿਚ 55,000 ਪੰਚਾਇਤੀ ਰਾਜ ਸੰਸਥਾਵਾਂ ਨੇ ਹਿੱਸਾ ਲਿਆ ਅਤੇ ਕੁੱਲ 306 ਕੌਮੀ ਪੁਰਸਕਾਰ ਪ੍ਰਦਾਨ ਕੀਤੇ ਗਏ ਹਨ।

ਪੇਂਡੂ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸੂਬੇ ਦੀਆਂ ਪੁਰਸਕਾਰ ਜੇਤੂ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਧਾਈ ਦਿੰਦਿਆਂ ਕਿਹਾ ਸੂਬੇ ਦੀਆਂ ਪੰਚਾਇਤਾਂ ਕੌਮੀ ਮੁਕਾਬਲਿਆਂ ਵਿਚ ਬਹੁਤ ਵਧੀਆ ਪ੍ਰਦਰਸ਼ਨ ਕਰ ਰਹੀਆਂ ਹਨ। ਵਿੱਤ ਕਮਿਸ਼ਨਰ ਸੀਮਾ ਜੈਨ ਨੇ ਦੱਸਿਆ ਕਿ ਮੌਜੂਦਾ ਸਾਲ ਵਿਚ ਪੰਜਾਬ ਰਾਜ ਦੀਆਂ 13 ਪੰਚਾਇਤੀ ਰਾਜ ਸੰਸਥਾਵਾਂ ਨੂੰ ਕੌਮੀ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।

# ਕਿਸਾਨਾਂ ਲਈ ਇਕ ਲੱਖ ਕਰੋੜ ਦੀ ਵਿੱਤੀ ਸਹੂਲਤ ਦੀ ਸ਼ੁਰੂਆਤ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਐਗਰੀ-ਇੰਫ੍ਰਾ) ਤਹਿਤ ਇਕ ਲੱਖ ਕਰੋੜ ਰੁਪਏ ਦੀ ਵਿੱਤੀ ਸਹੂਲਤ ਦੀ ਸ਼ੁਰੂਆਤ ਕੀਤੀ। ਖੇਤੀ ਬੁਨਿਆਦੀ ਢਾਂਚਾ ਪਰਿਯੋਜਨਾਵਾਂ ਲਈ ਰਿਆਇਤੀ ਕਰਜ਼ ਦਾ ਵਿਸਥਾਰ ਕਰਨ ਦੇ ਉਦੇਸ਼ ਨਾਲ ਸਰਕਾਰ ਨੇ ਜੁਲਾਈ 'ਚ ਇਕ ਲੱਖ ਕਰੋੜ ਦੇ ਫੰਡ ਨਾਲ 'ਐਗਰੀ ਇੰਫ੍ਰਾ ਫੰਡ' ਦੀ ਸਥਾਪਨਾ ਦੀ ਆਗਿਆ ਦਿੱਤੀ ਸੀ।

ਇਸ ਫੰਡ ਨਾਲ ਕਟਾਈ ਤੋਂ ਬਾਅਦ ਫਸਲ ਦੇ ਬਿਹਤਰ ਪ੍ਰਬੰਧਨ ਲਈ ਢਾਂਚਾ ਅਤੇ ਕੋਲਡ ਸਟੋਰੇਜ, ਕੁਲੈਕਸ਼ਨ ਸੈਂਟਰ, ਪ੍ਰਾਸੈਸਿੰਗ ਯੂਨਿਟ ਵਰਗੀਆਂ ਭਾਈਚਾਰਕ ਖੇਤੀ ਸੰਪਤੀਆਂ ਦੇ ਨਿਰਮਾਣ 'ਚ ਮਦਦ ਮਿਲੇਗੀ। ਇਨ੍ਹਾਂ ਸਹੂਲਤਾਂ ਦੇ ਸ਼ੁਰੂ ਹੋਣ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦੀ ਬਿਹਤਰ ਕੀਮਤ ਮਿਲ ਸਕੇਗੀ। ਕੋਲਡ ਸਟੋਰੇਜ, ਕੁਲੈਕਸ਼ਨ ਸੈਂਟਰ ਅਤੇ ਪ੍ਰੋਸੈਸਿੰਗ ਯੂਨਿਟ ਆਦਿ ਬਣਾਉਣ ਨਾਲ ਕਿਸਾਨ ਆਪਣੀ ਫਸਲ ਨੂੰ ਸਟੋਰ ਕਰ ਸਕਣਗੇ ਅਤੇ ਉਸ ਨੂੰ ਚੰਗੀ ਕੀਮਤ ਮਿਲਣ ਉਤੇ ਵੇਚ ਸਕਣਗੇ ਜਿਸ ਨਾਲ ਕਿਸਾਨਾਂ ਦੀ ਆਮਦਨ ਵਧੇਗੀ।

ਪ੍ਰਧਾਨ ਮੰਤਰੀ ਮੋਦੀ ਨੇ ਵੀਡੀਓ ਕਾਨਫਰੰਸ 'ਚ ਕਿਹਾ ਕਿ ਇਸ ਨਾਲ ਪਿੰਡਾਂ-ਪਿੰਡਾਂ ਵਿਚ ਬਿਹਤਰ ਭੰਡਾਰਨ, ਆਧੁਨਿਕ ਕੋਲਡ ਸਟੋਰੇਜ ਦੀ ਚੇਨ ਤਿਆਰ ਕਰਨ 'ਚ ਮਦਦ ਮਿਲੇਗੀ ਅਤੇ ਪਿੰਡਾਂ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ। ਬਲਰਾਮ ਜੈਅੰਤੀ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਉਤਪਾਦਨ 'ਚ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰ ਰਿਹਾ ਪਰ ਫਸਲਾਂ ਦੀ ਕਟਾਈ ਤੋਂ ਬਾਅਦ ਹੋ ਰਹੇ ਘਾਟੇ ਦੀ ਸਮੱਸਿਆ ਹੈ ਜਿਸ ਦੇ ਹੱਲ ਲਈ ਕਟਾਈ ਤੋਂ ਬਾਅਦ ਫਸਲਾਂ ਨੂੰ ਸੰਭਾਲਣ ਲਈ ਢਾਂਚਾ ਤਿਆਰ ਕੀਤਾ ਜਾਵੇਗਾ। ਇਸ ਮੌਕੇ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਅਤੇ ਕੁਝ ਸੂਬਿਆਂ ਦੇ ਕਿਸਾਨਾਂ ਨੇ ਵੀਡੀਓ ਕਾਨਫਰੰਸ 'ਚ ਹਿੱਸਾ ਲਿਆ। ਮੋਦੀ ਨੇ ਕਿਹਾ ਕਿ ਇਸ ਯੋਜਨਾ ਨਾਲ ਖੇਤੀ ਖੇਤਰ ਨਾਲ ਸਬੰਧਿਤ ਕਾਰੋਬਾਰ



ਸ਼ੁਰੂ ਕਰਨ ਦੇ ਚੰਗੇ ਮੌਕੇ ਮਿਲਣਗੇ। ਜ਼ਿਕਰਯੋਗ ਹੈ ਕਿ ਐਗਰੀ-ਇੰਫ੍ਰਾ ਫੰਡ ਕਰੋਨਾ ਵਾਇਰਸ ਮਹਾਮਾਰੀ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਸਰਕਾਰ ਵੱਲੋਂ ਜਾਰੀ 20 ਲੱਖ ਕਰੋੜ ਰੁਪਏ ਦੇ ਆਤਮ ਨਿਰਭਰ ਭਾਰਤ ਪੈਕੇਜ ਦਾ ਇਕ ਹਿੱਸਾ ਹੈ। ਐਗਰੀ-ਇੰਫ੍ਰਾ ਫੰਡ ਦਾ ਸਮਾਂ ਸਾਲ 2029 ਤੱਕ 10 ਸਾਲਾਂ ਲਈ ਹੈ। ਇਸ ਯੋਜਨਾ ਦਾ ਟੀਚਾ ਪੇਂਡੂ ਖੇਤਰ 'ਚ ਨਿੱਜੀ ਨਿਵੇਸ਼ ਨੂੰ ਵਧਾਉਣਾ ਅਤੇ ਰੁਜ਼ਗਾਰ ਪੈਦਾ ਕਰਨਾ ਹੈ। ਇਸ ਲਈ ਕਰਜ਼ੇ ਚਾਰ ਸਾਲਾਂ ਵਿਚ ਵੰਡੇ ਜਾਣਗੇ। ਮੌਜੂਦਾ ਵਿੱਤੀ ਵਰ੍ਹੇ ਵਿਚ 10000 ਕਰੋੜ ਅਤੇ ਅਗਲੇ ਤਿੰਨ ਵਿੱਤੀ ਸਾਲਾਂ ਦੌਰਾਨ ਹਰ ਸਾਲ 30 ਹਜ਼ਾਰ ਕਰੋੜ ਦੇ ਕਰਜ਼ੇ ਵੰਡੇ ਜਾਣਗੇ। ਮੰਤਰਾਲੇ ਨੇ ਦੱਸਿਆ ਹੈ ਕਿ ਐਗਰੀ ਇੰਫ੍ਰਾ ਫੰਡ ਦਾ ਪ੍ਰਬੰਧਨ ਆਨਲਾਈਨ ਮੈਨੇਜਮੈਂਟ ਇਨਫਾਰਮੇਸ਼ਨ ਸਿਸਟਮ (ਐਮ.ਆਈ.ਐਸ.) ਪਲੇਟਫਾਰਮ ਰਾਹੀਂ ਹੋਵੇਗਾ ਜੋ ਫੰਡ ਦੀ ਨਿਗਰਾਨੀ ਵੀ ਕਰੇਗਾ।

**Punjab Times**
Established in 2000
21st Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਧੀਆਂ ਨੂੰ ਪਿਤਾ ਦੀ ਜਾਇਦਾਦ 'ਚ ਬਰਾਬਰੀ ਦਾ ਹੱਕ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਕਿ ਧੀਆਂ ਨੂੰ ਉਨ੍ਹਾਂ ਦੇ ਬਰਾਬਰੀ ਦੇ ਅਧਿਕਾਰ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਕਿ ਸੰਯੁਕਤ ਹਿੰਦੂ ਪਰਿਵਾਰਕ ਜਾਇਦਾਦ ਵਿਚ ਉਨ੍ਹਾਂ ਦੇ ਬਰਾਬਰ ਦੇ ਅਧਿਕਾਰ ਹੋਣਗੇ, ਭਾਵੇਂ ਕਿ ਪਿਤਾ ਦੀ ਮੌਤ ਹਿੰਦੂ ਉਤਰਾਧਿਕਾਰ (ਸੋਧ) ਐਕਟ 2005 ਤੋਂ ਪਹਿਲਾਂ ਹੋ ਗਈ ਹੋਵੇ। ਜਸਟਿਸ ਅਰੁਣ ਮਿਸ਼ਰਾ, ਜਸਟਿਸ ਐਸ ਨਜ਼ੀਰ ਅਤੇ ਜਸਟਿਸ ਐਮ.ਆਰ. ਸ਼ਾਹ ਦੇ ਬੈਂਚ ਨੇ ਕਿਹਾ ਕਿ ਹਿੰਦੂ ਉਤਰਾਧਿਕਾਰੀ ਐਕਟ 1956 ਦੀ ਧਾਰਾ 6 ਦੀ ਸੋਧ ਤੋਂ ਪਹਿਲਾਂ ਜਾਂ ਬਾਅਦ ਵਿਚ ਪੈਦਾ ਹੋਈ ਧੀ ਨੂੰ ਪਿਤਾ ਦੀ ਜਾਇਦਾਦ ਵਿਚ ਪੁੱਤ ਵਾਂਗ ਬਰਾਬਰ ਦਾ ਹੱਕ ਹੈ।

## ਡਾ. ਮਨਮੋਹਨ ਸਿੰਘ ਵਲੋਂ ਆਰਥਿਕ ਸੰਕਟ ਨਾਲ ਨਜਿੱਠਣ ਲਈ 3 ਸੁਝਾਅ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੇਸ਼ ਦੀ ਮੌਜੂਦਾ ਆਰਥਿਕ ਹਾਲਤ ਦੇ ਆਧਾਰ ਉਤੇ ਪੇਸ਼ੀਨਗੋਈ ਕਰਦਿਆਂ ਕਿਹਾ ਕਿ ਦੇਸ਼ 'ਚ ਮੰਦੀ ਆਉਣੀ ਤੈਅ ਹੈ। ਡਾ. ਸਿੰਘ ਨੇ ਪੇਸ਼ੀਨਗੋਈ ਕਰਨ ਦੇ ਨਾਲ ਹੀ ਮੋਦੀ ਸਰਕਾਰ ਨੂੰ ਅਰਥਵਿਵਸਥਾ ਸੰਭਾਲਣ ਲਈ ਕੁਝ ਵੱਡੇ ਕਦਮ ਚੁੱਕਣ ਦੀ ਸਲਾਹ ਦਿੱਤੀ ਹੈ। ਡਾ. ਮਨਮੋਹਨ ਸਿੰਘ ਨੇ ਇਕ ਨਿੱਜੀ ਚੈਨਲ ਨੂੰ ਦਿੱਤੀ ਇੰਟਰਵਿਊ 'ਚ ਸਰਕਾਰ ਨੂੰ 3 ਵੱਡੇ ਕਦਮ ਚੁੱਕਣ ਦਾ ਸੁਝਾਅ ਦਿੱਤਾ।

ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਭ ਤੋਂ ਪਹਿਲਾਂ ਲੋਕਾਂ ਦਾ ਰੁਜ਼ਗਾਰ ਸੁਰੱਖਿਅਤ ਬਣਾਈ ਰੱਖਣ ਨੂੰ ਯਕੀਨੀ ਬਣਾਇਆ ਜਾਵੇ ਅਤੇ ਉਨ੍ਹਾਂ ਨੂੰ ਸਿੱਧੇ ਤੌਰ ਉਤੇ ਆਰਥਿਕ ਮਦਦ ਦਿੱਤੀ ਜਾਵੇ, ਤਾਂ ਜੋ ਖਰਚ ਕਰਨ ਦੀ ਸਮਰੱਥਾ ਬਣੀ ਰਹੇ। ਡਾ. ਸਿੰਘ ਨੇ ਦੂਜੇ ਸਵਾਲ 'ਚ ਸਰਕਾਰ ਨੂੰ ਸਰਕਾਰੀ ਕ੍ਰੈਡਿਟ ਗਾਰੰਟੀ ਪ੍ਰੋਗਰਾਮਾਂ ਰਾਹੀਂ ਵਪਾਰ ਅਤੇ ਕਾਰੋਬਾਰਾਂ ਲਈ ਲੋੜੀਂਦੀ ਰਕਮ ਉਪਲਬਧ ਕਰਵਾਉਣ ਨੂੰ ਕਿਹਾ। ਇਸ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਨੇ ਵਿੱਤੀ ਸੈਕਟਰ 'ਚ ਸੰਸਥਾਵਾਂ ਵਿਚ ਖੁਦਮੁਖਤਿਆਰੀ ਅਤੇ ਅਮਲਾਂ ਰਾਹੀਂ ਸੁਧਾਰ ਲਿਆਉਣ ਨੂੰ ਵੀ ਕਿਹਾ।

## ਭਾਰਤ 'ਚ ਕਰੋਨਾ ਨੇ 196 ਡਾਕਟਰਾਂ ਦੀ ਜਾਨ ਲਈ

**ਨਵੀਂ ਦਿੱਲੀ:** ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਕੋਵਿਡ-19 ਕਾਰਨ ਦੇਸ਼ ਵਿਚ 196 ਡਾਕਟਰਾਂ, ਜਿਨ੍ਹਾਂ ਵਿਚ ਜ਼ਿਆਦਾਤਰ ਜਨਰਲ ਪ੍ਰੈਕਟੀਸ਼ਨਰ ਸ਼ਾਮਲ ਹਨ, ਦੀ ਮੌਤ ਹੋਣ ਦੇ ਮਾਮਲੇ ਵਲ ਧਿਆਨ ਦੇਣ ਦੀ ਅਪੀਲ ਕੀਤੀ ਹੈ।

ਆਈ.ਐਮ.ਏ. ਨੇ ਕੋਵਿਡ-19 ਖਿਲਾਫ ਜੰਗ ਦੌਰਾਨ ਜਾਨਾਂ ਗੁਆ ਰਹੇ ਡਾਕਟਰਾਂ ਦੀ ਸੁਰੱਖਿਆ ਉਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਆਈ.ਐਮ.ਏ. ਵਲੋਂ ਇਕੱਤਰ ਕੀਤੇ ਤਾਜ਼ਾ ਅੰਕੜਿਆਂ ਅਨੁਸਾਰ ਸਾਡੇ ਮੁਲਕ ਨੇ 196 ਡਾਕਟਰ ਗੁਆਏ ਹਨ, ਜਿਨ੍ਹਾਂ ਵਿਚੋਂ 170 ਡਾਕਟਰਾਂ ਦੀ ਉਮਰ 50 ਸਾਲ ਤੋਂ ਵੱਧ ਸੀ ਅਤੇ ਇਨ੍ਹਾਂ ਵਿਚ ਕਰੀਬ 40 ਫੀਸਦ ਜਨਰਲ ਪ੍ਰੈਕਟੀਸ਼ਨਰ ਸ਼ਾਮਲ ਸਨ। ਆਈ.ਐਮ.ਏ. ਨੇ ਕਿਹਾ ਕਿ ਜਨਰਲ ਪ੍ਰੈਕਟੀਸ਼ਨਰਾਂ ਦੀ ਗਿਣਤੀ ਇਸ ਕਰਕੇ ਜ਼ਿਆਦਾ ਹੈ ਕਿਉਂਕਿ ਬੁਖਾਰ ਅਤੇ ਹੋਰ ਸਬੰਧਤ ਲੱਛਣਾਂ ਵਾਲੇ ਜ਼ਿਆਦਾਤਰ ਮਰੀਜ਼ ਜਨਰਲ ਪ੍ਰੈਕਟੀਸ਼ਨਰਾਂ ਕੋਲ ਦਵਾਈ ਲੈਣ ਲਈ ਜਾਂਦੇ ਹਨ, ਜਿਸ ਕਰਕੇ ਉਨ੍ਹਾਂ ਨਾਲ ਮਰੀਜ਼ਾਂ ਦਾ ਪਹਿਲਾ ਸੰਪਰਕ ਹੁੰਦਾ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਆਈ.ਐਮ.ਏ. ਨੇ ਡਾਕਟਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ, ਜੋ ਕਿ ਜੋਖਮ ਦਾ ਵਿਸ਼ੇਸ਼ ਸਮੂਹ ਹਨ, ਲਈ ਲੋੜੀਂਦੀ ਸੰਭਾਲ ਯਕੀਨੀ ਬਣਾਉਣ ਅਤੇ ਸਾਰੇ ਵਰਗਾਂ ਦੇ ਡਾਕਟਰਾਂ ਨੂੰ ਸਰਕਾਰ ਵਲੋਂ ਮੈਡੀਕਲ ਅਤੇ ਜੀਵਨ ਬੀਮਾ ਸਹੂਲਤਾਂ ਦਿੱਤੇ ਜਾਣ ਦੀ ਮੰਗ ਕੀਤੀ।

## ਜੋਧਪੁਰ 'ਚੋਂ 11 ਪਾਕਿਸਤਾਨੀ ਹਿੰਦੂਆਂ ਦੀਆਂ ਲਾਸ਼ਾਂ ਮਿਲੀਆਂ

**ਜੋਧਪੁਰ:** ਰਾਜਸਥਾਨ ਦੇ ਜੋਧਪੁਰ ਜ਼ਿਲ੍ਹੇ ਵਿਚਲੇ ਇਕ ਫਾਰਮ ਵਿਚੋਂ 11 ਪਾਕਿਸਤਾਨੀ ਪਰਵਾਸੀਆਂ ਦੀਆਂ ਲਾਸ਼ਾਂ ਮਿਲੀਆਂ ਹਨ। ਪਰਿਵਾਰ ਦਾ ਇਕ ਜੀਅ ਦੇਚੂ ਇਲਾਕੇ ਦੇ ਲੋਧਤਾ ਪਿੰਡ ਵਿਚਲੀ ਇਕ ਝੌਂਪੜੀ ਬਾਹਰੋਂ ਜ਼ਿੰਦਾ ਮਿਲਿਆ ਹੈ ਜਿਸ ਤੋਂ ਪੁਲਿਸ ਵਲੋਂ ਪੁੱਛਗਿਛ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਇਕੋ ਪਰਿਵਾਰ ਦੇ ਹਨ ਤੇ ਉਹ ਪਾਕਿਸਤਾਨ ਦੇ ਪਰਵਾਸੀ ਹਿੰਦੂ ਹਨ ਜੋ ਭੀਲ ਫਿਰਕੇ ਨਾਲ ਸਬੰਧਤ ਸਨ। ਉਹ ਪਿੰਡ ਵਿਚਲੇ ਇਸ ਫਾਰਮ ਵਿਚ ਰਹਿੰਦੇ ਸਨ ਤੇ ਉਨ੍ਹਾਂ ਨੇ ਇਹ ਫਾਰਮ ਖੇਤੀ ਲਈ ਠੇਕੇ 'ਤੇ ਲਿਆ ਹੋਇਆ ਸੀ।

ਪੁਲਿਸ ਮੁਤਾਬਕ ਪਰਿਵਾਰ ਦੇ ਕਿਸੇ ਵੀ ਜੀਅ ਦੇ ਸਰੀਰ 'ਤੇ ਕਿਸੇ ਤਰ੍ਹਾਂ ਦੇ ਸੱਟ ਦੇ ਨਿਸ਼ਾਨ ਨਹੀਂ ਹਨ। ਕੇਵਲ ਰਾਮ (ਜ਼ਿੰਦਾ ਬਚਿਆ ਪਰਿਵਾਰ ਦਾ ਮੈਂਬਰ) ਨੇ ਦੱਸਿਆ ਕਿ ਸਭਨਾਂ ਨੇ ਰਾਤ 9 ਤੋਂ 10 ਵਜੇ ਵਿਚਾਲੇ ਰਾਤ ਦਾ ਖਾਣਾ ਖਾਧਾ ਤੇ ਸੌਣ ਚਲੇ ਗਏ। ਉਹ ਡੰਗਰਾਂ ਤੋਂ ਫਸਲ ਦੀ ਰਾਖੀ ਲਈ ਖੇਤ ਚਲਾ ਗਿਆ ਅਤੇ ਜਦੋਂ ਸਵੇਰੇ ਉਹ ਪਰਤਿਆ ਤਾਂ ਦੇਖਿਆ ਕਿ ਪਰਿਵਾਰ ਦੇ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਮ੍ਰਿਤਕਾਂ ਦੀ ਪਛਾਣ ਬੁਧਰਾਮ (75), ਉਸ ਦੀ ਪਤਨੀ ਅੰਤਾਰਾ ਦੇਵੀ; ਪੁੱਤਰ ਰਵੀ (31), ਧੀਆਂ ਜੀਆ (25) ਅਤੇ ਸੁਮਨ (22), ਪੋਤਰੇ ਮੁਕੰਦਸ (17) ਅਤੇ ਨੈਣ (12); ਲਕਸ਼ਮੀ (40) ਅਤੇ ਕੇਵਲ ਰਾਮ ਦੇ ਤਿੰਨ ਨਾਬਾਲਗ ਬੱਚਿਆਂ ਵਜੋਂ ਹੋਈ ਹੈ।

## ਰੂਸ ਵਲੋਂ ਦੁਨੀਆਂ ਦੇ ਪਹਿਲੇ ਕੋਵਿਡ-19 ਟੀਕੇ ਨੂੰ ਹਰੀ ਝੰਡੀ

**ਮਾਸਕੋ:** ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਐਲਾਨ ਕੀਤਾ ਹੈ ਕਿ ਰੂਸ ਦੇ ਸਿਹਤ ਮੰਤਰਾਲੇ ਨੇ ਮਾਸਕੋ ਦੇ ਗਮਾਲਿਆ ਇੰਸਟੀਚਿਊਟ ਵਲੋਂ ਵਿਕਸਤ ਕੀਤੇ ਦੁਨੀਆਂ ਦੇ ਪਹਿਲੇ ਕੋਵਿਡ-19 ਟੀਕੇ ਨੂੰ ਰੈਗੂਲੇਟਰੀ ਮਨਜ਼ੂਰੀ ਦੇ ਦਿੱਤੀ ਹੈ। ਇਸ ਟੀਕੇ ਦੀ ਦੋ ਮਹੀਨਿਆਂ ਤੋਂ ਘੱਟ ਸਮੇਂ ਲਈ ਮਾਨਵੀ ਪਰਖ ਹੋਈ ਹੈ। ਇਸ ਨਾਲ ਵਿਆਪਕ ਟੀਕਾਕਰਨ ਦਾ ਰਾਹ ਪੱਧਰਾ ਹੋ ਗਿਆ ਹੈ। ਇਹ ਟੀਕਾ ਗਮਾਲਿਆ ਇੰਸਟੀਚਿਊਟ ਤੇ ਰੂਸੀ ਰੱਖਿਆ ਮੰਤਰਾਲੇ ਨੇ ਸਾਂਝੇ ਤੌਰ ਉਤੇ ਤਿਆਰ ਕੀਤਾ ਹੈ। ਰਾਸ਼ਟਰਪਤੀ ਨੇ ਇਸ ਲਈ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਉਨ੍ਹਾਂ ਦੀਆਂ ਦੋ ਧੀਆਂ ਵਿਚੋਂ ਇਕ ਨੇ ਇਹ ਟੀਕਾ ਲਗਵਾਇਆ ਹੈ ਤੇ ਉਹ ਠੀਕ ਹੈ।

## ਭ੍ਰਿਸ਼ਟਾਚਾਰ ਮਾਮਲੇ 'ਚ ਸਾਬਕਾ ਰਾਸ਼ਟਰਪਤੀ ਜ਼ਰਦਾਰੀ ਦੋਸ਼ੀ ਕਰਾਰ

**ਇਸਲਾਮਾਬਾਦ:** ਇਸਲਾਮਾਬਾਦ ਦੀ ਇਕ ਜਵਾਬਦੇਹੀ ਅਦਾਲਤ ਨੇ ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਪਾਰਕ ਲੇਨ ਭ੍ਰਿਸ਼ਟਾਚਾਰ ਮਾਮਲੇ 'ਚ ਦੋਸ਼ੀ ਠਹਿਰਾਇਆ ਹੈ। ਕਰਾਚੀ ਦੇ ਬਿਲਾਵਲ ਹਾਊਸ ਤੋਂ ਵੀਡੀਓ ਲਿੰਕ ਜ਼ਰੀਏ ਜ਼ਰਦਾਰੀ ਅਦਾਲਤ 'ਚ ਪੇਸ਼ ਹੋਏ। 'ਦਾ ਐਕਸਪ੍ਰੈੱਸ ਟ੍ਰਿਬਿਊਨ' ਅਨੁਸਾਰ ਜ਼ਰਦਾਰੀ ਨੇ ਖੁਦ ਨੂੰ ਦੋਸ਼ੀ ਨਾ ਠਹਿਰਾਉਣ ਦੀ ਅਪੀਲ ਕੀਤੀ।

ਜੱਜ ਮੁਹੰਮਦ ਆਜ਼ਮ ਖਾਨ ਨੇ ਮਾਮਲੇ ਦੀ ਸੁਣਵਾਈ ਕੀਤੀ, ਜਿਸ ਦੌਰਾਨ ਜ਼ਰਦਾਰੀ ਨੇ ਕਿਹਾ ਕਿ ਉਨ੍ਹਾਂ ਨੂੰ ਵਕੀਲਾਂ ਦੀ ਗੈਰ-ਹਾਜ਼ਰੀ 'ਚ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਉਹ ਸੁਪਰੀਮ ਕੋਰਟ 'ਚ ਹਨ। ਹਾਲਾਂਕਿ ਅਦਾਲਤ ਨੇ ਜ਼ਰਦਾਰੀ ਦੀ ਅਰਜ਼ੀ ਨੂੰ ਖਾਰਜ ਕਰਦਿਆਂ ਕਿਹਾ ਕਿ ਉਸ ਨੂੰ ਦੋਸ਼ੀ ਠਹਿਰਾਇਆ ਜਾਵੇਗਾ ਅਤੇ ਉਨ੍ਹਾਂ ਦੇ ਵਕੀਲ ਅਦਾਲਤ 'ਚ ਪੇਸ਼ ਨਾ ਹੋਣ 'ਤੇ ਗੈਰਹਾਜ਼ਰ ਮੰਨੇ ਜਾਣਗੇ।

## ਮੋਦੀ ਦੇ 'ਗੋਵਿੰਦ ਰਮਾਇਣ' ਬਾਰੇ ਬਿਆਨ ਤੋਂ ਵਿਵਾਦ ਭਖਿਆ

*(ਸਫਾ ਇਕ ਦੀ ਬਾਕੀ)*

ਇਕ ਅਜਿਹਾ ਸੂਬਾ ਹੈ ਜਿਥੇ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇਸ ਭਗਵਾ ਧਿਰ ਦੇ ਪੈਰ ਢੰਗ ਨਾਲ ਨਹੀਂ ਲੱਗ ਰਹੇ। ਡੇਢ ਸਾਲ ਪਿੱਛੋਂ ਸੂਬੇ ਵਿਚ ਵਿਧਾਨ ਸਭਾ ਚੋਣਾਂ ਹਨ। ਅਕਾਲੀ ਦਲ ਬਾਦਲ ਨਾਲ ਭਾਈਵਾਲੀ ਵਿਚ ਆਈਆਂ ਤਰੇੜਾਂ ਹੁਣ ਲੁਕੀਆਂ ਨਹੀਂ ਹਨ। ਉਂਜ ਵੀ ਸੂਬੇ ਦੀ ਸਿਆਸਤ ਵਿਚ ਨੁੱਕਰੇ ਲੱਗੇ ਅਕਾਲੀ ਦਲ ਬਾਦਲਾਂ ਨਾਲ ਸਾਂਝੇਦਾਰੀ ਭਾਜਪਾ ਨੂੰ ਘਾਟੇ ਦਾ ਸੌਦਾ ਜਾਪ ਰਹੀ ਹੈ। ਇਸੇ ਲਈ ਹੋਰਨਾਂ ਧਿਰਾਂ ਵਾਂਗ ਭਾਜਪਾ ਵੀ ਸੂਬੇ ਵਿਚ 'ਧਰਮ ਦੀ ਸਿਆਸਤ' ਦੀ ਖੱਟੀ ਦੇ ਰਾਹ ਤੁਰੀ ਹੈ। ਨਾ ਚਾਹੁੰਦੇ ਹੋਏ ਕਰਤਾਰਪੁਰ ਲਾਂਘਾ ਖੋਲ੍ਹਣਾ, ਸਿੱਖ ਬੰਦੀਆਂ ਦੀ ਰਿਹਾਈ, ਅਫਗਾਨ ਸਿੱਖਾਂ ਨੂੰ ਭਾਰਤੀ ਨਾਗਰਿਕਤਾ ਤੇ 1984 ਸਿੱਖ ਕਤਲੇਆਮ ਪੀੜਤਾਂ ਨੂੰ 'ਨਿਆਂ' ਇਸੇ ਰਣਨੀਤੀ ਦਾ ਹਿੱਸਾ ਹਨ।

ਇਹੀ ਕਾਰਨ ਹੈ ਕਿ ਭੂਮੀ ਪੂਜਨ ਵੇਲੇ ਸਿੱਖ ਗੁਰੂਆਂ ਬਾਰੇ ਮੋਦੀ ਦੇ ਬਿਆਨ ਦੇ ਕੁਝ ਮਿੰਟ ਪਿੱਛੋਂ ਹਿੰਦੂ-ਸਿੱਖ ਧਰਮ ਵਿਚ 'ਸਾਂਝ' ਨੂੰ ਪੱਕਾ ਕਰਨ ਲਈ ਗਿਆਨ ਇਕਬਾਲ ਸਿੰਘ ਨੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਨੂੰ ਲਵ ਤੇ ਕੁਸ਼ ਦੇ ਵੰਸ਼ਜ ਐਲਾਨ ਦਿੱਤਾ। ਇਸ ਤੋਂ ਕੁਝ ਚਿਰ ਬਾਅਦ ਹੀ ਅਕਾਲੀ ਦਲ ਬਾਦਲਾਂ ਤੋਂ ਬਾਗੀ ਹੋਈ ਸੁਖਦੇਵ ਸਿੰਘ ਢੀਂਡਸਾ ਦੇ ਮੂੰਹ ਆਰ.ਐਸ.ਐਸ. ਦੀਆਂ ਸਿਫਤਾਂ ਨਿਕਲੀਆਂ ਸ਼ੁਰੂ ਹੋ ਗਈਆਂ। ਅਸਲ ਵਿਚ, ਭਾਜਪਾ ਨੂੰ ਇਸ ਵੇਲੇ ਸਿੱਖ ਸਿਆਸਤ ਨਾਲ ਨੇੜਿਓਂ ਜੁੜੇ ਆਗੂਆਂ ਦੀ ਭਾਲ ਹੈ। ਢੀਂਡਸਾ ਉਤੇ ਮੋਦੀ ਸਰਕਾਰ ਦੀਆਂ ਮਿਹਰਬਾਨੀਆਂ ਕਈ ਵਾਰ ਚਰਚਾ ਦਾ ਵਿਸ਼ਾ ਬਣੀਆਂ ਹਨ। ਹੁਣ ਤਾਜ਼ਾ ਹਿਲਜੁਲ ਨੂੰ ਵੀ ਇਸੇ ਰਣਨੀਤੀ ਦੇ ਹਿੱਸੇ ਵਜੋਂ ਵੇਖਿਆ ਜਾ ਰਿਹਾ ਹੈ। ਉਧਰ, ਸਿੱਖ ਜਥੇਬੰਦੀਆਂ ਵੀ ਭਾਜਪਾ ਦੀਆਂ ਇਨ੍ਹਾਂ ਰਣਨੀਤੀਆਂ ਤੋਂ ਚੌਕਸ ਜਾਪ ਰਹੀਆਂ ਹਨ ਤੇ ਮੋਦੀ ਦੇ ਸਿੱਖ ਗੁਰੂਆਂ ਬਾਰੇ ਤਾਜ਼ਾ ਬਿਆਨ ਦੀ ਤਿੱਖੀ ਨੁਕਤਾਚੀਨੀ ਸ਼ੁਰੂ ਹੋ ਗਈ ਹੈ।

ਸਿੱਖ ਜਥੇਬੰਦੀਆਂ ਦੇ ਸਮੂਹ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਨੇਜਰ ਜਸਵਿੰਦਰ ਸਿੰਘ ਐਡਵੋਕੇਟ ਅਤੇ ਸਿੱਖ ਵਿਦਵਾਨ ਅਮਰਜੀਤ ਸਿੰਘ ਨੇ ਪ੍ਰਧਾਨ ਮੰਤਰੀ ਦੇ ਇਸ ਦਾਅਵੇ ਨੂੰ ਰੱਦ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਵਲੋਂ ਆਪਣੇ ਜੀਵਨ ਕਾਲ ਦੌਰਾਨ 'ਗੋਵਿੰਦ ਰਮਾਇਣ' ਨਾਂ ਦੀ ਰਮਾਇਣ ਲਿਖੀ ਗਈ ਸੀ।

ਸਿੱਖ ਆਗੂਆਂ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਦਾ ਦਾਅਵਾ ਤੱਥਾਂ ਉਤੇ ਆਧਾਰਿਤ ਨਹੀਂ ਹੈ। ਭਾਜਪਾ ਅਤੇ ਆਰ.ਐਸ.ਐਸ. ਵਲੋਂ ਕਈ ਵਾਰ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਕਿਹਾ ਗਿਆ ਹੈ ਜਦੋਂਕਿ ਗੁਰੂ ਨਾਨਕ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਕੇ ਹਿੰਦੂ ਧਰਮ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ ਅਤੇ ਸਿੱਖ ਧਰਮ ਦੀ ਨੀਂਹ ਰੱਖੀ ਸੀ।

ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਕਿਹਾ ਹੈ ਕਿ ਉਹ ਸਿੱਖ ਕੌਮ ਨੂੰ ਇਸ ਦੁਬਿਧਾ 'ਚੋਂ ਕੱਢਣ ਲਈ ਅੱਗੇ ਆਉਣ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਜਾਗੋ ਪਾਰਟੀ ਦੇ ਮੁਖੀ ਮਨਜੀਤ ਸਿੰਘ ਜੀ.ਕੇ. ਨੇ ਆਖਿਆ ਕਿ ਗੁਰੂ ਗੋਬਿੰਦ ਸਿੰਘ ਦੀ ਰਚਨਾ 'ਬਚਿੱਤਰ ਨਾਟਕ' ਅਤੇ ਕੇਸਰ ਸਿੰਘ ਛਿੱਬਰ ਵਲੋਂ ਲਿਖੇ ਬੰਸਾਵਲੀਨਾਮੇ ਨੂੰ ਲੈ ਕੇ ਕੁਝ ਵਿਦਵਾਨਾਂ ਵਲੋਂ ਦਿੱਤੇ ਜਾ ਰਹੇ ਬਿਆਨਾਂ ਵਲ ਧਿਆਨ ਦੇਣ ਦੀ ਲੋੜ ਹੈ। ਗੁਰਮਤਿ ਮਰਿਆਦਾ ਵੰਸ਼ ਵਾਲੀ ਸੋਚ ਨੂੰ ਰੱਦ ਕਰਦੀ ਹੈ ਕਿਉਂਕਿ ਅੰਮ੍ਰਿਤ ਛਕਣ ਮਗਰੋਂ ਹਰ ਸਿੱਖ ਖਾਲਸਾ ਬਣ ਜਾਂਦਾ ਹੈ। ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਗੁਰੂ ਸਾਹਿਬਾਨ ਦੇ ਵੰਸ਼ਾਂ ਬਾਰੇ ਛਪੇ ਇਤਿਹਾਸ ਅਤੇ ਇਨ੍ਹਾਂ ਦੇ ਸਰੋਤਾਂ ਵਲ ਮੁੜ ਝਾਤੀ ਮਾਰਨ ਦੀ ਲੋੜ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਹੋ ਸਕਦਾ ਹੈ ਕਿ ਇਤਿਹਾਸ ਤੇ ਇਤਿਹਾਸਕ ਸਰੋਤਾਂ ਨਾਲ ਛੇੜਛਾੜ ਕੀਤੀ ਗਈ ਹੋਵੇ ਕਿਉਂਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਿਆ ਸੀ ਤਾਂ ਕਈ ਇਤਿਹਾਸਕ ਸਰੋਤ ਖਤਮ ਹੋ ਗਏ ਸਨ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਅਤੇ ਸਿੱਖ ਮਿਸਲਾਂ ਦੇ ਹੋਂਦ ਵਿਚ ਆਉਣ ਦੌਰਾਨ ਸਿੱਖ ਲੰਮਾ ਸਮਾਂ ਜੰਗਲਾਂ 'ਚ ਰਹੇ ਹਨ। ਉਨ੍ਹਾਂ ਅਪੀਲ ਕੀਤੀ ਹੈ ਕਿ ਸਮੁੱਚੇ ਸਿੱਖ ਇਤਿਹਾਸ ਦੀ ਜਾਂਚ ਗੁਰਮਤਿ ਸੋਚ ਮੁਤਾਬਕ ਕਰਾਈ ਜਾਵੇ।

## ਉਘੇ ਸ਼ਾਇਰ ਰਾਹਤ ਇੰਦੌਰੀ ਦਾ ਦੇਹਾਂਤ

**ਇੰਦੌਰ (ਮੱਧ ਪ੍ਰਦੇਸ਼):** ਮਸ਼ਹੂਰ ਸ਼ਾਇਰ ਰਾਹਤ ਇੰਦੌਰੀ ਦਾ ਮੰਗਲਵਾਰ ਨੂੰ ਇਥੇ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਕਰੋਨਾ ਹੋਣ ਤੋਂ ਬਾਅਦ ਇਥੋਂ ਦੇ ਨਿੱਜੀ ਹਸਪਤਾਲ ਦੇ ਆਈ.ਸੀ.ਯੂ. ਵਿਚ ਦਾਖਲ ਕਰਵਾਇਆ ਗਿਆ ਸੀ। ਡਾਕਟਰਾਂ ਮੁਤਾਬਕ ਉਨ੍ਹਾਂ ਨੂੰ ਲਗਾਤਾਰ ਤਿੰਨ ਵਾਰ ਦਿਲ ਦਾ ਦੌਰਾ ਪਿਆ। ਇਸ ਤੋਂ ਪਹਿਲਾਂ 70 ਸਾਲਾ ਸ਼ਾਇਰ ਨੇ ਮੰਗਲਵਾਰ ਨੂੰ ਸਵੇਰੇ ਖੁਦ ਟਵੀਟ ਕਰੇ ਆਪਣੀ ਬਿਮਾਰੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਮੋਦੀ ਖਿਲਾਫ ਬੜੇ ਜਾਨਦਾਰ ਸ਼ਿਅਰਾਂ ਦੀ ਰਚਨਾ ਕੀਤੀ। ਉਹ ਬੜੇ ਬੇਖੌਫ ਸ਼ਾਇਰ ਸਨ।

## ਪੰਜਾਬ 'ਚ ਮੌਤ ਦਰ ਗੁਆਂਢੀ ਰਾਜਾਂ ਦੇ ਮੁਕਾਬਲੇ ਜ਼ਿਆਦਾ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਵਾਇਰਸ ਤੋਂ ਪ੍ਰਭਾਵਿਤ ਮਰੀਜ਼ਾਂ ਦੀ ਵਧਦੀ ਮੌਤ ਦਰ ਸਿਹਤ ਵਿਭਾਗ ਲਈ ਚਿੰਤਾ ਦਾ ਵਿਸ਼ਾ ਹੈ। ਸੂਬੇ ਵਿਚ ਮੌਤ ਦਰ ਕੌਮੀ ਔਸਤ ਨਾਲੋਂ ਤਾਂ ਜ਼ਿਆਦਾ ਹੈ ਹੀ, ਸਗੋਂ ਗੁਆਂਢੀ ਸੂਬਿਆਂ ਨਾਲੋਂ ਵੀ ਵਧੇਰੇ ਮੌਤਾਂ ਹੋ ਰਹੀਆਂ ਹਨ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਸੂਬੇ ਵਿਚ ਹੁਣ ਤੱਕ ਕਰੋਨਾ ਦੀ ਮਾਰ ਹੇਠ ਆਏ 95 ਫੀਸਦੀ ਤੋਂ ਜ਼ਿਆਦਾ ਅਜਿਹੇ ਵਿਅਕਤੀਆਂ ਦੀ ਮੌਤ ਹੋਈ ਹੈ ਜਿਹੜੇ ਪਹਿਲਾਂ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਸਨ। ਅਧਿਕਾਰੀਆਂ ਮੁਤਾਬਕ ਪੰਜਾਬ ਵਿਚ ਮੌਤ ਦਰ 2.45, ਜੰਮੂ ਕਸ਼ਮੀਰ 'ਚ 1.88, ਚੰਡੀਗੜ੍ਹ 1.68, ਹਰਿਆਣਾ 1.36 ਅਤੇ ਹਿਮਾਚਲ ਪ੍ਰਦੇਸ਼ 0.42 ਫੀਸਦੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੈਪਟਨ ਸਰਕਾਰ ਨੇ ਸੂਬੇ ਦੇ 'ਵਿਕਾਸ' ਲਈ ਖੋਲ੍ਹਿਆ ਖਜਾਨੇ ਦਾ ਮੂੰਹ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਸੂਬੇ ਦੇ ਵਿਕਾਸ ਲਈ ਖਜਾਨੇ ਦਾ ਮੂੰਹ ਖੋਲ੍ਹਿਆ ਹੈ। ਇਸੇ ਕੜੀ ਤਹਿਤ ਨੌਜਵਾਨਾਂ ਨੂੰ 1.73 ਲੱਖ ਸਮਾਰਟ ਫੋਨ ਵੀ ਵੰਡੇ ਜਾਣਗੇ। ਕੈਬਨਿਟ ਨੇ ਵਿਰੋਧੀ ਸੁਰਾਂ ਠੱਲ੍ਹਣ ਲਈ ਸੂਬੇ ਦੇ ਪੇਂਡੂ ਤੇ ਸ਼ਹਿਰੀ ਵਿਕਾਸ ਲਈ ਕਰੋੜਾਂ ਰੁਪਏ ਦੀ ਰਾਸ਼ੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਕੋਵਿਡ ਦੌਰਾਨ ਵਿਕਾਸ ਨੂੰ ਲੱਗੀ ਢਾਹ ਦੇ ਮੱਦੇਨਜ਼ਰ ਮੰਤਰੀ ਮੰਡਲ ਨੇ ਵਿਕਾਸ ਖਾਤਰ ਰਾਸ਼ੀ ਨੂੰ ਹਰੀ ਝੰਡੀ ਦਿੱਤੀ ਹੈ। ਹਾਲਾਂਕਿ ਸਰਕਾਰ ਐਤਕੀਂ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਜੋਗੇ ਪੈਸੇ ਜੁਟਾ ਨਹੀਂ ਸਕੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਵੀਡੀਓ ਕਾਨਫਰੰਸ ਜ਼ਰੀਏ ਹੋਈ ਕੈਬਨਿਟ ਮੀਟਿੰਗ 'ਚ ਸੂਬੇ ਦੇ 167 ਸ਼ਹਿਰਾਂ ਲਈ ਪੰਜਾਬ ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ-ਫੇਜ਼ 2 ਤਹਿਤ ਸਥਾਨਕ ਸਰਕਾਰਾਂ ਵਿਭਾਗ ਲਈ 1046 ਕਰੋੜ ਰੁਪਏ ਅਤੇ ਪੇਂਡੂ ਵਿਕਾਸ ਲਈ ਵਿੱਤ ਕਮਿਸ਼ਨ ਦੀ 1388 ਕਰੋੜ ਦੀ ਰਾਸ਼ੀ ਨੂੰ ਪ੍ਰਵਾਨਗੀ ਮਿਲ ਗਈ ਹੈ। ਮੰਤਰੀ ਮੰਡਲ ਨੇ ਸਰਕਾਰੀ ਸਕੂਲਾਂ 'ਚ ਕੋਵਿਡ ਕਰ ਕੇ ਆਨਲਾਈਨ ਢੰਗ ਨਾਲ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਨਵੰਬਰ ਤੱਕ 1,73,823 ਸਮਾਰਟ ਫੋਨ ਵੰਡਣ ਦਾ ਫੈਸਲਾ ਕੀਤਾ ਹੈ।



ਕੈਬਨਿਟ ਮੀਟਿੰਗ ਵਿਚ ਸੂਬੇ ਦੀਆਂ 167 ਸ਼ਹਿਰੀ ਸਥਾਨਕ ਸੰਸਥਾਵਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪੰਜਾਬ ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ-ਫੇਜ਼ 2 ਤਹਿਤ ਸਥਾਨਕ ਸਰਕਾਰਾਂ ਵਿਭਾਗ ਵਾਸਤੇ 1046 ਕਰੋੜ ਦੇ ਫੰਡ ਜਾਰੀ ਹੋਣਗੇ ਜਿਨ੍ਹਾਂ ਨਾਲ ਪਾਰਕਾਂ ਦੇ ਰੱਖ-ਰਖਾਅ ਤੇ ਨਿਰਮਾਣ, ਕੂੜੇ ਦੇ ਪ੍ਰਬੰਧਨ, ਸਟਰੀਟ ਲਾਈਟਾਂ ਤੇ ਸੜਕਾਂ ਆਦਿ ਨਾਲ ਸਬੰਧਤ ਬੁਨਿਆਦੀ ਢਾਂਚੇ ਵਿਚ ਸੁਧਾਰ ਕੀਤਾ ਜਾਵੇਗਾ। ਸ਼ਹਿਰੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਨੂੰ ਯਕੀਨੀ ਬਣਾਉਣ ਲਈ ਪ੍ਰੋਗਰਾਮ ਤਹਿਤ 298.75 ਕਰੋੜ ਮਨਜ਼ੂਰ ਕੀਤੇ ਗਏ ਸਨ। ਮੰਤਰੀ ਮੰਡਲ ਨੇ 15ਵੇਂ ਵਿੱਤ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪੰਚਾਇਤੀ ਰਾਜ ਸੰਸਥਾਵਾਂ ਨੂੰ 1388 ਕਰੋੜ ਰੁਪਏ ਦੀ ਗਰਾਂਟ-ਇਨ-ਏਡ ਦੀ ਵੰਡ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਸ ਅਨੁਸਾਰ ਗਰਾਮ ਪੰਚਾਇਤਾਂ ਨੂੰ 971.6 ਕਰੋੜ ਰੁਪਏ, ਪੰਚਾਇਤ ਸੰਮਤੀਆਂ ਨੂੰ 277.6 ਕਰੋੜ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਨੂੰ 138.8 ਕਰੋੜ ਰੁਪਏ ਵੰਡੇ ਜਾਣਗੇ। ਕੁੱਲ ਰਾਸ਼ੀ ਸਬੰਧਤ ਜ਼ਿਲ੍ਹਾ ਪ੍ਰੀਸ਼ਦਾਂ ਨੂੰ ਤਬਦੀਲ ਕੀਤੀ ਜਾਵੇਗੀ ਅਤੇ ਅੱਗੇ ਪੰਚਾਇਤ ਸਮਿਤੀਆਂ ਤੇ ਗਰਾਮ ਪੰਚਾਇਤਾਂ ਨੂੰ ਜ਼ਿਲ੍ਹਾ ਪਰਿਸ਼ਦਾਂ ਵੱਲੋਂ ਵੰਡ ਕੀਤੀ ਜਾਵੇਗੀ। ਮੁਢਲੀਆਂ ਗਰਾਂਟਾਂ ਬੰਧਨ ਮੁਕਤ ਹੋਣਗੀਆਂ ਜੋ ਸਥਾਨਕ ਸਰਕਾਰਾਂ ਵੱਲੋਂ ਤਨਖਾਹ ਤੇ ਹੋਰ ਅਮਲੇ ਦੇ ਖ਼ਰਚਿਆਂ ਨੂੰ ਛੱਡ ਕੇ ਸਥਾਨਕ ਲੋੜਾਂ ਅਨੁਸਾਰ ਖਰਚੀਆਂ ਜਾ ਸਕਣਗੀਆਂ। ਦੂਜੇ ਪਾਸੇ ਬੱਝਵੀਆਂ ਗਰਾਂਟਾਂ ਸੈਨੀਟੇਸ਼ਨ ਦੀਆਂ ਮੁੱਢਲੀਆਂ ਸੇਵਾਵਾਂ, ਖੁੱਲ੍ਹੇ ਵਿਚ ਸ਼ੌਚ ਤੋਂ ਮੁਕਤ (ਓ.ਡੀ.ਐਫ.), ਪੀਣ ਵਾਲੇ ਪਾਣੀ ਦੀ ਸਪਲਾਈ, ਮੀਂਹ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਮੁੜ ਵਰਤੋਂ ਉਤੇ ਖਰਚੀਆਂ ਜਾ ਸਕਣਗੀਆਂ। ਇਨ੍ਹਾਂ ਗਰਾਂਟਾਂ 'ਤੇ ਪੂਰੀ ਨਿਗਰਾਨੀ ਲਈ ਤਿੰਨ ਵੱਖ-ਵੱਖ ਬੈਂਕ ਖਾਤਿਆਂ ਵਿਚ ਰੱਖਣ ਦੀ ਆਗਿਆ ਹੋਵੇਗੀ। ਪਹਿਲਾ ਬੰਧਨ ਮੁਕਤ ਖਾਤਾ, ਦੂਜਾ ਬੱਝਵਾਂ ਫੰਡ (ਸੈਨੀਟੇਸ਼ਨ ਤੇ ਓ.ਡੀ.ਐਫ.) ਤੇ ਤੀਜਾ ਬੱਝਵਾਂ ਖਾਤਾ (ਪੀਣ ਵਾਲਾ ਪਾਣੀ, ਜਲ ਸੰਭਾਲ ਆਦਿ)। ਇਕ ਹੋਰ ਫੈਸਲੇ 'ਚ ਕੈਬਨਿਟ ਨੇ ਸਰਕਾਰੀ ਏਡਿਡ ਐਸ. ਬੀ. ਏ. ਸੀ. ਹਾਈ ਸਕੂਲ ਬਜਵਾੜਾ ਦੇ ਮੁਲਾਜ਼ਮਾਂ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਨਜ਼ੂਰਸ਼ੁਦਾ ਪੋਸਟਾਂ ਵਿਰੁੱਧ ਸ਼ਾਮਲ ਕਰਨ ਨੂੰ ਪ੍ਰਵਾਨਗੀ ਦਿੱਤੀ ਹੈ। ਗਰਾਂਟ-ਇਨ-ਏਡ ਸਕੂਲ ਦੀ ਜ਼ਮੀਨ ਰੁਜ਼ਗਾਰ ਉਤਪਤੀ ਵਿਭਾਗ ਨੂੰ ਮਿਲਟਰੀ ਅਕੈਡਮੀ ਸਥਾਪਤ ਕਰਨ ਲਈ ਸੌਂਪ ਦਿੱਤੀ ਗਈ ਹੈ।

ਮੰਤਰੀ ਮੰਡਲ ਨੇ ਕੋਵਿਡ-19 ਮਹਾਮਾਰੀ ਵਿਰੁੱਧ ਲੜਾਈ ਵਿਚ ਸੂਬਾ ਸਰਕਾਰ ਵੱਲੋਂ ਹੁਣ ਤੱਕ ਖਰਚੇ 501.07 ਕਰੋੜ ਦੀ ਰਾਸ਼ੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਵਿਚੋਂ 76.07 ਕਰੋੜ ਰੁਪਏ ਸਿਹਤ ਖੇਤਰ ਦੀ ਪ੍ਰਬੰਧਨ ਤੇ ਖਰੀਦ ਕਮੇਟੀ ਵੱਲੋਂ ਵੱਖ-ਵੱਖ ਉਪਕਰਣਾਂ ਦੀ ਖਰੀਦ ਅਤੇ ਰਾਹਤ 'ਤੇ ਖਰਚੇ ਗਏ ਹਨ ਜਦਕਿ 425 ਕਰੋੜ ਰੁਪਏ ਵੱਖ-ਵੱਖ ਵਿਭਾਗਾਂ ਵੱਲੋਂ ਸਟੇਟ ਡਿਜ਼ਾਸਟਰ ਰਿਸਪਾਂਸ ਫੰਡ ਅਤੇ ਬਜਟ ਸਰੋਤਾਂ ਵਿਚੋਂ ਮਹਾਮਾਰੀ ਦੇ ਪ੍ਰਬੰਧਨ ਅਤੇ ਕਾਬੂ ਪਾਉਣ ਲਈ ਖਰਚੇ ਗਏ।

ਬੁਲਾਰੇ ਨੇ ਦੱਸਿਆ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ 131.99 ਕਰੋੜ, ਮੈਡੀਕਲ ਸਿੱਖਿਆ ਤੇ ਖੋਜ ਵੱਲੋਂ 36.16 ਕਰੋੜ, ਟਰਾਂਸਪੋਰਟ ਵੱਲੋਂ 3.77 ਕਰੋੜ, ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ 10.12 ਕਰੋੜ, ਪੇਂਡੂ ਵਿਕਾਸ ਵੱਲੋਂ 10.11 ਕਰੋੜ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਵੱਲੋਂ 14.04 ਕਰੋੜ, ਲੋਕ ਨਿਰਮਾਣ ਵਿਭਾਗ ਵੱਲੋਂ 45.05 ਕਰੋੜ, ਜੇਲ੍ਹ ਵਿਭਾਗ ਵੱਲੋਂ 0.11 ਕਰੋੜ, ਖੁਰਾਕ ਤੇ ਸਿਵਲ ਸਪਲਾਈਜ਼ ਵੱਲੋਂ 78.2 ਕਰੋੜ, ਡਿਪਟੀ ਕਮਿਸ਼ਨਰਾਂ ਵੱਲੋਂ ਸੂਬੇ ਵਿਚ ਕੋਵਿਡ ਕੇਅਰ ਸੈਂਟਰਾਂ ਦੇ ਵਿਕਾਸ, ਸੰਚਾਲਨ ਤੇ ਰੱਖ-ਰਖਾਅ ਲਈ 12.65 ਕਰੋੜ, ਜਲ ਸਪਲਾਈ ਤੇ ਸੈਨੀਟੇਸ਼ਨ ਵੱਲੋਂ 4.86 ਕਰੋੜ, ਗ੍ਰਹਿ ਵਿਭਾਗ ਵੱਲੋਂ 3.62 ਕਰੋੜ, ਸਥਾਨਕ ਸਰਕਾਰ ਵੱਲੋਂ 8.79 ਕਰੋੜ ਅਤੇ ਡਿਪਟੀ ਕਮਿਸ਼ਨਰਾਂ ਵੱਲੋਂ 65.22 ਕਰੋੜ ਰੁਪਏ ਖਰਚੇ ਗਏ ਹਨ।

## ਵਾਧੂ ਕਰਜ਼ ਲੈਣ ਲਈ ਕੇਂਦਰੀ ਸ਼ਰਤ ਪ੍ਰਵਾਨ

**ਚੰਡੀਗੜ੍ਹ:** ਮੰਤਰੀ ਮੰਡਲ ਨੇ ਕੇਂਦਰ ਸਰਕਾਰ ਤੋਂ ਵਾਧੂ ਕਰਜ਼ ਪ੍ਰਾਪਤੀ ਲਈ ਉਦਯੋਗਾਂ ਬਾਰੇ ਕੇਂਦਰੀ ਸ਼ਰਤ ਨੂੰ ਪ੍ਰਵਾਨ ਕਰ ਲਿਆ ਹੈ। ਵਿੱਤੀ ਸਾਲ 2020-21 ਦੌਰਾਨ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦੇ 2 ਫੀਸਦੀ ਤੱਕ ਵਾਧੂ ਕਰਜ਼ ਪ੍ਰਾਪਤ ਕਰਨ ਦੇ ਯੋਗ ਬਣਨ ਅਤੇ ਵਪਾਰ ਕਰਨ ਨੂੰ ਹੋਰ ਸੌਖਿਆਂ ਬਣਾਉਣ ਵਾਸਤੇ ਪੰਜਾਬ ਸਰਕਾਰ ਵੱਲੋਂ ਉਦਯੋਗਾਂ ਲਈ ਲਾਇਸੈਂਸ ਨਵਿਆਉਣ ਅਤੇ ਇਲੈਕਟ੍ਰਾਨਿਕ/ਡਿਜੀਟਲ ਮਾਧਿਅਮ ਜ਼ਰੀਏ ਰਜਿਸਟਰਾਂ ਦੇ ਰੱਖ-ਰਖਾਅ ਲਈ ਸਵੈਚਾਲਿਤ ਸਹੂਲਤ ਨੂੰ ਪ੍ਰਵਾਨ ਕਰ ਲਿਆ ਹੈ। ਮੀਟਿੰਗ ਦੌਰਾਨ ਫੈਕਟਰੀਜ਼ ਐਕਟ, 1948 ਅਤੇ ਪੰਜਾਬ ਫੈਕਟਰੀ ਨਿਯਮ 1952 ਵਿਚ ਲੋੜੀਂਦੀਆਂ ਸੋਧਾਂ ਨੂੰ ਪ੍ਰਵਾਨਗੀ ਦਿੱਤੀ ਗਈ। ਫ਼ੈਸਲਾ ਕੇਂਦਰੀ ਵਿੱਤ ਮੰਤਰਾਲੇ ਵੱਲੋਂ 2020-21 ਵਿਚ ਸੂਬੇ ਦੇ ਕੁੱਲ ਘਰੇਲੂ ਉਤਪਾਦ ਦੇ 2 ਫੀਸਦੀ ਤੱਕ ਵਾਧੂ ਕਰਜ਼ ਪ੍ਰਾਪਤ ਕਰਨ ਲਈ ਯੋਗਤਾ ਖਾਤਰ ਜਾਰੀ ਨਿਰਦੇਸ਼ਾਂ ਅਨੁਸਾਰ ਹੈ ਜਿਸ ਤਹਿਤ ਸੂਬੇ ਵੱਲੋਂ ਵਿਸ਼ੇਸ਼ ਸੂਬਾ ਪੱਧਰੀ ਸੁਧਾਰਾਂ ਨੂੰ 31 ਜਨਵਰੀ, 2021 ਤੱਕ ਲਾਗੂ ਕੀਤਾ ਜਾਣਾ ਲਾਜ਼ਮੀ ਹੈ।

# 'ਆਪ' ਨੇ ਮਿਸ਼ਨ-2022 ਲਈ ਖਿੱਚੀਆਂ ਤਿਆਰੀਆਂ

**ਨਵੀਂ ਦਿੱਲੀ:** ਮਿਸ਼ਨ-2022 ਦੇ ਮੱਦੇਨਜ਼ਰ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਨੂੰ ਸੰਗਠਨਾਤਮਕ ਪੱਧਰ ਉਤੇ ਮਜ਼ਬੂਤ ਕਰਨ ਦੀ ਮੁਹਿੰਮ ਅਧੀਨ ਪਾਰਟੀ ਦਾ ਮੁੱਖ ਢਾਂਚਾ, ਕੋਰ ਕਮੇਟੀ, ਸਾਰੇ ਵਿੰਗ ਤੇ ਇਕਾਈਆਂ ਅਤੇ ਜ਼ਿਲ੍ਹਾ ਇਕਾਈਆਂ ਨੂੰ ਭੰਗ ਕਰ ਦਿੱਤਾ ਹੈ। ਇਸ ਸਬੰਧੀ ਆਪ ਦੇ ਹੈੱਡਕੁਆਰਟਰ ਤੋਂ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ ਨੇ ਰਸਮੀ ਐਲਾਨ ਕੀਤਾ।



ਉਨ੍ਹਾਂ ਦੱਸਿਆ ਕਿ ਪਿਛਲੇ ਦਿਨਾਂ ਦੌਰਾਨ ਜ਼ਿਲ੍ਹਾ ਪੱਧਰ, ਹਲਕਾ ਪੱਧਰ, ਵਿੰਗਾਂ ਅਤੇ ਸੂਬਾ ਪੱਧਰ ਦੇ ਅਹੁਦੇਦਾਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਤੇ ਬੂਥ ਪੱਧਰ ਤੋਂ ਲੈ ਕੇ ਸੂਬਾ ਪੱਧਰ ਤੱਕ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਫੀਡਬੈਕ ਲਈ ਗਈ। ਇਸ ਮੁਹਿੰਮ ਦੇ ਪਹਿਲੇ ਪੜਾਅ ਤਹਿਤ ਪਾਰਟੀ ਦੇ ਮੁੱਖ ਸੂਬਾ ਪੱਧਰੀ ਢਾਂਚਾ (ਸੰਗਠਨ), ਸੂਬਾ ਕੋਰ ਕਮੇਟੀ, ਸਾਰੇ ਵਿੰਗ, ਹਲਕਾ ਤੇ ਜ਼ਿਲ੍ਹਾ ਪੱਧਰ ਦੀਆਂ ਇਕਾਈਆਂ ਸਮੇਤ ਸਾਰੀਆਂ ਸਹਿਯੋਗੀ ਇਕਾਈਆਂ ਭੰਗ ਕਰ ਦਿੱਤੀਆਂ ਗਈਆਂ ਹਨ। ਜਰਨੈਲ ਸਿੰਘ ਨੇ ਦੱਸਿਆ ਕਿ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਦਾ ਅਹੁਦਾ ਬਰਕਰਾਰ ਰਹੇਗਾ ਤੇ ਛੇਤੀ ਹੀ ਨਵੇਂ ਢਾਂਚੇ ਦਾ ਐਲਾਨ ਕੀਤਾ ਜਾਵੇਗਾ।

ਭਗਵੰਤ ਮਾਨ ਨੇ ਦੱਸਿਆ ਕਿ ਪੰਜਾਬ ਭਰ ਵਿਚੋਂ ਇਕੱਤਰ ਹੋਈ ਫੀਡ ਬੈਕ ਦੇ ਆਧਾਰ ਉਤੇ ਵਾਲੰਟੀਅਰਾਂ ਅਤੇ ਆਗੂਆਂ ਦੀਆਂ ਜ਼ਿੰਮੇਵਾਰੀਆਂ ਵਧਾਈਆਂ ਜਾਣਗੀਆਂ ਅਤੇ ਅਹੁਦਿਆਂ ਵਿਚ ਫੇਰਬਦਲ ਕੀਤਾ ਜਾਵੇਗਾ ਤਾਂਕਿ 'ਆਪ' ਮਜ਼ਬੂਤ ਟੀਮ ਵਜੋਂ ਉਭਰੇ ਅਤੇ ਮਾਫੀਆ ਰਾਜ ਤੋਂ ਮੁਕਤੀ ਦਿਵਾ ਸਕੇ।

# ਢੀਂਡਸਾ ਨੂੰ ਤਲਬ ਕਰਨ ਦੀ ਮੰਗ ਨੇ ਜ਼ੋਰ ਫੜਿਆ

**ਅੰਮ੍ਰਿਤਸਰ:** ਗੁਰਦੁਆਰਾ ਮਸਤੂਆਣਾ ਦੀ ਦਿੱਖ ਬਦਲਣ ਲਈ ਸਾਲ 2009 ਵਿਚ ਸ੍ਰੀ ਅਕਾਲ ਤਖਤ ਵੱਲੋਂ ਜਾਰੀ ਕੀਤੇ ਆਦੇਸ਼ਾਂ ਨੂੰ ਹੁਣ ਤੱਕ ਲਾਗੂ ਨਾ ਕਰਨ ਦੇ ਮਾਮਲੇ ਸਬੰਧੀ ਜਥੇਦਾਰ ਪ੍ਰਸ਼ੋਤਮ ਸਿੰਘ ਫੱਗੂਵਾਲਾ ਤੇ ਉਨ੍ਹਾਂ ਦੇ ਸਾਥੀਆਂ ਨੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਇਸ ਮਾਮਲੇ ਵਿਚ ਨਵੇਂ ਬਣੇ ਅਕਾਲੀ ਦਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੂੰ ਤਲਬ ਕੀਤਾ ਜਾਵੇ ਅਤੇ ਉਨ੍ਹਾਂ ਕੋਲੋਂ ਸਪੱਸ਼ਟੀਕਰਨ ਲਿਆ ਜਾਵੇ ਕਿਉਂਕਿ ਗੁਰਦੁਆਰਾ ਮਸਤੂਆਣਾ ਦੇ ਪ੍ਰਬੰਧ ਸਬੰਧੀ ਬਣੇ ਟਰੱਸਟ ਦੇ ਮੁੱਖ ਪ੍ਰਬੰਧਕ ਸੁਖਦੇਵ ਸਿੰਘ ਢੀਂਡਸਾ ਹਨ।

ਸ੍ਰੀ ਫੱਗੂਵਾਲਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਇਸ ਮੰਗ ਬਾਰੇ ਬੈਨਰ ਅਤੇ ਤਖਤੀਆਂ ਚੁੱਕੀਆਂ ਹੋਈਆਂ ਸਨ, ਜਿਸ ਉਪਰ ਸੰਗਰੂਰ ਸਥਿਤ ਗੁਰਦੁਆਰਾ ਮਸਤੂਆਣਾ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਤਰਜ਼ ਉਤੇ ਬਣਾਉਣ ਦਾ ਵਿਰੋਧ ਪ੍ਰਗਟਾਇਆ ਗਿਆ ਸੀ। ਉਨ੍ਹਾਂ ਇਕ ਪੱਤਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਦੇ ਨਾਂ ਉਤੇ ਇਥੇ ਸਕੱਤਰੇਤ ਵਿਚ ਦਿੱਤਾ। ਉਨ੍ਹਾਂ ਆਖਿਆ ਕਿ 2009 ਵਿਚ ਇਹ ਮਾਮਲਾ ਸ੍ਰੀ ਅਕਾਲ ਤਖਤ ਵਿਚ ਲਿਆਂਦਾ ਗਿਆ ਸੀ। ਉਸ ਵੇਲੇ ਸ੍ਰੀ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਕਰਕੇ ਗੁਰਦੁਆਰਾ ਮਸਤੂਆਣਾ ਦੀ ਦਿੱਖ ਬਦਲਣ ਲਈ ਆਦੇਸ਼ ਦਿੱਤੇ ਗਏ ਸਨ ਜੋ ਹੁਣ ਤੱਕ ਲਾਗੂ ਨਹੀਂ ਹੋਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਸ ਵਿਚ ਤਬਦੀਲੀਆਂ ਕਰਨ ਦੇ ਆਦੇਸ਼ ਦੇ ਨਾਂ ਹੇਠ ਇਕ ਆਰਜ਼ੀ ਵਰਾਂਡਾ ਬਣਾ ਕੇ ਇਮਾਰਤ ਨੂੰ ਚੁਫੇਰਿਉਂ ਕਵਰ ਕਰ ਦਿੱਤਾ ਗਿਆ ਹੈ। ਜਦੋਂ ਕਿ ਇਸ ਦੇ ਅੰਦਰ ਸ੍ਰੀ ਦਰਬਾਰ ਸਾਹਿਬ ਦੀ ਤਰਜ਼ ਉਤੇ ਬਣੀ ਇਮਾਰਤ ਮੌਜੂਦ ਹੈ।

ਉਨ੍ਹਾਂ ਦੱਸਿਆ ਕਿ ਇਸੇ ਮੰਗ ਸਬੰਧੀ ਜੂਨ 2016 ਵਿਚ ਪਾਣੀ ਦੀ ਟੈਂਕੀ ਉਤੇ ਚੜ੍ਹ ਕੇ ਪ੍ਰਦਰਸ਼ਨ ਕੀਤਾ ਗਿਆ ਸੀ। ਜਨਵਰੀ 2018 ਵਿਚ ਭਵਾਨੀਗੜ੍ਹ ਦੇ ਗੁਰਦੁਆਰੇ ਵਿਚ ਧਰਨਾ ਦਿੱਤਾ ਸੀ। ਨਵੰਬਰ 2019 ਵਿਚ ਗੁਰਦੁਆਰਾ ਨਾਨਕਿਆਣਾ ਵਿਚ ਭੁੱਖ ਹੜਤਾਲ ਕੀਤੀ ਸੀ। ਨਵੰਬਰ 2019 ਵਿਚ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਪ੍ਰਧਾਨ ਦੀ ਚੋਣ ਵੇਲੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। 26 ਜਨਵਰੀ 2020 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਅਤੇ ਹੁਣ ਪਹਿਲੀ ਅਗਸਤ ਨੂੰ ਘਰ ਵਿਚ ਹੀ ਭੁੱਖ ਹੜਤਾਲ ਰੱਖੀ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮਾਮਲੇ ਦੀ ਸੁਣਵਾਈ ਦਾ ਭਰੋਸਾ ਦਿੱਤਾ ਹੈ।

# ਪੰਜਾਬ ਵਿਚ ਕਰੋਨਾ ਦੇ ਟਾਕਰੇ ਲਈ ਪ੍ਰਬੰਧਾਂ ਉਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਕਰੋਨਾ ਬਾਰੇ ਪ੍ਰਬੰਧਾਂ ਉਤੇ ਸਵਾਲ ਉੱਠਣ ਲੱਗੇ ਹਨ। ਇਥੋਂ ਤੱਕ ਕਿ ਕੇਂਦਰ ਵੱਲੋਂ ਇਸ ਮਹਾਮਾਰੀ ਦੌਰਾਨ ਭੇਜੀ ਮਦਦ ਲੋਕਾਂ ਤੱਕ ਨਾ ਪਹੁੰਚਣ ਦੀ ਪੋਲ ਖੁੱਲ੍ਹਣ ਲੱਗੀ ਹੈ। ਕੇਂਦਰੀ ਖੁਰਾਕ ਮੰਤਰੀ ਰਾਮ ਵਿਲਾਸ ਪਾਸਵਾਨ ਨੇ ਖੁਲਾਸਾ ਕੀਤਾ ਹੈ ਕਿ ਪੰਜਾਬ ਤੇ ਪੱਛਮੀ ਬੰਗਾਲ ਸਣੇ 11 ਸੂਬਿਆਂ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਅਨਾਜ ਯੋਜਨਾ ਤਹਿਤ ਜੁਲਾਈ 'ਚ ਮੁਫਤ ਅਨਾਜ ਦੀ ਵੰਡ ਨਹੀਂ ਕੀਤੀ। ਇਸ ਕਾਰਨ ਪਿਛਲੇ ਮਹੀਨੇ ਰਾਸ਼ਨ ਦੀਆਂ ਦੁਕਾਨਾਂ ਰਾਹੀਂ ਮੁਫਤ ਅਨਾਜ 81 ਕਰੋੜ ਲਾਭਪਾਤਰੀਆਂ 'ਚੋਂ ਸਿਰਫ 62% ਲੋਕਾਂ ਤੱਕ ਹੀ ਪਹੁੰਚ ਸਕਿਆ। ਉਨ੍ਹਾਂ ਸੂਬਿਆਂ ਨੂੰ ਅਨਾਜ ਦੀ ਵੰਡ 'ਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ। ਯੋਜਨਾ ਦਾ ਮਕਸਦ ਕਰੋਨਾ ਕਾਰਨ ਲੋਕਾਂ ਨੂੰ ਰਾਹਤ ਦਿਵਾਉਣਾ ਹੈ।

ਉਧਰ, ਪੰਜਾਬ ਵਿਚ ਵੀ ਸਰਕਾਰ ਦੀ ਨਾਲਾਇਕੀ ਖਿਲਾਫ ਲਾਮਬੰਦੀ ਸ਼ੁਰੂ ਹੋ ਗਈ ਹੈ। ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਪੰਜਾਬ ਸਰਕਾਰ ਤੋਂ ਕਰੋਨਾ ਉਤੇ ਹੁਣ ਤੱਕ ਹੋਏ ਸਾਰੇ ਖਰਚਿਆਂ ਬਾਰੇ ਵ੍ਹਾਈਟ ਪੇਪਰ ਜਾਰੀ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਸੂਬੇ ਅੰਦਰ ਵਧ ਰਹੇ ਕਰੋਨਾ ਕੇਸਾਂ ਬਾਰੇ ਡੂੰਘੀ ਚਿੰਤਾ ਜਤਾਉਂਦੇ ਹੋਏ ਕਿਹਾ ਕਿ 4 ਮਹੀਨਿਆਂ 'ਚ ਕਰੋਨਾ ਮਹਾਮਾਰੀ ਨੂੰ ਕਾਬੂ ਕਰਨ 'ਚ ਕੈਪਟਨ ਸਰਕਾਰ ਫਲਾਪ ਸਿੱਧ ਹੋਈ ਹੈ।

ਉਨ੍ਹਾਂ ਕਿਹਾ ਕਿ ਹੁਣ ਰੋਜ਼ਾਨਾ ਇਕ ਹਜ਼ਾਰ ਤੋਂ ਵਧ ਨਵੇਂ ਕਰੋਨਾ ਪਾਜ਼ੇਟਿਵ ਕੇਸਾਂ ਦਾ ਆਉਣਾ ਜਿਥੇ ਵੱਡੇ ਖਤਰੇ ਦੇ ਸੰਕੇਤ ਹਨ, ਉਥੇ ਪੰਜਾਬ ਸਰਕਾਰ ਦੇ ਕਰੋਨਾ ਬਾਰੇ ਪ੍ਰਬੰਧਾਂ ਦੀ ਬੁਰੀ ਤਰਾਂ ਪੋਲ ਖੁੱਲ੍ਹ ਰਹੀ ਹੈ। ਸ੍ਰੀ ਚੀਮਾ ਨੇ ਕਿਹਾ ਕਿ ਰਾਜਾ ਸਾਹਿਬ (ਮੁੱਖ ਮੰਤਰੀ) 300 ਕਰੋੜ ਰੁਪਏ ਤੋਂ ਵੱਧ ਰਾਸ਼ੀ ਕਰੋਨਾ ਮਹਾਮਾਰੀ ਨੂੰ ਕਾਬੂ ਕਰਨ 'ਤੇ ਖਰਚ ਕੀਤੇ ਜਾਣ ਦੇ ਦਾਅਵੇ ਕਰ ਰਹੇ ਹਨ, ਪਰ ਖਰਚੇ ਕਿੱਥੇ ਹਨ? ਪੰਜਾਬ ਦੇ ਲੋਕ ਇਨ੍ਹਾਂ ਭਾਰੀ ਭਰਕਮ ਖਰਚਿਆਂ ਦਾ ਹਿਸਾਬ ਮੰਗਦੇ ਹਨ। ਇਸ ਲਈ ਕਰੋਨਾ ਲਈ ਹੁਣ ਤੱਕ ਲੋਕਾਂ ਵੱਲੋਂ ਦਾਨ ਕੀਤੀ ਕੁੱਲ ਰਾਸ਼ੀ ਤੇ ਸਰਕਾਰ ਵੱਲੋਂ ਕੁੱਲ ਤੇ ਕਿੱਥੇ, ਕਿੰਨਾ-ਕਿੰਨਾ ਖਰਚ ਕੀਤਾ ਗਿਆ ਹੈ, ਇਸ ਬਾਰੇ ਤੁਰੰਤ ਵ੍ਹਾਈਟ ਪੇਪਰ ਜਾਰੀ ਕੀਤਾ ਜਾਵੇ। ਉਨ੍ਹਾਂ ਪਟਿਆਲਾ ਦੇ ਸਰਕਾਰੀ ਹਸਪਤਾਲ 'ਚ ਇਕ ਕਰੋਨਾ ਪੀੜਤ ਮਰੀਜ਼ ਦੀ ਮ੍ਰਿਤਕ ਦੇਹ 11 ਘੰਟੇ ਫਰਸ਼ 'ਤੇ ਪਏ ਰਹਿਣਾ, ਲੁਧਿਆਣਾ 'ਚ ਇਕ ਕਰੋਨਾ ਪੀੜਤ ਕਾਰੋਬਾਰੀ ਦੀ ਬੈੱਡ ਦੀ ਭਾਲ ਦੌਰਾਨ ਮੌਤ ਹੋ ਜਾਣੀ, ਤਰਨਤਾਰਨ 'ਚ ਕਰੋਨਾ ਪੀੜਤ ਮਰੀਜ਼ ਵੱਲੋਂ ਖਟਾਰਾ ਐਂਬੂਲੈਂਸ 'ਚ ਚੜ੍ਹਨ ਤੋਂ ਇਨਕਾਰ ਕਰ ਦੇਣਾ ਤੇ ਬਠਿੰਡਾ, ਬਰਨਾਲਾ ਆਦਿ ਸ਼ਹਿਰਾਂ 'ਚ ਕਰੋਨਾ ਕੇਅਰ ਸੈਂਟਰਾਂ ਦੀ ਅਤਿ ਤਰਸਯੋਗ ਹਾਲਤ ਹੋਣ ਆਦਿ ਘਟਨਾਵਾਂ ਦਾ ਜ਼ਿਕਰ ਕਰਦਿਆਂ ਸਰਕਾਰ ਦੇ ਪ੍ਰਬੰਧਾਂ ਉਤੇ ਸਵਾਲ ਉਠਾਉਂਦਿਆਂ ਕਿਹਾ ਕਿ ਪੰਜਾਬ ਪੁਲਿਸ ਦੇ 450 ਤੋਂ ਵੱਧ ਜਵਾਨਾਂ ਦੇ ਕਰੋਨਾ ਪਾਜ਼ੇਟਿਵ ਆਉਣ ਦੇ ਬਾਵਜੂਦ ਪੰਜਾਬ ਪੁਲਿਸ ਦੇ ਡੀ.ਜੀ.ਪੀ. ਵੱਲੋਂ ਪੁਲਿਸ ਫੋਰਸ ਦੇ ਵੱਡੇ ਪੱਧਰ 'ਤੇ ਕਰੋਨਾ ਟੈਸਟ ਕਰਾਉਣ ਤੋਂ ਭੱਜਣਾ ਗੈਰ ਜ਼ਿੰਮੇਵਾਰਾਨਾ ਤੇ ਮੰਦਭਾਗਾ ਕਦਮ ਹੈ।

# ਰਿਵਰ ਵਿਚ ਡੁੱਬਦੇ ਬੱਚਿਆਂ ਨੂੰ ਬਚਾਉਂਦੇ ਪੰਜਾਬੀ ਨੌਜਵਾਨ ਦੀ ਮੌਤ

**ਫਰਿਜ਼ਨੋ (ਬਿਊਰੋ):** ਸਥਾਨਕ ਨਿਵਾਸੀ ਮਨਜੀਤ ਸਿੰਘ ਕੁਝ ਬੱਚਿਆਂ ਦੀਆਂ ਜਾਨਾਂ ਨੂੰ ਬਚਾਉਂਦਾ ਹੋਇਆ ਆਪਣੀ ਜਾਨ ਦੀ ਬਾਜੀ ਲਾ ਗਿਆ। ਉਸ ਨੇ ਕੁਝ ਮੈਕਸੀਕਨ ਮੂਲ ਦੇ ਬੱਚਿਆਂ ਨੂੰ ਪਾਣੀ ਵਿਚ ਡੁੱਬਦੇ ਦੇਖਿਆ, ਜੋ ਬਚਾਓ ਲਈ ਅਵਾਜ਼ਾਂ ਦੇ ਰਹੇ ਸਨ। ਉਹ ਕਿੰਗਜ਼ ਰਿਵਰ ਵਿਚ ਤਰ ਰਹੇ ਸਨ। ਮਨਜੀਤ ਸਿੰਘ ਉਨ੍ਹਾਂ ਦੀ ਮਦਦ ਵਾਸਤੇ ਡੂੰਘੇ ਪਾਣੀ ਵਿਚ ਕੁੱਦ ਗਿਆ। ਉਸ ਨੇ ਦੋ ਬੱਚਿਆਂ ਨੂੰ ਸਹੀ ਸਲਾਮਤ ਕੱਢ ਲਿਆਂਦਾ ਤੇ ਤੀਜੇ ਬੱਚੇ ਨੂੰ ਕੱਢਣ ਗਿਆ ਤਾਂ ਉਹ ਖੁਦ ਤੇਜ ਵਹਾਅ ਪਾਣੀ ਦੀ ਲਪੇਟ ਵਿਚ ਆ ਗਿਆ।



ਇਸ ਘਟਨਾ ਨਾਲ ਜਿੱਥੇ ਇਕ ਪਾਸੇ ਉਸ ਦੇ ਸਕੇ ਸਬੰਧੀਆਂ ਅਤੇ ਫਰਿਜ਼ਨੋ ਦੇ ਪੰਜਾਬੀ ਭਾਈਚਾਰੇ ਵਿਚ ਸੋਗ ਦੀ ਲਹਿਰ ਹੈ, ਦੂਜੇ ਪਾਸੇ ਹੋਰ ਭਾਈਚਾਰਿਆਂ ਦੇ ਲੋਕਾਂ ਅਤੇ ਪ੍ਰਸ਼ਾਸਨ ਵਲੋਂ ਮਨਜੀਤ ਸਿੰਘ ਦੀ ਬਹਾਦਰੀ ਤੇ ਦੂਜੇ ਵਾਸਤੇ ਕੀਤੀ ਗਈ ਕੁਰਬਾਨੀ ਦੇ ਸੋਹਲੇ ਵੀ ਗਾਏ ਜਾ ਰਹੇ ਹਨ। ਮਨਜੀਤ ਸਿੰਘ ਨੂੰ ਅਮਰੀਕਾ ਆਇਆਂ ਅਜੇ ਦੋ ਕੁ ਸਾਲ ਹੀ ਹੋਏ ਸਨ। ਉਹ ਪੰਜਾਬ ਤੋਂ ਜ਼ਿਲਾ ਗੁਰਦਾਸਪੁਰ ਦੇ ਪਿੰਡ ਢੀਂਗਾ ਰੇਲ ਵਾਲਾ ਤੋਂ ਸੀ। ਮਨਜੀਤ ਸਿੰਘ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੈਲੀਫੋਰਨੀਆ ਯੂਥ ਦੇ ਯੂਨਿਟ ਨਾਲ ਜੁੜਿਆ ਹੋਇਆ ਸੀ। ਦਲ ਦੀ ਅਮਰੀਕਾ ਇਕਾਈ ਨੇ ਦੁੱਖ ਦੀ ਇਸ ਘੜੀ ਵਿਚ ਪਰਿਵਾਰ ਨਾਲ ਦੁੱਖ ਪ੍ਰਗਟਾਉਂਦਿਆਂ ਵਾਹਿਗੁਰੂ ਅੱਗੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਹੈ। ਮਨਜੀਤ ਸਿੰਘ, ਅਰਵਿੰਦਰ ਸਿੰਘ ਸੰਧੂ ਦਾ ਨਜ਼ਦੀਕੀ ਸੀ। ਹੋਰ ਜਾਣਕਾਰੀ ਲਈ ਅਰਵਿੰਦਰ ਸਿੰਘ ਸੰਧੂ ਨਾਲ ਫੋਨ: 559-840-7325 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪਿੰਡ ਕਲਿਆਣ ਵਿਚ ਪਾਵਨ ਸਰੂਪ ਚੋਰੀ ਹੋਣ ਦਾ ਮਾਮਲਾ ਭਖਿਆ

**ਪਟਿਆਲਾ:** ਨੇੜਲੇ ਪਿੰਡ ਕਲਿਆਣ ਦੇ ਗੁਰਦੁਆਰਾ ਸ੍ਰੀ ਅਰਦਾਸ ਪੁਰਾ ਸਾਹਿਬ ਤੋਂ ਕੁਝ ਹਫਤੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਸਫਰੀ ਸਰੂਪ ਗੁੰਮ ਹੋਣ ਦਾ ਮਾਮਲਾ ਭਖਦਾ ਜਾ ਰਿਹਾ ਹੈ। ਸਿੱਖ ਜਥੇਬੰਦੀਆਂ ਸਮੇਤ ਸਿਆਸੀ ਧਿਰਾਂ ਵੀ ਇਸ ਮੁੱਦੇ ਉਤੇ ਪੰਜਾਬ ਸਰਕਾਰ ਖਿਲਾਫ



ਨਿੱਤਰ ਆਈਆਂ ਹਨ।

ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਇਸ ਮੁੱਦੇ ਉਤੇ ਧਰਨੇ ਦਿੱਤੇ ਜਾ ਰਹੀ ਹਨ, ਜਿਸ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਰ ਰਹੇ ਹਨ। ਸੁਖਬੀਰ ਬਾਦਲ ਨੇ ਐਲਾਨ ਕੀਤਾ ਕਿ ਜਦੋਂ ਤੱਕ ਗੁਰੂ ਗ੍ਰੰਥ ਸਾਹਿਬ ਦਾ ਗੁੰਮ ਹੋਇਆ ਸਰੂਪ ਸੰਗਤ ਦੇ ਸਨਮੁਖ ਨਹੀਂ ਹੋ ਜਾਂਦਾ, ਅਕਾਲੀ ਦਲ ਸੰਘਰਸ਼ ਜਾਰੀ ਰੱਖੇਗਾ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ 'ਚ ਸਿਆਸਤ ਨਹੀਂ ਕਰਨਾ ਚਾਹੁੰਦੇ ਸਗੋਂ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੀ ਬਹਾਲੀ ਲਈ ਹਮੇਸ਼ਾਂ ਤੱਤਪਰ ਰਹਿਣਗੇ। ਅਕਾਲੀ ਦਲ ਪੰਥਕ ਨੁਮਾਇੰਦਾ ਜਥੇਬੰਦੀ ਹੈ ਤੇ ਪੰਥ ਦੇ ਹਰ ਮੁਹਾਜ਼ ਉਤੇ ਅੱਗੇ ਹੋ ਕੇ ਲੜੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸਿੱਖਾਂ ਦੇ ਮਸਲਿਆਂ ਪ੍ਰਤੀ ਕਾਂਗਰਸ ਸਰਕਾਰ ਕਦੇ ਵੀ ਗੰਭੀਰ ਨਹੀਂ ਹੋਈ ਹੈ, ਤੇ ਅੱਜ ਵੀ ਕਾਂਗਰਸ ਦੇ ਰਾਜ 'ਚ ਸਿੱਖਾਂ ਨਾਲ ਵਧੀਕੀਆਂ ਦਾ ਸਿਲਸਿਲਾ ਜਾਰੀ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਸਰੂਪ ਚੋਰੀ ਹੋਏ ਨੂੰ ਤਿੰਨ ਹਫਤੇ ਤੋਂ ਵੱਧ ਦਾ ਸਮਾਂ ਲੰਘ ਚੁੱਕਾ ਹੈ ਪਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਮੁੱਖ ਮੰਤਰੀ ਅਤੇ ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਵੱਲੋਂ ਧਾਰੀ ਚੁੱਪ ਇਹ ਸਪੱਸ਼ਟ ਕਰਦੀ ਹੈ ਕਿ ਕਾਂਗਰਸ ਅੱਜ ਵੀ ਪੰਥ ਵਿਰੋਧੀ ਤਾਕਤਾਂ ਨੂੰ ਹੱਲਾਸ਼ੇਰੀ ਦੇ ਰਹੀ ਹੈ, ਜਿਸ ਕਾਰਨ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਕਾਰਨ ਸੰਗਤਾਂ 'ਚ ਰੋਸ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰੂ ਸਾਹਿਬਾਨ ਦਾ ਅਪਮਾਨ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਦੋਸ਼ੀਆਂ ਨੂੰ ਸਜ਼ਾ ਦਿੱਤੇ ਜਾਣ ਤੱਕ ਧਰਨਾ ਜਾਰੀ ਰੱਖਣ ਦੀ ਚਿਤਾਵਨੀ ਦਿੱਤੀ।

ਉਧਰ, ਆਮ ਆਦਮੀ ਪਾਰਟੀ ਦੇ ਵਿਧਾਇਕਾਂ ਨੇ ਕਲਿਆਣ ਦੇ ਗੁਰਦੁਆਰਾ ਅਰਦਾਸਪੁਰਾ ਵਿਚ ਸੰਗਤ ਨਾਲ ਗੱਲਬਾਤ ਕਰਨ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿੱਛੇ ਗਹਿਰੀ ਸਾਜ਼ਿਸ਼ ਹੋਣ ਦੇ ਸ਼ੰਕੇ ਪ੍ਰਗਟ ਕੀਤੇ। ਵਿਧਾਇਕ ਕੁਲਤਾਰ ਸਿੰਘ ਸੰਧਵਾਂ, ਕੁਲਵੰਤ ਸਿੰਘ ਪੰਡੋਰੀ, ਜੈ ਸਿੰਘ ਰੋੜੀ ਅਤੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਗੁਰੂ ਘਰ ਵਿਚ ਨਤਮਸਤਕ ਹੋਣ ਤੋਂ ਬਾਅਦ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਹੋ ਰਹੀਆਂ ਬੇਅਦਬੀਆਂ ਲਈ ਸ਼੍ਰੋਮਣੀ ਕਮੇਟੀ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ ਕਿਉਂਕਿ ਇਥੇ 100 ਸਾਲ ਪੁਰਾਣੇ ਗੁਰੂ ਗ੍ਰੰਥ ਸਾਹਿਬ ਚੋਰੀ ਹੋਏ ਹਨ ਪਰ ਦੋਸ਼ੀਆਂ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ।

ਵਿਧਾਇਕਾਂ ਨੇ ਕਿਹਾ ਕਿ ਸੰਗਤ ਨਾਲ ਗੱਲਬਾਤ ਕਰ ਕੇ ਪਤਾ ਲੱਗਾ ਹੈ ਕਿ ਜਿਸ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਸਨ, ਉਸ ਕਮਰੇ ਨੂੰ ਤਾਲਾ ਹੀ ਨਹੀਂ ਲੱਗਾ ਸੀ ਤੇ ਕੈਮਰੇ ਦਾ ਮੂੰਹ ਵੀ ਦੂਜੇ ਪਾਸੇ ਸੀ। ਉਨ੍ਹਾਂ ਕਿਹਾ ਕਿ ਸੰਗਤ ਕਹਿੰਦੀ ਹੈ ਕਿ ਕਮੇਟੀ ਤੋਂ ਅਜੇ ਤੱਕ ਕੋਈ ਪੁੱਛ-ਪੜਤਾਲ ਵੀ ਨਹੀਂ ਕੀਤੀ ਗਈ। ਸ੍ਰੀ ਸੰਧਵਾਂ ਨੇ ਕਿਹਾ ਕਿ ਜਦੋਂ ਗੁਰੂ ਗ੍ਰੰਥ ਸਾਹਿਬ ਦੇ 267 ਸਰੂਪ ਗੁੰਮ ਹੋਏ ਤਾਂ ਅਕਾਲੀ ਦਲ ਨੇ ਕੋਈ ਕਾਰਵਾਈ ਨਹੀਂ ਕੀਤੀ, ਇਨ੍ਹਾਂ ਸਰੂਪਾਂ ਦੇ ਗਾਇਬ ਹੋਣ ਪਿੱਛੇ ਸਿੱਖ ਵਿਰੋਧੀ ਤਾਕਤਾਂ ਦਾ ਹੱਥ ਹੈ ਜੋ ਸਿੱਖੀ ਸਿਧਾਂਤਾਂ ਦਾ ਘਾਣ ਕਰਨਾ ਚਾਹੁੰਦੀਆਂ ਹਨ। ਇਸੇ ਤਰ੍ਹਾਂ ਕਲਿਆਣ ਵਿਚ ਸਰੂਪ ਚੋਰੀ ਹੋਣ ਦਾ ਮਾਮਲਾ ਵੀ ਇਸੇ ਤਰ੍ਹਾਂ ਦੀਆਂ ਸ਼ੰਕਾਵਾਂ ਪੈਦਾ ਕਰਦਾ ਹੈ।

# ਪੰਜਾਬ ਦੇ ਤਿੰਨ ਵੱਡੇ ਸ਼ਹਿਰਾਂ ਵਿਚ ਰਾਤ ਦਾ ਕਰਫਿਊ

**ਚੰਡੀਗੜ੍ਹ:** ਕਰੋਨਾ ਦੇ ਵਧ ਰਹੇ ਪ੍ਰਭਾਵ ਦੇ ਮੱਦੇਨਜ਼ਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿਚ ਰਾਤ 9 ਤੋਂ ਸਵੇਰੇ 5 ਵਜੇ ਤੱਕ ਕਰਫਿਊ ਲਾਉਣ ਦੇ ਹੁਕਮ ਦੇ ਦਿੱਤੇ ਹਨ। ਮੁੱਖ ਮੰਤਰੀ ਨੇ



ਸਾਰੇ ਵੱਡੇ ਸ਼ਹਿਰਾਂ ਨੂੰ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ 'ਚ ਬਿਮਾਰੀ ਦੇ ਇਲਾਜ ਲਈ ਏਕੀਕ੍ਰਿਤ ਪ੍ਰਬੰਧਨ ਯੋਜਨਾ ਤਿਆਰ ਕਰਨ ਦੇ ਵੀ ਹੁਕਮ ਦਿੱਤੇ ਹਨ।

ਮੁੱਖ ਮੰਤਰੀ ਨੇ ਲਾਜ਼ਮੀ ਤੌਰ 'ਤੇ ਮਾਸਕ ਪਾਉਣ ਦੇ ਅਮਲ ਲਈ ਇਕ ਹਫਤੇ ਦੇ ਟਰਾਇਲ ਦਾ ਵੀ ਐਲਾਨ ਕੀਤਾ ਜਿਸ ਤਹਿਤ ਮਾਸਕ ਪਹਿਨਣ ਦੇ ਨੇਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਮੌਕੇ ਉਤੇ ਹੀ ਇਕ ਘੰਟਾ ਮਾਸਕ ਪਹਿਨ ਕੇ ਖੜ੍ਹਨਾ ਪਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਲੋਕਾਂ ਨੂੰ ਆਪਣਾ ਛੇਤੀ ਟੈਸਟ ਕਰਵਾਉਣ ਅਤੇ ਢੁਕਵੇਂ ਹਸਪਤਾਲ ਤੋਂ ਇਲਾਜ ਸ਼ੁਰੂ ਕਰਵਾਉਣ ਦੀ ਅਪੀਲ ਵੀ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਟੈਸਟਿੰਗ ਦੀਆਂ ਢੁਕਵੀਆਂ ਸਹੂਲਤਾਂ ਹਨ ਅਤੇ ਚਾਰ ਹੋਰ ਟੈਸਟਿੰਗ ਲੈਬਜ਼ ਕਾਰਜਸ਼ੀਲ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੋਵਿਡ ਦਾ ਸਿਖਰ ਅਗਸਤ ਦੇ ਅਖੀਰ ਜਾਂ ਸਤੰਬਰ ਦੀ ਸ਼ੁਰੂਆਤ ਵਿਚ ਆਉਣ ਦੀ ਸੰਭਾਵਨਾ ਹੈ। ਫੇਸਬੁੱਕ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੇ ਇਕ ਸਵਾਲ ਦਾ ਜਵਾਬ ਦਿੰਦਿਆਂ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਚ

**ਕਰੋਨਾ**

ਗੈਰ-ਕੋਵਿਡ ਮਰੀਜ਼ ਡਾ. ਪਰਵਿੰਦਰ ਦੀ ਮੌਤ ਦੇ ਮਾਮਲੇ ਵਿਚ ਉਪ ਕੁਲਪਤੀ ਨੂੰ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਤਰਨ ਤਾਰਨ ਵਿਚ ਕੀਤੇ ਐਲਾਨਾਂ ਦੇ ਵੇਰਵੇ ਵੀ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਇਸ ਕਾਂਡ ਦੀ ਮੈਜਿਸਟ੍ਰੇਟੀ ਜਾਂਚ ਤਿੰਨ ਹਫਤਿਆਂ ਵਿਚ ਮੁਕੰਮਲ ਹੋਵੇਗੀ।

ਬਿਜਲੀ ਬਿੱਲ ਭਰਨ ਲਈ ਲੱਗਦੀਆਂ ਲੰਮੀਆਂ ਕਤਾਰਾਂ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਸਥਿਤੀ ਸੁਧਾਰਨ ਲਈ ਬਿਜਲੀ ਬੋਰਡ ਦੇ ਚੇਅਰਮੈਨ ਨੂੰ ਹਦਾਇਤਾਂ ਜਾਰੀ ਕਰਨਗੇ। ਕੁਝ ਜ਼ਿਲ੍ਹਿਆਂ 'ਚ ਭਾਰੀ ਵਾਹਨਾਂ ਦੇ ਲਾਇਸੰਸ ਜਾਰੀ ਕਰਨ/ਨਵਿਆਉਣ 'ਚ ਹੁੰਦੀ ਦੇਰੀ ਬਾਰੇ ਉਨ੍ਹਾਂ ਕਿਹਾ ਕਿ ਇਹ ਦੇਰੀ ਸਮਾਜਿਕ ਦੂਰੀ ਦੇ ਨੇਮਾਂ ਕਰਕੇ ਹੈ ਪਰ ਉਹ ਵਿਭਾਗ ਨੂੰ ਰਾਹ ਲੱਭਣ ਲਈ ਆਖਣਗੇ। ਇਸ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨਕਲੀ ਕੀੜੇਮਾਰ ਦਵਾਈਆਂ ਖਿਲਾਫ ਲਗਾਤਾਰ ਕਾਰਵਾਈ ਲਈ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਸਾਨਾਂ ਨੂੰ ਕੇਵਲ ਰਜਿਸਟਰਡ ਡੀਲਰਾਂ ਤੋਂ ਹੀ ਕੀੜੇਮਾਰ ਦਵਾਈਆਂ ਖਰੀਦਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਸ੍ਰੀ ਮੁਕਤਸਰ ਸਾਹਿਬ ਨੂੰ ਡਿਪਟੀ ਕਮਿਸ਼ਨਰ ਨੂੰ ਡੀ.ਏ.ਵੀ. ਪਬਲਿਕ ਸਕੂਲ ਦੇ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ 'ਤੇ ਫੀਸ ਦੇਣ ਲਈ ਦਬਾਅ ਬਣਾਉਣ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਕਿਤਾਬਾਂ ਕਾਪੀਆਂ ਨਾ ਮੁਹੱਈਆ ਕਰਵਾਉਣ ਬਾਰੇ ਕੀਤੀ ਸ਼ਿਕਾਇਤ ਦੀ ਜਾਂਚ ਦੇ ਨਿਰਦੇਸ਼ ਦਿੱਤੇ। ਫਤਹਿਗੜ੍ਹ ਸਾਹਿਬ 'ਚ ਪਸ਼ੂ ਮੰਡੀਆਂ ਮੁੜ ਚਾਲੂ ਕਰਨ ਬਾਰੇ ਉਨ੍ਹਾਂ ਕਿਹਾ ਕਿ ਉਹ ਵਿਭਾਗ ਨੂੰ ਮੰਡੀਆਂ ਮੁੜ ਚਾਲੂ ਕਰਨ ਬਾਰੇ ਨਿਰਦੇਸ਼ ਦੇਣਗੇ।

# ਸੁੱਚਾ ਸਿੰਘ ਲੰਗਾਹ ਨੂੰ ਮੁਆਫੀ ਦੇਣ ਦੇ ਮਾਮਲੇ ਉਤੇ ਉਠੇ ਸਵਾਲ

**ਅੰਮ੍ਰਿਤਸਰ:** ਪੰਜਾਬ ਵਿਚ ਇਸ ਵੇਲੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਅੰਮ੍ਰਿਤ ਛਕਣ ਦਾ ਮਾਮਲਾ ਬਹੁਤ ਭਖਿਆ ਹੋਇਆ ਹੈ। ਧਾਰਮਿਕ ਖੇਤਰ ਵਿਚ ਤਾਂ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ, ਕੀ ਸ੍ਰੀ ਅਕਾਲ ਤਖਤ ਵੱਲੋਂ ਛੇਕੇ ਵਿਅਕਤੀ ਨੂੰ ਕੋਈ ਹੋਰ ਸੰਸਥਾ ਜਾਂ 5 ਪਿਆਰੇ ਅੰਮ੍ਰਿਤ ਛਕਾ ਕੇ ਤਨਖਾਹ ਲਾ ਸਕਦੇ ਹਨ? ਹਾਲਾਂਕਿ ਜਥੇਦਾਰ ਅਕਾਲ ਤਖਤ ਵੱਲੋਂ ਲਏ ਗਏ ਫੌਰੀ ਐਕਸ਼ਨ ਦੀ ਸਿੱਖਾਂ ਵਿਚ ਸ਼ਲਾਘਾ ਹੋ ਰਹੀ ਹੈ, ਪਰ ਕੁਝ ਧਿਰਾਂ ਇਸ ਦਾ ਵਿਰੋਧ ਕਰਕੇ ਇਸ ਨੂੰ ਸਿੱਖ ਰਹਿਤ ਮਰਿਆਦਾ ਦੇ ਅਨੁਸਾਰ ਵੀ ਕਰਾਰ ਦੇ ਰਹੀਆਂ ਹਨ।

ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਲੰਗਾਹ ਨਾਲ ਮਿਲਵਰਤਣ ਰੱਖਣ ਵਾਲੇ ਅਧਿਕਾਰੀਆਂ/ਕਰਮਚਾਰੀਆਂ ਦੀ ਜਾਂਚ ਇਕ ਸਬ ਕਮੇਟੀ ਤੋਂ ਕਰਵਾ ਕੇ ਬਣਦੀ ਵਿਭਾਗੀ ਕਾਰਵਾਈ ਕਰਨ ਦੇ ਆਦੇਸ਼ ਵੀ ਦਿੱਤੇ ਹਨ। ਸੁੱਚਾ ਸਿੰਘ ਲੰਗਾਹ ਵੱਲੋਂ ਗੁਰਦਾਸ ਨੰਗਲ ਦੀ ਗੜ੍ਹੀ ਵਿਚ 5 ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਸਿੱਖ ਪੰਥ ਅਤੇ ਅਕਾਲੀ ਰਾਜਨੀਤੀ ਵਿਚ ਵਾਪਸ ਆਉਣ ਦੀ ਕੋਸ਼ਿਸ਼ ਤੋਂ ਪਹਿਲਾਂ ਵੀ ਅਕਾਲ ਤਖਤ ਸਾਹਿਬ ਤੋਂ ਭੁੱਲ ਬਖਸ਼ਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। 13 ਮਾਰਚ, 2020 ਨੂੰ ਲੰਗਾਹ ਨੇ ਖੁਦ ਸ੍ਰੀ ਅਕਾਲ ਤਖਤ ਸਾਹਿਬ 'ਤੇ ਮੁਆਫੀ ਲਈ ਪਹੁੰਚ ਕੀਤੀ।

ਉਧਰ, ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਸੀਨੀਅਰ ਆਗੂ ਸੇਵਾ ਸਿੰਘ ਸੇਖਵਾਂ ਨੇ ਸੰਗਤ ਨੂੰ ਸਿੱਖ ਮਰਿਆਦਾ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਕਿਵੇਂ ਅਕਾਲੀ ਫੂਲਾ ਸਿੰਘ ਸਣੇ ਹੋਰ ਆਗੂ ਇਸ ਦੀ ਪਾਲਣਾ ਕਰਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਬਾਬਾ ਬੰਦਾ ਸਿੰਘ ਬਹਾਦਰ ਗੜ੍ਹੀ ਗੁਰਦਾਸ ਨੰਗਲ ਉਹ ਸਥਾਨ ਹੈ ਜਿਥੇ 1716 ਵਿਚ ਮੁਗਲ ਹਕੂਮਤ ਨੇ 740 ਸਿੰਘਾਂ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਮੁਸਲਮਾਨ ਬਣਨ ਦਾ ਲਾਲਚ ਦੇ ਕੇ ਜਾਨ ਬਖਸ਼ਣ ਦੀ ਗੱਲ ਆਖੀ ਸੀ, ਪਰ ਉਹ ਸਿੱਖ ਮਰਿਆਦਾ ਦੀ ਪਾਲਣਾ ਕਰਦੇ ਹੋਏ ਆਪਣੀ ਜਾਨ ਵਾਰ ਗਏ



ਸਨ। ਉਨ੍ਹਾਂ ਕਿਹਾ ਕਿ ਲੰਘੇ ਦਿਨੀਂ ਇਸੇ ਗੁਰਦੁਆਰੇ ਵਿਚ ਪੰਥ 'ਚੋਂ ਛੇਕੇ ਗਏ ਸੁੱਚਾ ਸਿੰਘ ਲੰਗਾਹ ਦੇ ਅੰਮ੍ਰਿਤ ਛਕਾਉਣ ਸਮੇਂ ਸ਼੍ਰੋਮਣੀ ਕਮੇਟੀ ਮੈਂਬਰ ਤੇ ਸਾਬਕਾ ਧਰਮ ਪ੍ਰਚਾਰ ਕਮੇਟੀ ਮੈਂਬਰ ਦੇ ਹਾਜ਼ਰ ਹੋਣ ਦੀਆਂ ਤਸਵੀਰਾਂ ਵਾਇਰਲ ਹੋਣ ਉਤੇ ਪੰਥਕ ਮਰਿਆਦਾ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਲੰਗਾਹ ਨੂੰ ਅੰਮ੍ਰਿਤ ਛਕਾਉਣ ਲਈ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਨੇ ਸਾਜ਼ਿਸ਼ ਰਚੀ ਹੈ।

## ਤਨਖਾਹੀਏ ਗੋਰਾ ਤੇ ਜ਼ਫਰਵਾਲ ਵੱਲੋਂ ਸਪੱਸ਼ਟੀਕਰਨ

**ਅੰਮ੍ਰਿਤਸਰ:** ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨਾਲ ਮਿਲਵਰਤਣ ਰੱਖਣ ਦੇ ਦੋਸ਼ ਵਿਚ ਸਿੰਘ ਸਾਹਿਬਾਨ ਵੱਲੋਂ ਤਨਖਾਹੀਏ ਕਰਾਰ ਦਿੱਤੇ ਗਏ ਹਲਕਾ ਕਾਦੀਆਂ ਦੇ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ ਤੇ ਧਰਮ ਪ੍ਰਚਾਰ ਕਮੇਟੀ ਦੇ ਸਾਬਕਾ ਮੈਂਬਰ ਰਤਨ ਸਿੰਘ ਜ਼ਫਰਵਾਲ ਆਪਣਾ ਸਪੱਸ਼ਟੀਕਰਨ ਦੇਣ ਅਕਾਲ ਤਖਤ ਸਕੱਤਰੇਤ ਵਿਖੇ ਪੁੱਜੇ। ਜਥੇਦਾਰ ਦੇ ਨਾਂ ਉਨ੍ਹਾਂ ਦੇ ਨਿੱਜੀ ਸਹਾਇਕ ਨੂੰ ਦਿੱਤੇ ਪੱਤਰ 'ਚ ਉਨ੍ਹਾਂ ਕਿਹਾ ਕਿ ਮੇਰੇ ਵਲੋਂ ਜਾਣੇ ਅਨਜਾਣੇ ਵਿਚ ਜੋ ਕੋਈ ਵੀ ਗਲਤੀ ਹੋਈ ਹੈ, ਅਸੀਂ ਉਸ ਦੀ ਖਿਮਾ ਯਾਚਨਾ ਕਰਦਾ ਹਾਂ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਹਰ ਹੁਕਮ ਦੀ ਪਾਲਣਾ ਕਰਾਂਗੇ। ਸੁੱਚਾ ਸਿੰਘ ਲੰਗਾਹ ਨਾਲ ਸਾਂਝ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਉਸ ਦੇ ਅੰਮ੍ਰਿਤ ਪਾਨ ਕਰਨ ਵੇਲੇ ਹਾਜ਼ਰ ਨਹੀਂ ਸੀ। ਇਸੇ ਦੌਰਾਨ ਰਤਨ ਸਿੰਘ ਜ਼ਫਰਵਾਲ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਸਰਬਉੱਚ ਹਨ, ਜੋ ਅਕਾਲ ਤਖਤ ਸਾਹਿਬ ਵੱਲੋਂ ਹੁਕਮ ਹੋਵੇਗਾ, ਉਸ ਦੀ ਪਾਲਣਾ ਕਰਨਗੇ।

# ਮੱਧ ਪ੍ਰਦੇਸ਼ ਵਿਚ 2 ਸਿੱਖਾਂ ਦੀ ਕੁੱਟਮਾਰ ਕਰਨ ਵਾਲੇ ਅਧਿਕਾਰੀ ਮੁਅੱਤਲ

**ਬਰਵਾਨੀ:** ਮੱਧ ਪ੍ਰਦੇਸ਼ ਦੇ ਬਰਵਾਨੀ ਜ਼ਿਲ੍ਹੇ ਦੀ ਰਾਜਪੁਰ ਤਹਿਸੀਲ 'ਚ ਪੁਲਿਸ ਵੱਲੋਂ 2 ਸਿੱਖਾਂ ਦੀ ਕੁੱਟਮਾਰ ਕਰਨ ਤੇ ਕੇਸਾਂ ਦੀ ਬੇਅਦਬੀ ਕਰਨ ਦੀਆਂ ਤਸਵੀਰਾਂ ਤੇ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀਆਂ ਹਨ। ਪੀੜਤ ਸਿੱਖਾਂ 'ਚੋਂ ਇਕ ਦਾ ਨਾਂ ਗਿਆਨੀ ਪ੍ਰੇਮ ਸਿੰਘ ਗ੍ਰੰਥੀ ਹੈ, ਜੋ ਸਥਾਨਕ ਗੁਰਦੁਆਰਾ ਸਾਹਿਬ 'ਚ ਗ੍ਰੰਥੀ ਦੀ ਸੇਵਾ ਵੀ ਨਿਭਾਉਂਦਾ ਹੈ।

ਇਸ ਘਟਨਾ ਤੋਂ ਬਾਅਦ ਮੱਧ ਪ੍ਰਦੇਸ਼ ਪੁਲਿਸ ਦੇ ਦੋ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਸ ਸਬੰਧੀ ਮੱਧ ਪ੍ਰਦੇਸ਼ ਸਰਕਾਰ ਨੇ ਕਿਹਾ ਹੈ ਕਿ ਇਸ ਘਟਨਾ ਤੋਂ ਬਾਅਦ ਸਹਾਇਕ ਸਬ-ਇੰਸਪੈਕਟਰ ਸੀਤਾਰਾਮ ਭਟਨਾਗਰ ਤੇ ਹੈੱਡ ਕਾਂਸਟੇਬਲ ਮੋਹਨ ਜਾਮਰੇ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਬਰਵਾਨੀ ਦੇ ਡੀ.ਐਸ.ਪੀ. ਨਿਮਿਸ਼ ਅਗਰਵਾਲ ਨੇ ਕਿਹਾ ਹੈ ਕਿ ਇਸ ਘਟਨਾ ਸਬੰਧੀ ਐਸ.ਡੀ.ਓ. ਪੁਲਿਸ ਦੀ ਅਗਵਾਈ 'ਚ ਜਾਂਚ ਦੇ ਆਦੇਸ਼ ਦਿੱਤੇ ਗਏ ਹਨ। ਇਹ ਘਟਨਾ ਗਿਆਨੀ ਪ੍ਰੇਮ ਸਿੰਘ ਗ੍ਰੰਥੀ ਦੇ ਪਰਿਵਾਰ ਤੇ ਪੁਲਿਸ ਵਿਚਾਲੇ ਖੇਤਰ 'ਚ ਤਾਲੇ-ਚਾਬੀਆਂ ਦੀ ਫੜ੍ਹੀ ਲਗਾਉਣ ਨੂੰ ਲੈ ਕੇ ਹੋਈ। ਵਾਇਰਲ ਵੀਡੀਓ 'ਚ ਵਿਖਾਈ ਦੇ ਰਿਹਾ ਹੈ ਕਿ ਪੁਲਿਸ ਵੱਲੋਂ ਲੋਕਾਂ ਦੀ ਮੌਜੂਦਗੀ 'ਚ ਗਿਆਨੀ ਪ੍ਰੇਮ ਸਿੰਘ ਨੂੰ ਕੇਸਾਂ ਤੋਂ ਫੜ ਕੇ ਬੁਰੀ ਤਰ੍ਹਾਂ ਘਸੀਟਿਆ ਜਾ ਰਿਹਾ ਹੈ।

ਇਕ ਹੋਰ ਪੁਲਿਸ ਮੁਲਾਜ਼ਮ ਵੱਲੋਂ ਦੂਸਰੇ ਦਸਤਾਰਧਾਰੀ ਸਿੱਖ ਨੂੰ ਵੀ ਧੱਕਾ ਮਾਰਿਆ ਗਿਆ, ਜੋ ਪ੍ਰੇਮ ਸਿੰਘ ਨੂੰ ਛੱਡ ਦੇਣ ਦੀ ਅਪੀਲ ਕਰ ਰਿਹਾ ਸੀ। ਜ਼ਿਕਰਯੋਗ ਹੈ ਕਿ ਗ੍ਰੰਥੀ ਪ੍ਰੇਮ ਸਿੰਘ ਪੁਲਿਸ ਚੌਕੀ ਪਲਸੂਦ ਨੇੜੇ ਕਾਫੀ ਸਮੇਂ ਤੋਂ ਤਾਲੇ-ਚਾਬੀਆਂ ਦੀ ਦੁਕਾਨ ਲਗਾਉਂਦਾ ਹੈ। ਇਸ ਸਬੰਧੀ ਸੂਬੇ ਦੇ ਕਾਂਗਰਸ ਪ੍ਰਧਾਨ ਨਰਿੰਦਰ ਸਲੂਜਾ ਨੇ ਵੀਡੀਓ ਟਵੀਟ ਕਰਕੇ ਪੁਲਿਸ ਦੀ ਨਿੰਦਾ ਕਰਦਿਆਂ ਕਿਹਾ ਕਿ ਪੁਲਿਸ ਵੱਲੋਂ ਗ੍ਰੰਥੀ ਪ੍ਰੇਮ ਸਿੰਘ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਸੜਕ 'ਤੇ ਲੋਕਾਂ ਦੀ ਮੌਜੂਦਗੀ 'ਚ ਕੇਸਾਂ ਤੋਂ ਫੜ ਕੇ ਘਸੀਟ ਕੇ ਉਸ ਦੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਕੀਤੀ ਗਈ। ਉਨ੍ਹਾਂ ਟਵੀਟ ਕੀਤਾ ਕਿ ਇਸ ਨਾਲ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦਾ ਅਪਮਾਨ ਹੋਇਆ ਹੈ।

**ਕਾਰਵਾਈ ਦੀ ਮੰਗ:** ਇਸ ਘਟਨਾ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਨਿੰਦਾ ਕਰਦਿਆਂ ਮੱਧ ਪ੍ਰਦੇਸ਼ ਸਰਕਾਰ ਤੋਂ ਸਬੰਧਤ ਪੁਲਿਸ ਵਾਲਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

ਇਸ ਤੋਂ ਇਲਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਤੋਂ ਦੋਸ਼ੀ ਪੁਲਿਸ ਮੁਲਾਜ਼ਮਾਂ ਵਿਰੁੱਧ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

# ਨੌਕਰੀ ਦੀ ਭਾਲ ਕਰ ਰਹੇ ਨੌਜਵਾਨਾਂ ਲਈ ਖੋਲ੍ਹੇ ਨਵੇਂ ਰਾਹ

**ਚੰਡੀਗੜ੍ਹ:** ਨੌਜਵਾਨਾਂ ਨੂੰ ਵਧੇਰੇ ਰੁਜ਼ਗਾਰ ਦੇ ਮੌਕੇ ਉਪਲਬਧ ਕਰਾਉਣ ਦੇ ਉਦੇਸ਼ ਨਾਲ ਪੰਜਾਬ ਸਰਕਾਰ ਨੇ ਪੰਜਾਬ ਘਰ-ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ ਪੋਰਟਲ ਨੂੰ ਕੌਮੀ ਕੈਰੀਅਰ ਸਰਵਿਸ (ਐਨ.ਸੀ.ਐਸ.) ਦੇ ਨਾਲ ਜੋੜ ਦਿੱਤਾ ਹੈ ਜੋ ਕਿ ਭਾਰਤ ਸਰਕਾਰ ਦਾ ਅਧਿਕਾਰਤ ਪੋਰਟਲ ਹੈ।

ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਸ ਨਾਲ ਪੰਜਾਬ ਦੇ ਹੁਨਰਮੰਦ ਨੌਜਵਾਨਾਂ ਲਈ ਪੂਰੇ ਭਾਰਤ 'ਚ ਨੌਕਰੀ ਦੇ ਨਵੇਂ ਰਾਹ ਖੁੱਲ੍ਹਣਗੇ। ਉਨ੍ਹਾਂ ਕਿਹਾ ਕਿ ਦੂਸਰੇ ਰਾਜ, ਇਥੋਂ ਤੱਕ ਕਿ ਭਾਰਤ ਸਰਕਾਰ ਨੇ ਵੀ ਨਿੱਜੀ ਖੇਤਰ 'ਚ ਨੌਕਰੀ ਲੱਭਣ ਵਾਲਿਆਂ ਅਤੇ ਪ੍ਰਾਈਵੇਟ ਅਦਾਰਿਆਂ ਨੂੰ ਇਕ ਮੰਚ ਮੁਹੱਈਆ ਕਰਵਾਉਣ ਲਈ ਪੰਜਾਬ ਮਾਡਲ ਅਪਨਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਪਹਿਲਾਂ ਹੀ ਪੰਜ




ਮੈਗਾ ਜਾਬ ਫੇਅਰ (ਰੋਜ਼ਗਾਰ ਮੇਲੇ) ਲਾ ਚੁੱਕਾ ਹੈ ਤੇ ਰਾਜ ਦੇ 12 ਲੱਖ ਨੌਜਵਾਨਾਂ ਨੂੰ ਨੌਕਰੀਆਂ ਅਤੇ ਸਵੈ-ਰੁਜ਼ਗਾਰ ਮੁਹੱਈਆ ਕਰਵਾਇਆ ਗਿਆ ਹੈ ਤੇ ਪੰਜਾਬ ਘਰ ਘਰ ਰੋਜ਼ਗਾਰ ਮਿਸ਼ਨ ਤਹਿਤ ਛੇਵੇਂ ਮੈਗਾ ਜਾਬ ਫੇਅਰ ਰਾਹੀਂ ਨੌਜਵਾਨਾਂ ਨੂੰ ਇਕ ਲੱਖ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਨ ਲਈ ਤਿਆਰ ਹੈ। ਇਹ ਛੇਵਾਂ ਰੋਜ਼ਗਾਰ ਮੇਲਾ ਸਤੰਬਰ 2020 ਵਿਚ ਕਰਵਾਇਆ ਜਾਵੇਗਾ। ਇਸ ਵੇਲੇ 'ਪੰਜਾਬ ਘਰ ਘਰ ਰੋਜ਼ਗਾਰ ਅਤੇ ਕਾਰੋਬਾਰ ਮਿਸ਼ਨ ਪੋਰਟਲ' ਉਤੇ ਕਰੀਬ 8 ਲੱਖ ਨੌਜਵਾਨਾਂ ਦੇ ਵੇਰਵੇ ਦਰਜ ਹਨ।

# ਕਰੋਨਾ ਬਹਾਨੇ ਸਖਤੀ: ਮੁਲਾਜ਼ਮ ਜਥੇਬੰਦੀਆਂ ਨੇ ਕੈਪਟਨ ਸਰਕਾਰ ਨੂੰ ਵੰਗਾਰਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਮਾਰੀ ਦੀ ਓਟ ਲੈ ਕੇ ਮੁਲਾਜ਼ਮਾਂ ਦੇ ਹੱਕ ਮਾਰਨ ਖਿਲਾਫ ਰੋਹ ਵਧਦਾ ਜਾ ਰਿਹਾ ਹੈ। ਕੈਪਟਨ ਸਰਕਾਰ ਦੀ ਸਖਤੀ ਦੇ ਬਾਵਜੂਦ ਮੁਲਾਜ਼ਮਾਂ ਨੇ ਸਰਕਾਰ ਨੂੰ ਘੇਰਨ ਦੀ ਰਣਨੀਤੀ ਬਣਾਈ ਹੋਈ ਹੈ।

ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਖਿਲਾਫ ਚਾਰ ਦਰਜਨ ਵਿਭਾਗਾਂ ਨਾਲ ਸਬੰਧਤ ਪੰਜਾਬ ਭਰ ਦੇ ਹਜ਼ਾਰਾਂ ਕਲੈਰੀਕਲ ਮੁਲਾਜ਼ਮਾਂ ਨੇ ਨੌਂ ਰੋਜ਼ਾ ਸੂਬਾਈ ਹੜਤਾਲ ਕੀਤੀ ਹੋਈ ਹੈ।

ਹੜਤਾਲ ਵਿਚ ਪੰਜਾਬ ਭਰ ਦੇ ਡਿਪਟੀ ਕਮਿਸ਼ਨਰ ਤੇ ਖ਼ਜ਼ਾਨਾ ਦਫਤਰਾਂ ਸਮੇਤ ਹੋਰਨਾਂ ਵਿਭਾਗਾਂ ਵਿਚਲੇ ਮਨਿਸਟਰੀਅਲ ਸਟਾਫ ਦੇ ਸੱਤਰ ਹਜ਼ਾਰ ਦੇ ਕਰੀਬ ਮੁਲਾਜ਼ਮ ਹਿੱਸਾ ਲੈ ਰਹੇ ਹਨ। ਮੁਲਾਜ਼ਮਾਂ ਨੇ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਦਾ ਇਹੀ ਵਤੀਰਾ ਰਿਹਾ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

'ਪੰਜਾਬ ਸਟੇਟ ਮਨਿਸਟਰੀਅਲ ਸਰਵਿਸਿਜ਼ ਫੈਡਰੇਸ਼ਨ' ਦੇ ਬੈਨਰ ਹੇਠਲੀ ਇਸ ਹੜਤਾਲ ਦੀ ਅਗਵਾਈ ਫੈਡਰੇਸ਼ਨ ਦੇ ਸੂਬਾਈ ਪ੍ਰਧਾਨ ਮੇਘ ਸਿੰਘ ਸਿੱਧੂ ਤੇ ਟੀਮ ਵੱਲੋਂ ਕੀਤੀ ਜਾ ਰਹੀ ਹੈ। ਇਸ ਹੜਤਾਲ 'ਚ 45 ਵਿਭਾਗਾਂ ਦੇ ਸੱਤਰ ਹਜ਼ਾਰ ਮੁਲਾਜ਼ਮ ਸ਼ਿਰਕਤ ਕਰ ਰਹੇ ਹਨ ਜਿਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਕੇਂਦਰੀ ਤਨਖਾਹ ਸਕੇਲ ਅਪਣਾਉਣ, ਹਜ਼ਾਰਾਂ ਅਸਾਮੀਆਂ ਖਤਮ ਕਰਨ, ਫੋਨ ਭੱਤੇ 'ਚ ਕਟੌਤੀ ਅਤੇ ਤਨਖਾਹਾਂ 'ਚ ਦੇਰੀ ਆਦਿ ਤਾਜ਼ਾ ਫੈਸਲਿਆਂ ਦਾ ਵਿਰੋਧ ਕੀਤਾ। ਮੁਲਾਜ਼ਮਾਂ ਨੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰਨ ਦੀ ਮੰਗ ਵੀ ਕੀਤੀ।

ਉਧਰ, ਤਨਖਾਹਾਂ ਰੋਕਣ ਦੇ ਮਾਮਲੇ ਉਤੇ ਅਧਿਆਪਕਾਂ ਨੇ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੱਦੇ ਉਤੇ ਆਪਣੇ ਘਰਾਂ 'ਤੇ ਕਾਲੇ ਝੰਡੇ ਲਹਿਰਾ ਕੇ ਸਰਕਾਰੀ ਅਤੇ ਵਿਭਾਗੀ ਧੱਕੇਸ਼ਾਹੀ ਖਿਲਾਫ ਸਰਕਾਰ ਨੂੰ ਵੰਗਾਰਿਆ। ਇਸ ਘੋਲ ਵਿਚ ਸਾਰੀਆਂ ਮੁਲਾਜ਼ਮ ਜਥੇਬੰਦੀਆਂ ਏਕੇ ਦੇ ਰਾਹ ਤੁਰ ਪਈਆਂ ਹਨ। ਡੈਮੋਕਰੈਟਿਕ ਟੀਚਰਜ਼ ਫਰੰਟ ਦੀ ਅਗਵਾਈ ਵਿਚ ਵੱਡੀ ਗਿਣਤੀ ਅਧਿਆਪਕਾਂ ਨੇ ਕੋਵਿਡ ਦੀ ਓਟ 'ਚ ਹੱਕੀ ਸੰਘਰਸ਼ਾਂ ਨੂੰ ਦਬਾਉਣ ਅਤੇ ਆਰਥਿਕ ਹਮਲਿਆਂ ਖਿਲਾਫ



ਪੰਜਾਬ ਭਰ 'ਚ ਮੋਟਰਸਾਈਕਲ ਮਾਰਚ ਕੀਤਾ। ਅਧਿਆਪਕ ਜਥੇਬੰਦੀਆਂ ਨੇ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਕੇਂਦਰੀ ਤਰਜ਼ 'ਤੇ ਕਰੋਨਾ ਦੀ ਓਟ ਵਿਚ ਸਾਜ਼ਿਸ਼ ਤਹਿਤ ਸਿੱਖਿਆ, ਸਿਹਤ ਤੇ ਹੋਰ ਜਨਤਕ ਅਦਾਰਿਆਂ ਨੂੰ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਕੋਲ ਗਹਿਣੇ ਰੱਖਣ ਦੀ ਲੋਕ ਵਿਰੋਧੀ ਨੀਤੀ ਦਾ ਹਿੱਸਾ ਹਨ।

ਆਗੂਆਂ ਨੇ ਕਿਹਾ ਕਿ ਮਹਿਜ਼ ਅੰਕੜਿਆਂ ਦੀ ਖੇਡ ਨਾਲ ਆਨਲਾਈਨ ਸਿੱਖਿਆ ਨੂੰ ਉਤਸ਼ਾਹਿਤ ਕਰ ਰਿਹਾ ਸਿੱਖਿਆ ਵਿਭਾਗ ਜ਼ਿੰਦਗੀ ਦੀਆਂ ਮੁੱਢਲੀਆਂ ਸਹੂਲਤਾਂ ਤੋਂ ਸੱਖਣੇ ਕਿਰਤੀ ਮਾਪਿਆਂ ਤੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਿਹਾ ਹੈ। ਸਿੱਖਿਆ ਸਕੱਤਰ ਦੀਆਂ ਤਾਨਾਸ਼ਾਹ ਨੀਤੀਆਂ ਦਾ ਅਸਲ ਮਕਸਦ ਸਰਕਾਰੀ ਸਕੂਲਾਂ ਨੂੰ ਅਧਿਆਪਕ ਵਿਹੂਣੇ ਕਰ ਕੇ ਬੇਰੁਜ਼ਗਾਰ ਅਧਿਆਪਕਾਂ ਤੋਂ ਰੁਜ਼ਗਾਰ ਦਾ ਹੱਕ ਖੋਹਣਾ ਹੈ।

ਅਧਿਆਪਕ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਕਰੋਨਾ ਬਹਾਨੇ ਖੇਤੀ ਆਰਡੀਨੈਂਸ ਪਾਸ ਕਰਨ, ਜਨਤਕ ਅਦਾਰਿਆਂ ਦਾ ਨਿੱਜੀਕਰਨ ਕਰਨ ਤੇ ਨਵੀਂ ਸਿੱਖਿਆ ਨੀਤੀ ਜਿਹੇ ਫੈਸਲਿਆਂ ਦੀ ਤਿੱਖੀ ਆਲੋਚਨਾ ਕਰਦਿਆਂ ਆਖਿਆ ਕਿ ਸੀ.ਬੀ.ਐਸ.ਈ. ਦੇ ਸਿਲੇਬਸ ਵਿਚੋਂ ਲੋਕਤੰਤਰ ਤੇ ਧਰਮ ਨਿਰਪੱਖਤਾ ਜਿਹੇ ਪਾਠ ਭਗਵੇਂਕਰਨ ਦੀ ਸਾਜ਼ਿਸ਼ ਤਹਿਤ ਕੱਢੇ ਗਏ ਹਨ।

ਉਨ੍ਹਾਂ ਖੇਤੀ ਅਰਥਚਾਰੇ ਨੂੰ ਬਚਾਉਣ ਲਈ ਨਵੇਂ ਖੇਤੀ ਐਕਟ ਰੱਦ ਕਰਨ ਦੀ ਮੰਗ ਕਰਦਿਆਂ ਸਿੱਖਿਆ ਨੀਤੀ ਨੂੰ ਰੁਜ਼ਗਾਰ ਮੁਖੀ ਤੇ ਵਿਗਿਆਨਕ ਚੇਤਨਾ ਨੀਤੀ 'ਤੇ ਆਧਾਰਿਤ ਕਰਨ ਲਈ ਆਖਿਆ। ਅਧਿਆਪਕ ਆਗੂਆਂ ਨੇ ਸਰਕਾਰਾਂ ਵੱਲੋਂ ਕਰੋਨਾ ਬਹਾਨੇ ਹੱਕੀ ਸੰਘਰਸ਼ਾਂ ਨੂੰ ਦਬਾਉਣ ਤੇ ਬੁੱਧੀਜੀਵੀਆਂ, ਲੇਖਕਾਂ ਤੇ ਸਮਾਜਿਕ ਕਾਰਕੁਨਾਂ ਦੀ ਜ਼ਬਾਨਬੰਦੀ ਦੀ ਨੀਤੀ ਵਾਪਸ ਲੈਣ ਦੀ ਮੰਗ ਕੀਤੀ।

# ਪਾਕਿਸਤਾਨ ਤੋਂ 83 ਭਾਰਤੀ ਵਤਨ ਪਰਤੇ

**ਅਟਾਰੀ:** ਕਰੋਨਾ ਵਾਇਰਸ ਦੇ ਚੱਲਦਿਆਂ ਤਾਲਾਬੰਦੀ ਦੌਰਾਨ ਪਾਕਿਸਤਾਨ ਦੇ ਵੱਖ-ਵੱਖ ਸ਼ਹਿਰਾਂ 'ਚ ਫਸੇ 83 ਭਾਰਤੀ ਯਾਤਰੀ ਵਾਹਗਾ-ਅਟਾਰੀ ਸਰਹੱਦ ਰਸਤੇ ਵਤਨ ਪਰਤੇ। ਪਾਕਿਸਤਾਨ ਤੋਂ ਵਤਨ ਪਰਤੇ ਭਾਰਤੀ ਯਾਤਰੀ ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼, ਦਿੱਲੀ, ਗੁਜਰਾਤ, ਪੰਜਾਬ, ਰਾਜਸਥਾਨ ਅਤੇ ਮਹਾਰਾਸ਼ਟਰ, ਮੱਧ ਪ੍ਰਦੇਸ਼, ਹਰਿਆਣਾ, ਤਮਿਲ ਨਾਡੂ ਅਤੇ ਕਰਨਾਟਕ ਨਾਲ ਸਬੰਧਤ ਹਨ। ਪਾਕਿਸਤਾਨ 'ਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਗਏ ਇਹ ਯਾਤਰੀ ਤਾਲੇਬੰਦੀ ਕਾਰਨ ਲਗਭਗ ਛੇ ਮਹੀਨਿਆਂ ਤੋਂ ਉਥੇ ਫਸੇ ਹੋਏ ਸਨ।

ਭਾਰਤੀ ਯਾਤਰੀਆਂ ਦੀ ਵਤਨ ਪਰਤਣ ਉਤੇ ਸਾਂਝੀ ਜਾਂਚ ਚੌਕੀ ਅਟਾਰੀ ਵਿਚ ਸਿਹਤ ਵਿਭਾਗ ਦੀ ਟੀਮ ਵੱਲੋਂ ਮੈਡੀਕਲ ਸਕਰੀਨਿੰਗ ਕੀਤੀ ਗਈ। ਕਸਟਮ ਅਤੇ ਇਮੀਗ੍ਰੇਸ਼ਨ ਵਿਭਾਗ ਦੀ ਪ੍ਰਕਿਰਿਆ ਪੂਰੀ ਕਰਨ ਉਪਰੰਤ ਇਨ੍ਹਾਂ ਯਾਤਰੀਆਂ ਨੂੰ ਵਿਸ਼ੇਸ਼ ਸੁਰੱਖਿਆ ਪ੍ਰਬੰਧਾਂ ਹੇਠ ਅਟਾਰੀ ਸਰਹੱਦ ਤੋਂ ਬੱਸਾਂ ਰਾਹੀਂ ਰਵਾਨਾ ਕੀਤਾ ਗਿਆ।

ਐਸ.ਡੀ.ਐਮ. ਅੰਮ੍ਰਿਤਸਰ-2 ਸ਼ਿਵਰਾਜ ਸਿੰਘ ਬੱਲ ਨੇ ਦੱਸਿਆ ਕਿ ਤਾਲਾਬੰਦੀ ਕਾਰਨ ਪਾਕਿਸਤਾਨ ਵਿਚ ਫਸੇ 118 ਭਾਰਤੀ ਯਾਤਰੀ ਵਤਨ ਪਰਤਣਗੇ। ਉਨ੍ਹਾਂ ਦੱਸਿਆ ਕਿ ਦਿੱਲੀ, ਜੰਮੂ-ਕਸ਼ਮੀਰ ਅਤੇ ਉਤਰ ਪ੍ਰਦੇਸ਼ ਨਾਲ ਸਬੰਧਤ ਯਾਤਰੀ ਆਪੋ-ਆਪਣੇ ਰਾਜਾਂ ਵਿਚ ਇਕਾਂਤਵਾਸ ਹੋਣਗੇ ਜਦੋਂ ਕਿ ਬਾਕੀ ਯਾਤਰੀਆਂ ਨੂੰ ਅੰਮ੍ਰਿਤਸਰ 'ਚ ਅਲਹਿਦਾ ਰੱਖਿਆ ਜਾਵੇਗਾ। ਇਸ ਮੌਕੇ ਜੈਪੁਰ ਵਾਸੀ ਯੱਕੀ ਖਾਨ ਨੇ ਦੱਸਿਆ ਕਿ ਉਸ ਦੀ ਪਤਨੀ ਰੁਬੀਨਾ ਫਰਵਰੀ ਮਹੀਨੇ ਕਰਾਚੀ 'ਚ ਵਿਆਹੀਆਂ ਬੇਟੀਆਂ ਨੂੰ ਮਿਲਣ ਗਈ ਸੀ ਪਰ ਤਾਲਾਬੰਦੀ ਕਾਰਨ



ਵਾਪਸ ਨਹੀਂ ਸੀ ਆ ਸਕੀ। ਉਨ੍ਹਾਂ ਵੱਲੋਂ ਭਾਰਤੀ ਹਾਈ ਕਮਿਸ਼ਨ ਨਾਲ ਲਗਾਤਾਰ ਸੰਪਰਕ ਬਣਾਇਆ ਹੋਇਆ ਸੀ।

ਮੁਰਾਦ ਅਲੀ ਵਾਸੀ ਪਿੰਡ ਜੀਤੇਵਾਲੀ (ਜਲੰਧਰ) ਨੇ ਦੱਸਿਆ ਕਿ ਉਸ ਦੇ ਚਾਚਾ ਸੈਫ ਅਲੀ ਪੰਜ ਮਹੀਨੇ ਪਹਿਲਾਂ ਪਿੰਡ ਪਿੱਪਲੀਵਾਲਾ (ਗੁੱਜਰਾਂਵਾਲਾ) ਪਾਕਿਸਤਾਨ ਰਹਿੰਦੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਏ ਸਨ। ਉਹ ਉਨ੍ਹਾਂ ਨੂੰ ਲੈਣ ਲਈ ਆਏ ਹਨ। ਜ਼ਿਕਰਯੋਗ ਹੈ ਕਿ ਤਾਲਾਬੰਦੀ ਦੇ ਚੱਲਦਿਆਂ ਭਾਰਤ-ਪਾਕਿਸਤਾਨ ਸਰਹੱਦ ਸੀਲ ਹੋਣ ਕਰਕੇ ਪਾਕਿਸਤਾਨ ਵਿਚ ਫਸੇ ਭਾਰਤੀ ਯਾਤਰੀਆਂ ਵਿਚੋਂ ਹੁਣ ਤੱਕ 722 ਭਾਰਤੀ ਯਾਤਰੀ ਵਤਨ ਪਰਤ ਚੁੱਕੇ ਹਨ।

# ਖੇਤੀ ਵਿਭਾਗ ਦੀਆਂ 2267 ਅਸਾਮੀਆਂ ਖਤਮ ਹੋਣਗੀਆਂ

**ਲੁਧਿਆਣਾ:** ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਵਿਭਾਗ ਦਾ ਪੁਨਰਗਠਨ ਦੇ ਨਾਮ ਉਤੇ ਗਰੁੱਪ ਏ, ਗਰੁੱਪ ਬੀ, ਗਰੁੱਪ ਸੀ ਤੇ ਡੀ. ਦੀਆਂ 5443 ਵਿਚੋਂ 2267 ਅਸਾਮੀਆਂ ਖਤਮ ਕਰਨ ਅਤੇ 27 ਅਸਾਮੀਆਂ ਨਵੀਆਂ ਬਣਾਉਣ ਦੀ ਤਜਵੀਜ਼ ਹੈ।

ਖੇਤੀਬਾੜੀ ਵਿਭਾਗ ਦਾ ਪੁਨਰਗਠਨ ਤੋਂ ਬਾਅਦ 5443 ਵਿਚੋਂ 3203 ਅਸਾਮੀਆਂ ਬਾਕੀ ਰਹਿ ਜਾਣਗੀਆਂ। ਪ੍ਰਬੰਧਕੀ ਵਿੰਗ ਦੀਆਂ 2175 ਅਸਾਮੀਆਂ ਨੂੰ ਜਿਉਂ ਦੀ ਤਿਉਂ ਰੱਖਿਆ ਗਿਆ ਹੈ, ਜਦਕਿ ਅੰਕੜਾ ਵਿੰਗ ਦੀਆਂ 153 ਅਸਾਮੀਆਂ ਵਿਚੋਂ 50, ਇੰਜੀਨੀਅਰਿੰਗ ਵਿੰਗ ਦੀਆਂ 250 ਅਸਾਮੀਆਂ 'ਚੋਂ 165 ਤੇ ਹਾਇਡਰੋਲੋਜੀ ਵਿੰਗ ਨੂੰ ਪੂਰੀ ਤਰ੍ਹਾਂ ਨਾਲ ਖਤਮ ਕੀਤਾ ਜਾ ਰਿਹਾ ਹੈ। ਖੇਤੀਬਾੜੀ ਵਿਭਾਗ ਨੂੰ ਇਸ ਸਮੇਂ ਚਾਰ ਵਿੰਗਾਂ 'ਚ ਵੰਡਿਆ ਗਿਆ ਹੈ, ਜਿਸ ਵਿਚ ਪ੍ਰਬੰਧਕੀ ਵਿੰਗ, ਅੰਕੜਾ ਵਿੰਗ, ਇੰਜੀਨੀਅਰਿੰਗ ਵਿੰਗ ਤੇ ਹਾਇਡਰੋਲੋਜੀ ਵਿੰਗ ਹਨ। ਇਸ ਸਮੇਂ ਪ੍ਰਬੰਧਕੀ ਵਿੰਗ ਵਿਚ ਸੰਯੁਕਤ ਨਿਰਦੇਸ਼ਕ ਦੀਆਂ 7 ਅਸਾਮੀਆਂ ਹਨ, ਜਿਨ੍ਹਾਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਇਨ੍ਹਾਂ 'ਚੋਂ ਸੰਯੁਕਤ ਕਮਿਸ਼ਨਰ ਆਈ. ਤੇ ਪੀ. ਨੂੰ ਖਤਮ ਕਰਕੇ ਇਸ ਦਾ ਕੰਮ ਸੰਯੁਕਤ ਨਿਰਦੇਸ਼ਕ ਅੰਕੜਾ ਪਾਸੋਂ ਲੈਣ, ਇਸ ਵਿੰਗ ਦੇ ਡਿਪਟੀ ਡਾਇਰੈਕਟਰ, ਮੁੱਖ ਖੇਤੀਬਾੜੀ ਅਧਿਕਾਰੀ ਤੇ ਸੀਨੀਅਰ ਐਨਾਲਿਸਟ ਬੀਰ ਪਰਖ ਲੈਬ ਆਦਿ ਦਾ ਨਾਮ ਡਿਪਟੀ ਡਾਇਰੈਕਟਰ ਖੇਤੀਬਾੜੀ ਰੱਖਣ, ਇਸ ਕੇਡਰ ਦੀਆਂ 17 ਅਸਾਮੀਆਂ ਨੂੰ ਜ਼ਿਲ੍ਹੇ 'ਚੋਂ ਬਦਲ ਕੇ ਰਾਜ ਪੱਧਰ ਉਤੇ ਸਕੀਮਾਂ ਦਾ ਨਿਰੀਖਣ ਕਰਨ, ਗੁਣਵੱਤਾ ਰੋਕਥਾਮ ਦਾ ਨਿਰੀਖਣ ਕਰਨ




ਦਾ ਕੰਮ ਦਿੱਤੇ ਜਾਣ ਦੀ ਤਜਵੀਜ਼ ਹੈ। ਸਾਰੀਆਂ ਖਾਦ ਪਰਖ ਪ੍ਰਯੋਗਸ਼ਾਲਾਵਾਂ, ਬੀਜ ਪਰਖ ਪ੍ਰਯੋਗਸ਼ਾਲਾਵਾਂ, ਕੀਟਨਾਸ਼ਕ ਪਰਖ ਪ੍ਰਯੋਗਸ਼ਾਲਾਵਾਂ ਤੇ ਐਗਮਾਰਕ ਪ੍ਰਯੋਗਸ਼ਾਲਾਵਾਂ ਦੇ ਇੰਚਾਰਜ ਵੀ ਡਿਪਟੀ ਡਾਇਰੈਕਟ ਖੇਤੀਬਾੜੀ ਹੀ ਹੋਣਗੇ। ਇਸੇ ਵਿੰਗ ਵਿਚ ਅਗਲਾ ਕੇਡਰ ਬਲਾਕ ਖੇਤੀਬਾੜੀ ਅਧਿਕਾਰੀ, ਭਾ ਪਰਖ ਅਧਿਕਾਰੀ, ਸਿਖਲਾਈ ਅਧਿਕਾਰੀ ਆਦਿ ਦਾ ਨਾਮ ਵੀ ਸਹਾਇਕ ਨਿਰਦੇਸ਼ਕ ਖੇਤੀਬਾੜੀ ਰੱਖਣ ਅਤੇ ਰਾਜ ਦੇ 138 ਬਲਾਕਾਂ ਦੀ ਥਾਂ ਉਤੇ 150 ਬਲਾਕਾਂ ਵਿਚ ਇਹਨਾਂ ਦੀ ਤਾਇਨਾਤੀ ਕਰਨ ਦੀ ਤਜਵੀਜ਼ ਹੈ। ਇਸ ਕੇਡਰ ਦੀਆਂ ਮਾਰਕਟਿੰਗ ਅਤੇ ਗੰਨਾ ਵਿੰਗ ਦੀਆਂ ਅਸਾਮੀਆਂ ਬਦਲ ਕੇ ਫੀਲਡ, ਫੋਕਲ ਪੁਆਇੰਟ ਤੇ ਆਸਾਮੀ 360 ਤੋਂ ਵਧਾ ਕੇ 500 ਕਰਨ ਦੀ ਤਜਵੀਜ਼ ਹੈ। ਖੇਤਬਾੜੀ ਵਿਭਾਗ ਵਿਚ ਗਰੁੱਪ ਏ ਦੀਆਂ ਮਨਜ਼ੂਰ 1532 ਅਸਾਮੀਆਂ 'ਚੋਂ 17 ਖਤਮ ਕਰਨ ਤੇ 3 ਨਵੀਆਂ ਬਣਾਉਣ, ਗਰੁੱਪ ਬੀ ਦੀਆਂ 428 ਵਿਚੋਂ 110 ਅਸਾਮੀਆਂ ਖਤਮ ਕਰਨ ਤੇ 10 ਅਸਾਮੀਆਂ ਨਵੀਆਂ ਬਣਾਉਣ, ਗਰੁੱਪ ਸੀ ਦੀਆਂ 1735 'ਚੋਂ 392 ਖਤਮ ਕਰਨ ਤੇ 14 ਨਵੀਆਂ ਬਣਾਉਣ ਅਤੇ ਗਰੁੱਪ ਡੀ ਦੀਆਂ 1748 ਅਸਾਮੀਆਂ ਖਤਮ ਕਰਨ ਦੀ ਤਜਵੀਜ਼ ਹੈ ਅਤੇ ਇਸ ਵਿਚੋਂ 900 ਅਸਾਮੀਆਂ ਰੱਖਣੀਆਂ ਜ਼ਰੂਰੀ ਹਨ, ਜਿਨ੍ਹਾਂ ਨੂੰ ਆਊਟਸੋਰਸਿੰਗ ਰਾਹੀਂ ਭਰੀਆਂ ਜਾਣਗੀਆਂ।

ਸਕੱਤਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਪੰਜਾਬ ਅਤੇ ਨਿਰਦੇਸ਼ਕ ਮਿਸ਼ਨ ਤੰਦਰੁਸਤ ਪੰਜਾਬ ਕਾਹਨ ਸਿੰਘ ਪੰਨੂੰ ਨੇ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਿਚ ਪਿਛਲੇ ਲੰਬੇ ਸਮੇਂ ਤੋਂ ਖਾਲੀ ਅਸਾਮੀਆਂ ਪਈਆਂ ਸਨ ਅਤੇ ਕਈ ਅਜਿਹੀਆਂ ਅਸਾਮੀਆਂ ਸਨ, ਜਿਨ੍ਹਾਂ ਦੀ ਲੋੜ ਨਹੀਂ ਹੈ, ਅਜਿਹੀਆਂ ਅਸਾਮੀਆਂ ਨੂੰ ਖਤਮ ਕਰਨ ਦੀ ਤਜਵੀਜ਼ ਹੈ।

## ਅਸਾਮੀਆਂ ਖਤਮ ਕਰਨ ਦਾ 'ਆਪ' ਵੱਲੋਂ ਵਿਰੋਧ


**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਵਿਧਾਇਕ ਮੀਤ ਹੇਅਰ, ਜੈ ਕ੍ਰਿਸ਼ਨ ਸਿੰਘ ਅਤੇ ਕੁਲਵੰਤ ਸਿੰਘ ਪੰਡੋਰੀ ਨੇ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਅਸਾਮੀਆਂ ਖਤਮ ਕਰਨ ਸਬੰਧੀ ਫੈਸਲੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕਰੋਨਾ ਮਹਾਮਾਰੀ ਦੌਰਾਨ ਪਹਿਲਾਂ ਜਲ ਸਰੋਤ ਵਿਭਾਗ ਦੀਆਂ 8 ਹਜ਼ਾਰ ਦੇ ਕਰੀਬ ਅਸਾਮੀਆਂ ਖਤਮ ਕਰ ਦਿੱਤੀਆਂ, ਹੁਣ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ 5443 ਅਧਿਕਾਰਤ ਅਸਾਮੀਆਂ ਵਿਚੋਂ ਅੰਕੜਾ ਵਿੰਗ, ਇੰਜੀਨੀਅਰਿੰਗ ਵਿੰਗ ਅਤੇ ਹਾਈਡ੍ਰੋਲੋਜੀ ਵਿੰਗ ਦੀਆਂ 2267 ਅਸਾਮੀਆਂ ਨੂੰ ਖਤਮ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

# ਸ਼੍ਰੋਮਣੀ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਨੇਕੇ ਵੱਲੋਂ ਬਾਦਲਾਂ ਨੂੰ ਅਲਵਿਦਾ

**ਮਾਨਸਾ:** ਸੀਨੀਅਰ ਅਕਾਲੀ ਆਗੂ ਅਤੇ ਮਾਨਸਾ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲੋਂ ਸਦਾ ਲਈ ਤੋੜ ਵਿਛੋੜਾ ਕਰ ਲਿਆ ਹੈ। ਉਨ੍ਹਾਂ ਨੇ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਸਿੱਖ ਸਿਧਾਂਤਾਂ ਤੋਂ ਥਿੜਕਿਆ ਕਰਾਰ ਦਿੱਤਾ ਹੈ।

ਉਹ ਸੇਵਾ ਮੁਕਤ ਅਧਿਆਪਕ ਹਨ ਅਤੇ ਪੰਜਾਬ ਸਟੇਟ ਅਧਿਆਪਕ ਦਲ ਦੇ ਵੀ ਸੂਬਾ ਪ੍ਰਧਾਨ ਰਹੇ ਹਨ। ਉਹ ਸਿਆਸੀ ਤੌਰ ਉਤੇ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਦੇ ਵੀ ਨਜ਼ਦੀਕੀ ਰਹੇ ਹਨ। ਆਪਣਾ ਅਸਤੀਫਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਭੇਜੇ ਜਾਣ ਸਬੰਧੀ ਉਨ੍ਹਾਂ ਕਿਹਾ ਕਿ ਹੁਣ ਸ਼੍ਰੋਮਣੀ ਅਕਾਲੀ ਦਲ ਆਪਣੇ ਪੰਥਕ ਅਤੇ ਪੰਜਾਬ ਪ੍ਰਤੀ ਸਿਧਾਂਤਾਂ ਤੇ ਸਟੈਂਡ ਤੋਂ ਹਿੱਲ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਮੌਜੂਦਾ ਮੁਖੀ ਹੁਣ ਅਕਾਲੀ ਦਲ ਦੇ ਬੇਮਿਸਾਲ ਅਤੇ ਸ਼ਾਨਾਮੱਤਾ ਇਤਿਹਾਸ ਭੁੱਲ ਗਏ ਹਨ।

# ਸਿਆਸੀ ਆਗੂਆਂ ਨੂੰ ਜਗਾਉਣ ਲਈ ਨਿੱਤਰੀਆਂ ਕਿਸਾਨ ਜਥੇਬੰਦੀਆਂ



**ਚੰਡੀਗੜ੍ਹ:** ਦੇਸ਼ ਭਰ ਦੀਆਂ ਢਾਈ ਸੌ ਕਿਸਾਨ ਜਥੇਬੰਦੀਆਂ ਉਤੇ ਆਧਾਰਿਤ 'ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ' ਵੱਲੋਂ 'ਭਾਰਤ ਛੱਡੋ ਅੰਦੋਲਨ' ਦੀ ਵਰ੍ਹੇਗੰਢ ਮੌਕੇ 'ਕਾਰਪੋਰੇਟ ਘਰਾਣਿਓ-ਖੇਤੀ ਛੱਡੋ' ਅਤੇ 'ਕਾਰਪੋਰੇਟ ਭਜਾਉ-ਖੇਤੀ ਕਿਸਾਨੀ ਬਚਾਉ' ਦੇ ਦਿੱਤੇ ਗਏ ਦੇਸ਼ ਵਿਆਪੀ ਸੱਦੇ ਤਹਿਤ ਦਸ ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ 22 ਵਿਚੋਂ 21 ਜ਼ਿਲ੍ਹਿਆਂ ਵਿਚਲੇ ਸਮੂਹ ਸਿਆਸੀ ਧਿਰਾਂ ਨਾਲ ਸਬੰਧਤ ਸੌ ਤੋਂ ਵੱਧ ਵਿਧਾਇਕਾਂ, ਲੋਕ ਸਭਾ ਮੈਂਬਰਾਂ ਅਤੇ ਮੰਤਰੀਆਂ ਦੇ ਦਫਤਰਾਂ ਤੇ ਘਰਾਂ ਤੱਕ ਵਾਹਨ ਮਾਰਚ ਕੀਤੇ ਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੇ ਨਾਂ ਨੌਂ ਨੁਕਾਤੀ ਮੰਗ ਪੱਤਰ ਸੌਂਪੇ।

ਪਟਿਆਲਾ ਵਿਚ ਪੁਲਿਸ ਨੇ ਕਿਸਾਨਾਂ ਦੇ ਕਾਫਲੇ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸੰਸਦ ਮੈਂਬਰ ਪ੍ਰਨੀਤ ਕੌਰ ਦੀ ਰਿਹਾਇਸ਼ ਤੱਕ ਨਾ ਜਾਣ ਦਿੱਤਾ। ਪੁਲਿਸ ਨੇ 'ਨਿਊ ਮੋਤੀ ਬਾਗ ਪੈਲੇਸ' ਨੂੰ ਚੁਫੇਰਿਓਂ ਸੀਲ ਕੀਤਾ ਹੋਇਆ ਸੀ ਤੇ ਕਿਸਾਨਾਂ ਨੂੰ ਨੇੜੇ ਹੀ ਸਥਿਤ ਵਾਈ.ਪੀ.ਐਸ. ਚੌਕ ਉਤੇ ਰੋਕ ਲਿਆ ਗਿਆ। ਕਿਸਾਨ ਉਥੇ ਹੀ ਧਰਨਾ ਮਾਰ ਕੇ ਬੈਠ ਗਏ ਤੇ ਨਾਲ ਲਿਆਂਦਾ ਲੰਗਰ ਵੀ ਛਕਿਆ।

ਕਿਸਾਨਾਂ ਨੇ ਲੋਕ ਨੁਮਾਇੰਦਿਆਂ ਨੂੰ ਅਪੀਲ ਵੀ ਕੀਤੀ ਕਿ ਉਹ ਆਪਣੀਆਂ ਪਾਰਟੀਆਂ ਵੱਲੋਂ ਕਿਸਾਨਾਂ ਦੇ ਮਸਲੇ ਹੱਲ ਕਰਵਾਉਣ ਲਈ ਲੋਕ ਸਭਾ ਅਤੇ ਵਿਧਾਨ ਸਭਾ 'ਚ ਆਵਾਜ਼ ਬੁਲੰਦ ਕਰਨ ਜਾਂ ਬਾਹਰ ਸੰਘਰਸ਼ ਕਰਨ। ਮਸਲਿਆਂ ਦਾ ਹੱਲ ਨਾ ਕਰਵਾ ਸਕਣ ਉਤੇ ਉਨ੍ਹਾਂ ਨੂੰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨ ਦਾ ਚਿਤਾਵਨੀ ਪੱਤਰ ਵੀ ਦਿੱਤਾ ਗਿਆ। ਕਿਸਾਨ ਮੰਗਾਂ ਵਿਚ ਕੇਂਦਰ ਵੱਲੋਂ ਜਾਰੀ ਕੀਤੇ ਤਿੰਨ ਖੇਤੀ ਆਰਡੀਨੈਂਸ ਅਤੇ ਬਿਜਲੀ ਐਕਟ 2020 ਰੱਦ ਕਰਨਾ, ਤੇਲ ਕੀਮਤਾਂ ਘਟਾਉਣਾ ਅਤੇ ਕਿਸਾਨਾਂ ਦੇ ਸਮੁੱਚੇ ਕਰਜ਼ੇ ਉਤੇ ਲੀਕ ਮਾਰਨਾ ਆਦਿ ਸ਼ਾਮਲ ਹਨ।

ਕਿਸਾਨ ਜਥੇਬੰਦੀਆਂ ਵੱਲੋਂ ਅੱਜ ਸਕੂਟਰ, ਮੋਟਰਸਾਈਕਲਾਂ ਅਤੇ ਕਾਰਾਂ ਰਾਹੀਂ ਰੋਸ ਮਾਰਚ ਕੱਢਿਆ ਗਿਆ। ਕਿਸਾਨ ਆਗੂਆਂ ਨੇ ਕਿਹਾ ਕਿ ਜਥੇਬੰਦੀਆਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਅਤੇ ਚਿਤਾਵਨੀ ਪੱਤਰ ਵੀ ਸੌਂਪੇ ਗਏ ਹਨ ਜਿਸ ਵਿਚ ਕਿਹਾ ਗਿਆ ਹੈ ਕਿ ਸੂਬਾ ਸਰਕਾਰ ਆਪਣੇ ਵਾਅਦੇ ਮੁਤਾਬਕ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦ ਕੇ ਕਿਸਾਨ ਮਾਰੂ ਬਿੱਲਾਂ ਖਿਲਾਫ ਮਤਾ ਪਾਸ ਕਰਨ।

## ਮੁਫਤ ਬਿਜਲੀ ਬੰਦ ਨਹੀਂ ਹੋਣ ਦਿਆਂਗੇ: ਸੁਖਬੀਰ

**ਬਠਿੰਡਾ:** ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਕੁੱਲ ਹਿੰਦ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੇ ਵਫਦ ਨੂੰ ਕਿਸਾਨੀ ਹਿੱਤਾਂ ਦੀ ਰਾਖੀ ਲਈ ਹਰ ਕੁਰਬਾਨੀ ਦੇਣ ਦਾ ਭਰੋਸਾ ਦਿਵਾਇਆ। ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਦੀ ਅਗਵਾਈ ਹੇਠ ਵਫਦ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਖੇਤੀ ਆਰਡੀਨੈਂਸਾਂ ਅਤੇ ਬਿਜਲੀ ਸੋਧ ਬਿੱਲ-2020 ਖਿਲਾਫ ਚਿਤਾਵਨੀ ਪੱਤਰ ਦੇਣ ਪਿੰਡ ਬਾਦਲ ਪੁੱਜਿਆ। ਉਨ੍ਹਾਂ ਪੰਜਾਬ ਦੇ ਹਿੱਤਾਂ ਲਈ ਅਕਾਲੀ ਦਲ ਨੂੰ ਕੇਂਦਰੀ ਸਰਕਾਰ ਨਾਲੋਂ ਨਾਤਾ ਤੋੜਨ ਦੀ ਅਪੀਲ ਕੀਤੀ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੁਫ਼ਤ ਬਿਜਲੀ ਅਤੇ ਖੇਤੀ ਆਰਡੀਨੈਂਸ ਬਾਰੇ ਸ਼ੰਕਿਆਂ ਸਮੇਤ ਕਿਸਾਨਾਂ ਦੀ ਹਰੇਕ ਸਮੱਸਿਆ ਲਈ ਉਹ ਹਾਜ਼ਰ ਹਨ।

# ਸ਼ਤਰੰਜੀ ਘੋੜੇ ਵਾਲੀ ਖੇਡ ਖੇਡ ਰਹੀ ਹੈ ਪੰਜਾਬ 'ਚ ਭਾਜਪਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਰਾਜਨੀਤੀ ਇਸ ਵਕਤ ਬੜਾ ਅਣ-ਕਿਆਸਿਆ ਮੋੜਾ ਕੱਟਦੀ ਜਾਪ ਰਹੀ ਹੈ। ਇਸ ਵਿਚ ਬੀਤੇ ਦਿਨੀਂ ਮਾਝਾ ਖੇਤਰ ਵਿਚ ਜ਼ਹਿਰੀਲੀ ਨਾਜਾਇਜ਼ ਸ਼ਰਾਬ ਨਾਲ ਹੋਈਆਂ ਮੌਤਾਂ ਦੇ ਘਟਨਾਕ੍ਰਮ ਨੇ ਵੀ ਆਪਣਾ ਹਿੱਸਾ ਪਾਇਆ ਤੇ ਰਾਜਨੀਤੀ ਦੀ ਤੋਰ ਹੋਰ ਤਿੱਖੀ ਕੀਤੀ ਹੈ। ਵਿਰੋਧੀ ਪਾਰਟੀਆਂ ਨੂੰ ਇਸ ਗੱਲ ਦਾ ਹੱਕ ਹੈ, ਤੇ ਉਨ੍ਹਾਂ ਦਾ ਫਰਜ਼ ਵੀ ਹੈ ਕਿ ਸਰਕਾਰ ਅਤੇ ਸਰਕਾਰ ਚਲਾ ਰਹੀ ਪਾਰਟੀ ਦੇ ਨੁਕਸ ਲੱਭ ਕੇ ਲੋਕਾਂ ਨੂੰ ਮਿਲਣ ਤੇ ਆਪਣੀ ਗੱਲ ਕਹਿਣ। ਸਰਕਾਰ ਦੀ ਧਿਰ ਨਾਲ ਜੁੜੇ ਹੋਏ ਲੋਕ ਇਹ ਕਹਿੰਦੇ ਹਨ ਕਿ ਅਜਿਹੇ ਮੁੱਦੇ ਉਤੇ ਰਾਜਨੀਤੀ ਨਹੀਂ ਕਰਨੀ ਚਾਹੀਦੀ। ਜੇ ਅੱਜ ਇਥੇ ਅਕਾਲੀ ਦਲ ਅਤੇ ਭਾਜਪਾ ਦੀ ਸਰਕਾਰ ਹੁੰਦੀ ਤਾਂ ਕਾਂਗਰਸੀ ਆਗੂਆਂ ਨੇ ਵੀ ਇਹ ਹੀ ਕੁਝ ਕਰਨਾ ਸੀ, ਜੋ ਉਨ੍ਹਾਂ ਦੇ ਖਿਲਾਫ ਅੱਜ ਸਾਰੀ ਵਿਰੋਧੀ ਧਿਰ ਕਰਦੀ ਪਈ ਹੈ। ਜੋ ਲੋਕ ਇਸ ਕਾਂਡ ਵਿਚ ਮੁੱਖ ਦੋਸ਼ੀ ਨਿਕਲਦੇ ਹਨ, ਉਨ੍ਹਾਂ ਵਿਚ ਪੰਜਾਬ ਸਰਕਾਰ ਚਲਾ ਰਹੀ ਕਾਂਗਰਸ ਪਾਰਟੀ ਦੇ ਮਾਝੇ ਵਿਚਲੇ ਦੋ ਵਿਧਾਇਕਾਂ ਦਾ ਨਾਂ ਆਉਂਦਾ ਹੈ ਤੇ ਪੰਜਾਬ ਦੇ ਦੂਜੇ ਸਿਰੇ ਹਰਿਆਣੇ ਨਾਲ ਲੱਗਦੀਆਂ ਦੋ ਸੀਟਾਂ ਵਾਲੇ ਵਿਧਾਇਕਾਂ ਦਾ ਨਾਂ ਵੀ ਵੱਜਦਾ ਹੈ। ਹਰਿਆਣਾ ਬਾਰਡਰ ਨਾਲ ਜੁੜਦੇ ਵਿਧਾਇਕਾਂ ਦਾ ਨਾਂ ਤਾਂ ਨਾਜਾਇਜ਼ ਸ਼ਰਾਬ ਦੇ ਕਾਂਡ ਦੇ ਨਾਲ ਕਈ ਹੋਰ ਗੰਦੇ ਧੰਦਿਆਂ ਵਿਚ ਵੀ ਸ਼ੱਰੇਆਮ ਲੋਕ ਦੱਸੀ ਜਾਂਦੇ ਹਨ, ਪਰ ਉਨ੍ਹਾਂ ਵਿਰੁੱਧ ਕਾਰਵਾਈ ਨਹੀਂ ਹੋ ਰਹੀ, ਜਦੋਂ ਕਿ ਇਹ ਖੜੇ ਪੈਰ ਕਰ ਦੇਣੀ ਚਾਹੀਦੀ ਸੀ। ਇਸੇ ਕਾਰਨ ਰਾਜ ਸਰਕਾਰ ਦੀਆਂ ਮੁਸ਼ਕਿਲਾਂ ਵਧ ਰਹੀਆਂ ਹਨ। ਸਰਕਾਰ ਕਹਿੰਦੀ ਹੈ ਕਿ ਅਜਿਹੇ ਕਾਂਡ ਦੇਸ਼ ਦੇ ਕਈ ਰਾਜਾਂ ਵਿਚ ਹੁੰਦੇ ਰਹੇ ਹਨ ਅਤੇ ਇਹ ਗੱਲ ਠੀਕ ਵੀ ਹੈ, ਪਰ ਇਸ ਸੱਚਾਈ ਨਾਲ ਪੰਜਾਬ ਸਰਕਾਰ ਆਪਣੇ ਫਰਜ਼ਾਂ ਨੂੰ ਨਿਭਾਉਣ ਦੀ ਕਮਜ਼ੋਰੀ ਤੋਂ ਨਹੀਂ ਬਚ ਸਕਦੀ। ਉਸ ਨੂੰ ਆਪਣੇ ਬੰਦਿਆਂ ਉਤੇ ਕਾਰਵਾਈ ਕਰਨੀ ਚਾਹੀਦੀ ਹੈ।



ਰਹਿ ਗਈ ਗੱਲ ਹੋਰ ਰਾਜਾਂ ਵਿਚ ਅਜਿਹੇ ਕਾਂਡ ਹੋਣ ਦੀ, ਉਸ ਬਾਰੇ ਦੱਸਣ ਦੀ ਲੋੜ ਨਹੀਂ, ਰਿਕਾਰਡ ਬੋਲਦਾ ਪਿਆ ਹੈ। ਸਾਲ 1991 ਵਿਚ ਮੁੰਬਈ ਵਿਚ ਅਜਿਹੇ ਕਾਂਡ ਵਿਚ 93 ਲੋਕ ਮਾਰੇ ਜਾਣ ਪਿੱਛੋਂ ਉਥੇ ਕਾਂਗਰਸ ਸਰਕਾਰ ਨੇ ਇੱਕ ਕਮੇਟੀ ਏਦਾਂ ਦੀਆਂ ਘਟਨਾਵਾਂ ਰੋਕਣ ਲਈ ਬਣਾਈ ਸੀ, ਪਰ 2015 ਵਿਚ ਫਿਰ ਸ਼ਰਾਬ ਕਾਂਡ ਵਾਪਰ ਗਿਆ ਤੇ 102 ਲੋਕ ਮਾਰੇ ਗਏ ਸਨ, ਜਦੋਂ ਉਥੇ ਭਾਜਪਾ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਰਾਜ ਸੀ। ਸਾਲ 1991 ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਅਜਿਹੇ ਕਾਂਡ ਵਿਚ 199 ਲੋਕ ਮਾਰੇ ਗਏ ਸਨ ਤੇ ਸ਼ਰਾਬ ਨੇੜਿਉਂ ਉਤਰ ਪ੍ਰਦੇਸ਼ ਦੇ ਗਾਜ਼ੀਆਬਾਦ ਜਿਲੇ ਤੋਂ ਆਈ ਸੀ, ਜਿੱਥੇ ਭਾਜਪਾ ਮੁੱਖ ਮੰਤਰੀ ਕਲਿਆਣ ਸਿੰਘ ਰਾਜ ਕਰਦਾ ਸੀ। ਫਿਰ 2008 ਦੌਰਾਨ ਕਰਨਾਟਕ ਦੇ ਤਿੰਨ ਜਿਲਿਆਂ ਅਤੇ ਨਾਲ ਲੱਗਦੇ ਤਾਮਿਲਨਾਡੂ ਦੇ ਇੱਕ ਜਿਲੇ ਵਿਚ ਇਹੋ ਕੁਝ ਹੋਇਆ ਤੇ ਕੁੱਲ ਜੋੜ ਕੇ 180 ਲੋਕ ਮਾਰੇ ਗਏ ਸਨ। ਉਦੋਂ ਕਰਨਾਟਕ ਵਿਚ ਗਵਰਨਰ ਦਾ ਰਾਜ ਸੀ ਤੇ ਤਾਮਿਲਨਾਡੂ ਵਿਚ ਡੀ. ਐੱਮ. ਕੇ. ਪਾਰਟੀ ਦੇ ਆਗੂ ਕਰੁਣਾਨਿਧੀ ਦਾ ਰਾਜ ਹੁੰਦਾ ਸੀ। ਅਗਲੇ ਸਾਲ ਗੁਜਰਾਤ ਵਿਚ ਇਹੋ ਕਹਿਰ ਵਾਪਰਿਆ ਤੇ ਨਰਿੰਦਰ ਮੋਦੀ ਵਾਲੇ ਉਸ ਰਾਜ ਵਿਚ 136 ਲੋਕ ਮਾਰੇ ਗਏ ਸਨ, ਜਿੱਥੇ ਸਾਰੇ ਰਾਜ ਵਿਚ ਸ਼ਰਾਬ ਉੱਤੇ ਮੁਕੰਮਲ ਪਾਬੰਦੀ ਸੀ ਤੇ ਇਸ ਮਾਮਲੇ ਵਿਚ ਭਾਜਪਾ ਦਾ ਇਕ ਵਿਧਾਇਕ ਅਤੇ ਕੁਝ ਹੋਰ ਲੋਕ ਦੋਸ਼ੀ ਦੱਸੇ ਗਏ ਸਨ।

ਸਾਲ 2011 ਵਿਚ ਪੱਛਮੀ ਬੰਗਾਲ ਵਿਚ 172 ਲੋਕ ਮਮਤਾ ਬੈਨਰਜੀ ਦੇ ਰਾਜ ਵਿਚ ਮਾਰੇ ਗਏ ਸਨ ਅਤੇ ਫਰਵਰੀ 2019 ਵਿਚ ਭਾਜਪਾ ਦੀਆਂ ਦੋ ਸਰਕਾਰਾਂ ਵਾਲੇ ਉੱਤਰਾਖੰਡ ਵਿਚ 99 ਤੇ ਆਸਾਮ ਵਿਚ 168 ਮਰੇ ਜੋੜ ਕੇ ਇੱਕੋ ਮਹੀਨੇ ਵਿਚ 267 ਲੋਕ ਮਰ ਗਏ ਸਨ। ਇਸ ਵਾਰੀ ਪੰਜਾਬ ਵਿਚ ਏਡਾ ਵੱਡਾ ਕਾਂਡ ਹੋ ਗਿਆ ਹੈ, ਜਿੱਡਾ ਪਹਿਲਾਂ ਕਦੇ ਨਹੀਂ ਹੋਇਆ। ਇਹ ਲਿਸਟ ਦੱਸਦੀ ਹੈ ਕਿ ਇਸ ਦੇਸ਼ ਦੇ ਲੋਕਾਂ ਉੱਤੇ ਕਾਂਗਰਸ ਦਾ ਰਾਜ ਹੋਵੇ, ਭਾਜਪਾ ਦਾ, ਮਮਤਾ ਬੈਨਰਜੀ ਦਾ ਜਾਂ ਡੀ. ਐੱਮ. ਕੇ. ਵਰਗਿਆਂ ਦਾ, ਸ਼ਰਾਬ ਕਾਂਡ ਇਸ ਲਈ ਬਿਨਾ ਰੋਕ ਚੱਲਦੇ ਰਹੇ ਹਨ ਕਿ ਸ਼ਰਾਬ ਦੇ ਤਸਕਰਾਂ ਦੀ ਸਭ ਪਾਰਟੀਆਂ ਨਾਲ ਸਾਂਝ ਚੱਲਦੀ ਹੈ। ਪੰਜਾਬ ਵਿਚ ਤਾਜ਼ਾ ਕਾਂਡ ਚਾਰ ਦਿਨ ਚਰਚਾ ਵਿਚ ਰਹਿਣਾ ਹੈ ਤੇ ਫਿਰ ਲੋਕਾਂ ਨੂੰ ਭੁਲਾਉਣ ਵਾਲਾ ਕੋਈ ਹੋਰ ਅਜਿਹਾ ਜਾਂ ਏਦੂੰ ਵੱਡਾ ਕਾਂਡ ਲੋਕਾਂ ਨੇ ਵੇਖ ਲੈਣਾ ਹੈ ਤੇ ਉਸ ਦੇ ਬਾਅਦ ਕਿਸੇ ਨੇ ਮਰ ਗਿਆਂ ਦੀ ਚਰਚਾ ਵੀ ਨਹੀਂ ਕਰਨੀ।

ਅਗਲੀ ਗੱਲ ਪੰਜਾਬ ਦੀ ਰਾਜਨੀਤੀ ਦੀ ਹੈ। ਸ਼ਰਾਬ ਕਾਂਡ ਪਿਛੋਂ ਕਾਂਗਰਸ ਦੇ ਦੋ ਪਾਰਲੀਮੈਂਟ ਮੈਂਬਰਾਂ-ਪ੍ਰਤਾਪ ਸਿੰਘ ਬਾਜਵਾ ਅਤੇ ਸ਼ਮਸ਼ੇਰ ਸਿੰਘ ਦੂਲੋ ਨੇ ਪੰਜਾਬ ਦੇ ਗਵਰਨਰ ਨੂੰ ਇੱਕ ਮੰਗ-ਪੱਤਰ ਦੇ ਕੇ ਇਸ ਕਾਂਡ ਦੀ ਜਾਂਚ ਲਈ ਕੇਂਦਰੀ ਏਜੰਸੀ ਸੀ. ਬੀ. ਆਈ. ਨੂੰ ਜ਼ਿੰਮਾ ਸੌਂਪਣ ਲਈ ਕਿਹਾ ਹੈ। ਇਹ ਮੰਗ-ਪੱਤਰ ਉਨ੍ਹਾਂ ਵੱਲੋਂ ਆਪਣੀ ਪਾਰਟੀ ਦੀ ਰਾਜ ਸਰਕਾਰ ਦੇ ਖਿਲਾਫ ਇੱਕ ਤਰ੍ਹਾਂ ਬੇਭਰੋਸਗੀ ਦਾ ਪ੍ਰਗਟਾਵਾ ਹੈ ਅਤੇ ਗਵਰਨਰ ਕਿਉਂਕਿ ਇਸ ਅਹੁਦੇ ਤੋਂ ਪਹਿਲਾਂ ਭਾਜਪਾ ਦਾ ਆਗੂ ਹੁੰਦਾ ਸੀ, ਉਹ ਇਸ ਪੱਤਰ ਨਾਲ ਆਪਣੀ ਚਿੱਠੀ ਜੋੜ ਕੇ ਕਿਸੇ ਵੀ ਸਮੇਂ ਕੇਂਦਰ ਸਰਕਾਰ ਨੂੰ ਸਿਫਾਰਸ਼ ਭੇਜਣ ਦੇ ਸਮਰੱਥ ਹੋ ਗਿਆ ਹੈ ਕਿ ਇਸ ਸਰਕਾਰ ਉੱਤੇ ਇਸ ਦੇ ਆਪਣੇ ਲੋਕ ਵੀ ਭਰੋਸਾ ਨਹੀਂ ਕਰਦੇ।

ਮੋਰਾਰਜੀ ਡਿਸਾਈ ਦੇ ਰਾਜ ਵੇਲੇ ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਸੀ ਤੇ ਤਲਵੰਡੀ-ਟੌਹੜਾ ਜੋੜੀ ਨੇ ਆਪਣੇ ਪਾਰਟੀ ਦੇ ਲੀਡਰ ਬਾਦਲ ਦੇ ਖਿਲਾਫ ਪਾਰਟੀ ਦੇ ਇੱਕ ਜਨਰਲ ਸੈਕਟਰੀ ਦੇ ਹੱਥੀਂ ਏਦਾਂ ਦਾ ਇੱਕ ਪੱਤਰ ਉਦੋਂ ਗਵਰਨਰ ਨੂੰ ਭੇਜਿਆ ਸੀ। ਕੁਝ ਹਫਤਿਆਂ ਪਿਛੋਂ ਕੇਂਦਰ ਵਿਚ ਸਰਕਾਰ ਬਦਲੀ ਤਾਂ ਇੰਦਰਾ ਗਾਂਧੀ ਦੀ ਨਵੀਂ ਸਰਕਾਰ ਦੇ ਲਾਏ ਗਵਰਨਰ ਨੇ ਆ ਕੇ ਅਕਾਲੀ ਆਗੂਆਂ ਦਾ ਮੰਗ-ਪੱਤਰ ਬਾਦਲ ਦੀ ਸਰਕਾਰ ਤੋੜਨ ਲਈ ਬਹਾਨੇ ਵਜੋਂ ਵਰਤਿਆ ਸੀ। ਏਦਾਂ ਕਈ ਹੋਰਨਾਂ ਰਾਜਾਂ ਵਿਚ ਵੀ ਹੋ ਚੱਕਾ ਹੈ ਤੇ ਅਜਿਹੇ ਪੱਤਰ ਆਪਣੀ ਪਾਰਟੀ ਅੰਦਰ ਸੌ ਰੋਸੇ ਹੋਣ ਦੇ ਬਾਵਜੂਦ ਕੋਈ ਉਦੋਂ ਹੀ ਦਿੰਦਾ ਹੁੰਦਾ ਹੈ, ਜਦੋਂ ਇਸ ਦੇ ਲਈ ਕਿਸੇ ਦੂਜੀ ਧਿਰ ਤੋਂ ਆਸ ਹੋਵੇ। ਇਹ ਆਸ ਇਸ ਵੇਲੇ ਭਾਜਪਾ ਤੋਂ ਹੋ ਸਕਦੀ ਹੈ।

ਭਾਜਪਾ ਤੋਂ ਆਸ ਸਿਰਫ ਬਾਜਵਾ-ਦੂਲੋ ਨੂੰ ਹੀ ਨਹੀਂ ਹੋ ਸਕਦੀ, ਅਕਾਲੀ ਦਲ ਤੋਂ ਵੱਖ ਹੋਏ ਜਿਸ ਸੁਖਦੇਵ ਸਿੰਘ ਢੀਂਡਸਾ ਨਾਲ ਅਕਾਲੀ ਦਲ ਤੋਂ ਨਾਰਾਜ਼ ਲੋਕ ਜੁੜ ਰਹੇ ਹਨ, ਉਨ੍ਹਾਂ ਸਾਰਿਆਂ ਨੂੰ ਵੀ ਆਸ ਹੈ ਕਿ ਭਾਜਪਾ ਅਗਲੀਆਂ ਚੋਣਾਂ ਦੇ ਵਕਤ ਬਾਦਲ ਬਾਪ-ਬੇਟੇ ਨੂੰ ਲੋਕਾਂ ਨਾਲੋਂ ਕੱਟੇ ਹੋਏ ਸਮਝ ਕੇ ਇਨ੍ਹਾਂ ਨਾਲ ਸਮਝੌਤਾ ਕਰ ਸਕਦੀ ਹੈ। ਭਾਜਪਾ ਦੇ ਆਗੂ ਏਦਾਂ ਦੇ ਸੰਕੇਤ ਦੇਈ ਵੀ ਜਾਂਦੇ ਹਨ ਤੇ ਇਹ ਗੱਲਾਂ ਵੀ ਇਸ ਵਕਤ ਚਰਚਾ ਵਿਚ ਹਨ ਕਿ ਭਾਜਪਾ ਪੰਜਾਬ ਦੀ ਰਾਜਨੀਤੀ ਵਿਚ ਕਿਸੇ ਵੱਡੇ ਸਿੱਖ ਆਗੂ ਨੂੰ ਅੱਗੇ ਲਾਉਣ ਲਈ ਕਾਂਗਰਸ ਵਿਚ ਵੀ ਕੁੰਡੀਆਂ ਪਾ ਰਹੀ ਹੈ ਤੇ ਕਾਂਗਰਸ ਸਰਕਾਰ ਵਿਚ ਮੰਤਰੀ ਰਹਿ ਚੁਕੇ ਨਵਜੋਤ ਸਿੰਘ ਸਿੱਧੂ ਦੇ ਨਾਲ ਵੀ ਸੰਪਰਕ ਬਣਾ ਰੱਖਿਆ ਹੈ। ਪਿਛਲੇ ਹਫਤੇ ਨਵਜੋਤ ਸਿੰਘ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਜਦੋਂ ਇਹ ਆਖਿਆ ਕਿ ਉਨ੍ਹਾਂ ਦੋਹਾਂ ਨੂੰ ਸਾਰੀ ਸਮੱਸਿਆ ਅਕਾਲੀ ਆਗੂਆਂ ਤੋਂ ਹੈ, ਭਾਜਪਾ ਨਾਲ ਕੋਈ ਸਮੱਸਿਆ ਹੀ ਨਹੀਂ ਤਾਂ ਇਹ ਗੱਲ ਸਹਿਵਨ ਨਹੀਂ ਸੀ ਆਖੀ, ਇਸ ਦੇ ਪਿੱਛੇ ਚੱਲਦੀ ਸਿਆਸਤ ਨੂੰ ਸਮਝਣ ਵਾਲੇ ਸਮਝ ਗਏ ਸਨ। ਹੋਰ ਗੱਲਾਂ ਛੱਡ ਦਿਓ, ਭਾਜਪਾ ਪੰਜਾਬ ਦੀ ਆਮ ਆਦਮੀ ਪਾਰਟੀ ਦੇ ਇੱਕ ਵਿਧਾਇਕ ਤੱਕ ਵੀ ਪਹੁੰਚ ਕਰ ਰਹੀ ਹੈ, ਜੋ ਬਹੁਤ ਵੱਡਾ ਬੁੱਧੀਜੀਵੀ ਕਿਹਾ ਜਾਂਦਾ ਹੈ, ਪਰ ਪਿਛਲੇ ਕਾਫੀ ਸਮੇਂ ਤੋਂ ਚੁੱਪ ਕਰ ਕੇ ਦਿਨ ਗੁਜ਼ਾਰ ਰਿਹਾ ਹੈ। ਉਹ ਨੇੜਲੇ ਸੱਜਣਾਂ ਤੋਂ ਬਿਨਾ ਕਿਸੇ ਦਾ ਫੋਨ ਵੀ ਨਹੀਂ ਚੁੱਕਦਾ ਤੇ ਇੱਕ ਸਾਬਕਾ ਫੌਜੀ ਅਫਸਰ ਦੇ ਰਾਹੀਂ ਉਸ ਨੂੰ ਪਤਿਆਉਣ ਦੀ ਭਾਜਪਾ ਦੀ ਕੋਸ਼ਿਸ਼ ਵੀ ਚਰਚਾ ਵਿਚ ਹੈ। ਏਦਾਂ ਕੁਝ ਹੋਰ ਲੋਕ ਵੀ ਏਜੰਡੇ ਉੱਤੇ ਹਨ।

ਜਿਹੜੇ ਲੋਕਾਂ ਨੂੰ ਸ਼ਤਰੰਜ ਦੀ ਖੇਡ ਦਾ ਪਤਾ ਹੈ, ਉਹ ਜਾਣਦੇ ਹਨ ਕਿ ਬਾਕੀ ਦੀਆਂ ਸਾਰੀਆਂ ਗੋਟੀਆਂ ਸਿੱਧੇ ਜਾਂ ਤਿਰਛੇ ਪਾਸੇ ਇੱਕੋ ਸੇਧ ਵਿਚ ਅੱਗੇ ਜਾਂ ਪਿੱਛੇ ਹੁੰਦੀਆਂ ਹਨ, ਪਰ ਇਸ ਖੇਡ ਵਿਚ ਘੋੜਾ ਜਦੋਂ ਚੱਲਦਾ ਹੈ, ਢਾਈ ਘਰਾਂ ਦਾ ਛੜੱਪਾ ਮਾਰਦਾ ਹੈ। ਉਹ ਢਾਈ ਘਰਾਂ ਵਾਲਾ ਛੜੱਪਾ ਅੱਗੇ, ਪਿੱਛੇ, ਖੱਬੇ ਜਾਂ ਸੱਜੇ ਕਿਸੇ ਪਾਸੇ ਵੀ ਵੱਜ ਸਕਦਾ ਹੈ ਅਤੇ ਭਾਜਪਾ ਇਸ ਵਕਤ ਉਸ ਘੋੜੇ ਵਾਂਗ ਇੱਕੋ ਵਕਤ ਕਈ ਪਾਸੀਂ ਅੱਖਾਂ ਲਾਈ ਬੈਠੀ ਹੈ। ਉਸ ਦਾ ਘੋੜਾ ਕਿਸੇ ਕਾਂਗਰਸੀ ਦੀ ਸਵਾਰੀ ਲਈ ਵੀ ਪੇਸ਼ ਹੋ ਸਕਦਾ ਹੈ, ਕਿਸੇ ਅਕਾਲੀ ਜਾਂ ਭਾਜਪਾ ਵਿਚੋਂ ਕੱਢੇ ਹੋਏ ਆਗੂ ਲਈ ਵੀ ਤੇ ਕਿਸੇ ਵੱਡੇ ਅਫਸਰ ਵਾਸਤੇ ਵੀ, ਜੋ ਅਗਲੇ ਦਿਨੀਂ ਰਿਟਾਇਰ ਹੋਣ ਵਾਲਾ ਹੈ। ਇਹ ਸ਼ਤਰੰਜੀ ਘੋੜਾ ਕਿਸੇ ਵੱਡੇ ਦਾਅ ਉਤੇ ਹੈ।

Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Manjit Singh Nagra
Realtor/Broker
Cell: 317-750-1900
6979 Hillsdale Court
Indianapolis, Indiana 46250

Gurdeep (Garry) Chhokar
Realtor/Broker
Cell: 317-500-1247

Star Alliance BROKERAGE



We do all type of Home and Commercial Loan. Same day loan approval...

# ਦਿੱਲੀ ਹਿੰਸਾ ਅਤੇ 'ਆਪ' ਦੇ ਸਾਹਮਣੇ ਸਵਾਲ

"ਸਾਡੇ ਦੇਸ਼ ਦੀ ਮੁੱਖ ਸਮੱਸਿਆ ਇਹ ਹੈ ਕਿ ਇੱਥੇ ਕੋਈ ਜਮਹੂਰੀਅਤ ਨਹੀਂ। ਅਸੀਂ ਜਮਹੂਰੀਅਤ ਚਾਹੁੰਦੇ ਹਾਂ।" ਇਹ ਸ਼ਬਦ ਅਰਵਿੰਦ ਕੇਜਰੀਵਾਲ ਨੇ 2012 ਵਿਚ ਪ੍ਰਕਾਸ਼ਿਤ ਹੋਏ ਆਪਣੇ ਕਿਤਾਬਚੇ 'ਸਵਰਾਜ' ਵਿਚ ਲਿਖੇ। ਉਸ ਕਿਤਾਬਚੇ ਵਿਚ ਕੇਜਰੀਵਾਲ ਨੇ ਜ਼ਮੀਨੀ ਪੱਧਰ 'ਤੇ ਸਿੱਧੀ ਜਮਹੂਰੀਅਤ ਦੀ ਵਕਾਲਤ ਕੀਤੀ। ਉਸ ਨੇ ਲਿਖਿਆ ਕਿ ਸਾਨੂੰ ਗ੍ਰਾਮ ਸਭਾਵਾਂ ਅਤੇ ਮੁਹੱਲਾ ਸਭਾਵਾਂ ਰਾਹੀਂ ਲੋਕਾਂ ਨੂੰ ਸਥਾਨਿਕ ਵਿਕਾਸ ਅਤੇ ਹੋਰ ਸਰਕਾਰੀ ਕਾਰਜਾਂ ਵਿਚ ਹਿੱਸੇਦਾਰ ਬਣਾਉਣਾ ਚਾਹੀਦਾ ਹੈ। ਅਰਵਿੰਦ ਕੇਜਰੀਵਾਲ ਨੂੰ 2006 ਵਿਚ ਰੇਮਨ ਮੈਗਸੇਸੇ ਇਨਾਮ ਮਿਲਿਆ। ਉਸ ਨੇ ਜਾਣਕਾਰੀ/ਸੂਚਨਾ ਹਾਸਲ ਕਰਨ ਦੇ ਅਧਿਕਾਰ ਅਤੇ ਸਿੱਧੀ ਜਮਹੂਰੀਅਤ ਦੀ ਵਕਾਲਤ ਕਰਨ ਵਾਲੇ ਸਮਾਜਿਕ ਕਾਰਕੁਨ ਵਜੋਂ ਪ੍ਰਸਿਧੀ ਹਾਸਲ ਕੀਤੀ। 2011 ਵਿਚ ਉਹ ਭ੍ਰਿਸ਼ਟਾਚਾਰ-ਵਿਰੋਧੀ ਮੁਹਿੰਮ ਵਿਚ ਅੰਨਾ ਹਜ਼ਾਰੇ ਦੇ ਮੁੱਖ ਸਾਥੀ ਵਜੋਂ ਉਭਰਿਆ ਪਰ 2012 ਵਿਚ ਉਸ ਨੇ ਆਪਣੀ ਵੱਖਰੀ ਸਿਆਸੀ ਪਾਰਟੀ ਆਮ ਆਦਮੀ ਪਾਰਟੀ (ਆਪ) ਬਣਾ ਲਈ। ਇਸ ਪਾਰਟੀ ਦਾ ਬਣਨਾ ਦਿੱਲੀ ਅਤੇ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਇਕ ਸਿਆਸੀ ਭੂਚਾਲ ਲਿਆਉਣ ਦੇ ਬਰਾਬਰ ਸੀ। ਉਨ੍ਹਾਂ ਨੂੰ ਲੱਗਾ ਕਿ ਜਿਸ ਤੀਸਰੇ ਬਦਲ ਦੀ ਉਹ ਵਰ੍ਹਿਆਂ ਤੋਂ ਤਲਾਸ਼ ਕਰ ਰਹੇ ਸਨ, ਉਹ ਆ ਪਹੁੰਚਾ ਹੈ। ਪੰਜਾਬ ਅਤੇ ਦਿੱਲੀ ਹੀ ਨਹੀਂ, ਇਸ ਦਾ ਅਸਰ ਸਾਰੇ ਹਿੰਦੋਸਤਾਨ ਵਿਚ ਪਿਆ। ਵਰ੍ਹਿਆਂ ਤੋਂ ਜ਼ਮੀਨੀ ਪੱਧਰ 'ਤੇ ਸੰਘਰਸ਼ ਕਰ ਰਹੇ ਮੇਧਾ ਪਾਟੇਕਰ ਵਰਗੇ ਆਗੂਆਂ ਨੂੰ ਲੱਗਾ ਕਿ ਆਪਣੇ ਸੰਘਰਸ਼ ਨੂੰ 'ਆਪ' ਰਾਹੀਂ ਸਿਆਸੀ ਨਕਸ਼ ਦੇ ਸਕਦੇ ਹਨ। ਪ੍ਰਸ਼ਾਂਤ ਭੂਸ਼ਨ, ਯੋਗੇਂਦਰ ਯਾਦਵ, ਪ੍ਰੋਫੈਸਰ ਅਰੁਣ ਕੁਮਾਰ, ਰਾਜਮੋਹਨ ਗਾਂਧੀ ਅਤੇ ਹੋਰ ਹਜ਼ਾਰਾਂ ਦਾਨਿਸ਼ਵਰ ਤੇ ਸਮਾਜਿਕ ਕਾਰਕੁਨ ਉਸ ਦੀ ਪਾਰਟੀ ਵਿਚ ਸ਼ਾਮਲ ਹੋ ਗਏ। ਲੋਕਾਂ ਨੂੰ ਲੱਗਾ ਕਿ ਜਮਹੂਰੀਅਤ ਦਾ ਜਸ਼ਨ ਸ਼ੁਰੂ ਹੋ ਗਿਆ ਹੈ। 2013 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਨੇ 60 ਵਿਚੋਂ 28 ਸੀਟਾਂ ਜਿੱਤ ਕੇ ਕਾਂਗਰਸ ਦੀ ਹਮਾਇਤ ਨਾਲ ਸਰਕਾਰ ਬਣਾਈ। ਉਸ ਨੂੰ 2014 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ (4 ਸੀਟਾਂ 'ਤੇ ਜਿੱਤ) ਤੋਂ ਬਿਨਾ ਹਰ ਥਾਂ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ। 2015 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਉਸ ਨੇ ਭਾਜਪਾ ਤੇ ਕਾਂਗਰਸ ਨੂੰ ਕਰਾਰੀ ਹਾਰ ਦੇ ਕੇ 70 ਵਿਚੋਂ 67 ਸੀਟਾਂ ਜਿੱਤੀਆਂ। ਲੋਕਾਂ ਦਾ ਇਹ ਫੈਸਲਾ ਭਾਜਪਾ ਅਤੇ ਕਾਂਗਰਸ ਦੋਹਾਂ ਨੂੰ ਇਹ ਦੱਸਣ ਦਾ ਯਤਨ ਸੀ ਕਿ ਜੇ ਸਾਡੇ ਕੋਲ ਤੀਸਰਾ ਬਦਲ ਹੋਵੇ ਤਾਂ ਅਸੀਂ ਤੁਹਾਨੂੰ ਨਹੀਂ ਚੁਣਾਂਗੇ।



**ਸਵਰਾਜਬੀਰ**

ਕੇਂਦਰੀ ਜਾਂਚ ਏਜੰਸੀ (ਸੀ.ਬੀ.ਆਈ.) ਨੇ 2015 ਵਿਚ ਕੇਜਰੀਵਾਲ ਦੇ ਦਫਤਰ 'ਤੇ ਛਾਪੇ ਮਾਰੇ ਤਾਂ ਉਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਕਾਇਰ ਤੇ ਮਨੋਰੋਗੀ' ਕਿਹਾ। 2017 ਵਿਚ ਸੀ.ਬੀ.ਆਈ. ਵਲੋਂ ਉਸ ਦੇ ਮੰਤਰੀ ਸਤੇਂਦਰ ਜੈਨ ਦੇ ਘਰ 'ਤੇ ਮਾਰੇ ਛਾਪਿਆਂ ਬਾਅਦ ਵੀ ਉਹ ਮੋਦੀ ਵਿਰੁਧ ਬੋਲਿਆ। ਕੇਜਰੀਵਾਲ ਸਰਕਾਰ ਨੇ ਦਿੱਲੀ ਵਿਚ ਸਿਹਤ, ਵਿੱਦਿਆ, ਪਾਣੀ, ਬਿਜਲੀ ਅਤੇ ਕੁਝ ਹੋਰ ਖੇਤਰਾਂ ਵਿਚ ਸ਼ਲਾਘਾਯੋਗ ਕੰਮ ਕੀਤਾ। 2015 ਦੇ ਅਖੀਰ ਅਤੇ 2016 ਸ਼ੁਰੂ ਵਿਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦਾ ਸੰਘਰਸ਼ ਹੋਇਆ ਜਿਸ ਵਿਚ ਕਨ੍ਹੱਈਆ ਕੁਮਾਰ, ਉਮਰ ਖਾਲਿਦ ਅਤੇ ਕਈ ਹੋਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੇਜਰੀਵਾਲ ਵਿਦਿਆਰਥੀ ਆਗੂਆਂ ਦੀ ਹਮਾਇਤ ਵਿਚ ਨਿੱਤਰਿਆ ਅਤੇ ਉਸ ਨੇ ਕਨ੍ਹੱਈਆ ਕੁਮਾਰ ਦੀ ਇਹ ਕਹਿੰਦਿਆਂ ਸ਼ਲਾਘਾ ਕੀਤੀ ਕਿ "ਉਸ ਦੀਆਂ ਸੋਚਾਂ ਵਿਚ ਹੈਰਾਨ ਕਰ ਦੇਣ ਵਾਲੀ ਸਪਸ਼ਟਤਾ ਹੈ।" ਉਸ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਲੋਕ, ਜਿਨ੍ਹਾਂ ਨੇ ਅਦਾਲਤ ਵਿਚ ਪੁਲਿਸ ਦੀ ਹਿਰਾਸਤ ਵਿਚ ਲਏ ਗਏ ਕਨ੍ਹੱਈਆ ਕੁਮਾਰ 'ਤੇ ਹਮਲਾ ਕੀਤਾ ਸੀ, ਵਿਰੁਧ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਉਸ ਦੀ ਸਰਕਾਰ ਨੇ ਕਨ੍ਹੱਈਆ ਕੁਮਾਰ ਅਤੇ ਉਸ ਦੇ ਸਾਥੀਆਂ 'ਤੇ ਲਾਏ ਗਏ ਦੇਸ਼-ਧਰੋਹ ਦੇ ਇਲਜ਼ਾਮ ਤਹਿਤ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ।

ਇਸੇ ਦੌਰਾਨ ਕੇਜਰੀਵਾਲ ਅਤੇ 'ਆਪ' ਦਿੱਲੀ ਸਰਕਾਰ ਨੂੰ ਵੱਧ ਅਧਿਕਾਰ ਦੇਣ ਅਤੇ ਪੂਰੇ ਰਾਜ ਦਾ ਦਰਜਾ ਦੇਣ ਲਈ ਸੰਘਰਸ਼ ਕਰਦੇ ਰਹੇ। ਜਦ ਇਕ ਸੁਣਵਾਈ ਦੌਰਾਨ ਸੁਪਰੀਮ ਕੋਰਟ ਦਿੱਲੀ ਸਰਕਾਰ ਨੂੰ ਹੋਰ ਅਧਿਕਾਰ ਦੇਣ ਉਤੇ ਸਹਿਮਤ ਨਾ ਹੋਈ ਤਾਂ ਕੇਜਰੀਵਾਲ ਨੇ ਸੁਪਰੀਮ ਕੋਰਟ ਦੇ ਫੈਸਲੇ ਦੀ ਆਲੋਚਨਾ ਕੀਤੀ। ਇਸ ਤਰ੍ਹਾਂ ਕੇਜਰੀਵਾਲ ਸੂਬਿਆਂ ਨੂੰ ਵੱਧ ਅਧਿਕਾਰ ਦੇਣ ਭਾਵ ਫੈਡਰਲਿਜ਼ਮ ਦੇ ਵੱਡੇ ਹਮਾਇਤੀ ਵਜੋਂ ਉਭਰਿਆ।

2019 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਕੇਜਰੀਵਾਲ ਤੇ ਆਮ ਆਦਮੀ ਪਾਰਟੀ ਦੇ ਸੋਚਣ ਦੇ ਤਰੀਕੇ ਵਿਚ ਭਾਰੀ ਤਬਦੀਲੀ ਲਿਆਂਦੀ। 2014 ਵਾਂਗ 2019 ਦੀਆਂ ਲੋਕ ਸਭਾ ਚੋਣਾਂ ਵਿਚ ਵੀ 'ਆਪ' ਨੂੰ ਦਿੱਲੀ ਦੇ ਸਾਰੇ ਹਲਕਿਆਂ ਵਿਚ ਭਾਜਪਾ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਅਗਸਤ 2019 ਵਿਚ 'ਆਪ' ਨੇ ਰਾਜ ਸਭਾ ਵਿਚ ਸੰਵਿਧਾਨ ਦੀ ਧਾਰਾ 370 ਨੂੰ ਮਨਸੂਖ ਕਰਨ ਅਤੇ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੰਡਣ ਦੇ ਹੱਕ ਵਿਚ ਵੋਟ ਪਾਈ। ਪ੍ਰਤੱਖ ਸੀ ਕਿ 'ਆਪ' ਫੈਡਰਲਿਜ਼ਮ ਦੇ ਮਾਮਲੇ ਵਿਚ ਆਪਣੇ ਪਹਿਲਾਂ ਵਾਲੇ ਪੈਂਤੜੇ ਤੋਂ ਪਿੱਛੇ ਹਟ ਰਹੀ ਹੈ।

ਲੋਕਾਂ ਨੂੰ ਫਿਰ ਵੀ 'ਆਪ' ਵਿਚ ਆਸ ਕਾਇਮ ਰਹੀ ਕਿਉਂਕਿ ਉਸ ਨੇ ਨਾਗਰਿਕਤਾ ਸੋਧ ਕਾਨੂੰਨ ਦੇ ਮਸਲੇ 'ਤੇ ਸੰਸਦ ਵਿਚ ਭਾਜਪਾ ਵਿਰੁੱਧ ਵੋਟਾਂ ਪਾਈਆਂ ਪਰ 'ਆਪ' ਬਦਲ ਰਹੀ ਸੀ। ਇਸ ਬਦਲਾਉ ਦੇ ਪ੍ਰਤੱਖ ਚਿੰਨ੍ਹ ਉਦੋਂ ਦਿਖਾਈ ਦਿੱਤੇ ਜਦ ਦਿੱਲੀ ਦੇ ਲੋਕਾਂ ਨੇ ਸ਼ਾਹੀਨ ਬਾਗ, ਚਾਂਦ ਬਾਗ ਅਤੇ ਹੋਰ ਥਾਵਾਂ 'ਤੇ ਨਾਗਰਿਕਤਾ ਸੋਧ ਕਾਨੂੰਨ ਵਿਰੁਧ ਮੋਰਚੇ ਲਾਏ। ਹੱਥਾਂ ਵਿਚ ਸੰਵਿਧਾਨ ਦੀਆਂ ਕਾਪੀਆਂ ਫੜੀ ਨਾਨੀਆਂ, ਦਾਦੀਆਂ ਅਤੇ ਨੌਜਵਾਨ ਇਨ੍ਹਾਂ ਮੋਰਚਿਆਂ ਵਿਚ ਕੁੱਦੇ। ਚਿੰਤਕ, ਲੇਖਕ, ਵਿਦਵਾਨ, ਵਿਦਿਆਰਥੀ, ਕਲਾਕਾਰ ਸ਼ਾਹੀਨ ਬਾਗ ਅਤੇ ਹੋਰ ਥਾਵਾਂ 'ਤੇ ਅੰਦੋਲਨ ਕਰ ਰਹੇ ਲੋਕਾਂ, ਜਿਨ੍ਹਾਂ ਵਿਚ ਮੁੱਖ ਹਿੱਸਾ ਔਰਤਾਂ ਦਾ ਸੀ, ਦੀ ਹਮਾਇਤ ਲਈ ਪਹੁੰਚੇ ਪਰ ਆਮ ਆਦਮੀ ਪਾਰਟੀ ਇਨ੍ਹਾਂ ਅੰਦੋਲਨਾਂ ਵਿਚੋਂ ਗਾਇਬ ਰਹੀ। ਲੋਕ ਉਡੀਕਦੇ ਰਹੇ ਪਰ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੇ ਸੀਨੀਅਰ ਸਾਥੀ ਕਿਸੇ ਅਜਿਹੇ ਮੁਜ਼ਾਹਰੇ ਵਿਚ ਸ਼ਾਮਲ ਨਾ ਹੋਏ। ਆਪਣੇ ਆਪ ਨੂੰ ਜਮਹੂਰੀਅਤ ਦੇ ਅਲੰਬਰਦਾਰ ਅਖਵਾਉਣ ਵਾਲਿਆਂ ਨੇ ਜਮਹੂਰੀ ਅੰਦੋਲਨ ਕਰ ਰਹੇ ਲੋਕਾਂ ਦੀ ਬਾਂਹ ਨਾ ਫੜੀ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਅਤੇ ਜਾਮੀਆ ਮਿਲੀਆ ਇਸਲਾਮੀਆ ਵਿਚ ਗੁੰਡਿਆਂ ਅਤੇ ਪੁਲਿਸ ਦੇ ਦਾਖਲ ਹੋਣ ਅਤੇ ਵਿਦਿਆਰਥੀਆਂ ਦੀ ਕੁੱਟ-ਮਾਰ ਵੇਲੇ ਵੀ ਪਾਰਟੀ ਚੁੱਪ ਰਹੀ।

ਇਹ ਦਲੀਲ ਦਿੱਤੀ ਗਈ ਕਿ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਸਿਰ 'ਤੇ ਹਨ ਅਤੇ 'ਆਪ' ਦੇ ਸ਼ਾਹੀਨ ਬਾਗ ਜਿਹੇ ਮੋਰਚਿਆਂ ਵਿਚ ਸ਼ਾਮਲ ਹੋਣ ਨਾਲ ਭਾਜਪਾ ਨੂੰ ਫਾਇਦਾ ਮਿਲੇਗਾ। ਲੋਕਾਂ ਨੇ ਇਹ ਦਲੀਲ ਵੀ ਸਵੀਕਾਰ ਕਰ ਲਈ ਅਤੇ ਵਿਧਾਨ ਸਭਾ ਚੋਣਾਂ ਵਿਚ 'ਆਪ' ਨੂੰ ਵੱਡੀ ਜਿੱਤ ਹਾਸਲ ਹੋਈ। ਉਸ ਨੇ 70 ਵਿਚੋਂ 62 ਸੀਟਾਂ ਜਿੱਤੀਆਂ।

23 ਫਰਵਰੀ 2020 ਤੋਂ ਦਿੱਲੀ ਵਿਚ ਫਿਰਕੂ ਹਿੰਸਾ ਭੜਕੀ ਜਿਸ ਵਿਚ 53 ਲੋਕ ਮਾਰੇ ਗਏ, ਸੈਂਕੜੇ ਜ਼ਖਮੀ ਅਤੇ ਹਜ਼ਾਰਾਂ ਬੇਘਰ ਹੋਏ। ਲੋਕਾਂ ਦੇ ਘਰ, ਦੁਕਾਨਾਂ, ਵਪਾਰਕ ਅਦਾਰੇ, ਸਕੂਲ, ਧਾਰਮਿਕ ਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਅਤੇ ਸਾੜਿਆ ਗਿਆ। ਹੈਰਾਨੀ ਦੀ ਗੱਲ ਹੈ ਕਿ ਕੇਜਰੀਵਾਲ, ਉਸ ਦੇ ਮੰਤਰੀ ਅਤੇ ਵਿਧਾਇਕ ਇਨ੍ਹਾਂ ਦੰਗਿਆਂ ਦੌਰਾਨ ਲੋਕਾਂ ਦੀ ਸਹਾਇਤਾ ਕਰਨ ਨਾ ਪਹੁੰਚੇ। ਉਹ ਮਹਾਤਮਾ ਗਾਂਧੀ ਦੀ ਸਮਾਧੀ ਰਾਜਘਾਟ 'ਤੇ ਗਏ ਅਤੇ ਲੋਕਾਂ ਨੂੰ 'ਪਾਗਲਪਣ ਬੰਦ ਕਰਨ' ਲਈ ਕਿਹਾ ਪਰ ਉਹ ਲੋਕ, ਜੋ ਦੰਗਾ ਭੜਕਾ ਰਹੇ ਸਨ, ਵਿਰੁੱਧ ਕੁਝ ਨਾ ਬੋਲੇ। 25 ਜਨਵਰੀ ਦੀ ਸ਼ਾਮ ਨੂੰ ਉਘੀਆਂ ਔਰਤ ਸਮਾਜਿਕ ਕਾਰਕੁਨਾਂ, ਜਿਨ੍ਹਾਂ ਵਿਚ ਵਰਿੰਦਾ ਗਰੋਵਰ, ਫਰਹਾ ਨਕਵੀ, ਭਾਸ਼ਾ ਸਿੰਘ, ਕਵਿਤਾ ਕ੍ਰਿਸ਼ਨਨ, ਆਇਸ਼ਾ ਕਿਦਵਈ, ਨਵਸ਼ਰਨ ਕੌਰ ਅਤੇ ਹੋਰ ਸ਼ਾਮਲ ਸਨ, ਨੇ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ ਵਿਚ ਉਸ ਨਾਲ ਮੁਲਾਕਾਤ ਕਰਕੇ ਦੰਗੇ ਵਾਲੀਆਂ ਥਾਵਾਂ 'ਤੇ ਜਾ ਕੇ ਦੰਗੇ ਰੁਕਵਾਉਣ ਲਈ ਕਿਹਾ। ਕੇਜਰੀਵਾਲ ਨੇ ਵਾਅਦਾ ਕੀਤਾ ਕਿ ਉਹ ਜਾਵੇਗਾ ਪਰ ਉਹ ਸਿਰਫ ਹਸਪਤਾਲ ਵਿਚ ਦਾਖਲ ਹੋਏ ਦੰਗਾ ਪੀੜਤਾਂ ਦਾ ਹਾਲ ਪੁੱਛਣ ਤਕ ਹੀ ਸੀਮਤ ਰਿਹਾ। ਇਸੇ ਦੌਰਾਨ 'ਆਪ' ਸਰਕਾਰ ਹੋਰ ਥਿੜਕੀ। ਉਸ ਨੇ ਕਨ੍ਹੱਈਆ ਕੁਮਾਰ ਅਤੇ ਉਸ ਦੇ ਸਾਥੀਆਂ 'ਤੇ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇ ਦਿੱਤੀ।



ਦਿੱਲੀ ਘੱਟ ਗਿਣਤੀ ਕਮਿਸ਼ਨ ਦਿੱਲੀ ਸਰਕਾਰ ਦੁਆਰਾ ਦਿੱਲੀ ਘੱਟ ਗਿਣਤੀ ਕਮਿਸ਼ਨ ਐਕਟ 1999 ਦੇ ਤਹਿਤ ਗਠਿਤ ਕੀਤਾ ਗਿਆ ਅਦਾਰਾ ਹੈ ਜਿਸ ਦਾ ਚੇਅਰਮੈਨ ਡਾ. ਜਫਰ-ਉਲ-ਇਸਲਾਮ ਖਾਨ ਹੈ ਅਤੇ ਹੋਰ ਮੈਂਬਰ ਕਰਤਾਰ ਸਿੰਘ ਕੋਛੜ ਅਤੇ ਅਨਸਤਾਸੀਆ ਗਿੱਲ ਹਨ। ਇਸ ਨੇ 9 ਮਾਰਚ ਦੇ ਆਪਣੇ ਆਦੇਸ਼ ਵਿਚ ਦਿੱਲੀ ਦੇ ਉਤਰ-ਪੂਰਬੀ ਜ਼ਿਲ੍ਹੇ ਵਿਚ ਹੋਈ ਹਿੰਸਾ ਦੀ ਪੜਤਾਲ ਕਰਨ ਲਈ ਐਮ.ਆਰ. ਸ਼ਮਸ਼ਾਦ ਦੀ ਅਗਵਾਈ ਵਿਚ ਤੱਥ ਲੱਭਣ ਲਈ ਕਮੇਟੀ ਬਣਾਈ ਜਿਸ ਵਿਚ ਐਸ.ਜੀ.ਪੀ.ਸੀ. ਦੇ ਗੁਰਮਿੰਦਰ ਸਿੰਘ ਮਠਾੜੂ ਅਤੇ 7 ਹੋਰ ਮੈਂਬਰ ਸਨ। ਕਮੇਟੀ ਨੇ ਆਪਣੀ ਰਿਪੋਰਟ 27 ਜੂਨ 2020 ਨੂੰ ਦੇ ਦਿੱਤੀ ਹੈ ਜਿਸ ਅਨੁਸਾਰ:

ਦਿੱਲੀ ਵਿਚ ਹਿੰਸਾ ਭਾਜਪਾ ਆਗੂ ਕਪਿਲ ਮਿਸ਼ਰਾ ਦੇ ਮੌਜਪੁਰ ਇਲਾਕੇ ਵਿਚ ਪੁਲਿਸ ਦੀ ਮੌਜੂਦਗੀ ਵਿਚ ਦਿੱਤੇ ਗਏ ਭਾਸ਼ਨ ਤੋਂ ਸ਼ੁਰੂ ਹੋਈ ਜਿਸ ਵਿਚ ਉਸ ਨੇ ਜਫਰਾਬਾਦ ਵਿਚ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਚਿਤਾਵਨੀ ਦਿੱਤੀ "ਜੇ ਉਨ੍ਹਾਂ ਤਿੰਨ ਦਿਨਾਂ ਵਿਚ ਸੜਕਾਂ ਖਾਲੀ ਨਾ ਕੀਤੀਆਂ ਤਾਂ ਉਹ ਪੁਲਿਸ ਦੀ ਗੱਲ ਵੀ ਨਹੀਂ ਸੁਣਨਗੇ।" ਉਸ ਸਮੇਂ ਉਤਰ-ਪੂਰਬੀ ਜ਼ਿਲ੍ਹੇ ਦਾ ਪੁਲਿਸ ਮੁਖੀ ਡੀ.ਸੀ.ਪੀ. ਵੇਦ ਪ੍ਰਕਾਸ਼ ਸੂਰਿਆ ਕਪਿਲ ਮਿਸ਼ਰਾ ਦੇ ਨਾਲ ਖਲੋਤਾ ਹੋਇਆ ਸੀ। ਪੁਲਿਸ ਨੇ ਨਾ ਕਪਿਲ ਮਿਸ਼ਰਾ ਅਤੇ ਉਸ ਦੇ ਹਮਾਇਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਨਾ ਉਨ੍ਹਾਂ ਵਿਰੁੱਧ ਕੋਈ ਹੋਰ ਕਾਰਵਾਈ ਕੀਤੀ।

ਹਿੰਸਕ ਭੀੜਾਂ ਨੇ ਧਾਰਮਿਕ ਅਤੇ ਮੋਦੀ ਦੇ ਹੱਕ ਵਿਚ ਨਾਅਰੇ ਲਗਾਉਂਦੇ ਹੋਏ ਘੱਟ ਗਿਣਤੀ ਫਿਰਕੇ ਨਾਲ ਸਬੰਧਿਤ ਲੋਕਾਂ, ਉਨ੍ਹਾਂ ਦੇ ਘਰਾਂ, ਦੁਕਾਨਾਂ, ਵਾਹਨਾਂ, ਮਸਜਿਦਾਂ ਅਤੇ ਹੋਰ ਜਾਇਦਾਦਾਂ 'ਤੇ ਹਮਲਾ ਕੀਤਾ।

ਹਮਲਾ ਕਰਨ ਵਾਲੇ ਖਾਸ-ਖਾਸ ਥਾਵਾਂ 'ਤੇ ਇਕੱਠੇ ਹੋਏ ਅਤੇ ਉਹ ਲਾਠੀਆਂ ਤੇ ਹੋਰ ਹਥਿਆਰਾਂ ਨਾਲ ਲੈਸ ਸਨ ਜਿਸ ਤੋਂ ਪਤਾ ਲੱਗਦਾ ਹੈ ਕਿ ਹਿੰਸਾ ਕਰਨ ਦੀ ਯੋਜਨਾ ਬਣਾਈ ਗਈ ਸੀ।

ਘੱਟ ਗਿਣਤੀ ਫਿਰਕੇ ਦੇ ਲੋਕਾਂ ਦੀਆਂ ਜਾਇਦਾਦਾਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਸਾੜਿਆ-ਫੂਕਿਆ ਗਿਆ। ਜਿੱਥੇ ਦੁਕਾਨ ਜਾਂ ਹੋਰ ਕਿਸੇ ਜਾਇਦਾਦ ਦਾ ਮਾਲਕ ਬਹੁਗਿਣਤੀ ਫਿਰਕੇ ਦਾ ਸ਼ਖਸ ਸੀ, ਉਥੇ ਸਿਰਫ ਸਮਾਨ ਹੀ ਲੁੱਟਿਆ ਅਤੇ ਸਾੜਿਆ ਗਿਆ ਪਰ ਜਾਇਦਾਦ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਗਿਆ।

ਦਿੱਲੀ ਪੁਲਿਸ ਭੀੜਾਂ ਦੇ ਇਕੱਠੇ ਹੋਣ ਅਤੇ ਹਿੰਸਾ ਦੀਆਂ ਵਾਰਦਾਤਾਂ ਨੂੰ ਰੋਕਣ ਵਿਚ ਅਸਫਲ ਰਹੀ। ਬਹੁਤ ਸਾਰੀਆਂ ਥਾਵਾਂ 'ਤੇ ਉਹ ਮੂਕ-ਦਰਸ਼ਕ ਬਣੀ ਰਹੀ ਅਤੇ ਪੀੜਤਾਂ ਅਨੁਸਾਰ ਕਈ ਥਾਵਾਂ 'ਤੇ ਉਹ ਇਨ੍ਹਾਂ ਸਭ ਕਾਰਵਾਈਆਂ ਵਿਚ ਹਿੱਸੇਦਾਰ ਵੀ ਬਣੀ। ਕਈ ਥਾਵਾਂ 'ਤੇ ਉਸ ਨੇ ਹਿੰਸਕ ਭੀੜਾਂ ਨੂੰ ਸੁਰੱਖਿਆ ਦਿੱਤੀ।

ਜਦ ਪੀੜਤਾਂ ਨੇ ਕੇਸ ਦਰਜ ਕਰਾਉਣ ਵੇਲੇ ਹਿੰਸਾ ਕਰਨ ਵਾਲਿਆਂ ਦੇ ਨਾਮ ਲਿਖਾਉਣੇ ਚਾਹੇ ਤਾਂ ਪੁਲਿਸ ਨੇ ਉਹ ਨਾਂ ਨਹੀਂ ਲਿਖੇ ਅਤੇ ਅਣਜਾਣ ਵਿਅਕਤੀਆਂ ਵਿਰੁਧ ਕੇਸ ਦਰਜ ਕੀਤੇ।

ਪੁਲਿਸ ਘੱਟ ਗਿਣਤੀ ਫਿਰਕੇ ਦੇ ਲੋਕਾਂ ਨੂੰ ਦੰਗਈਆਂ ਨਾਲ ਸਮਝੌਤਾ ਕਰਨ ਦੀ ਸਲਾਹ ਦੇ ਰਹੀ ਹੈ ਅਤੇ ਘੱਟ ਗਿਣਤੀ ਫਿਰਕੇ ਦੇ ਲੋਕ ਥਾਣਿਆਂ ਵਿਚ ਜਾਣ ਤੋਂ ਇਸ ਲਈ ਡਰਦੇ ਹਨ ਕਿ ਕਿਤੇ ਉਨ੍ਹਾਂ ਨੂੰ ਦੰਗਾ ਕਰਨ ਦੇ ਕੇਸਾਂ ਵਿਚ ਫਸਾ ਨਾ ਲਿਆ ਜਾਵੇ।

ਫਾਈਲ ਕੀਤੀਆਂ ਚਾਰਜਸ਼ੀਟਾਂ ਵਿਚ ਪੁਲਿਸ ਇਹ ਸਿੱਧ ਕਰਨ ਦਾ ਯਤਨ ਕਰ ਰਹੀ ਹੈ ਕਿ ਇਹ ਦੰਗੇ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲੇ ਮੁਜ਼ਾਹਰਾਕਾਰੀਆਂ ਨੇ ਕਰਾਏ।

ਘੱਟ ਗਿਣਤੀ ਔਰਤਾਂ ਨੂੰ ਉਨ੍ਹਾਂ ਦੇ ਲਿਬਾਸ ਕਾਰਨ ਨਿਸ਼ਾਨਾ ਬਣਾਇਆ ਗਿਆ। ਕਮੇਟੀ ਨੇ ਇਕ ਪੁਲਿਸ ਕਰਮਚਾਰੀ ਵੱਲੋਂ ਘਿਨਾਉਣੀ ਕਾਰਵਾਈ ਕਰਨ ਦਾ ਵੀ ਜ਼ਿਕਰ ਕੀਤਾ ਹੈ।

ਇਹ ਦਿੱਲੀ ਘੱਟ ਗਿਣਤੀ ਕਮਿਸ਼ਨ ਦੁਆਰਾ ਬਣਾਈ ਗਈ ਆਪਣੀ ਕਮੇਟੀ ਦੀ ਰਿਪੋਰਟ ਹੈ। ਇਸ ਦੇ ਨਾਲ ਨਾਲ ਦਿੱਲੀ ਵਿਚ ਜ਼ਮੀਨੀ ਪੱਧਰ 'ਤੇ ਜੋ ਕੁਝ ਹੋ ਰਿਹਾ ਹੈ, ਉਹ ਹੋਰ ਭਿਅੰਕਰ ਅਤੇ ਬਦਲਾਲਊ ਹੈ। ਮਹਿਲਾ ਵਿਦਿਆਰਥੀ ਆਗੂਆਂ ਸਫੂਰਾ ਜ਼ਰਗਰ, ਮੀਰਾ ਹੈਦਰ, ਦੇਵਾਂਗਨਾ ਕਾਲਿਤਾ, ਨਤਾਸ਼ਾ ਨਰਵਾਲ, ਗੁਲਫਿਸ਼ਾਂ ਫਾਤਿਮਾ ਅਤੇ ਹੋਰਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜ਼ਮੀਨੀ ਰਿਪੋਰਟਾਂ ਅਨੁਸਾਰ 1400 ਤੋਂ ਵੱਧ ਲੋਕ ਗ੍ਰਿਫਤਾਰ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਜ਼ਿਆਦਾ ਗਿਣਤੀ ਘੱਟ ਗਿਣਤੀ ਫਿਰਕੇ ਨਾਲ ਸਬੰਧਿਤ ਲੋਕਾਂ ਦੀ ਹੈ। ਇਨ੍ਹਾਂ ਚਾਰਜਸ਼ੀਟਾਂ ਵਿਚ ਹਰਸ਼ ਮੰਦਰ, ਯੋਗੇਂਦਰ ਯਾਦਵ, ਅਪੂਰਵਾਨੰਦ ਅਤੇ ਹੋਰ ਸਮਾਜਿਕ ਕਾਰਕੁਨਾਂ ਦੇ ਨਾਂ ਵੀ ਘਸੀਟੇ ਜਾ ਰਹੇ ਹਨ। ਪੁਲਿਸ ਨੇ 3 ਅਗਸਤ ਨੂੰ ਪ੍ਰੋਫੈਸਰ ਅਪੂਰਵਾਨੰਦ ਤੋਂ 5 ਘੰਟੇ ਪੁੱਛਗਿੱਛ ਕੀਤੀ।

ਵੱਡਾ ਸਵਾਲ ਇਹ ਹੈ ਕਿ ਇਸ ਸਮੇਂ 'ਆਪ', ਜੋ ਦਿੱਲੀ ਵਿਧਾਨ ਸਭਾ ਵਿਚ ਏਡੀ ਵੱਡੀ ਬਹੁਗਿਣਤੀ ਵਾਲੀ ਪਾਰਟੀ ਹੈ, ਕੀ ਕਰ ਰਹੀ ਹੈ। ਉਸ ਦੀ ਚੁੱਪ ਦਿਲ ਦਹਿਲਾਉਣ ਵਾਲੀ ਹੈ। ਸਿਆਸੀ ਮਾਹਿਰਾਂ ਅਨੁਸਾਰ 'ਆਪ' ਵਿਚਾਰਧਾਰਾ ਤੋਂ ਵਿਛੁੰਨੀ ਹੋ ਕੇ ਮੈਨੇਜਰਾਂ, ਅਫਸਰਸ਼ਾਹਾਂ ਅਤੇ ਤਕਨੀਕੀ ਮਾਹਿਰਾਂ ਦੀ ਪਾਰਟੀ ਬਣਨ ਦੀ ਕੋਸ਼ਿਸ਼ ਕਰ ਰਹੀ ਹੈ ਜਿਹੜੀ ਲੋਕਾਂ ਨੂੰ ਪਾਣੀ, ਬਿਜਲੀ, ਸਿਹਤ ਆਦਿ ਦੇ ਖੇਤਰਾਂ ਵਿਚ ਸਹੂਲਤਾਂ ਤਾਂ ਭਾਵੇਂ ਪਹੁੰਚਾ ਦਏ ਪਰ ਲੋਕਾਂ ਨੂੰ ਫਿਰਕਾਪ੍ਰਸਤ ਤਾਕਤਾਂ ਅਤੇ ਪੁਲਿਸ ਤਸ਼ੱਦਦ ਤੋਂ ਨਹੀਂ ਬਚਾ ਸਕਦੀ। ਵਿਚਾਰਧਾਰਾ ਤੋਂ ਵਿਹੂਣੀ ਪਾਰਟੀ ਦੀ ਉਮਰ ਲੰਮੀ ਨਹੀਂ ਹੁੰਦੀ।

ਇਸ ਪਾਰਟੀ ਨੇ ਪੰਜਾਬ ਵਿਚ ਹੋਇਆ ਆਪਣਾ ਘਾਣ ਦੇਖਿਆ ਹੈ। ਹੁਣ ਦਿੱਲੀ ਵਿਚ ਇਹ ਭਾਜਪਾ ਨਾਲ ਸਹਿਮਤੀ ਜਤਾਉਂਦੀ ਨਜ਼ਰ ਆਉਂਦੀ ਹੈ। ਇਸੇ ਵਰਤਾਰੇ ਨੂੰ ਹੀ 'ਬੀ-ਟੀਮ ਵਰਤਾਰਾ' ਕਿਹਾ ਜਾਂਦਾ ਹੈ ਅਤੇ ਸਿਆਸੀ ਮਾਹਿਰਾਂ ਅਨੁਸਾਰ ਦਿੱਲੀ ਵਿਚ 'ਆਪ' ਦੀ ਸਿਆਸੀ ਭੂਮਿਕਾ ਭਾਜਪਾ ਦੀ ਬੀ-ਟੀਮ ਵਾਂਗ ਹੈ। 2013 ਵਿਚ ਨਿਰਭਯਾ ਅੰਦੋਲਨ ਦੌਰਾਨ ਅਰਵਿੰਦ ਕੇਜਰੀਵਾਲ ਨੇ ਸ਼ੀਲਾ ਦੀਕਸ਼ਿਤ ਨੂੰ 'ਬੇਵਸ ਮੁੱਖ ਮੰਤਰੀ' ਕਿਹਾ ਸੀ। ਦਿੱਲੀ ਦੰਗਿਆਂ ਅਤੇ ਉਸ ਤੋਂ ਬਾਅਦ ਦਿੱਲੀ ਪੁਲਿਸ ਦੀਆਂ ਕਾਰਵਾਈਆਂ ਦੌਰਾਨ ਉਹ ਸ਼ੀਲਾ ਦੀਕਸ਼ਿਤ ਤੋਂ ਕਿਤੇ ਜ਼ਿਆਦਾ ਬੇਵਸ ਦਿਖਾਈ ਦਿੱਤਾ ਪਰ ਕੁਝ ਸਿਆਸੀ ਮਾਹਿਰਾਂ ਅਨੁਸਾਰ ਇਹ ਬੇਵਸੀ ਇਕ ਖਾਸ ਤਰ੍ਹਾਂ ਦੀ ਸਿਆਸੀ ਸਮਝ 'ਚੋਂ ਪੈਦਾ ਹੋ ਰਹੀ ਹੈ; ਉਹ ਹੌਲੀ-ਹੌਲੀ ਭਾਜਪਾ ਦੇ ਹਿੰਦੂਤਵੀ ਏਜੰਡੇ ਨੂੰ ਅਪਣਾ ਰਿਹਾ ਹੈ। ਨੈਤਿਕ ਤੌਰ 'ਤੇ ਪਾਰਟੀ ਕਮਜ਼ੋਰ ਹੋ ਰਹੀ ਹੈ।

ਫਿਰਕਾਪ੍ਰਸਤੀ ਵਿਰੁਧ ਲੜਾਈ ਅਤੇ ਫੈਡਰਲਿਜ਼ਮ ਨੂੰ ਕਮਜ਼ੋਰ ਕਰਨ ਵਿਰੁੱਧ ਸੰਘਰਸ਼ ਲੱਖਾਂ ਲੋਕਾਂ ਦੇ ਜੀਵਨ ਨਾਲ ਜੁੜੇ ਹੋਏ ਮੁੱਦੇ ਹਨ। ਇਨ੍ਹਾਂ ਨੂੰ ਤਿਲਾਂਜਲੀ ਦੇ ਕੇ ਆਮ ਆਦਮੀ ਪਾਰਟੀ ਆਮ ਆਦਮੀ ਦੀ ਪਾਰਟੀ ਨਹੀਂ ਬਣੀ ਰਹਿ ਸਕਦੀ। ਲੋਕਾਂ ਨੂੰ ਪਾਰਟੀ ਦਾ ਵਿਚਾਰਧਾਰਕ ਖੋਖਲਾਪਣ ਸਾਫ ਨਜ਼ਰ ਆ ਰਿਹਾ ਹੈ ਅਤੇ ਹੁਣ ਨੌਜਵਾਨ ਤੇ ਵਿਦਿਆਰਥੀ ਇਸ ਪਾਰਟੀ ਨੂੰ ਜਮਹੂਰੀਅਤ ਨੂੰ ਅੱਗੇ ਵਧਾਉਣ ਵਾਲੀ ਪਾਰਟੀ ਵਜੋਂ ਨਹੀਂ ਦੇਖਦੇ। ਇਹੀ ਕਾਰਨ ਹੈ ਕਿ ਇਸ ਦਾ ਪ੍ਰਭਾਵ ਦਿੱਲੀ-ਪੰਜਾਬ ਤੋਂ ਅਗਾਂਹ ਨਹੀਂ ਜਾ ਰਿਹਾ। ਪੰਜਾਬ ਵਿਚ ਇਹਦਾ ਪ੍ਰਭਾਵ ਕਿੰਨੇ ਦਿਨ ਰਹਿੰਦਾ ਹੈ, ਇਹਦੇ ਬਾਰੇ ਵੱਖ-ਵੱਖ ਤਰ੍ਹਾਂ ਦੀਆਂ ਕਿਆਸ-ਅਰਾਈਆਂ ਹੋ ਰਹੀਆਂ ਹਨ। ਇਸ ਪਾਰਟੀ ਨੇ ਨੌਜਵਾਨਾਂ, ਵਿਦਿਆਰਥੀਆਂ ਅਤੇ ਹੋਰ ਜਮਹੂਰੀਅਤ-ਪਸੰਦ ਲੋਕਾਂ ਨੂੰ ਸੁਪਨੇ ਦਿਖਾਏ ਅਤੇ ਬਾਅਦ ਵਿਚ ਉਨ੍ਹਾਂ ਨੂੰ ਸੁਪਨੇਹੀਣ ਕਰ ਦਿੱਤਾ। ਇਹ ਸਭ ਤੋਂ ਵੱਡਾ ਨੈਤਿਕ ਵਿਸ਼ਵਾਸਘਾਤ ਸੀ/ਹੈ। ਦਿੱਲੀ ਦੀ ਹਿੰਸਾ ਦੇ ਕੇਸਾਂ ਵਿਚ ਇਸ ਦੇ ਆਪਣੇ ਕਮਿਸ਼ਨ ਅਨੁਸਾਰ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਅਤੇ ਸਮਾਜਿਕ ਕਾਰਕੁਨਾਂ ਨੂੰ ਪੁਲਿਸ ਜਬਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੀ ਬਾਂਹ ਨਾ ਫੜ ਕੇ ਆਮ ਆਦਮੀ ਪਾਰਟੀ ਦਿੱਲੀ ਦੇ ਲੋਕਾਂ ਨਾਲ ਹੋਰ ਵੱਡਾ ਨੈਤਿਕ ਧਰੋਹ/ਧੋਖਾ ਕਰ ਰਹੀ ਹੈ। ਨੈਤਿਕਤਾ ਦੀ ਜ਼ਮੀਨ ਤੋਂ ਤਿਲਕਦੀ ਹੋਈ ਇਹ ਪਾਰਟੀ ਕਿੱਥੇ ਡਿੱਗੇਗੀ, ਕੋਈ ਨਹੀਂ ਜਾਣਦਾ।



ਪੰਜਾਬ ਟਾਈਮਜ਼

*ਸਨਿਚਰਵਾਰ, 15 ਅਗਸਤ 2020*

## ਏਜੰਡਾ-ਦਰ-ਏਜੰਡਾ

ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਅਤੇ ਇਸ ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ ਨੇ ਆਪਣੇ ਤਿੰਨ ਵੱਡੇ ਏਜੰਡਿਆ ਵਿਚੋਂ ਦੋ ਦੀ ਪੂਰਤੀ ਕਰ ਲਈ ਹੈ। 5 ਅਗਸਤ ਨੂੰ ਅਯੁੱਧਿਆ ਵਿਚ ਰਾਮ ਮੰਦਿਰ ਦਾ ਨੀਂਹ ਪੱਥਰ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਖੁਦ ਨੂੰ ਪ੍ਰਧਾਨ ਮੰਤਰੀ ਦੀ ਥਾਂ ਪ੍ਰਧਾਨ ਸੇਵਕ ਕਹਿੰਦਾ ਹੈ, ਨੇ ਆਰ. ਐਸ. ਐਸ. ਦੇ ਮੁਖੀ ਮੋਹਨ ਭਾਗਵਤ ਦੀ ਹਾਜ਼ਰੀ ਵਿਚ ਰੱਖ ਦਿੱਤਾ। ਇਸ ਤੋਂ ਪਹਿਲਾਂ ਪਿਛਲੇ ਸਾਲ ਇਸੇ ਦਿਨ, ਭਾਵ 5 ਅਗਸਤ ਨੂੰ ਜੰਮੂ ਕਸ਼ਮੀਰ ਵਿਚ ਧਾਰਾ 370 ਰੱਦ ਕਰ ਦਿੱਤੀ ਗਈ ਸੀ। ਤੀਜਾ ਮਸਲਾ ਪੂਰੇ ਮੁਲਕ ਵਿਚ ਇਕਸਮਾਨ ਸਿਵਲ ਕੋਡ ਲਾਗੂ ਕਰਨ ਦਾ ਹੈ। ਇਹ ਮਸਲਾ ਵੀ ਤਿੰਨ-ਤਲਾਕ ਵਾਲੇ ਕਾਨੂੰਨ ਰਾਹੀਂ ਅੱਧ-ਪਚੱਧਾ ਲਾਗੂ ਕੀਤਾ ਜਾ ਚੁਕਾ ਹੈ ਅਤੇ ਰਹਿੰਦੀ ਕਸਰ ਹੁਣ ਆਉਣ ਵਾਲੇ ਦਿਨਾਂ ਵਿਚ ਕੱਢ ਦਿੱਤੇ ਜਾਣ ਬਾਰੇ ਖਦਸ਼ਾ ਹੈ। ਇਹੀ ਤਿੰਨ ਮੁੱਦੇ ਆਰ. ਐਸ. ਐਸ. ਦੇ ਖਾਸ ਮੁੱਦੇ ਹਨ, ਜਿਨ੍ਹਾਂ ਲਈ ਇਹ ਮੁੱਢ ਤੋਂ ਹੀ ਪੈਰਵੀ ਕਰ ਰਹੀ ਹੈ। ਇਸ ਮੁਤਾਬਕ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਇਨ੍ਹਾਂ ਮੁੱਦਿਆਂ ਦੀ ਪੂਰਤੀ ਜ਼ਰੂਰੀ ਹੈ। ਇਨ੍ਹਾਂ ਤਿੰਨਾਂ ਹੀ ਮੁੱਦਿਆਂ 'ਤੇ ਪਿਛਲੇ ਸੱਤ ਦਹਾਕਿਆਂ ਦੌਰਾਨ ਵੱਡੇ ਪੱਧਰ 'ਤੇ ਸਿਆਸਤ ਹੁੰਦੀ ਰਹੀ ਹੈ ਅਤੇ ਇਹ ਮਸਲੇ ਅਦਾਲਤਾਂ ਵਿਚ ਵੀ ਲੰਮਾ ਸਮਾਂ ਚੱਲਦੇ ਰਹੇ ਹਨ, ਪਰ ਆਰ. ਐਸ. ਐਸ. ਨੇ ਆਪਣੀ ਰਣਨੀਤੀ ਤਹਿਤ ਇਹ ਮਸਲੇ ਸਦਾ ਹੀ ਭਖਾ ਕੇ ਰੱਖੇ ਅਤੇ ਅੱਜ ਜਦੋਂ ਇਹ ਕੇਂਦਰ ਅਤੇ ਮੁਲਕ ਦੇ ਬਹੁ ਗਿਣਤੀ ਸੂਬਿਆਂ ਵਿਚ ਸੱਤਾ ਹਾਸਲ ਕਰ ਚੁਕੀ ਹੈ ਤਾਂ ਇਨ੍ਹਾਂ ਮੁੱਦਿਆਂ ਦੀ ਪੂਰਤੀ ਅਦਾਲਤਾਂ ਦੇ ਫੈਸਲਿਆਂ ਰਾਹੀਂ ਕਰਨੀ ਸ਼ੁਰੂ ਕਰ ਦਿੱਤੀ ਹੈ।

ਜੰਮੂ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਅਤੇ ਫਿਰ ਰਾਮ ਮੰਦਿਰ ਦਾ ਨੀਂਹ ਪੱਥਰ ਰੱਖਣ ਲਈ ਜਿਹੜੀ ਤਾਰੀਕ 5 ਅਗਸਤ ਚੁਣੀ ਗਈ ਹੈ, ਉਹ ਵੀ ਬਹੁਤ ਸੋਚ-ਸਮਝ ਕੇ ਚੁਣੀ ਗਈ ਹੈ। ਭਾਰਤ 15 ਅਗਸਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਸੀ। ਦੇਸ਼ ਦੀ ਆਜ਼ਾਦੀ ਦੇ ਲੰਮੇ ਚੱਲੇ ਸੰਘਰਸ਼ ਦੌਰਾਨ ਨਾ ਆਰ. ਐਸ. ਐਸ. ਅਤੇ ਨਾ ਹੀ ਇਸ ਦੇ ਸਿਆਸੀ ਵਿੰਗ ਜਨਸੰਘ (ਪਹਿਲਾਂ ਭਾਰਤੀ ਜਨਤਾ ਪਾਰਟੀ ਦਾ ਨਾਂ ਜਨਸੰਘ ਸੀ) ਨੇ ਕੋਈ ਹਿੱਸਾ ਪਾਇਆ। ਸਾਵਰਕਰ ਨੇ ਕੁਝ ਸਮਾਂ ਗਦਰੀਆਂ ਨਾਲ ਕੰਮ ਜ਼ਰੂਰ ਕੀਤਾ, ਪਰ ਬਾਅਦ ਵਿਚ ਜਦੋਂ ਉਹ ਹਿੰਦੂਤਵ ਦਾ ਵਿਚਾਰ ਲੈ ਕੇ ਸਾਹਮਣੇ ਆਇਆ ਤਾਂ ਉਸ ਨੇ ਅੰਡੇਮਾਨ ਜੇਲ੍ਹ ਵਿਚੋਂ ਬਾਹਰ ਆਉਣ ਲਈ ਅੰਗਰੇਜ਼ਾਂ ਤੋਂ ਮੁਆਫੀ ਮੰਗੀ ਅਤੇ ਨਾਲ ਇਹ ਵੀ ਲਿਖਿਆ ਕਿ ਉਹ ਅੰਗਰੇਜ਼ਾਂ ਖਿਲਾਫ ਕੋਈ ਸਰਗਰਮੀ ਵਗੈਰਾ ਨਹੀਂ ਕਰੇਗਾ। ਇਹੀ ਨਹੀਂ, ਉਸ ਨੇ ਤਾਂ ਇਹ ਵੀ ਕਿਹਾ ਸੀ ਕਿ ਜੇ ਅੰਗਰੇਜ਼ ਉਸ ਨੂੰ ਰਿਹਾ ਕਰ ਦਿੰਦੇ ਹਨ ਤਾਂ ਉਹ ਸਗੋਂ ਅੰਗਰੇਜ਼ਾਂ ਦੇ ਹੱਕ ਵਿਚ ਹੀ ਭੁਗਤੇਗਾ। ਜਾਹਰ ਹੈ ਕਿ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਨਾ ਲੈਣ ਕਾਰਨ ਆਰ. ਐਸ. ਐਸ. ਦੀ ਜੋ ਦੁਰਗਤ ਹੁੰਦੀ ਹੈ, ਉਸ ਨੂੰ ਧੋਣ ਲਈ ਹੀ ਹੁਣ 15 ਅਗਸਤ ਦੇ ਬਰਾਬਰ 5 ਅਗਸਤ ਮਨਾਉਣ ਦਾ ਵਸੀਲਾ ਬਣਾ ਲਿਆ ਗਿਆ ਹੈ। ਹੁਣ ਹਰ ਸਾਲ 5 ਅਗਸਤ ਨੂੰ ਰਾਮ ਮੰਦਿਰ ਦੇ ਨੀਂਹ ਪੱਥਰ ਰੱਖਣ ਵਾਲੇ ਦਿਵਸ ਵਜੋਂ ਮਨਾਇਆ ਜਾਵੇਗਾ। ਅਸਲ ਵਿਚ ਜਦੋਂ ਤੋਂ ਕੇਂਦਰ ਵਿਚ ਮੋਦੀ ਦੀ ਅਗਵਾਈ ਹੇਠ ਸਰਕਾਰ ਬਣੀ ਹੈ, ਆਰ. ਐਸ. ਐਸ. ਆਪਣਾ ਏਜੰਡਾ ਜ਼ੋਰ-ਸ਼ੋਰ ਲਾਗੂ ਕਰਨ ਵਿਚ ਲੱਗੀ ਹੋਈ ਹੈ। ਇਸ ਨੇ ਸਭ ਤੋਂ ਪਹਿਲਾਂ ਗਊ ਹੱਤਿਆ ਦੇ ਬਹਾਨੇ ਹਜੂਮੀ ਹਿੰਸਾ ਨੂੰ ਹੱਲਾਸ਼ੇਰੀ ਦਿੱਤੀ ਅਤੇ ਫਿਰ ਘੱਟ ਗਿਣਤੀਆਂ, ਖਾਸਕਰ ਮੁਸਲਮਾਨਾਂ ਖਿਲਾਫ ਮਾਹੌਲ ਬਣਾਉਣਾ ਸ਼ੁਰੂ ਕਰ ਦਿੱਤਾ। ਸਾਲ 2019 ਵਿਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਇਹ ਮਾਹੌਲ ਐਨ ਸਿਖਰਾਂ 'ਤੇ ਪੁੱਜ ਚੁਕਾ ਸੀ ਅਤੇ ਇਸ ਦੀ ਯੋਜਨਾ ਮੁਤਾਬਕ ਕਰੀਬ ਸਮੁੱਚੇ ਮੁਲਕ ਵਿਚ ਧਰੁਵੀਕਰਨ ਹੋ ਚੁਕਾ ਸੀ। ਸਿੱਟੇ ਵਜੋਂ ਇਨ੍ਹਾਂ ਚੋਣਾਂ ਵਿਚ ਇਸ ਭਾਰਤੀ ਜਨਤਾ ਪਾਰਟੀ ਨੂੰ ਬਹੁਮਤ ਮਿਲੀ। ਆਰ. ਐਸ. ਐਸ. ਦੀ ਵੋਟ-ਸਿਆਸਤ ਦੀ ਇਹ ਗਿਣਤੀ-ਮਿਣਤੀ ਬੜੇ ਚਿਰਾਂ ਦੀ ਸੀ ਕਿ ਜੇ ਕਿਸੇ ਨਾ ਕਿਸੇ ਤਰੀਕੇ ਹਿੰਦੂ ਵੋਟਾਂ ਟੁੱਟਣ ਤੋਂ ਬਚਾ ਲਈਆਂ ਜਾਣ ਤਾਂ ਘੱਟ ਗਿਣਤੀਆਂ ਦੀਆਂ ਵੋਟਾਂ ਤੋਂ ਬਿਨਾ ਕੇਂਦਰ ਵਿਚ ਸਰਕਾਰ ਬਣਾਉਣੀ ਸੰਭਵ ਹੈ। ਇਉਂ ਆਰ. ਐਸ. ਐਸ. ਧਰੁਵੀਕਰਨ ਕਰਨ ਵਿਚ ਕਾਮਯਾਬ ਰਹੀ ਅਤੇ ਨਤੀਜਾ ਸਭ ਦੇ ਸਾਹਮਣੇ ਹੈ। ਅੱਜ ਆਰ. ਐਸ. ਐਸ. ਮਨ-ਆਈ ਸਿਆਸਤ ਕਰ ਰਹੀ ਹੈ ਅਤੇ ਇਸ ਨੇ ਵਿਰੋਧੀ ਧਿਰ ਨੂੰ ਸਿਫਰ ਕਰ ਕੇ ਰੱਖ ਦਿੱਤਾ ਹੈ।

ਆਰ. ਐਸ. ਐਸ. ਦੀ ਚੜ੍ਹਤ ਅਸਲ ਵਿਚ ਵਿਰੋਧੀ ਧਿਰ ਦੀਆਂ ਨਾਕਾਮੀਆਂ ਅੰਦਰ ਹੀ ਲੁਕੀ ਹੋਈ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ 'ਚ ਫੈਲੇ ਅੰਤਾਂ ਦੇ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਨੇ ਆਰ. ਐਸ. ਐਸ. ਨੂੰ ਸੱਤਾ ਹਾਸਲ ਕਰਨ ਵਾਲੇ ਰਾਹ ਪਾ ਦਿੱਤਾ। ਡਾ. ਮਨਮੋਹਨ ਸਿੰਘ ਨੂੰ ਭਾਵੇਂ ਇਮਾਨਦਾਰ ਪ੍ਰਧਾਨ ਮੰਤਰੀ ਵਜੋਂ ਯਾਦ ਕੀਤਾ ਜਾਂਦਾ ਹੈ, ਪਰ ਬਹੁਤ ਸਾਰੇ ਘਪਲੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਹੋਏ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਘਪਲਿਆਂ ਬਾਰੇ ਪ੍ਰਚਾਰ ਆਰ. ਐਸ. ਐਸ. ਨੇ ਕੁਝ ਇਸ ਢੰਗ ਨਾਲ ਕੀਤਾ ਕਿ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦੇ ਪੱਲੇ ਕੱਖ ਨਹੀਂ ਰਿਹਾ। 2014 ਵਾਲੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਚੱਲੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਨੂੰ ਆਰ. ਐਸ. ਐਸ. ਨੇ ਆਪਣੀ ਸੱਤਾ ਦੀ ਸਿਆਸਤ ਦੇ ਹੱਕ ਵਿਚ ਪੂਰੀ ਕਾਮਯਾਬੀ ਨਾਲ ਭੁਗਤਾਇਆ। ਇਹ ਗੱਲ ਬਾਅਦ ਵਿਚ ਅੰਨਾ ਹਜ਼ਾਰੇ ਨੇ ਵੀ ਮੰਨੀ ਕਿ ਇਸ ਮਾਮਲੇ ਵਿਚ ਆਰ. ਐਸ. ਐਸ. ਨੇ ਉਸ ਦੇ ਅੰਦੋਲਨ ਨੂੰ ਆਪਣੇ ਹਿਸਾਬ ਨਾਲ ਵਰਤ ਲਿਆ। ਹੁਣ ਹਾਲਾਤ ਇਹ ਬਣ ਗਏ ਹਨ ਕਿ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ, ਜੋ ਸੂਬਿਆਂ ਦੇ ਵਧੇਰੇ ਹੱਕਾਂ ਲਈ ਸੰਘਰਸ਼ ਕਰਦੀਆਂ ਰਹੀਆਂ ਹਨ, ਉਹ ਵੀ ਆਰ. ਐਸ. ਐਸ. ਦੀ ਝੋਲੀ ਵਿਚ ਡਿੱਗ ਪਈਆਂ ਹਨ। ਇਸੇ ਕਰ ਕੇ ਹੁਣ ਮੋਦੀ ਅਤੇ ਆਰ. ਐਸ. ਐਸ. ਕੇਂਦਰਵਾਦੀ ਸਿਆਸਤ ਨੂੰ ਪੂਰੇ ਜ਼ੋਰ-ਸ਼ੋਰ ਨਾਲ ਅੱਗੇ ਵਧਾ ਰਹੇ ਹਨ। ਹੁਣ ਤਾਂ ਆਉਣ ਵਾਲਾ ਸਮਾਂ ਹੀ ਇਹ ਤੈਅ ਕਰੇਗਾ ਕਿ ਕੱਟੜਪੰਥੀਆਂ ਦੀ ਇਸ ਸਿਆਸਤ ਨੂੰ ਕੋਈ ਜਾਨਦਾਰ ਧਿਰ ਕਿਸ ਤਰ੍ਹਾਂ ਟੱਕਰਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਮਾਜਕ ਜੋੜ ਦਾ ਟੁੱਟ ਗਿਆ ਲੱਕ ਬੇਲੀ*

ਕਰੋਨਾ ਕਹਿਰ ਨੇ ਜੀਵਨ ਢੰਗ ਬਦਲੇ, ਮਸ਼ਕਿਲ ਵਿਚ ਹਨ ਫਸੇ ਪਏ ਲੋਕ ਬੇਲੀ।
ਘਰ ਵਿਚ ਬੈਠਾ ਵੀ ਕੋਈ ਤਨਖਾਹ ਲੈਂਦਾ, ਕਿਸੇ ਦੇ ਲੱਗੀ ਰੁਜ਼ਗਾਰ ਲਈ ਰੋਕ ਬੇਲੀ।
ਜਾਣਾ ਕਰਨ ਡਿਊਟੀ ਕੋਈ ਔਖ ਕਹਿੰਦਾ, ਲੱਗ ਜਾਏ ਰੋਗ ਦੀ ਕਿਤੋਂ ਨਾ ਜੋਕ ਬੇਲੀ।
ਨਿਕਲਦਾ ਘਰੋਂ ਵੀ ਕੋਈ ਆ ਡਰੀ ਜਾਂਦਾ, ਸਕਦਾ ਪੁਲਸੀਆ ਕਿਤੇ ਕੋਈ ਟੋਕ ਬੇਲੀ।
ਉਤੋਂ ਚਿਹਰਿਆਂ ਦੇ ਰੌਣਕ ਗਾਇਬ ਹੋਈ, ਮੁਸਕਰਾਹਟ ਮਾਸਕਾਂ ਨੇ ਛੱਡੀ ਢੱਕ ਬੇਲੀ।
ਮੇਲ ਮਿਲਾਪ ਤੇ ਸਾਂਝ ਹੈ ਖਤਮ ਹੋ ਗਈ, ਸਮਾਜਕ ਜੋੜ ਦਾ ਟੁੱਟ ਗਿਆ ਲੱਕ ਬੇਲੀ।

# ਸਿੱਖਿਆ ਨੀਤੀ ਦੀ ਹਕੀਕਤ

***ਮੋਦੀ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਉਪਰੋਂ-ਉਪਰੋਂ ਦੇਖਣ ਨੂੰ ਭਾਵੇਂ ਦਿਲ ਖਿੱਚਵੀਂ ਲਗਦੀ ਹੈ ਪਰ ਇਸ ਦੇ ਧਰਾਤਲ ਵਿਚ ਜਿਹੜੀਆਂ ਗੱਲਾਂ ਪਾ ਦਿੱਤੀਆਂ ਗਈਆਂ ਹਨ, ਉਹ ਸਮਾਜ ਵਿਚ ਨਾਬਰਾਬਰੀ ਵਧਾਉਣ ਵਾਲੀਆਂ ਹਨ। ਇਸ ਬਾਰੇ ਚਰਚਾ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਸਿੱਖਿਆ ਮਾਹਿਰ ਡਾ. ਕੁਲਦੀਪ ਪੁਰੀ ਨੇ ਆਪਣੇ ਲੇਖ ਵਿਚ ਕੀਤੀ ਹੈ। -ਸੰਪਾਦਕ***

ਨਵੀਂ ਕੌਮੀ ਸਿੱਖਿਆ ਨੀਤੀ ਨੂੰ ਕੇਂਦਰੀ ਮੰਤਰੀ ਮੰਡਲ ਦੀ ਪ੍ਰਵਾਨਗੀ ਮਿਲ ਗਈ ਹੈ। ਯੂਨੈਸਕੋ ਵਲੋਂ ਸਾਰੇ ਮੈਂਬਰ ਦੇਸ਼ਾਂ ਦੀ ਸ਼ਮੂਲੀਅਤ ਨਾਲ ਟਿਕਾਊ-ਵਿਕਾਸ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੇ ਅਤੇ ਭਾਰਤ ਵਲੋਂ 2015 ਵਿਚ ਅਪਣਾਏ ਏਜੰਡਾ-2030 ਦੀ ਭਾਵਨਾ ਦੇ ਅਨੁਰੂਪ ਢਾਲ ਕੇ ਬਣਾਈ ਇਹ ਨੀਤੀ, ਮੁਲਕ ਦੇ ਮੁਢਲੇ ਬਾਲਪਨ ਦੀ ਸਿੱਖਿਆ ਅਤੇ ਸੰਭਾਲ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਤੱਕ ਸਮੁੱਚੇ ਸਿੱਖਿਆ ਤੰਤਰ ਨੂੰ ਵਿਸ਼ਵ ਪੱਧਰ 'ਤੇ ਬਦਲਦੇ ਸਮਿਆਂ ਦਾ ਹਾਣੀ ਅਤੇ ਦੂਰ ਭਵਿੱਖ ਵਿਚ ਲੁਕੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਯੋਗ ਬਣਾ ਦੇਣ ਦਾ ਦਾਅਵਾ ਕਰਦੀ ਹੈ। ਇਸ ਪ੍ਰਸੰਗ ਵਿਚ ਨੀਤੀ ਉਤੇ ਅਮਲ ਕਰਨ ਲਈ ਸਕੂਲ ਸਿੱਖਿਆ ਨਾਲ ਸੰਬੰਧਤ ਕੁਝ ਤਜਵੀਜ਼ਾਂ ਨਿਰਖ-ਪਰਖ ਮੰਗਦੀਆਂ ਹਨ।

ਕੁਝ ਸਾਲਾਂ ਤੋਂ ਵੱਖ ਵੱਖ ਧਿਰਾਂ ਵਲੋਂ ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ ਦੇ ਮੁਲੰਕਣਾਂ ਦੇ ਨਤੀਜੇ ਬੱਚਿਆਂ ਦੀ ਪੜ੍ਹਨ-ਲਿਖਣ ਦੀ ਯੋਗਤਾ ਅਤੇ ਬੁਨਿਆਦੀ ਅੰਕ ਗਿਆਨ ਦੀ ਸਮਝ ਬਾਰੇ ਚਿੰਤਾ ਪੈਦਾ ਕਰਦੇ ਹਨ ਅਤੇ ਸਿੱਖਣ

**ਡਾ. ਕੁਲਦੀਪ ਪੁਰੀ**
ਫੋਨ: +91-98729-44552

ਦੇ ਸੰਕਟ ਦੀ ਗੰਭੀਰਤਾ ਦਾ ਪੈਮਾਨਾ ਵੀ ਹਨ। ਬੱਚੇ ਦੀ ਸਰਬ ਪੱਖੀ ਸ਼ਖਸੀਅਤ ਦੇ ਵਿਕਾਸ ਵਿਚ ਬੁਨਿਆਦੀ ਸਾਖਰਤਾ ਅਤੇ ਸੰਖਿਆ ਗਿਆਨ ਦੀ ਮਜ਼ਬੂਤ ਨੀਂਹ ਦਾ ਤਿਆਰ ਹੋਣਾ ਅਤਿਅੰਤ ਜ਼ਰੂਰੀ ਹੁੰਦਾ ਹੈ। ਸਿੱਖਿਆ ਨੀਤੀ ਵਲੋਂ ਅਗਲੇ ਪੰਜ ਸਾਲਾਂ ਵਿਚ ਸਾਰੇ ਬੱਚਿਆਂ ਨੂੰ ਤੀਸਰੀ ਜਮਾਤ ਤੱਕ ਪਹੁੰਚਦਿਆਂ ਬੁਨਿਆਦੀ ਸਾਖਰਤਾ ਅਤੇ ਸੰਖਿਆ ਗਿਆਨ ਵਿਚ ਪਰਿਪੱਕ ਕਰ ਦੇਣ ਦੇ ਯਤਨਾਂ ਨੂੰ ਵਿਸ਼ੇਸ਼ ਪਹਿਲ ਦੇਣਾ ਤਸੱਲੀ ਦਿੰਦਾ ਹੈ ਲੇਕਿਨ ਇਸ ਲਈ ਅਪਣਾਈਆਂ ਜਾਣ ਵਾਲੀਆਂ ਕਾਰਜ ਵਿਧੀਆਂ ਦੇ ਵੇਰਵੇ ਕੁਝ ਤੌਖਲੇ ਪੈਦਾ ਕਰਦੇ ਹਨ।

ਸਿੱਖਿਆ ਨੀਤੀ ਵਿਚ ਇਸ ਵਿਸ਼ਾਲ ਪਸਾਰ ਵਾਲੇ ਕੰਮ ਲਈ ਬੁਨਿਆਦੀ ਸਾਖਰਤਾ ਅਤੇ ਅੰਕ ਗਿਆਨ ਨੂੰ ਸਮਰਪਿਤ ਕੌਮੀ ਮਿਸ਼ਨ ਬਣਾਉਣ ਦੀ ਤਜਵੀਜ਼ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਸਮਾਂ ਬੱਧ ਢੰਗ ਨਾਲ ਭਰੀਆਂ ਜਾਣਗੀਆਂ। ਅਧਿਆਪਕ ਸਿਖਲਾਈ ਤੇ ਜ਼ੋਰ ਦਿੱਤਾ ਜਾਏਗਾ ਅਤੇ ਪੜ੍ਹਨ-ਪੜ੍ਹਾਉਣ ਦੀ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਏਗੀ। ਇਹ ਵੀ ਕਿਹਾ ਗਿਆ ਹੈ ਕਿ ਸਾਖਰਤਾ ਅਤੇ ਅੰਕ ਗਿਆਨ ਫੈਲਾਉਣ ਦੀ ਇਸ ਮੁਹਿੰਮ ਵਿਚ ਅਧਿਆਪਕਾਂ ਦੀ ਸਹਾਇਤਾ ਲਈ ਹੋਰ ਵਿਹਾਰਕ ਤਰੀਕਿਆਂ ਦੀ ਖੋਜ ਕੀਤੀ ਜਾਵੇਗੀ। 'ਵਿਹਾਰਕ' ਸ਼ਬਦ ਹੀ ਬੁਨਿਆਦੀ ਅਸੂਲਾਂ ਅਤੇ ਜ਼ਰੂਰਤਾਂ ਨਾਲ ਕੁਝ ਸਮਝੌਤੇ ਕਰ ਲੈਣ ਦੇ ਸੰਕੇਤ ਦਿੰਦਾ ਹੈ। ਇਨ੍ਹਾਂ ਤਥਾ-ਕਥਿਤ ਵਿਹਾਰਕ ਤਰੀਕਿਆਂ ਵਿਚ ਅਧਿਆਪਕ ਦੀ ਦੇਖ-ਰੇਖ ਵਿਚ ਇੱਕ ਬੱਚੇ ਦਾ ਨਾਲ ਪੜ੍ਹਦੇ ਸਾਥੀ ਬੱਚੇ ਨੂੰ ਪੜ੍ਹਾਉਣਾ-ਸਿਖਾਉਣਾ, ਸਥਾਨਕ ਇਲਾਕੇ ਨਾਲ ਸੰਬੰਧਤ ਜਾਂ ਇਲਾਕੇ ਤੋਂ ਬਾਹਰਲੇ ਸਿਖਲਾਈ ਪ੍ਰਾਪਤ ਸਵੈਸੇਵਕਾਂ ਦੀ ਇਸ ਮੁਹਿੰਮ ਵਿਚ ਭਾਗ ਲੈਣ ਦੀ ਕਿਰਿਆ ਨੂੰ ਬੇਹੱਦ ਅਸਾਨ ਬਣਾ ਦੇਣਾ ਅਤੇ ਸਮਾਜ ਦੇ ਹਰ ਪੜ੍ਹੇ ਲਿਖੇ ਸ਼ਖਸ ਨੂੰ ਘੱਟੋ-ਘੱਟ ਇੱਕ ਬੱਚੇ ਨੂੰ ਸਾਖਰ ਬਣਾਉਣ ਲਈ ਵਚਨਬੱਧ ਹੋਣ ਲਈ ਪ੍ਰੇਰਨਾ ਸ਼ਾਮਿਲ ਹਨ। ਇਹ ਤਰੀਕੇ ਅਕਾਦਮਿਕ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਇਤਰਾਜ਼ਯੋਗ ਅਤੇ ਗੈਰ ਵਾਜਿਬ ਹਨ। ਇਨ੍ਹਾਂ ਮਾਸੂਮ ਬਾਲਾਂ ਨੂੰ ਦਿਲਕਸ਼ ਅਤੇ ਸੁਰੱਖਿਅਤ ਵਾਤਾਵਰਨ ਵਾਲੇ ਸਕੂਲਾਂ ਅਤੇ ਮੋਹ-ਭਿਜੇ ਅਧਿਆਪਕਾਂ ਦੀ ਲੋੜ ਹੈ ਜਿਹੜੇ ਉਨ੍ਹਾਂ ਦੇ ਮਨ ਜਿੱਤ ਕੇ ਉਨ੍ਹਾਂ ਨੂੰ ਪੜ੍ਹਨ, ਲਿਖਣ ਅਤੇ ਅੰਕ ਗਿਆਨ ਦੀ ਕਲਾ ਵਿਚ ਨਿਪੁਨ ਬਣਾਉਣ। ਇਹ ਕਾਰਜ ਤਾਂ ਰੀਝ ਨਾਲ ਸਵਾਰੇ ਆਕਰਸ਼ਕ ਸਕੂਲਾਂ ਅਤੇ ਸੰਵੇਦਨਸ਼ੀਲ ਅਧਿਆਪਕਾਂ ਦੇ ਜ਼ਰੀਏ ਹੀ ਹੋ ਸਕਦਾ ਹੈ। ਨੀਤੀ ਨਿਰਦੇਸ਼ਾਂ ਤੋਂ ਉਪਜੇ ਇਨ੍ਹਾਂ ਵਿਹਾਰਕ ਤਰੀਕਿਆਂ ਨੂੰ ਅਪਣਾਉਣਾ ਉਨ੍ਹਾਂ ਬਾਲਾਂ ਨੂੰ ਚੰਗੇ ਸਕੂਲਾਂ ਅਤੇ ਅਧਿਆਪਕਾਂ ਤੋਂ ਦੂਰ ਕਰ ਕੇ ਉਪਰੇ ਹੱਥਾਂ ਵਿਚ ਧੱਕਣ ਦੇ ਬਰਾਬਰ ਹੈ। ਸ਼ਾਇਦ ਸਾਧਨਾਂ ਵਾਲੇ ਵਰਗਾਂ ਦੇ ਬੱਚਿਆਂ ਨੂੰ ਇਸ ਅਸੁਰੱਖਿਆ ਦਾ ਸਾਹਮਣਾ ਨਾ ਹੀ ਕਰਨਾ ਪਏ ਕਿਉਂਕਿ ਉਹ ਬਿਹਤਰ ਸਕੂਲਾਂ ਤੱਕ ਪਹੁੰਚ ਕਰਨ ਦੇ ਯੋਗ ਹੋਣਗੇ। ਜਿੱਥੇ ਸਿੱਖਿਆ ਦੇਣ ਲਈ ਬਾਕਾਇਦਾ ਢਾਂਚੇ ਨਹੀਂ ਉਸਾਰੇ ਜਾਂਦੇ ਜਾਂ ਉਸਾਰਨ ਦੀ ਲੋੜ ਹੀ ਨਹੀਂ ਸਮਝੀ ਜਾਂਦੀ, ਉਥੇ ਵਿਹਾਰਕਤਾ ਦੀ ਓਟ ਲੈ ਲਈ ਜਾਂਦੀ ਹੈ। ਸਪਸ਼ਟ ਹੈ ਕਿ ਸਮਾਜਿਕ ਅਤੇ ਆਰਥਿਕ ਮੁਸ਼ਕਿਲਾਂ ਨਾਲ ਜੂਝ ਰਹੇ ਵਰਗ ਦੇ ਲੋਕਾਂ ਨੂੰ ਹੀਣੇ ਮਿਆਰਾਂ ਵਾਲੀ ਸਿੱਖਿਆ ਮੁਹਈਆ ਕਰਾਉਣ ਦਾ ਨੀਤੀਗਤ ਸਮਰਥਨ ਮਿਲ ਜਾਏਗਾ।

ਦੋਹਰੇ ਮਾਪਦੰਡਾਂ ਵਾਲੀ ਵਿਵਸਥਾ ਸਿੱਖਿਆ ਦੇ ਅਗਲੇ ਚਰਨਾਂ ਵਿਚ ਵੀ ਵੇਖਣ ਨੂੰ ਮਿਲਦੀ ਹੈ। ਬੱਚਿਆਂ ਦੀ ਸਿੱਖਣ ਪ੍ਰਕਿਰਿਆ ਨੂੰ ਅਸਰਦਾਰ ਬਣਾਉਣ ਵਾਸਤੇ ਸਕੂਲ ਦੇ ਵਾਤਾਵਰਨ ਨੂੰ ਸੁਚੱਜਾ ਅਤੇ ਸੁਖਾਵਾਂ ਬਣਾਉਣ ਦੀ ਲੋੜ ਤੇ ਬਲ ਦਿੰਦਿਆਂ ਇਹ ਨੀਤੀ ਤਜਵੀਜ਼ ਕਰਦੀ ਹੈ- ਸਕੂਲਾਂ ਵਿਚ ਢੁਕਵੇਂ ਤੇ ਸੁਰੱਖਿਅਤ ਬੁਨਿਆਦੀ ਢਾਂਚੇ, ਪਖਾਨੇ, ਪੀਣ ਲਈ ਸ਼ੁੱਧ ਪਾਣੀ, ਸਿੱਖਣ ਲਈ ਸਾਫ ਤੇ ਦਿਲਖਿਚਵੀਆਂ ਖੁੱਲ੍ਹੀਆਂ ਥਾਵਾਂ, ਬਿਜਲੀ, ਕੰਪਿਊਟਰ ਸੰਬੰਧਤ ਯੰਤਰ ਅਤੇ ਇੰਟਰਨੈੱਟ ਦੀ ਵਿਵਸਥਾ, ਲਾਇਬਰੇਰੀ, ਖੇਡਾਂ ਤੇ ਮਨੋਰੰਜਨ ਦੇ ਸਾਧਨਾਂ ਵਰਗੀਆਂ ਸਹੂਲਤਾਂ ਪਹਿਲੀ ਸ਼ਰਤ ਹੈ। ਨੀਤੀ ਦਸਤਾਵੇਜ਼ ਇਸ ਤਰ੍ਹਾਂ ਦੇ ਸਕੂਲੀ ਮਾਹੌਲ ਨੂੰ ਅਧਿਆਪਕਾਂ ਅਤੇ ਵੱਖ ਵੱਖ ਪਿਛੋਕੜਾਂ ਤੋਂ ਆਏ ਵਿਦਿਆਰਥੀਆਂਨੂੰ ਪੜ੍ਹਨ-ਪੜ੍ਹਾਉਣ-ਸਿੱਖਣ ਪ੍ਰਕਿਰਿਆ ਲਈ ਪ੍ਰੇਰਨਾਦਾਇਕ ਮੰਨਦਾ ਹੈ; ਪਰ ਫਿਰ ਵਿਹਾਰਕਤਾ ਦੇ ਨਿਯਮ ਦਾ ਆਸਰਾ ਲੈ ਕੇ ਸਿੱਖਿਆ ਨੀਤੀ ਇਲਾਕਾਈ, ਸਭਿਆਚਾਰਕ, ਅਤੇ ਸਮਾਜਿਕ ਭਿੰਨਤਾਵਾਂ ਪ੍ਰਤੀ ਸੰਵੇਦਨਸ਼ੀਲ ਹੋਣ ਦੇ ਨਾਂ ਤੇ, ਸਿੱਖਿਆ ਮੁਹਈਆ ਕਰਨ ਲਈ ਭਾਂਤ ਭਾਂਤ ਦੇ ਨਵੀਂ ਕਿਸਮ ਦੇ ਬਦਲਵੇਂ ਨਮੂਨਿਆਂ ਦੇ ਸਕੂਲ ਉਸਾਰਨ ਨੂੰ ਹੁਲਾਰਾ ਦੇਣ ਅਤੇ ਸਰਕਾਰੀ ਤੇ ਲੋਕ ਹਿਤ ਨੂੰ ਸਮਰਪਿਤ ਗੈਰ-ਸਰਕਾਰੀ ਸੰਸਥਾਵਾਂ ਵਾਸਤੇ ਸਕੂਲ ਖੋਲ੍ਹਣ ਦੀ ਪ੍ਰਕਿਰਿਆ ਨੂੰ ਅਸਾਨ ਬਣਾਉਣ ਲਈ ਸੰਸਥਾਵਾਂ ਚਲਾਉਣ ਅਤੇ ਨਵੀਆਂ ਸੰਸਥਾਵਾਂ ਖੋਲ੍ਹਣ ਦੀਆਂ ਸ਼ਰਤਾਂ ਨੂੰ ਘੱਟ ਸੰਕੀਰਨ ਬਣਾਉਣ ਵਲ ਰੁਚਿਤ ਹੋਣ ਦੇ ਸੰਕੇਤ ਦੇ ਦਿੰਦੀ ਹੈ। ਸਿੱਖਣ ਪ੍ਰਕਿਰਿਆ ਨੂੰ ਅਸਰਦਾਰ ਬਣਾਉਣ ਲਈ ਸੁਚੱਜੇ ਅਤੇ ਸੁਖਾਵੇਂ ਵਾਤਾਵਰਨ ਵਾਲੇ ਸਕੂਲ ਦੀ ਜ਼ਰੂਰਤ ਵਾਲਾ ਆਪਣਾ ਹੀ ਸਿਧਾਂਤ ਭੁੱਲ ਕੇ ਗਰੀਬ ਮਾਪਿਆਂ ਦੇ ਬੱਚਿਆਂ ਨੂੰ ਪੜ੍ਹਨ-ਪੜ੍ਹਾਉਣ ਲਈ ਸਕੂਲਾਂ ਵਿਚ ਲੋੜੀਂਦੇ ਸਾਧਨ ਉਪਲਬਧ ਕਰਾਉਣ ਉਪਰ ਜ਼ੋਰ ਦੇਣ ਨਾਲੋਂ ਸਿੱਖਿਆ ਪ੍ਰਕਿਰਿਆ ਤੋਂ ਪੈਦਾ ਹੋਣ ਵਾਲੇ ਨਤੀਜਿਆਂ ਤੇ ਵਧੇਰੇ ਜ਼ੋਰ ਦੇਣ ਦਾ ਵਿਆਖਿਆਨ ਸੁਣਾ ਦਿੰਦੀ ਹੈ ਅਤੇ ਥੁੜਾਂ ਦੀ ਮਾਰ ਝੱਲ ਰਹੇ ਲੋਕਾਂ ਦੇ ਬੱਚਿਆਂ ਲਈ ਗੈਰ-ਰਸਮੀ ਤਰੀਕਿਆਂ ਨਾਲ ਸਿੱਖਿਆ ਦੇਣ ਨੂੰ ਪ੍ਰਵਾਨਗੀ ਦੇ ਦਿੰਦੀ ਹੈ। 6-14 ਸਾਲ ਦੀ ਉਮਰ ਦੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਾਪਤ ਕਰਨ ਦਾ ਹੱਕਦਾਰ ਬਣਾਉਣ ਵਾਲੇ ਸਿੱਖਿਆ ਦੇ ਅਧਿਕਾਰ ਕਾਨੂੰਨ -2009 ਦੇ ਪ੍ਰਤੀ ਇਸ ਨੀਤੀ ਦੀ ਪਹੁੰਚ ਤੋਂ ਵੀ ਇਹ ਸਪਸ਼ਟ ਹੋ ਜਾਂਦਾ ਹੈ।

ਸਿੱਖਿਆ ਨੀਤੀ ਦਾ ਖਰੜਾ ਤਿਆਰ ਕਰਨ ਲਈ ਕੇ. ਕਸਤੂਰੀਰੰਗਨ (2019) ਦੀ ਅਗਵਾਈ ਵਿਚ ਬਣੀ ਕਮੇਟੀ ਨੇ ਸਿਫਾਰਿਸ਼ ਕੀਤੀ ਸੀ ਕਿ ਸਿੱਖਿਆ ਦੇ ਅਧਿਕਾਰ ਕਾਨੂੰਨ ਨੂੰ ਵਿਸਥਾਰ ਦੇ ਕੇ 3-18 ਸਾਲ ਦੀ ਉਮਰ ਦੇ ਬੱਚਿਆਂ ਨੂੰ ਇਸ ਦੇ ਪ੍ਰਭਾਵ ਖੇਤਰ ਵਿਚ ਸ਼ਾਮਿਲ ਕਰ ਲਿਆ ਜਾਵੇ। ਇਸ ਤੋਂ ਪਹਿਲਾਂ ਸਵਰਗੀ ਟੀ.ਐਸ.ਆਰ. ਸੁਬਰਾਮਨੀਅਮ (2016) ਦੀ ਅਗਵਾਈ ਵਾਲੀ ਕਮੇਟੀ ਦੀ ਵੀ ਇਹੋ ਰਾਇ ਸੀ; ਲੇਕਿਨ ਸਿੱਖਿਆ ਨੀਤੀ ਅਗਲੇ ਦਸ ਸਾਲਾਂ ਵਿਚ ਏਜੰਡਾ-2030 ਦੇ ਚੌਥੇ ਉਦੇਸ਼ ਦੀ ਰੌਸ਼ਨੀ ਵਿਚ ਮੁੱਢਲੇ ਬਾਲਪਨ ਦੀ ਸਿੱਖਿਆ ਅਤੇ ਸੰਭਾਲ (ਪ੍ਰੀ-ਸਕੂਲ) ਤੋਂ ਲੈ ਕੇ ਸੈਕੰਡਰੀ ਪੱਧਰ ਤੱਕ ਦੇ ਵਿਦਿਆਰਥੀਆਂ ਦੀ ਗਰੌਸ ਐਨਰੋਲਮੈਂਟ ਰੇਸ਼ੋ (ਜੀ.ਈ.ਆਰ.) ਸੌ ਫੀਸਦੀ ਤੱਕ ਪਹੁੰਚਾ ਦੇਣ ਅਤੇ ਮਿਆਰੀ ਸਿੱਖਿਆ ਦੇਣ ਦਾ ਸੰਕਲਪ ਤਾਂ ਕਰਦੀ ਹੈ ਪਰ ਦੋਹਾਂ ਕਮੇਟੀਆਂ ਦੀ ਸਿਫਾਰਿਸ਼ ਨੂੰ ਨਜ਼ਰਅੰਦਾਜ਼ ਕਰ ਕੇ ਸਿੱਖਿਆ ਦੇ ਅਧਿਕਾਰ ਕਾਨੂੰਨ ਦਾ ਵਿਸਥਾਰ ਕਰਨ ਤੋਂ ਝਿਜਕ ਜਾਂਦੀ ਹੈ। ਦੂਜੇ ਪਾਸੇ ਇਨ੍ਹਾਂ ਹੀ ਕਮੇਟੀਆਂ ਵਲੋਂ ਸਰਕਾਰੀ ਅਤੇ ਪ੍ਰਾਈਵੇਟ ਖੇਤਰ ਵਿਚ ਚੱਲ ਰਹੀਆਂ ਤੇ ਨਵੀਆਂ ਖੁੱਲ੍ਹਣ ਵਾਲੀਆਂ ਵਿਦਿਅਕ ਸੰਸਥਾਵਾਂ ਸੰਬੰਧੀ ਨਿਰਧਾਰਤ ਲਾਜ਼ਮੀ ਮਾਪਦੰਡਾਂ, ਜਿਨ੍ਹਾਂ ਵਿਚ ਸਕੂਲ ਦੀ ਇਮਾਰਤ, ਅਕਾਦਮਿਕ ਸਾਲ ਵਿਚ ਪੜ੍ਹਾਈ ਦੇ ਘੱਟ ਤੋਂ ਘੱਟ ਘੰਟੇ, ਲਾਇਬਰੇਰੀ ਵਿਵਸਥਾ, ਵੱਖ ਵੱਖ ਪੱਧਰਾਂ ਤੇ ਅਧਿਆਪਕ-ਵਿਦਿਆਰਥੀ ਅਨੁਪਾਤ ਅਤੇ ਅਧਿਆਪਕਾਂ ਦੀ ਭਰਤੀ ਲਈ ਘੱਟ ਤੋਂ ਘੱਟ ਯੋਗਤਾ ਇਤਿਆਦ ਸ਼ਾਮਿਲ ਹਨ, ਨੂੰ ਨਰਮ ਕਰਨ ਦੇ ਸੁਝਾਅ ਨੂੰ ਪ੍ਰਵਾਨ ਕਰ ਲੈਂਦੀ ਹੈ। ਇਸ ਦੇ ਪ੍ਰਭਾਵ ਸਾਧਨਾਂ ਦੀ ਘਾਟ ਵਾਲੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਾਪਤ ਕਰਨ ਵਿਚ ਆਉਣ ਵਾਲੀਆਂ ਔਕੜਾਂ ਦੇ ਰੂਪ ਵਿਚ ਦ੍ਰਿਸ਼ਮਾਨ ਹੋਣਗੇ।

ਨੀਤੀ ਦੀ ਇੱਕ ਅਹਿਮ ਸਿਫਾਰਿਸ਼ ਹੈ ਕਿ ਐਨ.ਸੀ.ਈ.ਆਰ.ਟੀ. ਵਲੋਂ ਤਿਆਰ ਕੀਤੇ ਜਾਣ ਵਾਲੇ ਅਭਿਆਸ ਆਧਾਰਿਤ ਪਾਠਕ੍ਰਮ ਦੇ ਅਨੁਸਾਰ ਛੇਵੀਂ ਤੋਂ ਅੱਠਵੀਂ ਜਮਾਤ ਦਾ ਹਰ ਵਿਦਿਆਰਥੀ ਕੁਝ ਸਥਾਨਕ ਕੰਮ-ਧੰਦਿਆਂ ਨਾਲ ਸੰਬੰਧਤ 'ਅਨੰਦਮਈ (ਫੰਨ) ਕੋਰਸ' ਕਰੇਗਾ। ਸਾਲ ਵਿਚ ਦਸ ਦਿਨ ਬਸਤੇ ਤੋਂ ਬਿਨਾ ਸਕੂਲ ਜਾਣ ਵਾਲੇ ਹੋਣਗੇ ਅਤੇ ਇਨ੍ਹਾਂ ਦਿਨਾਂ ਵਿਚ ਹਰ ਵਿਦਿਆਰਥੀ ਲਕੜੀ, ਬਿਜਲੀ, ਧਾਤਾਂ, ਮਿੱਟੀ ਦੇ ਬਰਤਨ ਬਣਾਉਣ ਅਤੇ ਬਾਗਬਾਨੀ ਨਾਲ ਸੰਬੰਧਤ ਕੰਮ ਕਰਦੇ ਲੋਕਾਂ ਨਾਲ ਸਿਖਾਂਦਰੂ ਦੇ ਤੌਰ ਤੇ ਕੰਮ ਕਰੇਗਾ। ਵਿਦਿਆਰਥੀ ਕੰਮ ਦੀ ਦੁਨੀਆਂ ਦੇ ਇਸ ਤਜਰਬੇ ਨੂੰ ਹਰ ਸਾਲ ਛੁੱਟੀਆਂ ਦੌਰਾਨ ਵੀ ਹਾਸਿਲ ਕਰਨਗੇ। ਸਿਖਲਾਈ ਦੇ ਇਹ ਤਜਰਬੇ ਛੇਵੀਂ ਤੋਂ ਬਾਹਰਵੀਂ ਜਮਾਤ ਤੱਕ ਹਰ ਸਾਲ ਛੁੱਟੀਆਂ ਦੌਰਾਨ ਵੀ ਮੁਹਈਆ ਕਰਵਾਏ ਜਾਣਗੇ ਅਤੇ ਕਈ ਪੇਸ਼ਾਵਰ ਕੋਰਸ ਆਨਲਾਈਨ ਵਿਧੀ ਦੁਆਰਾ ਵੀ ਉਪਲਬਧ ਕਰਾਏ ਜਾਣਗੇ।

ਆਰੰਭ ਤੋਂ ਹੀ ਬੱਚਿਆਂ ਦੇ ਦਿਲਾਂ ਵਿਚ ਹੱਥੀਂ ਕੰਮ ਕਰਨ ਦੇ ਮਹੱਤਵ ਦਾ ਅਹਿਸਾਸ ਜਗਾਉਣ ਅਤੇ ਗਿਆਰਾਂ ਸਾਲ ਦੀ ਨਾਜ਼ੁਕ ਉਮਰ ਦੇ ਬੱਚਿਆਂ ਨੂੰ ਕੰਮ ਦੀ ਦੁਨੀਆਂ ਵਿਚ ਧੱਕ ਦੇਣ ਵਿਚ ਬਹੁਤ ਵੱਡਾ ਫਰਕ ਹੁੰਦਾ ਹੈ। ਇਹ ਤਜਵੀਜ਼ ਸਾਧਾਰਨ ਪਰਿਵਾਰਾਂ ਦੇ ਬੱਚਿਆਂ ਦੇ ਅਣਭੋਲ ਮਨਾਂ ਪ੍ਰਤੀ ਸੰਵੇਦਨਾ ਦੀ ਘਾਟ ਦਾ ਪ੍ਰਦਰਸ਼ਨ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਬੌਧਿਕ ਵਿਕਾਸ ਦੇ ਰਾਹ ਵਿਚ ਰੋੜਾ ਬਣਦੀ ਹੈ। ਅਸੀਂ ਉਨ੍ਹਾਂ ਨੂੰ 12ਵੀਂ ਜਮਾਤ ਤੱਕ ਸਿੱਖਿਆ ਪ੍ਰਾਪਤ ਕਰ ਕੇ ਅਧਿਐਨ ਦੀਆਂ ਵੱਖ ਵੱਖ ਦਿਸ਼ਾਵਾਂ ਵਿਚ ਜਾਣ ਲਈ ਚੋਣ ਕਰਨ ਦੇ ਕਾਬਿਲ ਹੋ ਜਾਣ ਤੋਂ ਕਿਉਂ ਰੋਕਣਾ ਚਾਹੁੰਦੇ ਹਾਂ? ਦੂਜਾ, ਇਸ ਵਿਚ ਮਜ਼ਾ ਜਾਂ ਮਨੋਰੰਜਨ ਕਿੱਥੇ ਹੈ? ਇਹ ਤਜਰਬਾ ਆਰਥਿਕ ਅਤੇ ਸਮਾਜਿਕ ਸੁਰੱਖਿਆ ਵਿਚ ਪਲਦੇ ਖੁਸ਼ਨਸੀਬ ਬਾਲਾਂ ਲਈ ਤਾਂ 'ਅਨੰਦਮਈ ਅਤੇ ਅਦਭੁਤ ਕੋਰਸ' ਹੋ ਸਕਦਾ ਹੈ ਲੇਕਿਨ ਇਨ੍ਹਾਂ ਹੀ ਕੰਮਾਂ-ਧੰਦਿਆਂ ਵਿਚ ਲੱਗੇ ਕਰੋੜਾਂ ਲੋਕਾਂ ਦੇ ਸਕੂਲਾਂ ਵਿਚ ਪੜ੍ਹਦੇ ਮਾਸੂਮ ਬੱਚਿਆਂ ਲਈ ਸਿਖਲਾਈ ਦਾ ਇਹ ਤਜਰਬਾ 'ਅਨੰਦਮਈ ਅਤੇ ਖੇਡ ਤਮਾਸ਼ੇ ਵਾਲਾ ਕੋਰਸ' ਬਿਲਕੁਲ ਨਹੀਂ ਹੋ ਸਕਦਾ। ਉਨ੍ਹਾਂ ਲਈ ਇਹ ਸਮਾਂ ਕੰਮ ਅਤੇ ਸਿਰਫ ਕੰਮ ਦਾ ਹੀ ਹੋਏਗਾ। ਜਾਪਦਾ ਹੈ ਕਿ 14 ਸਾਲ ਤੱਕ ਦੀ ਉਮਰ ਤੱਕ ਪਹੁੰਚਦਿਆਂ ਇਨ੍ਹਾਂ ਬਾਲਾਂ ਨੂੰ ਕਿਸੇ ਕੰਮ-ਧੰਦੇ ਵਿਚ ਕੁਸ਼ਲ ਬਣਾ ਕੇ ਬਾਜ਼ਾਰ ਵਿਚ ਸਸਤੇ ਭਾਅ ਮਜ਼ਦੂਰੀ ਲਈ ਉਪਲਬਧ ਕਰਵਾ ਦਿੱਤੇ ਜਾਣ ਦਾ ਰਾਹ ਤਿਆਰ ਹੋ ਜਾਵੇਗਾ। ਸਿੱਖਿਆ ਨੀਤੀ ਕੋਲੋਂ ਇਨ੍ਹਾਂ ਮਿਹਨਤਕਸ਼ ਲੋਕਾਂ ਦੇ ਬੱਚਿਆਂ ਦੀ ਸਿੱਖਿਆ ਪ੍ਰਤੀ ਵਧੇਰੇ ਸੰਵੇਦਨਸ਼ੀਲਤਾ ਦੀ ਉਮੀਦ ਕੋਈ ਜ਼ਿਆਦਾ ਵੱਡੀ ਮੰਗ ਵੀ ਨਹੀਂ ਸੀ।

ਬਰਾਬਰੀ ਅਤੇ ਇਨਸਾਫ ਉਤੇ ਆਧਾਰਿਤ ਸਮਾਜ ਉਸਾਰਨ ਅਤੇ ਮਾਨਵੀ ਸਮਰੱਥਾ ਦਾ ਭਰਪੂਰ ਵਿਕਾਸ ਯਕੀਨੀ ਬਣਾਉਣ ਲਈ ਤਿੰਨ ਤੋਂ ਅਠਾਰਾਂ ਸਾਲ ਦੀ ਉਮਰ ਦੇ ਸਾਰੇ ਬੱਚਿਆਂ ਤੱਕ ਇੱਕੋ ਮੇਚ ਦੀ ਮਿਆਰੀ ਸਿੱਖਿਆ ਪਹੁੰਚਾਉਣ ਦਾ ਸਿੱਖਿਆ ਨੀਤੀ ਵਲੋਂ ਕੀਤਾ ਵਾਅਦਾ ਵਫਾ ਹੁੰਦਾ ਨਹੀਂ ਲੱਗਦਾ। ਫਿਕਰ ਹੈ ਕਿ ਜਨ ਸਾਧਾਰਨ ਲਈ ਉਚੇਰੀ ਸਿੱਖਿਆ ਦੇ ਖੇਤਰ ਵਿਚ ਵੀ ਕੋਈ ਆਸ ਦੀ ਕਿਰਨ ਦਿਖਾਈ ਨਹੀਂ ਦਿੰਦੀ।

# ਭਾਰਤੀ ਸਮਾਜ ਅਤੇ ਆਰ.ਐਸ.ਐਸ ਦੇ ਰਲੇਵੇਂ ਦਾ ਆਗਾਜ਼

***5 ਅਗਸਤ ਦੇ ਖਾਸ ਦਿਨ ਉਪਰ ਅਯੁੱਧਿਆ ਵਿਚ ਰਾਮ ਮੰਦਰ ਦੀ ਨੀਂਹ ਰੱਖਣ ਦੇ ਭਾਰਤ ਦੇ ਭਵਿਖ ਲਈ ਕੀ ਅਰਥ ਹਨ, ਇਸ ਦਾ ਬਾਖੂਬੀ ਵਿਸ਼ਲੇਸ਼ਣ ਨਾਮਵਰ ਪੱਤਰਕਾਰ ਅਭਿਸ਼ੇਕ ਸ੍ਰੀਵਾਸਤਵ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। ਇਸ ਅਹਿਮ ਲੇਖ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਕੀਤਾ ਹੈ। -ਸੰਪਾਦਕ***

ਇਸ 5 ਅਗਸਤ ਨੂੰ ਰਾਮ ਮੰਦਰ ਦੇ 'ਭੂਮੀ ਪੂਜਨ' ਤੋਂ ਬਾਅਦ ਜਿਸ ਕਿਸੇ ਨਾਲ ਵੀ ਗੱਲ ਹੋਈ, ਸਾਰਿਆਂ ਦੇ ਮਨ ਵਿਚ ਇਕ ਹੀ ਸਵਾਲ ਸੀ ਕਿ ਹੁਣ ਅੱਗੇ ਕੀ ਹੋਣ ਵਾਲਾ ਹੈ। ਭਾਜਪਾ ਦੀ ਪੈਦਾਇਸ਼ ਦੇ ਸਮੇਂ ਤੋਂ ਹੀ ਉਸ ਦੇ ਐਲਾਨਨਾਮੇ ਵਿਚ ਸ਼ਾਮਲ ਤਿੰਨ ਵਿਚੋਂ ਦੋ ਮੁੱਦੇ ਤਾਂ ਨਜਿੱਠ ਲਏ ਗਏ। ਧਾਰਾ 370 ਹਟਾਉਣ ਅਤੇ ਮੰਦਰ ਬਣਾਉਣ ਦਾ ਜੋ ਸਭ ਤੋਂ ਪੇਚੀਦਾ ਵਾਅਦਾ ਸੀ, ਉਸ ਨੂੰ ਤਾਂ ਬਹੁਤ ਸੌਖਿਆਂ ਹੀ ਪੂਰਾ ਕਰ ਲਿਆ ਗਿਆ। ਬਚ ਗਿਆ ਇਕਸਮਾਨ ਸਿਵਲ ਕੋਡ, ਉਹ ਵੀ ਦੇਰ-ਸਵੇਰ ਸੁਪਰੀਮ ਕੋਰਟ ਦੇ ਜ਼ਰੀਏ ਬਣ ਹੀ ਜਾਵੇਗਾ। ਫਿਰ ਆਰ.ਐਸ.ਐਸ. ਅਤੇ ਭਾਜਪਾ ਕਰਨਗੇ ਕੀ?

ਠੀਕ ਇਹੀ ਸਵਾਲ ਅੱਜ ਤੋਂ 33 ਸਾਲ ਪਹਿਲਾਂ ਤਤਕਾਲੀ ਆਰ.ਐਸ.ਐਸ. ਮੁਖੀ ਬਾਲਾਸਾਹਿਬ ਦੇਵਰਸ ਸਾਹਮਣੇ ਖੜ੍ਹਾ ਹੋਇਆ ਸੀ, ਜਦ ਰਾਮ ਮੰਦਰ ਬਣਾਉਣ ਲਈ ਤਮਾਮ ਧਿਰਾਂ ਅਤੇ ਕਾਂਗਰਸ ਸਰਕਾਰ ਦਰਮਿਆਨ ਸਹਿਮਤੀ ਬਣਨ ਦੀ ਖਬਰ 'ਪਾਂਚਜੰਨਿਆ' ਅਤੇ 'ਆਰਗੇਨਾਈਜ਼ਰ' ਵਿਚ ਛਪ ਗਈ ਸੀ। 'ਪਾਂਚਜੰਨਿਆ' ਦੇ 27 ਦਸਬੰਰ 1987 ਅੰਕ ਦੇ ਮੁੱਖ ਪੰਨੇ ਉਪਰ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁਖੀ ਅਸ਼ੋਕ ਸਿੰਘਲ ਦੀ ਵੱਡੀ ਤਸਵੀਰ ਦੇ ਨਾਲ ਰਾਮ

**ਅਭਿਸ਼ੇਕ ਸ੍ਰੀਵਾਸਤਵ**
**ਅਨੁਵਾਦ: ਬੂਟਾ ਸਿੰਘ**

ਮੰਦਰ ਅੰਦੋਲਨ ਦੀ ਜਿੱਤ ਸੰਬੰਧੀ ਛਪੀ ਖਬਰ ਦਾ ਪਤਾ ਜਦ ਦੇਵਰਸ ਨੂੰ ਲੱਗਾ ਤਾਂ ਉਸ ਨੇ ਸੰਘ ਦੇ ਦਿੱਲੀ ਸਥਿਤ ਝੰਡੇਵਾਲਾ ਦਫਤਰੋਂ ਸਿੰਘਲ ਨੂੰ ਤਲਬ ਕਰ ਲਿਆ ਅਤੇ ਉਸ ਉਪਰ 'ਅੰਦੋਲਨ ਦੀ ਪਿੱਠ ਵਿਚ ਛੁਰਾ ਮਾਰਨ ਦਾ ਇਲਜ਼ਾਮ ਲਾਇਆ'।

ਇਹ ਪ੍ਰਸੰਗ ਫੈਜ਼ਾਬਾਦ ਵਿਚ ਕੇ.ਐਮ. ਚੀਨੀ ਮਿੱਲ ਦੇ ਮਾਲਕ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਵਿਸ਼ਨੂਹਰਿ ਡਾਲਮੀਆ ਦੇ ਰਿਸ਼ਤੇਦਾਰ ਲਕਸ਼ਮੀਕਾਂਤ ਝੁਨਝੁਨਵਾਲਾ ਦੇ ਹਵਾਲੇ ਨਾਲ ਸ਼ੀਤਲਾ ਸਿੰਘ ਨੇ ਅਯੁੱਧਿਆ ਉਪਰ ਆਪਣੀ ਕਿਤਾਬ ਵਿਚ ਛਾਪਿਆ ਹੈ। ਉਹ ਬਾਲਾਸਾਹਿਬ ਦੇਵਰਸ ਬਾਰੇ ਲਿਖਦੇ ਹਨ: 'ਉਨ੍ਹਾਂ ਨੇ ਸਭ ਤੋਂ ਪਹਿਲਾਂ ਤਾਂ ਅਸ਼ੋਕ ਸਿੰਘਲ ਨੂੰ ਬੁਲਾ ਕੇ ਪੁੱਛਿਆ ਕਿ ਤੁਸੀਂ ਏਨੇ ਪੁਰਾਣੇ ਸਵੈਮਸੇਵਕ ਹੋ, ਤੁਸੀਂ ਇਸ ਯੋਜਨਾ ਦੀ ਹਮਾਇਤ ਕਿਵੇਂ ਕਰ ਦਿੱਤੀ?' ਸਿੰਘਲ ਨੇ ਕਿਹਾ ਕਿ ਸਾਡਾ ਅੰਦੋਲਨ ਤਾਂ ਰਾਮ ਮੰਦਰ ਦੇ ਲਈ ਸੀ, ਜੇ ਇਹ ਸਵੀਕਾਰਿਆ ਜਾਂਦਾ ਹੈ ਤਾਂ ਹਮਾਇਤ ਕਰਨੀ ਹੀ ਚਾਹੀਦੀ ਹੈ। ਇਸ 'ਤੇ ਦੇਵਰਸ ਜੀ ਉਸ ਨੂੰ ਪੈ ਨਿਕਲੇ ਅਤੇ ਕਿਹਾ ਕਿ ਤੇਰੀ ਅਕਲ ਘਾਹ ਚਰਨ ਗਈ ਹੈ। ਇਸ ਮੁਲਕ ਵਿਚ ਰਾਮ ਦੇ 800 ਰਾਮ ਮੰਦਰ ਪਹਿਲਾਂ ਹੀ ਮੌਜੂਦ ਹਨ, ਇਕ ਹੋਰ ਬਣ ਜਾਵੇਗਾ ਤਾਂ 801ਵਾਂ ਹੋ ਜਾਵੇਗਾ। ਲੇਕਿਨ ਇਹ ਅੰਦੋਲਨ ਲੋਕਾਂ ਵਿਚ ਹਰਮਨਪਿਆਰਾ ਹੋ ਰਿਹਾ ਸੀ। ਉਸ ਦੀ ਹਮਾਇਤ ਵਧ ਰਹੀ ਸੀ ਜਿਸ ਦੇ ਜ਼ੋਰ ਅਸੀਂ ਦਿੱਲੀ ਵਿਚ ਸਰਕਾਰ ਬਣਾਉਣ ਦੀ ਹਾਲਤ ਤੱਕ ਪਹੁੰਚਦੇ। ਤੁਸੀਂ ਇਸ ਦਾ ਸਵਾਗਤ ਕਰ ਕੇ ਦਰਅਸਲ ਅੰਦੋਲਨ ਦੀ ਪਿੱਠ 'ਚ ਛੁਰਾ ਮਾਰਿਆ ਹੈ... ਇਸ ਵਿਚੋਂ ਬਾਹਰ ਨਿਕਲੋ, ਕਿਉਂਕਿ ਇਹ ਸਾਡੇ ਮਨੋਰਥਾਂ ਦੀ ਪੂਰਤੀ ਵਿਚ ਅੜਿੱਕਾ ਬਣੇਗਾ।' (ਅਯੁੱਧਿਆ: ਰਾਮਜਨਮ ਭੂਮੀ ਬਾਬਰੀ ਮਸਜਿਦ ਕਾ ਸੱਚ, ਸ਼ੀਤਲਾ ਸਿੰਘ, ਪੰਨਾ 110)।

ਹੁਣ ਜਦ ਅਦਾਲਤ ਜ਼ਰੀਏ ਮੰਦਰ ਦਾ ਨੀਂਹ-ਪੱਥਰ ਰੱਖਿਆ ਜਾ ਚੁੱਕਾ ਹੈ, ਤਾਂ ਪਿੱਛੇ ਮੁੜ ਕੇ ਦੇਵਰਸ ਦੇ ਇਸ ਬਿਆਨ ਉਪਰ ਗੌਰ ਕਰਨਾ ਜ਼ਰੂਰੀ ਹੈ। ਜੋ ਮੁੱਦਾ 33 ਸਾਲ ਪਹਿਲਾਂ ਹੱਲ ਹੋ ਚੁੱਕਾ ਸੀ, ਉਸ ਨੂੰ ਇਸ ਕਰ ਕੇ ਧੁਖਦਾ ਰੱਖਿਆ ਗਿਆ ਤਾਂ ਜੋ ਦਿੱਲੀ ਵਿਚ ਸੰਘ ਦੀ ਸਰਕਾਰ ਬਣ ਸਕੇ। ਕੀ ਉਦੋਂ ਕੋਈ ਸੋਚ ਸਕਦਾ ਸੀ ਕਿ ਸੰਘ ਅਤੇ ਭਾਜਪਾ ਦੇ 'ਮਨੋਰਥਾਂ' ਦੀ ਪੂਰਤੀ ਵਿਚ ਖੁਦ ਰਾਮ ਮੰਦਰ ਹੀ 'ਅੜਿੱਕਾ' ਹੈ? ਉਸ ਜ਼ਮਾਨੇ ਦੇ ਹਰਮਨਪਿਆਰੇ ਹਿੰਦੂ ਆਗੂ ਅਸ਼ੋਕ ਸਿੰਘਲ ਵੀ ਦੇਵਰਸ ਦੇ ਸਾਹਮਣੇ ਨਾਦਾਨ ਬਾਲਕ ਨਜ਼ਰ ਆਉਂਦੇ ਹਨ ਜਿਸ ਦੀ ਨਜ਼ਰ ਸਿਰਫ ਰਾਮ ਮੰਦਰ ਤੱਕ ਜਾ ਕੇ ਖਤਮ ਹੋ ਜਾਂਦੀ ਹੈ। ਦੇਵਰਸ 1987 ਵਿਚ ਜੋ ਸੋਚ ਰਹੇ ਸਨ, ਉਹ 1998 ਵਿਚ ਪਹਿਲੀ ਵਾਰ ਅਟਲ ਬਿਹਾਰੀ ਵਾਜਪਾਈ ਦੀ ਗੱਠਜੋੜ ਸਰਕਾਰ ਦੇ ਰੂਪ ਵਿਚ ਸਾਕਾਰ ਹੋਇਆ, ਲੇਕਿਨ ਮੁਕੰਮਲ ਪੂਰੇ 27 ਸਾਲ ਬਾਅਦ 2014 'ਚ ਜਾ ਕੇ ਬਹੁਮਤ ਨਾਲ ਹੀ ਹੋ ਸਕਿਆ।

ਵਾਲਟਰ ਐਂਡਰਸਨ ਅਤੇ ਸ੍ਰੀਧਰ ਦਾਮਲੇ ('ਆਰਐਸਐਸ: ਏ ਵਿਊ ਟੂ ਦਿ ਇਨਸਾਈਡ', ਪੈਂਗੁਇਨ) ਐਵੇਂ ਹੀ ਨਹੀਂ ਕਹਿੰਦੇ ਕਿ 'ਸੰਘ ਨੂੰ ਸਮਝ ਸਕਣਾ ਬਹੁਤ ਮੁਸ਼ਕਿਲ ਹੈ, ਲੇਕਿਨ ਉਸ ਨੂੰ ਗਲਤ ਸਮਝ ਲੈਣਾ ਬਹੁਤ ਸੌਖਾ ਹੈ।'

ਦੇਵਰਸ ਦਾ ਸਿੰਘਲ ਨੂੰ ਦੱਸਿਆ ਮਨੋਰਥ 2014 ਵਿਚ ਪੂਰਾ ਹੋਇਆ। 2019 ਵਿਚ ਇਹ ਹੋਰ ਵੀ 'ਪੱਕੇਪੈਰੀਂ' ਹੋ ਗਿਆ। ਇਸੇ ਪੱਕੇ ਪੈਰੀਂ ਹੋਏ ਮਨੋਰਥ ਨਾਲ ਮੰਦਰ ਦੀ ਨੀਂਹ ਰੱਖਣ ਦੀ ਖਾਨਾਪੂਰਤੀ 5 ਅਗਸਤ, ਬੁੱਧਵਾਰ ਨੂੰ ਕਰ ਦਿੱਤੀ ਗਈ। ਖਾਨਾਪੂਰਤੀ ਇਸ ਲਈ ਕਿਉਂਕਿ 1987 ਤੋਂ ਲੈ ਕੇ ਹੁਣ ਤੱਕ ਮਨੋਰਥ ਮੰਦਰ ਨਹੀਂ ਸੀ। ਇਹ ਤਾਂ ਸਾਧਨ ਸੀ। ਇਸ ਸਾਧਨ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਵਿਦਵਤਾਪੂਰਨ ਵਿਆਖਿਆਵਾਂ ਹੋ ਰਹੀਆਂ ਹਨ। ਬੀਤੇ ਤਿੰਨ ਦਿਨਾਂ ਵਿਚ ਲੱਖਾਂ ਸ਼ਬਦ ਖਰਚੇ ਜਾ ਚੁੱਕੇ ਹਨ ਲੇਕਿਨ ਭਵਿਖ ਦੀ ਤੰਦ ਉਸ ਤੱਥ ਵਿਚ ਲੁਕੀ ਹੋਈ ਹੈ ਜਿਸ ਉਪਰ ਨਾ ਵੱਖਰੇ ਤੌਰ 'ਤੇ ਲਿਖਿਆ ਗਿਆ ਅਤੇ ਨਾ ਹੀ ਬੋਲਿਆ ਗਿਆ। ਉਹ ਤੱਥ ਕੀ ਹੈ?

2014 ਵਿਚ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਨੇ ਕਦੇ ਸਰਸੰਘਚਾਲਕ ਮੋਹਨ ਭਾਗਵਤ ਨਾਲ ਮੰਚ ਸਾਂਝਾ ਨਹੀਂ ਸੀ ਕੀਤਾ। ਕਦੇ ਵੀ ਨਹੀਂ। ਚਾਹੇ ਉਹ ਸਰਕਾਰੀ ਸਮਾਗਮ ਹੋ ਰਿਹਾ ਹੋਵੇ ਜਾਂ ਗੈਰਸਰਕਾਰੀ। ਇਹ ਪਹਿਲੀ ਵਾਰ ਸੀ ਜਦ ਅਯੁੱਧਿਆ ਵਿਚ ਸਰਸੰਘਚਾਲਕ ਅਤੇ ਪ੍ਰਧਾਨ ਸੇਵਕ ਇਕ ਹੀ ਮੰਚ ਉਪਰ ਇਕੱਠੇ ਸਨ। ਇਸ ਤੋਂ ਵੀ ਵਧੇਰੇ ਗੌਰ ਕਰਨ ਵਾਲੀ ਬੜੀ ਗੱਲ ਇਹ ਸੀ ਕਿ ਭਾਗਵਤ ਦਾ ਭਾਸ਼ਨ ਪ੍ਰਧਾਨ ਮੰਤਰੀ ਤੋਂ ਪਹਿਲਾਂ ਹੋਇਆ। ਜ਼ਾਹਿਰ ਹੈ, ਸੰਘ ਦੇ ਪ੍ਰਚਾਰਕ ਨਾਲੋਂ ਬੜਾ ਸਰਸੰਘਚਾਲਕ ਹੈ। ਬੀ.ਜੇ.ਪੀ. ਤੋਂ ਬੜਾ ਆਰ.ਐਸ.ਐਸ. ਹੈ। ਇਹ ਸਰਕਾਰ ਬੀ.ਜੇ.ਪੀ. ਦੀ ਨਹੀਂ, ਆਰ.ਐਸ.ਐਸ. ਦੀ ਸਰਕਾਰ ਹੈ। ਇਸ ਘਟਨਾ ਵਿਚ ਸਮੋਏ ਮਾਇਨੇ ਕੀ ਹਨ? ਇਸ ਵਲ ਆਉਣ ਤੋਂ ਪਹਿਲਾਂ, ਸੰਘ ਦੇ ਹੀ ਇਕ ਉਘੇ ਅਹੁਦੇਦਾਰ ਸੁਨੀਲ ਅੰਬੇਕਰ ਦੇ ਲਿਖੇ ਹੋਏ ਉਪਰ ਨਜ਼ਰ ਮਾਰਦੇ ਹਾਂ।

ਬੀਤੇ 17 ਸਾਲ ਤੋਂ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਆਰ.ਐਸ.ਐਸ. ਨਾਲ ਸੰਬੰਧਤ ਵਿਦਿਆਰਥੀ ਜਥੇਬੰਦੀ) ਦੇ ਰਾਸ਼ਟਰੀ ਜਥੇਬੰਦਕ ਸਕੱਤਰ ਅਤੇ ਸੰਘ ਦੇ ਪ੍ਰਮੁੱਖ ਪ੍ਰਚਾਰਕਾਂ ਵਿਚੋਂ ਇਕ ਸੁਨੀਲ ਅੰਬੇਕਰ ਦੀ ਪਿਛਲੇ ਸਾਲ ਕਿਤਾਬ ਛਪੀ ਸੀ ਜਿਸ ਉਪਰ ਬਹੁਤੀ ਚਰਚਾ ਨਹੀਂ ਹੋ ਸਕੀ। 'ਦਿ ਆਰ.ਐਸ.ਐਸ. ਰੋਡਮੈਪਸ ਟਵੰਟੀ ਫਰਸਟ ਸੈਂਚਰੀ' ਨਾਂ ਦੀ ਇਸ ਕਿਤਾਬ ਦਾ ਤੁਆਰਫ ਅੱਖਾਂ ਖੋਲ੍ਹਣ ਵਾਲਾ ਹੈ। ਅੰਬੇਕਰ ਲਿਖਦੇ ਹਨ ਕਿ ਉਸ ਦੇ ਦਿਮਾਗ ਵਿਚ ਇਹ ਸਵਾਲ ਘੁੰਮ ਰਿਹਾ ਸੀ ਕਿ ਆਖਿਰ ਸੁਤੰਤਰਤਾ ਦੇ 100 ਸਾਲ ਪੂਰੇ ਹੋਣ 'ਤੇ ਸੰਨ 2047 ਵਿਚ ਭਾਰਤ ਦੀ ਸਥਿਤੀ ਕੀ ਹੋਵੇਗੀ? ਦੂਜੇ ਹੀ ਪੈਰੇ ਵਿਚ ਉਹ ਇਸ ਦਾ ਜਵਾਬ ਦਿੰਦਾ ਹੈ, 'ਸੰਘ ਨੂੰ ਭਾਰਤੀ ਸਮਾਜ ਤੋਂ ਜੁਦਾ ਕਰ ਕੇ ਪਛਾਨਣਾ ਅਸੰਭਵ ਹੋ ਜਾਵੇਗਾ। ਸੰਘ ਅਤੇ ਭਾਰਤੀ ਸਮਾਜ ਦਾ ਰਲੇਵਾਂ ਏਨਾ ਮੁਕੰਮਲ ਹੋ ਜਾਵੇਗਾ ਜਿਵੇਂ ਦੁੱਧ ਵਿਚ ਘੁਲੀ ਖੰਡ। ਜਿਸ ਤਰ੍ਹਾਂ ਦੁੱਧ ਨੂੰ ਹਿਲਾਉਣ 'ਤੇ ਉਹ ਖੰਡ ਦੇ ਗੁਣ ਦਿਖਾਉਣ ਲੱਗਦਾ ਹੈ, ਉਸੇ ਤਰ੍ਹਾਂ ਭਾਰਤੀ ਸਮਾਜ ਆਪਣੀ ਸਮੁੱਚਤਾ ਵਿਚ ਸੰਘ ਦੇ ਵਿਚਾਰਾਂ ਨੂੰ ਦਰਸਾਉਣਾ ਸ਼ੁਰੂ ਕਰ ਦੇਵੇਗਾ। ਇਸ ਤਰ੍ਹਾਂ ਸੰਘ, ਭਾਰਤੀ ਸਮਾਜ ਦਾ ਦੂਜਾ ਨਾਂ ਬਣ ਜਾਵੇਗਾ ਅਤੇ ਉਸ ਦੀ ਸੁਤੰਤਰ ਹੋਂਦ ਦੀ ਜ਼ਰੂਰਤ ਆਪਣੇ ਆਪ ਹੀ ਖਤਮ ਹੋ ਜਾਵੇਗੀ।'

ਸੰਘ ਅਤੇ ਭਾਰਤੀ ਸਮਾਜ ਦੇ ਇਕ ਹੋ ਜਾਣ ਦਾ ਪ੍ਰਭਾਵ ਪ੍ਰਸ਼ਾਸਨਕ ਸੰਰਚਨਾ ਉਪਰ ਕਿਸ ਤਰ੍ਹਾਂ ਨਜ਼ਰ ਆਵੇਗਾ, ਇਹ ਸਮਝਣਾ ਬਹੁਤ ਜ਼ਰੂਰੀ ਹੈ,



ਕਿਉਂਕਿ 2047 ਵਿਚ ਹੁਣ ਸਿਰਫ 27 ਸਾਲ ਬਾਕੀ ਹਨ। ਯਾਦ ਰੱਖੋ, ਦੇਵਰਸ ਨੇ ਵੀ 2014 ਵਿਚ ਸੰਘ ਦੀ ਸਰਕਾਰ ਬਣਨ ਤੋਂ 27 ਸਾਲ ਪਹਿਲਾਂ (1987 ਵਿਚ) ਅਸ਼ੋਕ ਸਿੰਘਲ ਨੂੰ ਗੁਰ-ਗਿਆਨ ਦਿੱਤਾ ਸੀ। ਅੰਬੇਕਰ ਦੇ ਬਿਆਨ ਦੇ ਪ੍ਰਸੰਗ 'ਚ ਪਹਿਲਾਂ ਤਾਂ ਸਾਨੂੰ ਅਯੁੱਧਿਆ ਦੇ ਮੰਚ ਉਪਰ ਮੋਦੀ ਅਤੇ ਭਾਗਵਤ ਦੇ ਇਕੱਠੇ ਆਉਣ (2014 ਤੋਂ ਬਾਅਦ) ਦਾ ਮੰਜ਼ਰ ਚੇਤੇ ਰੱਖਣਾ ਹੋਵੇਗਾ। ਦੂਜਾ, ਪਿਛਲੇ ਸਾਲ ਸਤੰਬਰ ਵਿਚ ਦਿੱਲੀ ਵਿਚ ਮੋਹਨ ਭਾਗਵਤ ਵਲੋਂ ਵਿਦੇਸ਼ੀ ਪੱਤਰਕਾਰਾਂ ਨਾਲ ਹੋਈ ਗੈਰਰਸਮੀ ਚਰਚਾ (ਸੰਘ ਦੇ ਇਤਿਹਾਸ ਵਿਚ ਪਹਿਲੀ ਵਾਰ) ਵਿਚ ਸਰਸੰਘਚਾਲਕ ਦੀਆਂ ਕਹੀਆਂ ਗੱਲਾਂ ਨੂੰ ਸੁਣਨਾ ਹੋਵੇਗਾ।

ਸੰਘ ਦਾ ਵਿਸ਼ਵਾਸ ਸਦਾ ਗੁਪਤ ਕੰਮ-ਢੰਗ ਵਿਚ ਰਿਹਾ ਹੈ, ਲੇਕਿਨ ਸੱਤਾ ਨੇੜੇ ਆਉਂਦੀ ਦੇਖ ਸੰਘ ਨੇ ਆਪਣਾ ਰੂਪ ਪਹਿਲੀ ਵਾਰ 2013 'ਚ ਬਦਲਿਆ ਜਦ ਕਲਕੱਤਾ ਵਿਚ ਉਸ ਨੇ ਪੂਰੇ ਮੁਲਕ ਦੇ ਸੰਪਾਦਕਾਂ ਅਤੇ ਪੱਤਰਕਾਰਾਂ ਨੂੰ ਸੱਦ ਕੇ ਤਿੰਨ ਦਿਨ ਦਾ ਗੈਰਰਸਮੀ ਸੈਸ਼ਨ ਕੀਤਾ। ਉਦੋਂ ਤੋਂ ਲੈ ਕੇ 2019 ਤੱਕ ਸੰਘ ਨੇ ਮੀਡੀਆ ਨਾਲ ਗੱਲਬਾਤ ਨਹੀਂ ਕੀਤੀ ਸੀ। ਵਿਦੇਸ਼ੀ ਮੀਡੀਆ ਵਿਚ ਜਦ ਮੋਦੀ ਸਰਕਾਰ ਦਾ ਅਕਸ ਵਿਗੜਨਾ ਸ਼ੁਰੂ ਹੋਇਆ ਤਾਂ ਸਰਸੰਘਚਾਲਕ ਨੂੰ ਖੁਦ ਮੈਦਾਨ ਵਿਚ ਆਉਣਾ ਪਿਆ ਅਤੇ ਸਤੰਬਰ 2019 ਵਿਚ ਉਸ ਨੇ ਚੋਣਵੇਂ ਵਿਦੇਸ਼ੀ ਮੀਡੀਆ ਨਾਲ ਦਿੱਲੀ ਵਿਚ ਸੈਸ਼ਨ ਕੀਤਾ। ਉਥੇ ਉਸ ਨੇ ਇਕ ਬੜੀ ਮਾਅਰਕੇ ਦੀ ਗੱਲ ਕਹੀ, 'ਸੰਘ ਅਨੇਕਤਾ ਵਿਚ ਏਕਤਾ ਵਾਲੇ ਮੁਹਾਵਰੇ ਨੂੰ ਨਹੀਂ ਮੰਨਦਾ। ਸੰਘ ਏਕਤਾ ਵਿਚ ਅਨੇਕਤਾ ਦੀ ਗੱਲ ਕਰਦਾ ਹੈ।'

ਹੁਣ ਸਰਸੰਘਚਾਲਕ ਦੇ ਇਸ ਬਿਆਨ, ਅਯੁੱਧਿਆ ਦੇ ਮੰਚ ਅਤੇ ਅੰਬੇਕਰ ਦੇ ਬਿਆਨ ਨੂੰ ਜੋੜ ਕੇ ਦੇਖੀਏ ਤਾਂ ਏਕੀਕਰਨ ਦੀ ਇਕ ਤੰਦ ਹੱਥ ਆ ਜਾਂਦੀ ਹੈ। ਸਰਸੰਘਚਾਲਕ ਵੀ ਏਕਤਾ ਦੀ ਗੱਲ ਕਰ ਰਿਹਾ ਹੈ, 5 ਅਗਸਤ ਨੂੰ ਅਯੁੱਧਿਆ ਦੇ ਮੰਚ ਉਪਰ ਪਹਿਲੀ ਵਾਰ ਲੋਕਤੰਤਰੀ ਤਰੀਕੇ ਨਾਲ ਚੁਣੀ ਹੋਈ ਸਰਕਾਰ ਅਤੇ ਉਸ ਨੂੰ ਚਲਾਉਣ ਵਾਲੀ ਅਨਰਜਿਸਟਰਡ 'ਸਭਿਆਚਾਰਕ' ਸੰਸਥਾ ਦੀ ਏਕਤਾ ਨਜ਼ਰ ਆਉਂਦੀ ਹੈ ਅਤੇ ਅੰਬੇਕਰ ਇਸ ਸੰਸਥਾ ਤੇ ਸਮਾਜ ਦੇ ਏਕੀਕਰਨ ਦੀ ਗੱਲ ਲੰਮੀ ਦੌੜ ਵਿਚ ਕਰ ਰਹੇ ਹਨ। ਫਿਰ ਸਵਾਲ ਉਠਦਾ ਹੈ ਕਿ ਭਾਗਵਤ ਅਤੇ ਮੋਦੀ ਦਾ ਇਕ ਮੰਚ ਉਪਰ ਇਕੱਠੇ ਆਉਣਾ ਨੇੜ ਭਵਿੱਖ ਵਿਚ ਕਿਹਨਾਂ ਏਕਤਾਵਾਂ ਦਾ ਸੰਕੇਤ ਬਣੇਗਾ?

ਇਸ ਦੀ ਤੰਦ ਸੰਘ ਦੇ ਸੰਚਾਲਨ ਵਿਚ ਕੇਂਦਰੀ ਭੂਮਿਕਾ ਨਿਭਾਉਣ ਵਾਲੇ 'ਏਕੈ ਚਾਲਕਾਨੁਵ੍ਰਤਿਤਾ' ਦੇ ਮੰਤਰ ਵਿਚ ਲੁਕੀ ਹੋਈ ਹੈ ਇਸ ਦੇ ਮਾਇਨੇ ਹਨ ਚਾਲਕ (ਡਰਾਈਵਰ) ਇਕ ਹੀ ਹੋਵੇ, ਬਾਕੀ ਸਾਰੇ ਕੰਡਕਟਰ, ਖਲਾਸੀ ਜਾਂ ਸਵਾਰੀਆਂ ਹੋਣ। ਸਾਰਿਆਂ ਦੀ ਭੂਮਿਕਾ ਵਿਚ ਆਪਸੀ ਬਦਲਾਓ ਹੁੰਦਾ ਰਹੇਗਾ। ਚਾਲਕ ਉਹੀ ਰਹੇਗਾ। ਈਸਾਈਅਤ ਵਿਚ ਇਸ ਨੂੰ ਕਹਿੰਦੇ ਹਨ 'ਲਾਰਡ ਇਜ਼ ਮਾਈ ਸ਼ੈਫਰਡ' ਯਾਨੀ ਅਸੀਂ ਸਭ ਭੇਡਾਂ ਹਾਂ ਅਤੇ ਈਸ਼ਵਰ ਸਾਡਾ ਆਜੜੀ। ਆਜੜੀ ਨੂੰ ਕੀ ਚਾਹੀਦਾ ਹੁੰਦਾ ਹੈ, ਇਕ ਬਾਂਸੁਰੀ ਅਤੇ ਬਹੁਤ ਸਾਰੀਆਂ ਭੇਡਾਂ ਜਿਨ੍ਹਾਂ ਨੂੰ ਉਹ ਜਦ ਚਾਹੇ ਹੁਰਰ ਕਰ ਹਿੱਕ ਸਕੇ।

ਮੌਜੂਦਾ ਸਰਕਾਰ ਦੇ ਜ਼ਾਹਰਾ ਤੌਰ 'ਤੇ ਦੋ ਚਾਲਕ ਹਨ: ਇਕ ਸਰਸੰਘਚਾਲਕ ਅਤੇ ਦੂਜਾ ਉਸ ਦੀ ਰਾਜਨੀਤਕ ਪਾਰਟੀ ਦਾ ਮਖੌਟਾ, ਯਾਨੀ ਪ੍ਰਚਾਰਕ ਤੇ ਪ੍ਰਧਾਨ ਸੇਵਕ ਨਰਿੰਦਰ ਮੋਦੀ। ਯਾਦ ਰੱਖੋ ਕਿ ਸੰਘ ਨੂੰ ਸਮਝਣ ਦਾ ਦਾਅਵਾ ਕਰਨ ਵਾਲੇ ਵਿਦਵਾਨ ਕਿਵੇਂ ਪਿਛਲੇ ਪੰਜ ਸਾਲ ਦੌਰਾਨ ਲਗਾਤਾਰ ਸੰਘ ਅਤੇ ਮੋਦੀ ਦਰਮਿਆਨ ਨੂਰਾ-ਕੁਸ਼ਤੀ ਨੂੰ ਅਸਲੀ ਟਕਰਾਓ ਦੇ ਰੂਪ ਵਿਚ ਦਿਖਾ ਕੇ ਖੁਦ ਨੂੰ ਰਾਹਤ ਦਿੰਦੇ ਰਹੇ ਹਨ। ਹਕੀਕਤ ਇਹ ਹੈ ਕਿ ਸੰਘ ਨੂੰ ਰਾਜਸੀ ਸੱਤਾ ਚਾਹੀਦੀ ਸੀ ਜੋ ਬੀ.ਜੇ.ਪੀ. ਦੇ ਜ਼ਰੀਏ ਉਸ ਨੂੰ ਮਿਲ ਗਈ। ਹੁਣ ਸੰਘ ਨੂੰ ਮੰਦਰ ਵੀ ਮਿਲ ਗਿਆ ਹੈ। ਇਕ ਰਾਜਨੀਤਕ ਮਖੌਟੇ ਦੇ ਰੂਪ 'ਚ ਬੀ.ਜੇ.ਪੀ. ਦੀ ਜ਼ਰੂਰਤ ਹੁਣ ਸਹਿਜੇ-ਸਹਿਜੇ ਸੁੰਗੜ ਰਹੀ ਹੈ, ਸਿਵਾਏ ਇਸ ਦੇ ਕਿ ਹੁਣ ਵੀ ਇਸ ਮੁਲਕ ਵਿਚ ਰਾਜਨੀਤਕ ਪਾਰਟੀ ਲਈ ਚੋਣ ਕਮਿਸ਼ਨ ਤੋਂ ਰਜਿਸਟਰੇਸ਼ਨ ਕਰਾਉਣਾ ਜ਼ਰੂਰੀ ਹੈ। ਇਸ ਲਿਹਾਜ਼ ਨਾਲ ਮੋਹਨ ਭਾਗਵਤ ਅਤੇ ਨਰਿੰਦਰ ਮੋਦੀ ਦਾ ਇਕ ਜਨਤਕ ਮੰਚ ਉਪਰ ਇਕੱਠੇ ਪਹਿਲੀ ਵਾਰ ਆਉਣਾ ਭਾਜਪਾ ਸੰਚਾਲਿਤ ਸਰਕਾਰ ਅਤੇ ਸੰਘ ਦੇ ਏਕੀਕਰਨ ਦਾ ਪਹਿਲਾ ਸੰਕੇਤ ਹੈ। ਦੋ ਚਾਲਕ ਇਕੱਠੇ ਨਹੀਂ ਰਹਿ ਸਕਦੇ। ਚਾਲਕ ਇਕ ਹੀ ਹੋਵੇਗਾ। ਬਹੁਤ ਸੰਭਵ ਹੈ ਕਿ ਆਉਣ ਵਾਲੇ ਸਾਲਾਂ ਵਿਚ, ਜਦ ਆਮ ਕੋਡ ਆਫ ਕੰਡਕਟ ਤੋਂ ਲੈ ਕੇ ਸੰਵਿਧਾਨਕ ਬਦਲਾਓ ਵਰਗੇ ਕੰਮ ਸਿਲਸਿਲੇਵਾਰ ਅਤੇ ਕਾਨੂੰਨੀ ਰਾਸਤੇ ਜ਼ਰੀਏ ਪੂਰੇ ਕਰ ਲਏ ਜਾਣਗੇ ਤਾਂ ਪ੍ਰਧਾਨ ਸੇਵਕ ਅਤੇ ਸਰਸੰਘਚਾਲਕ ਦਾ ਰਸਮੀ ਰਲੇਵਾਂ ਹੋ ਜਾਵੇ।

ਇਸ ਤੋਂ ਹੈਰਾਨੀ ਹੋ ਰਹੀ ਹੋਵੇ ਤਾਂ ਗੁਆਂਢੀ ਚੀਨ ਉਪਰ ਨਜ਼ਰ ਮਾਰ ਲੈਣਾ। ਉਥੇ ਸੁਪਰੀਮ ਆਗੂ ਇਕ ਹੀ ਹੈ। ਉਥੇ ਕਮਿਊਨਿਸਟ ਪਾਰਟੀ ਦਾ ਆਗੂ ਸੱਤਾਧਾਰੀ ਹੈ। ਉਹੀ ਰਾਸ਼ਟਰ ਮੁਖੀ ਵੀ ਹੈ। ਉਹੀ ਫੌਜਾਂ ਦਾ ਮੁਖੀ ਵੀ ਹੈ। ਭਾਰਤ ਵਿਚ ਢੁੱਕਵੀਂ ਤੁਲਨਾ ਲਈ ਚੀਫ ਆਫ ਸਟਾਫ ਦੇ ਭਾਜਪਾ ਸਰਕਾਰ ਵਲੋਂ ਬਣਾਏ ਗਏ ਨਵੇਂ ਅਹੁਦੇ ਉਪਰ ਗੌਰ ਕਰ ਲਵੋਗੇ ਤਾਂ ਮਾਮਲਾ ਸ਼ਾਇਦ ਸਮਝ ਵਿਚ ਆ ਜਾਵੇ। ਚੀਨ ਵਿਚ ਪਾਰਟੀ ਅਤੇ ਰਾਸ਼ਟਰਮੁਖੀ ਦਾ ਰਲੇਵਾਂ ਕਾਫੀ ਪਹਿਲਾਂ ਹੋ ਚੁੱਕਾ ਸੀ, ਹੁਣ ਸਮਾਜ ਅਤੇ ਪਾਰਟੀ ਵਿਚ ਰਲੇਵਾਂ/ਏਕੀਕਰਨ ਚੱਲ ਰਿਹਾ ਹੈ। ਅੰਬੇਕਰ ਮੁਤਾਬਿਕ ਇਹੀ ਕੰਮ ਇੱਥੇ 27 ਸਾਲ ਪਿਛੋਂ ਪੂਰਾ ਹੋਵੇਗਾ, ਸ਼ੁਰੂ ਇਸ ਤੋਂ ਪਹਿਲਾਂ ਹੋ ਜਾਵੇਗਾ। ਇਸ ਨੂੰ ਚੀਨ ਦਾ ਮਾਡਲ ਸਮਝਣਾ ਹੋਵੇ ਤਾਂ ਸਮਝ ਲੈਣਾ, ਲੇਕਿਨ ਕਿਸੇ ਵੀ ਤਾਨਾਸ਼ਾਹਵਾਦੀ ਜਥੇਬੰਦੀ ਦਾ ਮਾਡਲ ਇਹੀ ਹੁੰਦਾ ਹੈ।

ਇਹ ਜੋ ਲੋਕਤੰਤਰੀ ਤਰੀਕੇ ਨਾਲ ਚੁਣੀ ਸਰਕਾਰ ਅਤੇ ਸੰਘ ਦੀ ਏਕਤਾ ਹੋਵੇਗੀ, ਉਸ ਤੋਂ ਬਾਅਦ ਸੰਸਕ੍ਰਿਤਕ ਆਧਾਰ ਉਪਰ ਸਮਾਜ ਨੂੰ ਇਕ ਕਰਨ ਦੇ ਯਤਨ ਤੇਜ਼ ਹੋਣਗੇ। ਇਸ ਦਾ ਆਗਾਜ਼ ਅਯੁੱਧਿਆ ਤੋਂ ਹੋ ਚੁੱਕਾ ਹੈ, ਜਿਥੇ ਰਾਮ ਮੰਦਰ ਨੂੰ ਪ੍ਰਧਾਨ ਮੰਤਰੀ ਨੇ ਆਧੁਨਿਕ ਸੰਸਕ੍ਰਿਤੀ ਦਾ ਪ੍ਰਤੀਕ ਦੱਸਿਆ ਹੈ। ਇਸੇ ਮਸਲੇ ਉਪਰ ਬੋਲਦੇ ਹੋਏ ਸੰਘ ਦੇ ਬੜੇ ਆਗੂ (ਆਰ.ਐਸ.ਐਸ ਦੇ 'ਸਹਿ-ਸਰ ਕਾਰਿਆਵਾਹ') ਡਾ. ਕ੍ਰਿਸ਼ਨਗੋਪਾਲ ਨੇ ਬੜੀ ਸਫਾਈ ਨਾਲ ਇਕ ਵੀਡੀਓ ਵਿਚ ਕਿਹਾ ਹੈ ਕਿ ਕਿਵੇਂ ਭਾਰਤੀ ਸਮਾਜ ਦੇ ਏਕੀਕਰਨ ਦੀ ਸੰਸਕ੍ਰਿਤਕ ਤੰਦ ਅਯੁੱਧਿਆ ਵਿਚ ਬਣਨ ਵਾਲਾ ਰਾਮ ਮੰਦਰ ਹੋਵੇਗਾ। ਮੋਹਨ ਭਾਗਵਤ ਵੀ ਇਹੀ ਕਹਿ ਰਹੇ ਹਨ। ਮਿਲੇ ਸੁਰ ਮੇਰਾ ਤੁਮਹਾਰਾ। ਕਿਤੇ ਕੋਈ ਮੁਸ਼ਕਿਲ ਨਹੀਂ ਹੈ। ਸਭ ਇਕਸੁਰ ਹਨ।

ਇਸ ਏਕੀਕਰਨ ਪ੍ਰਾਜੈਕਟ ਦਾ ਪਹਿਲਾ ਹਮਲਾ ਉਨ੍ਹਾਂ ਹਿੰਦੂਆਂ ਉਪਰ ਹੋਵੇਗਾ ਜੋ ਦਿਲੋਂ ਤਾਂ ਰਵਾਇਤੀ ਹਿੰਦੂ ਹਨ ਲੇਕਿਨ ਜਿਹਨਾਂ ਨੇ ਸੰਘ ਅਤੇ ਭਾਜਪਾ ਤੋਂ ਵਿੱਥ ਬਣਾਈ ਹੋਈ ਹੈ। ਇਥੇ 'ਜੈ ਸੀਆਰਾਮ' ਦਾ ਨਾਅਰਾ ਕੰਮ ਆਵੇਗਾ। ਹੁਣ 'ਜੈ ਸ੍ਰੀਰਾਮ' ਦੀ ਜ਼ਰੂਰਤ ਖਤਮ ਹੋ ਚੁੱਕੀ ਹੈ। ਸਮਾਜ ਠੰਢਾ ਪੈ ਚੁੱਕਾ ਹੈ। ਉਸ ਨੂੰ ਗਰਮ ਨਹੀਂ ਕਰਨਾ। ਹੋਰ ਠੰਢਾ ਕਰਨਾ ਹੈ। ਇਸ ਨੂੰ ਇਸ ਤਰ੍ਹਾਂ ਸਮਝ ਲਓ ਕਿ ਦੁੱਧ ਉਬਲ ਚੁੱਕਾ ਹੈ, ਹੁਣ ਉਸ ਨੂੰ ਫੂਕਾਂ ਮਾਰ-ਮਾਰ ਕੇ ਠੰਢਾ ਕੀਤਾ ਜਾਣਾ ਹੈ ਤਾਂ ਜੋ ਸਤਹਿ ਉਪਰ ਮਲਾਈ ਜੰਮੇ ਅਤੇ ਉਸ ਨੂੰ ਲਾਹਿਆ ਜਾ ਸਕੇ। ਇਸ ਦੁੱਧ ਤੋਂ ਜੋ ਮਲਾਈ ਲਾਹ ਕੇ ਜੁਦਾ ਕੀਤੀ ਜਾਵੇਗੀ, ਉਹ ਸਮਾਜ ਉਪਰ ਰਾਜ ਕਰਨ ਵਾਲੇ ਉਚ ਵਰਣ ਅਤੇ ਉਚ ਵਰਗ ਦੀ ਨੁਮਾਇੰਦਗੀ ਕਰੇਗੀ। ਉਸ ਦਾ ਟਰੀਟਮੈਂਟ ਵੱਖਰਾ ਹੋਵੇਗਾ, ਲੇਕਿਨ ਬਾਕੀ ਦੁੱਧ ਵਿਚ ਹੁਣ ਖੰਡ ਘੋਲਣ ਦਾ ਕੰਮ ਸ਼ੁਰੂ ਹੋ ਜਾਵੇਗਾ - ਅੰਬੇਕਰ ਦੀ ਦੱਸੀ ਹੋਈ ਖੰਡ ਯਾਨੀ ਸੰਘ। ਇਸ ਤਰ੍ਹਾਂ ਮੋਹਨ ਭਾਗਵਤ ਦੀ ਬਿਆਨ ਕੀਤੀ ਏਕਤਾ ਦਾ ਅਮਲ ਚੱਲੇਗਾ।

ਇਹ ਏਕਤਾ ਖਾੜਕੂ ਰਾਮ ਦੇ ਸਹਾਰੇ ਨਹੀਂ, ਉਦਾਰ ਰਾਮ ਦੇ ਸਹਾਰੇ ਬਣੇਗੀ। ਜਿਸ ਰਾਮ ਅਤੇ ਹਨੂੰਮਾਨ ਦੀ ਅਭੈ ਮੁਦਰਾ ਦਾ ਹਵਾਲਾ ਦੇ ਦੇ ਕੇ ਉਦਾਰਵਾਦੀ ਸੰਘ ਦੀ ਆਲੋਚਨਾ ਕਰਦੇ ਰਹੇ ਹਨ, ਸੰਘ ਹੁਣ ਉਸੇ ਅਕਸ ਉਪਰ ਵਾਪਸ ਆ ਗਿਆ ਹੈ। ਉਦਾਰਵਾਦੀਆਂ ਦੇ ਤਰਕਸ਼ ਹੁਣ ਖਾਲੀ ਹੋਣ ਵਾਲੇ ਹਨ। ਇਹੀ ਵਜ੍ਹਾ ਹੈ ਕਿ ਇਸ ਤੋਂ ਪਹਿਲਾਂ ਕਾਂਗਰਸ ਦੀ ਕਦੇ ਏਨੀ ਆਲੋਚਨਾ ਨਹੀਂ ਹੋਈ ਜਿੰਨੀ 5 ਅਗਸਤ ਨੂੰ ਪ੍ਰਿਅੰਕਾ ਗਾਂਧੀ ਦੀ ਚਿੱਠੀ ਨੂੰ ਲੈ ਕੇ ਹੋਈ। ਰਾਹੁਲ ਗਾਂਧੀ ਪਹਿਲਾਂ ਵੀ ਮੰਦਰ ਜਾਂਦਾ ਰਿਹਾ ਹੈ, ਵੇਦ ਪੁਰਾਣ ਦੀ ਗੱਲ ਕਰਦਾ ਰਿਹਾ ਹੈ ਲੇਕਿਨ ਉਦੋਂ ਇਹ ਉਦਾਰ ਹਿੰਦੂ ਮੁਹਾਵਰਾ ਕਿਸੇ ਕੰਮ ਦਾ ਨਹੀਂ ਜਾਪਦਾ ਸੀ। ਅਯੁੱਧਿਆ ਵਿਚ ਮੋਦੀ ਦੇ ਸੌ ਰਾਮਾਇਣ ਵਾਲੇ ਅਤਿ-ਉਦਾਰ ਅਤੇ ਸਾਰਿਆਂ ਨੂੰ ਆਪਣੇ ਵਿਚ ਸਮੋਣ ਵਾਲੇ ਭਾਸ਼ਣ ਤੋਂ ਬਾਅਦ ਕਾਂਗਰਸ ਦਾ ਉਦਾਰ ਹਿੰਦੂ ਸਿੱਕਾ ਅਚਾਨਕ ਖੋਟਾ ਹੋ ਗਿਆ, ਜਿਸ ਦਾ ਗੁੱਸਾ ਉਸੇ ਦਿਨ ਸਮੁੱਚੇ ਉਦਾਰ ਲਾਣੇ ਨੇ ਪ੍ਰਿਅੰਕਾ ਅਤੇ ਰਾਹੁਲ ਉਪਰ ਕੱਢਿਆ। ਹੁਣ ਉਦਾਰ ਲਾਣੇ ਨੂੰ ਸੰਘ ਨਾਲ ਲੜਨ ਲਈ ਕੋਈ ਉਪਾਅ ਨਹੀਂ ਸੁੱਝ ਰਿਹਾ, ਤਾਂ ਉਹ ਇਸੇ ਵਿਚ ਮੱਥਾ ਮਾਰਨ ਲੱਗੇ ਹੋਏ ਹਨ ਕਿ ਅੱਗੇ ਸੰਘ ਦੀ ਰਣਨੀਤੀ ਕੀ ਹੋਵੇਗੀ।

## ਆਰ. ਐਸ. ਐਸ. ਦੀ ਰਣਨੀਤੀ

**ਸੰਘ ਦੀ ਰਣਨੀਤੀ ਬਹੁਤ ਸਾਫ ਹੈ। ਸੰਘ ਨੂੰ ਹੁਣ ਖੁਦ ਨੂੰ ਥੋੜ੍ਹਾ ਨਰਮ ਕਰਨ ਦੇ ਅਮਲ ਵਿਚ ਜਾਣਾ ਪਵੇਗਾ। ਇਸ 6 ਮਈ ਨੂੰ ਇਕ ਵਾਰ ਫਿਰ ਸੰਘ ਨੇ ਵਿਦੇਸ਼ੀ ਪੱਤਰਕਾਰਾਂ ਨਾਲ ਮੀਟਿੰਗ ਕੀਤੀ। ਇਸ ਵਾਰ ਆਰ.ਐਸ.ਐਸ ਦੇ ਸਹਾਇਕ ਜਨਰਲ ਸਕੱਤਰ ਦੱਤਾਤ੍ਰੇਆ ਹੋਸਬੋਲੇ ਨੇ ਵੀਡੀਓ ਕਾਨਫਰੰਸਿੰਗ ਦੇ ਜ਼ਰੀਏ ਅੱਧੇ ਘੰਟੇ ਤੱਕ ਸੰਘ ਦੇ ਕੰਮਕਾਰ, ਵਿਚਾਰਾਂ ਅਤੇ ਦ੍ਰਿਸ਼ਟੀ ਉਪਰ ਵਿਦੇਸ਼ੀ ਪੱਤਰਕਾਰਾਂ ਨੂੰ ਲੈਕਚਰ ਦਿੱਤਾ। ਕਰੋਨਾ ਦਰਮਿਆਨ ਇਹ ਖਬਰ ਕਿਤੇ ਵੀ ਨਜ਼ਰ**



**ਨਹੀਂ ਆਈ। ਸੰਘ ਹੁਣ ਐਲਾਨੀਆ ਰੂਪ 'ਚ ਆਪਣੇ ਖੋਲ ਤੋਂ ਬਾਹਰ ਆ ਚੁੱਕਾ ਹੈ। ਉਹ ਹੁਣ ਸੰਸਕ੍ਰਿਤਕ (ਸਭਿਆਚਾਰਕ) ਜਥੇਬੰਦੀ ਨਹੀਂ ਰਿਹਾ। ਕੁਝ ਲੋਕ ਇਸ ਦੀ ਵਿਆਖਿਆ ਸੰਘ ਦੇ ਭ੍ਰਿਸ਼ਟ ਅਤੇ ਪਤਿਤ ਹੋ ਜਾਣ ਦੇ ਰੂਪ 'ਚ ਕਰਦੇ ਹਨ, ਲੇਕਿਨ ਉਹ ਨਹੀਂ ਜਾਣਦੇ ਕਿ ਸੰਘ ਦੀ ਮੁਕਤੀ ਉਸ ਦੇ ਫਨਾਹ ਹੋ ਜਾਣ 'ਚ ਹੀ ਹੈ। ਇਹ ਫਨਾਹ ਹੋਣਾ ਦਰਅਸਲ ਦੇਹ ਬਦਲਣ ਵਰਗਾ ਹੈ ਜਿਸ ਨੂੰ ਅਸੀਂ ਦੂਜੀ ਕਾਇਆ 'ਚ ਪ੍ਰਵੇਸ਼ ਕਰਨਾ ਕਹਿੰਦੇ ਹਾਂ।**

**ਸੰਘ ਅਤੇ ਮੌਜੂਦਾ ਸਰਕਾਰ ਦੇ ਖਿਲਾਫ ਕੋਈ ਵੀ ਸੰਘਰਸ਼ ਜੇ ਇਸ ਨੁਕਤੇ ਨੂੰ ਸਮਝੇ ਬਗੈਰ ਕੀਤਾ ਜਾਂਦਾ ਹੈ ਤਾਂ ਉਹ ਹਵਾ ਵਿਚ ਤਲਵਾਰਾਂ ਵਾਹੁਣ ਤੋਂ ਬਿਨਾਂ ਹੋਰ ਕੁਝ ਨਹੀਂ ਹੋਵੇਗਾ।**

# ਆਜ਼ਾਦੀ ਦਿਵਸ ਜਾਂ ਗੁਲਾਮੀ ਦਾ ਪ੍ਰਦਰਸ਼ਨ?

**ਭਾਰਤ ਦੇ ਆਜ਼ਾਦੀ ਦਿਵਸ 'ਤੇ ਵਿਸ਼ੇਸ਼**

15 ਅਗਸਤ 1947 ਭਾਰਤ ਵਿਚ ਇਕ ਇਤਿਹਾਸਕ ਦਿਨ ਹੈ। ਉਸ ਸਾਲ ਪੰਜਾਬ ਵਿਚ 15 ਅਗਸਤ ਤੇ ਇਹਦੇ ਆਲੇ-ਦੁਆਲੇ ਦਿਨਾਂ ਦੇ ਦ੍ਰਿਸ਼: ਪੂਰਬੀ ਤੇ ਪੱਛਮੀ ਹਿੱਸਿਆਂ ਨੂੰ ਵੱਖ ਕਰਦੀ ਲਕੀਰ ਦਾ ਚੀਰਾ, ਪੱਛਮੀ ਹਿੱਸੇ ਨੂੰ ਪਾਕਿਸਤਾਨ ਨਾਲ ਮਿਲਾਉਣ ਲਈ; ਲਕੀਰ ਨੂੰ ਦੋਹਾਂ ਪਾਸਿਆਂ ਤੋਂ ਪਾਰ ਕਰਦੇ ਮਾਸੂਮ ਲੋਕਾਂ ਦੇ ਕਾਫਲੇ; ਮਿਲਵਰਤੋਂ ਤੇ ਸਦਭਾਵਨਾ ਦੇ ਮਾਹੌਲ ਵਿਚ ਜੀਅ ਰਹੇ ਵੱਖ ਵੱਖ ਧਰਮਾਂ ਲੋਕਾਂ 'ਤੇ ਅਚਾਨਕ ਗੁੰਡਾਗਰਦੀ ਸਣੇ ਫਿਰਕੂ ਜਨੂੰਨ ਦੀ ਝੁੱਲਣ ਲੱਗ ਪਈ ਹਨੇਰੀ; ਕਾਫਲਿਆਂ ਤੇ ਪਿੰਡਾਂ ਉਪਰ ਹੋ ਰਹੇ ਵਹਿਸ਼ਿਆਨਾ ਹਮਲੇ; ਬੇਪਤੀ, ਲੁੱਟ-ਖੋਹ, ਕਤਲੇਆਮ ਤੇ ਮਨੁੱਖੀ ਲਾਸ਼ਾਂ ਦੇ ਵਿਛੇ ਢੇਰ। ਇਹੀ ਕੁਝ ਭਾਰਤ ਦੀ ਪੂਰਬੀ ਗੁੱਠ ਵਿਚ ਬੰਗਾਲ ਵੰਡ ਦੌਰਾਨ ਹੋਇਆ, ਪੂਰਬੀ ਪਾਕਿਸਤਾਨ ਦੇ ਗਠਨ ਸਮੇਂ। ਕੁੱਲ ਮਿਲਾ ਕੇ ਕਰੀਬ 5 ਲੱਖ ਲੋਕ ਮੌਤ ਦੇ ਘਾਟ ਉਤਾਰ ਦਿੱਤੇ ਗਏ, ਹਜ਼ਾਰਾਂ ਜ਼ਖਮੀ ਹੋਏ ਤੇ ਇੱਕ ਕਰੋੜ ਤੋਂ ਵੱਧ ਘਰੋਂ ਬੇਘਰ ਹੋਏ ਸ਼ਰਨਾਰਥੀ ਬਣੇ।



**ਡਾ. ਸੁਖਪਾਲ ਸੰਘੇੜਾ**
dr.sukhpal.sanghera@gmail.com

ਭਾਰਤੀ ਲੋਕਾਂ ਦੀ ਸਦੀਆਂ ਲੰਬੀ ਦੇਸੀ ਤੇ ਵਿਦੇਸ਼ੀ ਗੁਲਾਮੀ ਤੋਂ ਆਇਆ, ਏਹ ਉਹੀ 15 ਅਗਸਤ ਹੈ, ਜੋ ਭਾਰਤ ਦੇ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜਿਸ ਦੇਸ਼ ਦੀ 'ਆਜ਼ਾਦੀ' ਇਸ ਤਰ੍ਹਾਂ ਦੀ ਹੋਵੇ, ਉਹਦੀ ਗੁਲਾਮੀ ਕੈਸੀ ਹੋਵੇਗੀ? ਇਸ ਪ੍ਰਸ਼ਨ ਦੇ ਉਤਰ ਵੱਲ ਇਸ਼ਾਰਾ ਸ਼ਰਮ ਤੇ ਵਿਆਕੁਲਤਾ ਨਾਲ ਭਰੀ ਉਸ ਸੱਚਾਈ ਵਿਚ ਪਿਆ ਹੈ, ਜਿਹਦਾ ਅੱਖਾਂ ਵਿਚ ਅੱਖਾਂ ਪਾ ਕੇ ਸਾਹਮਣਾ ਕਰਨ ਦੀ ਅਸੀਂ ਅਕਸਰ ਹਿੰਮਤ ਕਰਦੇ। ਇਹ ਸੱਚਾਈ ਹੈ ਕਿ ਮਨੁੱਖਤਾ ਦੀ ਬੇਪਤੀ, ਲੁੱਟ-ਖੋਹ ਤੇ ਕਤਲੇਆਮ ਕਰਨ ਵਾਲੇ ਕੋਈ ਬਾਬਰ, ਅਬਦਾਲੀ, ਨਾਦਰ ਸ਼ਾਹ ਜਾਂ ਅੰਗਰੇਜ਼ ਨਹੀਂ, ਸਗੋਂ ਫਿਰਕੂ ਜਨੂੰਨ ਦੀ ਹਨੇਰੀ ਵਿਚ ਝੁੱਲ ਗਏ 'ਲੋਕ' ਹੀ ਸਨ; ਹਨੇਰੀ ਨੂੰ ਜਨਮ ਚਾਹੇ ਸੱਤਾ ਭੁੱਖੇ ਸਿਆਸੀ ਤੇ ਫਿਰਕੂ ਨੇਤਾਵਾਂ ਨੇ ਹੀ ਦਿੱਤਾ ਸੀ। ਉਸ ਖੂੰਖਾਰ ਪਸ਼ੂਪੁਣੇ ਦਾ ਬੂਥਾ ਭੰਨਣ ਜਾਂ ਫਿਰਕੂ ਹਨੇਰੀ ਝੁੱਲਣ ਤੋਂ ਰੋਕਣ ਵਾਲੀ ਬਰਾਬਰ ਦੀ ਸ਼ਕਤੀ ਵਾਲੀ ਕੋਈ ਲੋਕ ਲਹਿਰ ਪੈਦਾ ਨਹੀਂ ਹੋਈ। ਇੱਥੇ ਹੀ ਬੱਸ ਨਹੀਂ, 'ਆਜ਼ਾਦ' ਭਾਰਤ ਦੀ ਤ੍ਰਾਸਦੀ ਹੈ ਕਿ 15 ਅਗਸਤ 1947 ਤੋਂ ਕਰੀਬ ਪੌਣੀ ਸਦੀ ਬਾਅਦ, ਅੱਜ ਵੀ ਭਾਰਤੀ ਹਾਕਮ ਤੇ ਫਿਰਕੂ ਸ਼ਕਤੀਆਂ ਆਪਣੇ ਸੌੜੇ ਸਿਆਸੀ ਤੇ ਨਿੱਜੀ ਹਿੱਤ ਪੂਰਨ ਲਈ ਫਿਰਕੂਪ੍ਰਸਤੀ ਦਾ ਖੇਲ ਖੇਲਦੇ ਹਨ, ਤੇ ਲੋਕ ਅਕਸਰ ਫਿਰਕੂਪ੍ਰਸਤੀ ਦੀ ਹਨੇਰੀ ਵਿਚ ਝੁੱਲ ਜਾਂਦੇ ਹਨ। ਇਹ ਧਰਮ-ਨਿਰਪੱਖ ਆਜ਼ਾਦ ਦੇਸ਼ ਕੌਮ ਦੇ ਲੱਛਣ ਨਹੀਂ ਹੁੰਦੇ। ਆਖਿਰ ਮਾਜਰਾ ਕਿਆ ਹੈ?

ਗੁਲਾਮੀ ਸਿਰਫ ਜਿਸਮਾਂ ਦੀ ਹੀ ਨਹੀਂ ਹੁੰਦੀ, ਸਗੋਂ ਕਈ ਰੂਪਾਂ ਵਿਚ ਮਿਲਦੀ ਹੈ। ਕਈ ਵਾਰੀ ਜਦੋਂ ਚਿਰਾਂ ਤੋਂ ਕੈਦ ਪੰਛੀ ਨੂੰ ਆਜ਼ਾਦ ਕਰ ਦਿੱਤਾ ਜਾਵੇ, ਤਾਂ ਉਡਾਰੀ ਭਰਨ ਬਾਅਦ ਉਹ ਮੁੜ ਪਿੰਜਰੇ ਨੂੰ ਪਰਤ ਆਉਂਦਾ ਹੈ। ਐਸੀ ਹਾਲਤ ਵਿਚ ਗੁਲਾਮੀ ਪੰਛੀ ਦੇ ਸੁਭਾਅ ਦਾ ਹਿੱਸਾ ਬਣ ਚੁਕੀ ਹੁੰਦੀ ਹੈ। ਹੋਰਨਾਂ ਕਈ ਦੇਸ਼ਾਂ ਦੀ ਤਰ੍ਹਾਂ ਭਾਰਤੀ ਲੋਕ ਵੀ ਆਪਣੇ ਸਮਰਾਟਾਂ ਦੇ ਗੁਲਾਮ ਰਹੇ। ਮੌਰਿਆ, ਭਾਰਤ, ਗੁਪਤ, ਹਰਸ਼ ਵਰਧਨ, ਰਾਜਪੂਤ ਆਦਿ ਸਾਮਰਾਜਾਂ ਤੋਂ ਮੁਸਲਿਮ/ਮੁਗਲ ਸਮਰਾਟਾਂ ਦਾ ਰਾਜ। ਭਾਰਤ 'ਤੇ ਹਮਲੇ ਵਿਚ ਪੰਜਾਬ ਦੇ ਰਸਤਿਓਂ ਹੁੰਦੇ ਧਾੜਵੀਆਂ ਦਾ ਪਹਿਲਾ ਸ਼ਿਕਾਰ ਪੰਜਾਬੀ ਹੀ ਬਣਦੇ ਰਹੇ। ਸਣੇ ਪੰਜਾਬ, ਭਾਰਤੀ ਲੋਕ ਉਪਰੋਕਤ ਸਮਰਾਟਾਂ ਦੇ, ਮੁਗਲ ਰਾਜ ਦੇ ਪਤਨ ਦੌਰਾਨ ਤੇ ਪਿਛੋਂ ਸਥਾਨਕ ਰਾਜਿਆਂ ਦੇ, ਤੇ ਫਿਰ ਉਨ੍ਹਾਂ ਰਾਜਿਆਂ ਨੂੰ ਹਰਾਉਣ ਵਾਲੇ ਅੰਗਰੇਜ਼ਾਂ ਦੇ ਗੁਲਾਮ ਰਹੇ। ਪੰਜਾਬ ਸਮੇਤ ਭਾਰਤ ਵਿਚ ਆਧੁਨਿਕ ਯੁੱਗ ਇੱਥੇ ਅਰਥਚਾਰੇ ਜਾਂ ਗਿਆਨ-ਵਿਗਿਆਨ ਕਾਰਨ ਹੋਈ ਤਰੱਕੀ ਕਰਕੇ ਨਹੀਂ ਸਗੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਬਸਤੀਵਾਦੀ ਰੂਪ ਵਿਚ ਆਇਆ ਹੈ। ਭਾਰਤ ਵਿਚ ਆਜ਼ਾਦੀ ਅੰਗਰੇਜ਼ਾਂ ਵਿਰੁੱਧ ਦੋ-ਟੁੱਕ ਸਿੱਧੀ ਲੜਾਈ ਵਿਚੋਂ ਨਹੀਂ ਆਈ, ਜਿਵੇਂ ਮਿਸਾਲ ਵਜੋਂ ਅਮਰੀਕਾ ਵਿਚ, ਸਗੋਂ ਜ਼ਿਆਦਾਤਰ ਦੂਜੇ ਮਹਾਂਯੁੱਧ ਪਿਛੋਂ ਬਦਲੇ ਹੋਏ ਕੌਮਾਂਤਰੀ ਹਾਲਾਤਾਂ ਅਤੇ ਭਾਰਤ ਦੀ ਸਮੁੱਚੀ ਅੰਦਰੂਨੀ ਹਾਲਤ ਕਰਕੇ ਅੰਗਰੇਜ਼ ਜ਼ਿਆਦਾਤਰ ਆਪਣੀਆਂ ਸ਼ਰਤਾਂ ਦੇ ਆਧਾਰ 'ਤੇ ਹੀ ਭਾਰਤ ਛੱਡ ਗਏ। ਇਸ ਤਰ੍ਹਾਂ ਬਾਕੀ ਭਾਰਤ ਵਾਂਗ ਪੰਜਾਬ ਦੀ ਰੈਜ਼ਿਮੇ (Resume) ਵੀ ਗੁਲਾਮੀ ਨਾਲ ਭਰੀ ਹੋਈ ਹੈ, ਗੁਲਾਮੀ ਦਾ ਜਥੇਬੰਦਕ ਲੋਕ-ਵਿਰੋਧ ਕਰ ਕੇ ਇਸ ਤੋਂ ਛੁਟਕਾਰਾ ਪਾਉਣ ਦੇ ਘੱਟੋ-ਘੱਟ ਤਜਰਬੇ ਸਮੇਤ। ਅੰਗਰੇਜ਼ ਦੇ ਜਾਣ ਬਾਅਦ ਭਾਰਤ ਵਿਚ ਰਾਜਨੀਤਕ ਤੇ ਸਮਾਜਕ ਪ੍ਰਬੰਧ ਦੀਆਂ ਅਮਲੀ ਤੇ ਵਿਹਾਰਕ ਬਾਰੀਕੀਆਂ ਵਿਚ, ਜੇ ਬਿਲਕੁੱਲ ਨਹੀਂ ਤਾਂ ਕਾਫੀ ਤਬਦੀਲੀ ਨਾ ਆਈ। ਮਿਸਾਲ ਵਜੋਂ ਨੀਵੀਆਂ ਤੇ ਉਚੀਆਂ ਜਾਤਾਂ ਵਿਚਾਲੇ ਰਿਸ਼ਤਿਆਂ ਤੋਂ ਲੈ ਕੇ ਵਿਦਿਆਰਥੀਆਂ ਤੇ ਅਧਿਆਪਕਾਂ ਵਿਚਾਲੇ ਰਿਸ਼ਤੇ ਉਸੇ ਤਰ੍ਹਾਂ ਰਹੇ; ਅੱਜ ਤੱਕ ਵੀ ਵਿਦਿਆਰਥੀ ਅਧਿਆਪਕ ਨੂੰ 'ਸਰ' ਅਤੇ ਕਰਮਚਾਰੀ ਦਫਤਰਾਂ ਵਿਚ ਉਚ ਅਧਿਕਾਰੀਆਂ ਨੂੰ 'ਸਰ' ਤੇ 'ਸਾਹਿਬ' ਕਹਿੰਦੇ ਰਹੇ, ਇਤਿਆਦੀ।

ਗੁਲਾਮੀ ਦੇ ਦੌਰ ਵਿਚ ਮਾਲਕ ਦਾ ਜ਼ਬਰ ਤੇ ਲੁੱਟ-ਖਸੁੱਟ ਬੁਰੀ ਹੈ, ਪਰ ਸਭ ਤੋਂ ਬੁਰਾ ਹੁੰਦਾ ਹੈ ਗੁਲਾਮੀ ਦਾ ਹੱਡਾਂ ਵਿਚ ਰਚ ਜਾਣਾ ਤੇ ਰੂਹਾਂ 'ਚ ਵਸ ਜਾਣਾ, ਭਾਵ ਸੁਭਾਅ ਦਾ ਹਿੱਸਾ ਬਣ ਜਾਣਾ। ਉਹਤੋਂ ਵੀ ਖਤਰਨਾਕ ਹੁੰਦਾ ਹੈ ਸੁਭਾਅ, ਚੱਜ-ਆਚਾਰ ਤੇ ਸੱਭਿਆਚਾਰ ਵਿਚ ਰਚ ਕੇ ਗੁਲਾਮੀ ਦਾ ਪੀੜ੍ਹੀ-ਦਰ-ਪੀੜ੍ਹੀ ਸਫਰ ਕਰਨ ਲੱਗ ਜਾਣਾ। ਇਸ ਤਰ੍ਹਾਂ ਦੀ ਗੁਲਾਮੀ ਦੇ ਲੱਛਣਾਂ ਦੀਆਂ ਮਿਸਾਲਾਂ ਭਾਰਤ ਪੱਧਰ 'ਤੇ ਵੀ ਦਿੱਤੀਆਂ ਜਾ ਸਕਦੀਆਂ ਹਨ, ਪਰ ਇਸ ਲੇਖ ਵਿਚ ਮੈਂ ਪੰਜਾਬ ਤੱਕ ਸੀਮਿਤ ਰਹਿੰਦਾ ਹੋਇਆਂ, ਅਜਿਹੀ ਸੁਭਾਵਿਕ ਗੁਲਾਮੀ ਦੀਆਂ ਪੰਜਾਬੀ ਬੰਦੇ ਵਿਚ ਮਿਲਦੀਆਂ ਅਲਾਮਤਾਂ 'ਚੋਂ ਤਿੰਨ ਬਾਰੇ ਚਰਚਾ ਕਰਾਂਗਾ।

ਪਹਿਲੀ ਅਲਾਮਤ ਹੈ, 'ਸਾਹਿਬ' ਸ਼ਬਦ ਜਾਂ ਖਿਤਾਬ ਦੀ ਸ਼ੋਕ ਵਿਚ ਵਰਤੋਂ ਜਾਂ ਦੁਰ-ਵਰਤੋਂ। 'ਸਾਹਿਬ' ਮੁੱਢੋਂ ਅਰਬੀ ਦਾ ਸ਼ਬਦ ਹੈ, ਜਿੱਥੇ ਇਹਦਾ ਅਰਥ ਹੈ, ਸੁਆਮੀ ਜਾਂ ਮਾਲਕ। ਉਥੋਂ ਇਹ ਹਿੰਦ ਉਪਮਹਾਂਦੀਪ ਦੀਆਂ ਅਨੇਕਾਂ ਬੋਲੀਆਂ- ਉਰਦੂ, ਹਿੰਦੀ, ਬੰਗਾਲੀ ਤੇ ਗੁਜਰਾਤੀ ਸਮੇਤ ਪੰਜਾਬੀ ਵਿਚ ਵੀ ਆ ਵੜਿਆ। ਗੁਰਬਾਣੀ ਵਿਚ ਇਸ ਦੀ ਵਰਤੋਂ ਪਰਮਾਤਮਾ ਲਈ ਕੀਤੀ ਗਈ ਹੈ। ਲੋਕਾਂ ਪੱਧਰ 'ਤੇ ਇਹ ਪ੍ਰਚਲਿਤ ਹੋਇਆ ਜਦੋਂ ਅੰਗਰੇਜ਼ਾਂ ਦੀ ਗੁਲਾਮੀ ਸਮੇਂ ਗੋਰੇ ਅਫਸਰ ਰਾਜਭਾਗ ਦੇ ਮਾਲਕ ਹੋਣ ਦੇ ਕਾਰਨ, ਭਾਰਤੀ ਲੋਕਾਂ ਕੋਲੋਂ ਆਪਣੇ ਆਪ ਨੂੰ 'ਸਾਹਿਬ' ਅਖਵਾਉਣ ਲੱਗੇ। ਇੱਕ ਸਦੀ ਅਸੀਂ ਅੰਗਰੇਜ਼ਾਂ ਦੀ ਗੁਲਾਮੀ ਕੱਟੀ, ਉਨ੍ਹਾਂ ਨੂੰ 'ਸਾਹਿਬ' ਖਿਤਾਬ ਨਾਲ ਬੁਲਾ ਬੁਲਾ ਕੇ। ਉਨ੍ਹਾਂ ਦੇ ਤੁਰ ਜਾਣ ਪਿਛੋਂ ਉਸ ਖਿਤਾਬ ਦੀਆਂ ਕਲਗੀਆਂ ਸਾਡੇ ਆਪਣੇ ਅਹੁਦੇਦਾਰਾਂ ਅਤੇ ਅਧਿਕਾਰੀਆਂ ਦੇ ਸਿਰਾਂ ਸਜ ਗਈਆਂ, ਤੇ ਅਸੀਂ ਇਹ ਕਲਗੀ ਆਪਣੇ ਹੱਥੀਂ ਮਿੱਤਰਾਂ-ਦੋਸਤਾਂ ਤੇ ਜਾਣ-ਪਛਾਣ ਵਾਲਿਆਂ ਦੇ ਸਿਰਾਂ 'ਤੇ ਵੀ ਲਾ ਦਿੱਤੀ। ਜਦ ਬੋਲਦੇ ਹਾਂ ਤਾਂ ਬੱਸ 'ਸਾਹਿਬ' 'ਸਾਹਿਬ' ਹੁੰਦੀ ਹੈ, ਜਿਵੇਂ ਸਾਨੂੰ ਕਰੀਬ ਪੌਣੀ ਸਦੀ ਪਹਿਲਾਂ ਛੱਡ ਗਏ 'ਮਾਲਕਾਂ' ਦਾ ਨਾਮ ਅੱਜ ਵੀ ਜਪ ਰਹੇ ਹੋਈਏ। ਆਧੁਨਿਕ ਸਮਾਜਾਂ ਵਿਚ ਅਜਿਹੀ ਮਾਨਸਿਕ ਗੜਬੜੀ ਤੋਂ ਛੁਟਕਾਰਾ ਪਾਉਣ ਲਈ ਤੁਰੰਤ ਮਨੋਵਿਗਿਆਨੀ ਡਾਕਟਰਾਂ ਦੀ ਮਦਦ ਲਈ ਜਾਂਦੀ ਹੈ, ਪਰ ਅਰਧ-ਆਧੁਨਿਕ ਸਮਾਜਾਂ ਦੀ ਅਜਿਹੀ ਮਾਨਸਿਕ ਗੜਬੜੀ ਅਕਸਰ ਸੱਭਿਆਚਾਰ ਦਾ ਬਣ ਹਿੱਸਾ ਬਣ ਬਹਿੰਦੀ ਹੈ। ਕੁਝ ਐਸਾ ਹੀ ਹੋਇਆ ਲਗਦਾ ਹੈ ਸਾਡੇ ਨਾਲ। ਮਾਮਲਾ ਨਿਰੇ ਸ਼ਬਦਾਂ ਦਾ ਨਹੀਂ; ਇਹ ਇਕ ਸਥਾਪਤ ਮਨੋਵਿਗਿਆਨਕ ਸੱਚ ਹੈ ਕਿ ਬੋਲ ਜਿੱਥੇ ਬੰਦੇ ਦੀ ਮਾਨਸਿਕ ਸਥਿਤੀ ਨੂੰ ਪ੍ਰਗਟ ਕਰਦੇ ਨੇ, ਉਥੇ ਬੋਲਾਂ ਤੋਂ ਅੰਦਰੂਨੀ ਭਾਵਨਾਵਾਂ ਪੈਦਾ ਹੁੰਦੀਆਂ ਨੇ, ਜਿਨ੍ਹਾਂ ਦਾ ਅਸਰ ਬੰਦੇ ਦੀਆਂ ਸਰੀਰਕ ਕ੍ਰਿਆਵਾਂ ਤੇ ਕਾਰਨਾਮਿਆਂ 'ਤੇ ਪੈਂਦਾ ਹੈ।

**'ਆਜ਼ਾਦ' ਭਾਰਤ ਦੀ ਤ੍ਰਾਸਦੀ ਹੈ ਕਿ 15 ਅਗਸਤ 1947 ਤੋਂ ਕਰੀਬ ਪੌਣੀ ਸਦੀ ਬਾਅਦ, ਅੱਜ ਵੀ ਭਾਰਤੀ ਹਾਕਮ ਤੇ ਫਿਰਕੂ ਸ਼ਕਤੀਆਂ ਆਪਣੇ ਸੌੜੇ ਸਿਆਸੀ ਤੇ ਨਿੱਜੀ ਹਿੱਤ ਪੂਰਨ ਲਈ ਫਿਰਕੂਪ੍ਰਸਤੀ ਦਾ ਖੇਲ ਖੇਲਦੇ ਹਨ, ਤੇ ਲੋਕ ਅਕਸਰ ਫਿਰਕੂਪ੍ਰਸਤੀ ਦੀ ਹਨੇਰੀ ਵਿਚ ਝੁੱਲ ਜਾਂਦੇ ਹਨ। ਇਹ ਧਰਮ-ਨਿਰਪੱਖ ਆਜ਼ਾਦ ਦੇਸ਼ ਕੌਮ ਦੇ ਲੱਛਣ ਨਹੀਂ ਹੁੰਦੇ। ਆਖਿਰ ਮਾਜਰਾ ਕਿਆ ਹੈ?**

ਕੋਈ ਕਹਿ ਸਕਦਾ ਹੈ, "ਅਸੀਂ ਤਾਂ 'ਸਾਹਿਬ' ਵਿਸ਼ੇਸ਼ਣ ਨੂੰ ਸਤਿਕਾਰ ਵਜੋਂ ਵਰਤਦੇ ਆਂ"; ਪਰ ਇਸ ਵਰਤੋਂ ਦੇ ਸੰਦਰਭ, ਗੁਲਾਮੀ ਕਾਰਕ (factor) ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਿੱਧੀ ਗੁਲਾਮੀ ਦੇ ਸਮੇਂ ਜੋ ਖਿਤਾਬ 'ਮਾਲਕਾਂ' ਲਈ ਵਰਤਿਆ ਜਾਂਦਾ ਰਿਹਾ ਹੋਵੇ, ਉਸੇ ਖਿਤਾਬ ਨੂੰ ਸਤਿਕਾਰ ਵਜੋਂ ਵਰਤਣਾ ਸ਼ੁਰੂ ਕਰ ਦੇਣਾ ਜਾਂ ਸਤਿਕਾਰ ਦੇ ਪਾਤਰ ਵਿਚ ਬਦਲ ਦੇਣਾ ਵੀ ਮਾਨਸਿਕ ਗੁਲਾਮੀ ਦੇ ਪ੍ਰਗਟਾਵੇ ਦਾ ਹੀ ਇੱਕ ਰੂਪ ਹੈ। ਉਦਾਂ, ਸਤਿਕਾਰ ਵਜੋਂ ਵਰਤਣ ਵਾਸਤੇ ਪੰਜਾਬੀ ਕੋਲ ਇੱਕ ਬਹੁਤ ਸਜੀਵ ਸ਼ਬਦ ਹੈ, 'ਜੀ।' ਗੁਰਬਾਣੀ ਵਿਚ 'ਸਾਹਿਬ' ਖਿਤਾਬ ਦੀ ਵਰਤੋਂ ਪਰਮਾਤਮਾ ਲਈ ਕਰਨ ਦੀ, ਜਾਂ ਬਾਅਦ ਵਿਚ ਮਹਾਂਪੁਰਸ਼ਾਂ ਤੇ 'ਗ੍ਰੰਥ ਸਾਹਿਬ' ਆਦਿ ਕਿਤਾਬਾਂ ਦੇ ਨਾਂਵਾਂ ਅੱਗੇ ਸਤਿਕਾਰ ਵਜੋਂ ਇਹ ਖਿਤਾਬ ਵਰਤਣ ਦੀ ਗੱਲ ਤਾਂ ਸਮਝ ਆਉਂਦੀ ਹੈ, ਪਰ ਖੁਦ ਧਾਰਮਿਕ ਨਿਯਮ ਜਾਂ ਚੱਜ ਵੀ ਆਗਿਆ ਨਹੀਂ ਦੇਵੇਗਾ ਕਿ ਪਰਮਾਤਮਾ ਅਤੇ ਧਾਰਮਿਕ ਮਹਾਂਪੁਰਸ਼ਾਂ ਲਈ ਵਰਤਿਆ ਜਾਣ ਵਾਲਾ ਖਿਤਾਬ 'ਜਣੇ ਖਣੇ' ਬੰਦਿਆਂ ਤੇ ਥਾਂਵਾਂ ਲਈ ਵਰਤਿਆ ਜਾਵੇ। ਸੋ, 'ਸਾਹਿਬ' ਦੀ ਸ਼ੋਕ ਵਿਚ ਵਰਤੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਪਾਸਿਉਂ ਹੀ ਆਈ ਹੈ ਤੇ ਗੁਲਾਮ ਪ੍ਰਵਿਰਤੀ ਦੀ ਸੂਚਕ ਹੈ।

ਪੰਜਾਬੀ ਬੰਦੇ ਵਿਚ ਮਿਲਦੀ ਸੁਭਾਵਿਕ ਗੁਲਾਮੀ ਦੀ ਦੂਜੀ ਅਲਾਮਤ ਹੈ, ਪੰਜਾਬੀ ਮਨ ਵਿਚ ਅੱਜ ਵੀ ਕਾਲੇ ਤੇ ਸ਼ਾਮ/ਭੂਰੇ ਰੰਗਾਂ ਉਪਰ ਗੋਰੇ ਦੀ ਸਰਦਾਰੀ ਦੇ ਝੰਡੇ ਝੁੱਲਦੇ ਹਨ। ਸਾਡੇ ਲੋਕ-ਪ੍ਰਚਲਿਤ ਗੀਤਾਂ, ਆਮ ਗੱਲਾਂ ਤੇ ਪਸੰਦਾਂ 'ਚੋਂ ਇਹ ਸਰਦਾਰੀ ਡੁੱਲ੍ਹ ਡੁੱਲ੍ਹ ਪੈਂਦੀ ਹੈ। ਜੇ ਟਾਵੀਂ ਟਾਵੀਂ ਕਾਲੇ ਰੰਗ ਦੀ ਸਿਫਤ ਮਿਲਦੀ ਵੀ ਹੈ, ਤਾਂ ਉਹ ਵੀ ਜ਼ਿਆਦਾਤਰ ਬਚਾਅ ਜਾਂ ਸਫਾਈ ਦੇਣ ਦੇ ਪੈਂਤੜੇ ਤੋਂ। ਮਿਸਾਲ ਵਜੋਂ,

"ਮੇਰਾ ਕਾਲਾ ਹੀ ਸਰਦਾਰ,
ਕਾਲਾ ਸ਼ਾਹ ਕਾਲਾ।
ਮੈਂ ਆਪ ਤਿੱਲੇ ਦੀ ਤਾਰ,
ਗੋਰਿਆਂ ਨੂੰ ਦਫਾ ਕਰੋ।"

ਭਾਵ, ਤਾਂ ਕੀ ਹੋਇਆ ਜੇ ਖਾਵੰਦ ਕਾਲਾ, ਮੈਂ ਆਪ ਤਾਂ ਗੋਰੀਆਂ ਜਿਹੀ ਹੀ ਲੱਗਦੀ ਆਂ। ਇਹਦੇ ਵਿਚ ਖਾਵੰਦ ਦੀ ਘੋਰ ਬੇਇਜ਼ਤੀ ਹੈ; ਪਰ ਤ੍ਰੀਮਤ ਤੇ ਖਾਵੰਦ-ਦੋਨੋਂ ਖੁਸ਼ੀ ਖੁਸ਼ੀ ਬੜੇ ਮਾਣ ਨਾਲ ਸੁਣੀ ਤੇ ਮਾਣੀ ਜਾਂਦੇ ਹਨ।

ਅਸੀਂ ਕਾਲੇ ਰੰਗ ਨੂੰ ਅਜੇ ਵੀ ਕਰੂਪਤਾ, ਬੁਰਾਈ, ਤੇ ਬਦਸ਼ਗਨੀ ਦਾ ਪ੍ਰਤੀਕ ਸਮਝਦੇ ਰਹਿੰਦੇ ਹਾਂ। 'ਕਾਲਾ ਦਿਨ', 'ਕਾਲਾ ਹਫਤਾ', 'ਕਾਲੀ ਜੀਭ', 'ਕਾਲਾ ਦਿਲ', 'ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ' ਆਦਿ ਵਰਗੀਆਂ ਕਹਾਵਤਾਂ ਤੇ ਵਾਕਅੰਸ਼ ਆਮ ਵਰਤੇ ਜਾਂਦੇ ਨੇ। ਹੋਰ ਤਾਂ ਹੋਰ ਅਸੀਂ ਅਗਾਂਹਵਧੂ/ਪ੍ਰਗਤੀਸ਼ੀਲ ਸੋਚ ਵਾਲੇ ਲੋਕ ਵੀ 'ਕਾਲੇ ਦਿਨ' ਤੇ 'ਕਾਲੇ ਹਫਤੇ' ਮਨਾਉਂਦੇ ਹਾਂ, ਭਾਰਤ ਦੀ ਅਧੂਰੀ ਆਜ਼ਾਦੀ ਨੂੰ 'ਕਾਲੀ ਆਜ਼ਾਦੀ' ਜਾਂ 'ਕਾਲੇ ਦਿਲ' ਵਾਲੀ ਆਜ਼ਾਦੀ ਕਹਿੰਦੇ ਹਾਂ, ਤੇ ਭਾਰਤੀ ਹਾਕਮਾਂ ਨੂੰ ਤ੍ਰਿਸਕਾਰ ਵਜੋਂ 'ਕਾਲੇ ਅੰਗਰੇਜ਼' ਬੋਲਦੇ ਹਾਂ। ਇਸ ਤੋਂ ਇਲਾਵਾ, ਚਿਹਰੇ ਦਾ ਰੰਗ ਗੋਰਾ ਕਰਨ ਲਈ ਵਰਤੇ ਜਾਣ ਵਾਲੇ 'ਅਸਰਦਾਰ' ਘਰੇਲੂ ਨੁਸਖਿਆਂ, ਫੇਅਰਨੈਸ ਕਰੀਮ ਦੀ ਵਰਤੋਂ, ਆਦਿ ਦਾ ਬੜਾ ਬੋਲਬਾਲਾ ਹੈ। ਪੰਜਾਬ ਜਾਂ ਕਿਤੇ ਵੀ ਵਸਦੇ ਪੰਜਾਬੀਆਂ ਵਿਚ ਗੋਰਾ ਰੰਗ ਸੁੰਦਰਤਾ ਦਾ ਇੱਕ ਪੈਮਾਨਾ ਬਣ ਸੁੰਦਰਤਾ ਉਦਯੋਗ ਨੂੰ ਚਲਾਉਣ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

ਪੰਜਾਬੀ ਬੰਦੇ ਵਿਚ ਮਿਲਦੀ ਸੁਭਾਵਿਕ ਗੁਲਾਮੀ ਦੀ ਤੀਜੀ ਅਲਾਮਤ ਹੈ, ਪੰਜਾਬੀ ਬੰਦੇ ਦਾ ਵਤੀਰਾ, ਜੋ ਉਦੋਂ ਉਜਾਗਰ ਹੁੰਦਾ ਹੈ, ਜਦੋਂ ਉਹ ਪੰਜਾਬ ਤੋਂ ਆ ਕੇ ਆਪਣੀ ਮਰਜ਼ੀ ਦੇ ਦੇਸ਼ ਦਾ ਨਾਗਰਿਕ ਬਣ ਕੇ ਉਥੇ ਵਸ ਜਾਂਦਾ ਹੈ। ਜਦੋਂ ਬੰਦਾ ਇੱਕ ਦੇਸ਼ ਵਿਚ ਪੈਦਾ ਹੋ ਕੇ ਉਮਰ ਦੇ ਕਿਸੇ ਵੀ ਪੜਾਅ 'ਤੇ ਕਿਸੇ ਦੂਜੇ ਦੇਸ਼ ਵਿਚ ਆਣ ਵਸੇ ਤੇ ਉਹਦੀ ਨਾਗਰਿਕਤਾ ਗ੍ਰਹਿਣ ਕਰ ਲਵੇ ਤਾਂ ਇਹ ਦੂਜਾ ਦੇਸ਼ ਬੰਦੇ ਦਾ ਦੇਸ਼ ਬਣ ਜਾਂਦਾ ਹੈ, ਜਿਹਨੂੰ ਆਪਣੀ ਮਰਜ਼ੀ ਜਾਂ ਆਪਣੀ ਚੋਣ ਦਾ ਦੇਸ਼ ਯਾਨਿ 'ਕੰਟਰੀ ਆਫ ਚੁਆਇਸ' ਵੀ ਕਿਹਾ ਜਾਂਦਾ ਹੈ। ਪਿਛਾਂਹ ਰਹਿ ਗਏ ਦੇਸ਼ ਨੂੰ ਜਨਮ ਦੇਸ਼ ਜਾਂ ਮੁਢਲਾ ਦੇਸ਼ ਕਿਹਾ ਜਾਂਦਾ ਹੈ। ਇੱਕ ਪਿੱਛੇ ਰਹਿ ਗਿਆ ਜਨਮ-ਦੇਸ਼ ਤੇ ਇੱਕ ਹੁਣ ਦਾ ਦੇਸ਼, ਪਰਦੇਸ ਕੋਈ ਨਹੀਂ ਏ। ਇਹ ਪ੍ਰਸਥਿਤੀ ਪ੍ਰਤੀ ਉਚਿਤ, ਵਾਜਬ ਤੇ ਸਹਿਜ ਪਹੁੰਚ ਹੈ, ਜੋ ਹਕੀਕਤ 'ਤੇ ਆਧਾਰਿਤ ਹੈ; ਪਰ ਸਾਡੇ ਅੰਦਰ ਵਸਦੀ ਸੁਭਾਵਿਕ ਗੁਲਾਮੀ ਇਸ ਸਾਦੀ ਪ੍ਰਸਥਿਤੀ ਨੂੰ ਗੁੰਝਲਦਾਰ ਤੇ ਤਰਸਯੋਗ ਬਣਾ ਛੱਡਦੀ ਹੈ।

ਮਿਸਾਲ ਵਜੋਂ ਅਮਰੀਕਾ ਨੂੰ ਆਪਣੇ ਹੁਣ ਤੱਕ ਦੇ ਇਤਿਹਾਸ ਸਦਕਾ ਇਮੀਗਰੈਂਟਾਂ ਦਾ ਕਿਹਾ ਜਾਂਦਾ ਹੈ, ਜਿੱਥੇ ਆਦਿਵਾਸੀ ਅਮਰੀਕੀਆਂ ਦੀ ਘੱਟ-ਗਿਣਤੀ ਤੋਂ ਇਲਾਵਾ, ਅੱਜ ਵੀ ਹਰ ਇੱਕ ਵਿਅਕਤੀ ਜਾਂ ਟੱਬਰ ਜਾਂ ਤਾਂ ਇਮੀਗਰੈਂਟ ਹੈ, ਤੇ ਜਾਂ ਉਹਦੀਆਂ ਇਸ ਦੇਸ਼ ਵਿਚ ਜੜ੍ਹਾਂ ਇੱਕ ਇਮੀਗਰੈਂਟ ਵਿਅਕਤੀ ਜਾਂ ਟੱਬਰ ਨਾਲ ਜਾ ਮਿਲਦੀਆਂ ਨੇ। ਇੰਜ ਦੁਨੀਆਂ ਦੇ ਵੱਖ ਵੱਖ ਦੇਸ਼ਾਂ 'ਚੋਂ ਆ ਕੇ ਲੋਕ ਅਮਰੀਕਾ ਵਿਚ ਵਸੇ, ਜਿਨ੍ਹਾਂ ਇਸ ਦੇਸ਼ ਦੀ ਉਸਾਰੀ ਵਿਚ ਹਿੱਸਾ ਵੀ ਪਾਇਆ। ਬਹੁਤੇ ਪੰਜਾਬੀ ਅਮਰੀਕੀ ਨਾਗਰਿਕਤਾ ਦੀ ਸੌਂਹ ਚੁੱਕਣ ਪਿਛੋਂ ਤੇ ਅਮਰੀਕਨ ਪ੍ਰਧਾਨ ਦਾ ਰਸਮੀ ਖਤ, ਜਿਸ 'ਚ ਉਹ ਉਨ੍ਹਾਂ ਨੂੰ 'ਮਾਈ ਫੈਲੋ ਅਮੈਰਿਕਨ' ਕਹਿ ਕੇ ਸੰਬੋਧਤ ਕਰਦਾ, ਪ੍ਰਾਪਤ ਕਰਨ ਪਿਛੋਂ ਵੀ ਵਿਦੇਸ਼ੀ ਹੋਣ ਦਾ ਆਪੇ ਸਿਰਜਿਆ ਸੰਤਾਪ ਰਹਿੰਦੀ ਜ਼ਿੰਦਗੀ ਭੋਗਦੇ ਰਹਿੰਦੇ ਨੇ; ਉਹ ਅਕਸਰ ਅਮਰੀਕਾ ਨੂੰ 'ਗੋਰਿਆਂ' ਦਾ ਦੇਸ਼ ਸਮਝਦੇ ਰਹਿੰਦੇ ਨੇ ਅਤੇ ਕਾਲੇ ਤੇ ਹੋਰ ਰੰਗਦਾਰ ਨਸਲਾਂ ਵਾਲੇ ਅਮਰੀਕਨਾਂ ਬਾਰੇ ਉਨ੍ਹਾਂ ਦੇ ਵਿਚਾਰ ਅਕਸਰ ਵਿਤਕਰੇ ਭਰੇ ਹੁੰਦੇ ਨੇ। ਕੈਨੇਡਾ ਤੇ ਹੋਰ ਪੱਛਮੀ ਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਵਿਚ ਇਹ ਵਤੀਰਾ ਆਮ ਪਾਇਆ ਜਾਂਦਾ ਹੈ।

ਮੁੱਕਦੀ ਗੱਲ, ਤਰਕ ਕੀਤਾ ਜਾ ਸਕਦਾ ਹੈ ਕਿ ਅੰਗਰੇਜ਼ੀ ਰਾਜ ਸੰਗ ਪੂਰੇ ਹੋਏ ਦੇਸੀ ਤੇ ਵਿਦੇਸ਼ੀ ਗੁਲਾਮੀ ਦੇ ਲੰਬੇ ਇਤਿਹਾਸ ਦਾ ਅਸਰ, ਬਾਕੀ ਭਾਰਤੀਆਂ ਵਾਂਗ, ਪੰਜਾਬੀਆਂ ਦੀ ਮਾਨਸਿਕਤਾ ਤੇ ਸੱਭਿਆਚਾਰ ਉਪਰ ਪਿਆ। ਏਸ ਅਸਰ ਦੀ ਡੂੰਘਾਈ ਸਦਕਾ ਅਤੇ ਇਹਨੂੰ ਮਿੱਥ ਕੇ ਮਿਟਾਉਣ ਦੀਆਂ ਕਾਫੀ ਕੋਸ਼ਿਸ਼ਾਂ ਦੀ ਗੈਰ-ਹਾਜ਼ਰੀ ਕਾਰਨ, ਅੰਗਰੇਜ਼ਾਂ ਦੇ ਚਲੇ ਜਾਣ ਤੋਂ ਕਰੀਬ ਪੌਣੀ ਸਦੀ ਪਿਛੋਂ ਵੀ ਇਹ ਅਸਰ ਕਾਇਮ ਹੈ। ਇਹ ਲੇਖ ਵਿਚ ਵਿਚਾਰੀਆਂ ਗਈਆਂ ਅਲਾਮਤਾਂ, ਜੋ ਗੁਲਾਮ ਪ੍ਰਵਿਰਤੀ ਤੇ ਵਤੀਰੇ ਦੀਆਂ ਹੀ ਪ੍ਰਤੀਕ ਹਨ: 'ਸਾਹਿਬ' ਖਿਤਾਬ ਦੀ ਭਰਮਾਰ ਵਰਤੋਂ, ਗੋਰੇ ਰੰਗ ਦੀ ਕਾਲੇ ਰੰਗ ਉਪਰ ਸਰਦਾਰੀ ਤੇ ਪੱਛਮੀ ਦੇਸ਼ਾਂ ਦੇ ਨਾਗਰਿਕ ਬਣ ਕੇ ਵੀ ਉਨ੍ਹਾਂ ਨੂੰ ਨਾ ਅਪਨਾਉਂਦਿਆਂ ਗਲਤ ਤੌਰ 'ਤੇ ਸਿਰਫ 'ਗੋਰਿਆਂ' ਦੇ ਦੇਸ਼ ਸਮਝੀ ਜਾਣਾ।

ਇੱਥੇ ਤਿੰਨ ਅਲਾਮਤਾਂ ਮਿਸਾਲ ਵਜੋਂ ਵਿਚਾਰੀਆਂ ਗਈਆਂ ਨੇ, ਉਂਜ ਸੁਭਾਵਿਕ ਜਾਂ ਮਾਨਸਿਕ ਗੁਲਾਮੀ ਦੀਆਂ ਅਲਾਮਤਾਂ ਤਾਂ ਬਥੇਰੀਆਂ ਨੇ, ਜੋ ਪੰਜਾਬੀ ਬੰਦੇ ਵਿਚ ਮਿਲਦੀਆਂ ਹਨ; ਪਰ ਇਹ ਤਿੰਨ ਔਛਾ ਨਮੂਨਾ (Sample) ਹਨ, ਸ਼ੁਰੂ ਕਰਨ ਲਈ। ਜੇ ਚਾਹੀਏ ਤਾਂ ਨਾ-ਉਚਿਤ ਵਰਤੋਂ ਵਿਚ 'ਸਾਹਿਬ' ਨੂੰ 'ਜੀ' ਵਿਚ ਬਦਲ ਸਕਦੇ ਹਾਂ; ਕਾਲੇ ਰੰਗ ਪ੍ਰਤੀ ਨਸਲਵਾਦੀ ਰਵੱਈਆ ਜਿਵੇਂ 'ਕਾਲਾ ਦਿਨ', 'ਕਾਲੀ ਜ਼ੁਬਾਨ', 'ਕਾਲਾ ਦਿਲ' ਆਦਿ ਸੰਕਲਪਾਂ ਦੀ ਵਰਤੋਂ ਛੱਡ ਸਕਦੇ ਹਾਂ; ਤੇ ਜੇ ਪੰਜਾਬੋਂ ਬਾਹਰ ਕਿਸੇ ਦੇਸ਼ ਵਿਚ ਬਤੌਰ ਨਾਗਰਿਕ ਵਸ ਰਹੇ ਹੋਈਏ ਤਾਂ ਉਹਨੂੰ ਆਪਣਾ ਦੇਸ਼ ਸਮਝ ਕੇ ਉਥੋਂ ਦੀਆਂ ਭਾਈਚਾਰਕ, ਸਮਾਜਕ ਤੇ ਰਾਜਨੀਤਕ ਸਰਗਰਮੀਆਂ ਵਿਚ ਹਿੱਸਾ ਲੈ ਸਕਦੇ ਹਾਂ, ਆਪਣੀ ਵਿੱਤ ਮੁਤਾਬਿਕ। ਇੰਜ ਸ਼ੁਰੂਆਤ ਕਰ ਸਕਦੇ ਹਾਂ, ਗੁਲਾਮੀ ਦੀ ਰਹਿੰਦ-ਖੂੰਹਦ ਨੂੰ ਆਪੋ-ਆਪਣੇ ਮਨ ਵਿਚੋਂ ਹੂੰਝ ਸੁੱਟਣ ਦੀ, ਬਜਾਏ ਅਗਲੇ ਪੀੜ੍ਹੀ ਨੂੰ ਸੌਂਪ ਦੇਣ ਦੇ। ਜੇ ਚਾਹੀਏ ਤਾਂ! ਇਹ ਭਾਵੇਂ ਨਿੱਜੀ ਕੋਸ਼ਿਸ਼ਾਂ ਜਾਪਦੀਆਂ ਨੇ, ਪਰ ਸਮੇਂ ਦੀ ਲੋੜ 'ਤੇ ਆਧਾਰਿਤ ਅਜਿਹੀਆਂ ਕੋਸ਼ਿਸ਼ਾਂ ਆਪਣੇ 'ਚ ਅਕਸਰ ਲੋਕ (Grassroot) ਲਹਿਰ ਬਣਨ ਦੀ ਸਮਰੱਥਾ ਸਮੋਈ ਰੱਖਦੀਆਂ ਨੇ।

ਇਸ ਸੰਦਰਭ ਵਿਚ ਵਿਸ਼ਵ ਦੇ ਪੂਰਬੀ ਤੇ ਪੱਛਮੀ ਹਿੱਸੇ ਇੱਕ ਦੂਜੇ ਕੋਲੋਂ ਬਹੁਤ ਕੁਝ ਸਿੱਖ ਸਕਦੇ ਹਨ। ਭਾਰਤ ਸਣੇ ਇੱਕ ਸਭ ਤੋਂ ਅਹਿਮ ਗੱਲ ਪੂਰਬ, ਜੋ ਪੱਛਮ ਤੋਂ ਸਿੱਖ ਸਕਦਾ ਹੈ, ਉਹ ਇਹ ਕਿ ਪੱਛਮ ਵਿਚ ਆਧੁਨਿਕ ਯੁੱਗ ਤੇ ਆਧੁਨਿਕਤਾ ਨੂੰ 18ਵੀਂ ਸਦੀ ਵਿਚ ਚੱਲੀ ਪ੍ਰਬੋਧਨ (Enlightment) ਲਹਿਰ ਦੇ ਆਦਰਸ਼ ਨੇ ਹੀ ਪ੍ਰਭਾਸ਼ਿਤ ਕੀਤਾ ਸੀ। ਨਤੀਜਨ, ਉਹ ਆਦਰਸ਼ ਹੀ ਆਧਾਰ ਹਨ ਪੱਛਮ ਦੀ ਜਮਹੂਰੀਅਤ ਤੇ ਆਧੁਨਿਕ ਜਮਹੂਰੀ ਅਦਾਰਿਆਂ ਦੇ, ਜਿਨ੍ਹਾਂ ਵਿਚ ਸ਼ਾਮਲ ਹਨ: ਰਾਜਿਆਂ ਤੇ ਡਿਕਟੇਟਰਾਂ ਦੀ ਥਾਂ ਜਮਹੂਰੀ ਸਰਕਾਰਾਂ, ਸਕੂਲ/ਯੂਨੀਵਰਸਿਟੀਆਂ, ਪਬਲਿਕ ਲਾਇਬਰੇਰੀਆਂ, ਨਿਊਜ਼ ਏਜੰਸੀਆਂ ਸਮੇਤ ਸੁਤੰਤਰ ਮੀਡੀਆ, ਹਸਪਤਾਲ, ਚੈਰਿਟੀ, ਮਨੁੱਖਤਾ ਦੀ ਭਲਾਈ ਹਿੱਤ ਕੌਮਾਂਤਰੀ ਸੰਸਥਾਵਾਂ, ਆਦਿ। ਪੱਛਮ ਦੀ ਇਹ ਜਮਹੂਰੀਅਤ/ ਆਧੁਨਿਕਤਾ ਜਿਨ੍ਹਾਂ ਉਪਰ ਖੜ੍ਹੀ ਹੈ, ਪ੍ਰਬੋਧਨ ਲਹਿਰ ਦੇ ਉਹ ਤਿੰਨ ਕੇਂਦਰੀ ਆਦਰਸ਼ ਸਨ- ਤਰਕ, ਮਾਨਵਵਾਦ ਤੇ ਵਿਗਿਆਨ। ਇਨ੍ਹਾਂ ਤਿੰਨਾਂ ਨੂੰ ਅਪਨਾਉਣ ਦਾ ਰਾਹ ਪ੍ਰਗਤੀ ਦਾ ਰਾਹ ਹੁੰਦਾ ਹੈ। ਦੂਜਾ ਅਹਿਮ ਨੁਕਤਾ ਹੈ ਕਿ ਪ੍ਰਬੋਧਨ ਲਹਿਰ ਦਾ ਜਨਮ ਰੈਨੇਸਾਂਸ ਲਹਿਰ ਵਿਚੋਂ ਹੋਇਆ, ਜਿਸ ਦਾ ਆਧਾਰ 'ਤਰਕ' ਸੀ ਤੇ ਜਿਹਦੀਆਂ ਜੜ੍ਹਾਂ ਯੂਰਪ ਦੇ ਮੱਧਯੁੱਗ ਵਿਚਲੇ ਸਮਰਾਟਾਂ, ਜਾਗੀਰਦਾਰੀ ਤੇ ਚਰਚ ਦੇ ਢਾਂਚੇ ਦੀ ਥਾਂ ਮੱਧਯੁੱਗ ਤੋਂ ਪਹਿਲੇ ਗਰੀਕ ਫਿਲਾਸਫਰਾਂ ਦੇ ਕਲਾਸੀਕਲ ਯੁੱਗ ਤੇ ਉਹਦੀ ਸੋਚ ਵਿਚ ਸਨ, ਉਸੇ ਯੁੱਗ ਤੇ ਸੋਚ ਵਿਚ, ਜਿੱਥੇ ਵਿਗਿਆਨ ਦੀਆਂ ਜੜ੍ਹਾਂ ਵੀ ਪਹੁੰਚਦੀਆਂ ਹਨ।

ਇਹਦੇ ਉਲਟ ਭਾਰਤੀ ਢਾਂਚੇ ਤੇ ਮਾਨਸਿਕਤਾ ਵਿਚ ਅੱਜ ਵੀ ਸਮਰਾਟਾਂ, ਜਾਗੀਰਦਾਰੀ ਤੇ ਧਰਮਾਂ ਵਾਲੇ ਮੱਧਯੁੱਗ ਦੀ ਸੋਚ ਤੇ ਆਦਰਸ਼ ਭਰੇ ਹੋਏ ਹਨ। ਭਾਰਤ ਦੀ ਰਹਿੰਦੀ-ਖੂੰਹਦੀ ਗੁਲਾਮੀ ਦਾ ਇਲਾਜ ਤਰਕਸ਼ੀਲ, ਮਾਨਵਵਾਦੀ ਤੇ ਵਿਗਿਆਨਕ ਲਹਿਰਾਂ ਹਨ। ਅਜਿਹੀਆਂ ਲਹਿਰਾਂ ਦੀ ਸੋਚ ਸੰਗ ਮਾਨਸਿਕਤਾ ਚੰਡ ਕੇ ਭਾਰਤੀ ਲੋਕ ਸਿਆਸੀ ਤੇ ਫਿਰਕੂ ਨੇਤਾਵਾਂ ਵਲੋਂ ਸ਼ੁਰੂ ਕੀਤੀਆਂ ਫਿਰਕੂ ਹਨੇਰੀਆਂ ਨੂੰ ਨਾਕਾਮ ਕਰਨ ਦੇ ਯੋਗ ਵੀ ਹੋ ਸਕਣਗੇ।

## ਮਾਣ ਆਜ਼ਾਦੀ ਦਾ

ਮੁੱਦਤਾਂ ਤੀਕਰ ਦੁੱਖ ਨਾ ਭੁੱਲਣਾ
ਦੇਸ਼ ਦੀ ਹੋਈ ਬਰਬਾਦੀ ਦਾ।
ਇਹਨੂੰ ਸਾਂਭ ਕੇ ਰੱਖਿਓ ਦੋਸਤੋ
ਮਾਣ ਰੱਖ ਲਿਓ ਮਿਲੀ ਆਜ਼ਾਦੀ ਦਾ।

ਇੱਥੇ ਯੋਧਿਆਂ ਤੇ ਸੂਰਬੀਰਾਂ ਨੇ
ਅਨੇਕਾਂ ਹੀ ਅੰਦੋਲਨ ਚਲਾਏ ਨੇ।
ਇੱਥੇ ਰਾਜਗੁਰੂ, ਸੁਖਦੇਵ, ਭਗਤ ਨੇ
ਆਪਣੇ ਖੂਨ ਵਹਾਏ ਨੇ।
ਉਨ੍ਹਾਂ ਜਾਨ ਦੀ ਨਾ ਪਰਵਾਹ ਕੀਤੀ
ਕੀਤਾ ਫਿਕਰ ਦੇਸ਼ ਅਬਾਦੀ ਦਾ...।

ਸੀ ਖੂਨ ਉਬਾਲੇ ਮਾਰ ਰਿਹਾ
ਜਦ ਚੁੰਮਿਆ ਭਗਤ ਸਿੰਘ ਰੱਸੇ ਨੂੰ।
ਸੀ ਜੱਲਾਦ ਵੀ ਸੋਚੀਂ ਪੈ ਗਿਆ
ਜਦ ਦੇਖਿਆ ਭਗਤ ਸਿੰਘ ਹੱਸੇ ਨੂੰ।
ਆਪਾਂ ਦੇਣਾ ਨਹੀਂ ਦੇ ਸਕਦੇ ਦੋਸਤੋ
ਉਨ੍ਹਾਂ ਦੀ ਸੋਚ ਇਨਕਲਾਬੀ ਦਾ...।

ਸੀ ਵਿਚ ਸੁਨਾਮ ਦੇ ਜਨਮਿਆ ਦੋਸਤੋ
ਇੱਕ ਉਧਮ ਸਿੰਘ ਸੂਰਾ ਸੀ।
ਕੈਕਸਟਨ ਹਾਲ 'ਚ ਜਾ ਕੇ ਉਸ ਨੇ
ਕੀਤਾ ਆਪਣਾ ਫਰਜ਼ ਵੀ ਪੂਰਾ ਸੀ।
ਓਡਵਾਇਰ ਵੀ ਨਾ ਕੁਝ ਕਰ ਸਕਿਆ
ਓਹਦੇ ਹੌਸਲੇ, ਜੇਰੇ ਫੌਲਾਦੀ ਦਾ...।

ਏਕਤਾ ਦਾ ਪਾਠ ਪੜ੍ਹਾ ਕੇ
ਬਾਬਾ ਸਾਹਿਬ ਨੇ ਲੈ ਸਨਮਾਨ ਦਿੱਤਾ।
ਦੁਨੀਆਂ ਨੂੰ ਚਲਾਵਣ ਵਾਲਾ
ਲਿਖ ਕੇ ਸਾਨੂੰ ਸੰਵਿਧਾਨ ਦਿੱਤਾ।
ਪੜ੍ਹਿਆ ਲਿਖਿਆ ਸਮਾਜ ਸਿਰਜ
ਨਾਲੇ ਦਿੱਤਾ ਗਿਆਨ ਕਿਤਾਬੀ ਦਾ...।

ਬਹੁ-ਗਿਣਤੀ 'ਚ ਪਏ ਨੇ ਦੋਸਤੋ
ਕਿੱਸੇ ਮਹਾ ਸੂਰਬੀਰਾਂ ਦੇ।
ਕਈ ਰਣਭੂਮੀ 'ਚ ਸ਼ਹੀਦ ਹੋ ਗਏ
ਫੱਟ ਸਹਿ-ਸਹਿ ਕੇ ਸ਼ਮਸ਼ੀਰਾਂ ਦੇ।
'ਗੁਰਵਿੰਦਰ ਉਪਲ' ਨੂੰ ਮਾਣ ਦੋਸਤੋ
ਮਾਂ-ਬੋਲੀ ਪੰਜਾਬੀ ਦਾ।
ਇਹਨੂੰ ਸਾਂਭ ਕੇ ਰੱਖਿਓ ਦੋਸਤੋ
ਮਾਣ ਰੱਖ ਲਿਓ ਮਿਲੀ ਆਜ਼ਾਦੀ ਦਾ।

**-ਗੁਰਵਿੰਦਰ ਸਿੰਘ ਉਪਲ**
**ਫੋਨ: 91-98411-45000**

# ਵਾਹ ਵਾਹ ਸਿਆਸਤ ਰੰਗਾਂ ਦੀ

ਦੁਨੀਆਂ ਦੇ ਹਰ ਦੇਸ਼ ਅਤੇ ਖਿੱਤੇ ਵਿਚ ਸਮਾਜ, ਸਭਿਆਚਾਰ, ਧਰਮ ਅਤੇ ਰਾਜਨੀਤੀ ਵਿਚ ਰੰਗਾਂ ਦੀ ਸਿਆਸਤ ਬੜੀ ਦਿਲਚਸਪ ਰਹੀ ਹੈ। ਕਈ ਵਾਰ ਕਿਸੇ ਖਾਸ ਰੰਗ ਦੇ ਅਰਥ ਅਤੇ ਉਸ ਨਾਲ ਜਜ਼ਬਾਤੀ ਸਾਂਝ ਕਿਸੇ ਵਿਸ਼ੇਸ਼ ਖਿੱਤੇ ਵਿਚ ਵਿਕੋਲਿਤਰੀ ਹੁੰਦੀ ਹੈ, ਪਰ ਕਈ ਰੰਗ ਅਜਿਹੇ ਵੀ ਹੁੰਦੇ ਹਨ, ਜੋ ਸਾਰੀ ਸ੍ਰਿਸ਼ਟੀ ਉਪਰ ਭਾਵਨਾਵਾਂ ਅਤੇ ਜਜ਼ਬਾਤ ਪੱਖੋਂ ਸਾਂਝੇ ਹੁੰਦੇ ਹਨ, ਖਾਸ ਤੌਰ 'ਤੇ ਉਹ ਰੰਗ, ਜੋ ਕੁਦਰਤ ਵਿਚ ਉਘੜਵੇਂ ਰੂਪ ਵਿਚ ਨਜ਼ਰ ਆਉਂਦੇ ਹਨ, ਜਿਵੇਂ ਕਾਲਾ, ਲਾਲ, ਚਿੱਟਾ ਅਤੇ ਹਰਾ। ਕਈ ਵਾਰ ਕਈ ਰੰਗ ਸਮੇਂ ਅਤੇ ਸਥਿੱਤੀ ਅਨੁਸਾਰ ਬਹੁ-ਅਰਥੀ ਹੋ ਜਾਂਦੇ ਹਨ, ਪਰ ਕਈ ਰੰਗ ਅਜਿਹੇ ਵੀ ਹੁੰਦੇ ਹਨ, ਜੋ ਵਿਅਕਤੀਗਤ, ਇਤਿਹਾਸਕ, ਭੂਗੋਲਿਕ, ਧਾਰਮਿਕ ਅਤੇ ਸਭਿਆਚਰਕ ਕਾਰਨਾਂ ਕਰਕੇ

**ਡਾ. ਆਸਾ ਸਿੰਘ ਘੁੰਮਣ**
**ਨਡਾਲਾ (ਕਪੂਰਥਲਾ)**
**ਫੋਨ: 91-98152-53245**

ਵਖਰੇਵਾਂ ਕਾਇਮ ਰੱਖਦੇ ਹਨ।

ਹਿੰਦੁਸਤਾਨ ਦੀ ਸਿਆਸਤ ਵਿਚ ਚਿੱਟਾ, ਕਾਲਾ, ਲਾਲ, ਹਰਾ, ਨੀਲਾ, ਅਸਮਾਨੀ, ਕੇਸਰੀ, ਪੀਲਾ ਅਤੇ ਭਗਵਾਂ ਰੰਗ ਬੜੇ ਅਹਿਮ ਰਹੇ ਹਨ। ਸਿਆਸੀ ਪਾਰਟੀਆਂ ਆਪਣੀ ਵੱਖਰੀ ਹੋਂਦ ਨੁਮਾਇਆ ਕਰਨ ਅਤੇ ਸਮੂਹਿਕ ਸਾਂਝ ਸਥਾਪਤ ਕਰਨ ਹਿਤ ਪਾਰਟੀ ਦੇ ਅਪਨਾਏ ਰੰਗ ਨੂੰ ਖੂਬ ਉਤਸ਼ਾਹਿਤ ਅਤੇ ਇਸ਼ਤਿਹਾਰਤ ਕਰਦੀਆਂ ਹਨ। ਅਪਨਾਇਆ ਗਿਆ ਰੰਗ ਉਸ ਦੇਸ਼ ਦੇ ਇਤਿਹਾਸ-ਮਿਥਿਹਾਸ ਅਤੇ ਸਮਾਜ-ਸਭਿਆਚਾਰ ਵਿਚ ਜਾਂ ਉਸ ਖਿੱਤੇ ਦੇ ਧਰਮ-ਵਿਹਾਰ ਵਿਚ ਬਹੁਤ ਖਾਸ ਹੁੰਦਾ ਹੈ ਅਤੇ ਲੋਕ-ਮਾਨਸਿਕਤਾ ਵਿਚ ਗਹਿਰਾ ਖੁੱਭਿਆ ਹੁੰਦਾ ਹੈ। ਮਿਸਾਲ ਵਜੋਂ ਅਕਾਲੀ ਦਲ ਦਾ ਪਛਾਣ ਰੰਗ ਕੇਸਰੀ ਅਤੇ ਨੀਲਾ ਹੈ, ਕਿਉਂਕਿ ਇਹ ਰੰਗ ਸਿੱਖ ਧਰਮ ਦਾ ਅਹਿਮ ਅਰਥ-ਵਾਹਕ ਰਿਹਾ ਹੈ। ਭਾਈ ਗੁਰਦਾਸ ਅਨੁਸਾਰ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਤਾਂ ਉਸ ਵੇਲੇ ਪੰਜ ਪਿਆਰਿਆਂ ਨੇ ਨੀਲ ਵਸਤਰ ਪਹਿਨੇ ਹੋਏ ਸਨ। ਅੱਜ ਵੀ ਅਕਾਲੀਆਂ ਦੀ ਪਛਾਣ ਨੀਲੀ ਦਸਤਾਰ ਹੈ, ਹਾਲਾਂਕਿ ਅਕਾਲੀ ਦਲ ਚੋਣਾਂ ਵੇਲੇ ਪੀਲੀਆਂ ਝੰਡੀਆਂ ਰਾਹੀਂ ਆਪਣੀ ਹੋਂਦ ਦਰਸਾਉਂਦਾ ਹੈ। ਗੁਰਦੁਆਰਿਆਂ ਦੇ ਨਿਸ਼ਾਨ ਸਾਹਿਬ ਪੀਲੇ ਹੁੰਦੇ ਹਨ, ਜਦੋਂ ਕਿ ਨਿਹੰਗ ਸਿੰਘ ਨੀਲੇ ਨਿਸ਼ਾਨ ਸਾਹਿਬ ਬੁਲੰਦ ਕਰਦੇ ਹਨ। ਕੇਸਰੀ ਰੰਗ ਕੁਰਬਾਨੀ ਦਾ ਰੰਗ ਹੈ। ਅੱਜ ਵੀ ਸਿੱਖਾਂ ਜਾਂ ਅਕਾਲੀਆਂ ਵਿਚ ਰੋਸ ਵਜੋਂ ਏਕਾ ਦਿਖਾਉਣ ਲਈ ਪੀਲੀਆਂ ਪੱਗਾਂ ਬੰਨ੍ਹੀਆਂ ਜਾਂਦੀਆਂ ਹਨ ਜਾਂ ਘਰਾਂ ਉਪਰ ਜਾਂ ਕਾਰਾਂ ਅੱਗੇ ਕੇਸਰੀ ਝੰਡੀਆਂ ਝੁਲਾਈਆਂ ਜਾਂਦੀਆਂ ਹਨ।



ਉਂਜ ਰੋਸ ਦਾ ਰੰਗ ਸਾਰੀ ਦੁਨੀਆਂ 'ਤੇ ਹੀ ਕਾਲਾ ਰੰਗ ਰਿਹਾ ਹੈ। ਹਿੰਦੁਸਤਾਨ ਵਿਚ ਵੀ ਆਜ਼ਾਦੀ ਤੋਂ ਪਹਿਲਾਂ ਸਾਈਮਨ ਕਮਿਸ਼ਨ ਨੂੰ 'ਗੋ ਬੈਕ' ਕਹਿਣ ਲਈ ਕਾਲੀਆਂ ਝੰਡੀਆਂ ਦਾ ਵਿਖਾਵਾ ਕੀਤਾ ਗਿਆ। ਸੁਭਾਵਕ ਹੈ ਕਿ ਕਾਲਾ ਰੰਗ ਦੁਨੀਆਂ ਵਿਚ ਅਜਿਹਾ ਰੰਗ ਹੈ, ਜੋ ਕਿਸੇ ਰਾਜਨੀਤਕ ਪਾਰਟੀ ਨੇ ਨਹੀਂ ਅਪਨਾਇਆ, ਕਿਉਂਕਿ ਇਹ ਰੰਗ ਮੁੱਖ ਤੌਰ 'ਤੇ ਹਨੇਰੇ ਅਤੇ ਅਗਿਆਨ ਦਾ ਪ੍ਰਤੀਕ ਰਿਹਾ ਹੈ। ਕਾਲੇ ਰੰਗ ਤੋਂ ਐਨ ਉਲਟ ਚਿੱਟੇ ਰੰਗ ਨਾਲ ਬੇ-ਰੰਗ ਹੋਣ ਦੇ ਬਾਵਜੂਦ ਪਾਕ-ਪਵਿੱਤਰਤਾ ਅਤੇ ਪਾਕੀਜ਼ਦਗੀ ਦੇ ਅਹਿਸਾਸ ਓਤ-ਪੋਤ ਰਹੇ ਹਨ। ਇਹ ਅਮਨ-ਸ਼ਾਂਤੀ ਦਾ ਦੂਤ ਵੀ ਰਿਹਾ ਹੈ ਅਤੇ ਸ਼ੁਧਤਾ-ਪ੍ਰਬੁੱਧਤਾ ਦਾ ਵੀ। ਦੁਨੀਆਂ ਦੇ ਕਰੀਬ ਹਰ ਧਰਮ ਵਿਚ ਹੀ ਧਾਰਮਿਕ ਹਸਤੀਆਂ ਚਿੱਟੀ ਪੱਗ, ਪਰਨਾ ਜਾਂ ਸਾਫਾ ਬੰਨ੍ਹਦੀਆਂ ਰਹੀਆਂ ਹਨ ਜਾਂ ਬੇ-ਦਾਗ ਸਫੈਦ ਪੁਸ਼ਾਕ ਪਹਿਨਦੀਆਂ ਰਹੀਆਂ ਹਨ। ਸਫੈਦ ਰੰਗ ਜਿੱਥੇ ਪਾਕੀਜ਼ਗੀ ਦਾ ਪ੍ਰਤੀਕ ਹੈ, ਉਥੇ ਇਹ ਅਮਨ-ਸ਼ਾਂਤੀ ਅਤੇ ਯੁੱਧ-ਬੰਦੀ ਦਾ ਸੰਦੇਸ਼ ਵੀ ਦਿੰਦਾ ਹੈ।

ਸਿਆਸੀ ਪਾਰਟੀਆਂ ਬੜੀਆਂ ਚਲਾਕ ਹੁੰਦੀਆਂ ਹਨ, ਇਸ ਲਈ ਉਹ ਖੇਡਾਂ ਖੇਡਦੀਆਂ ਹਨ, ਜਿਨ੍ਹਾਂ ਨਾਲ ਆਮ ਜਨਤਾ ਨੂੰ ਬੁਧੂ ਬਣਾਇਆ ਜਾ ਸਕੇ ਅਤੇ ਉਨ੍ਹਾਂ ਦਾ ਜਜ਼ਬਾਤੀ ਸ਼ੋਸ਼ਣ ਕੀਤਾ ਜਾ ਸਕੇ। ਘੱਟ ਵਿਕਸਿਤ ਦੇਸ਼ਾਂ ਵਿਚ ਇਹ ਵਰਤਾਰਾ ਵੱਧ ਪ੍ਰਭਾਵੀ ਰੂਪ ਵਿਚ ਨਜ਼ਰ ਆਉਂਦਾ ਹੈ। ਅਨਪੜ੍ਹ ਜਨਤਾ ਨੂੰ ਧਰਮ ਦੇ ਨਾਂ 'ਤੇ ਛੇਤੀ ਹੀ ਵਰਗਲਾਇਆ ਜਾ ਸਕਦਾ ਹੈ। ਹਿੰਦੁਸਤਾਨ ਐਸਾ ਮੁਲਖ ਹੈ, ਜਿੱਥੇ ਧਰਮ ਅਤੇ ਸਿਆਸਤ ਦੀ ਅੰਗਲੀ-ਸੰਗਲੀ ਪੱਕੀ-ਪੀਡੀ ਹੁੰਦੀ ਹੈ। ਹਿੰਦੂ ਧਰਮ ਵਿਚ ਸਭ ਤੋਂ ਵੱਧ ਪ੍ਰਭਾਵੀ ਰੰਗ ਭਗਵਾਂ ਰੰਗ ਗਿਣਿਆ ਜਾ ਸਕਦਾ ਹੈ। ਇਹ ਰੰਗ ਕੁਰਬਾਨੀ ਅਤੇ ਤਿਆਗ ਦਾ ਪ੍ਰਤੀਕ ਰਿਹਾ ਹੈ। ਹਿੰਦੂ ਸਮਾਜ ਵਿਚ ਜੋ ਲੋਕ ਸੰਨਿਆਸੀ ਹੋ ਕੇ ਜ਼ਿੰਦਗੀ ਦੇ ਮੁੱਖ-ਮੰਤਵ ਦੇ ਰਹੱਸਾਂ ਦਾ ਅਧਿਅਨ ਕਰਨ ਲਈ ਇਸ ਦੁਨੀਆਂ ਦੇ ਕਲਾ-ਕਲੇਸ਼ ਤੋਂ ਅਲਹਿਦਾ ਰਹਿਣ ਲੱਗ ਪੈਂਦੇ ਸਨ, ਉਹ ਭਗਵੇਂ ਕੱਪੜੇ ਪਾ ਲੈਂਦੇ ਸਨ ਤਾਂ ਕਿ ਵੇਖਣ ਵਾਲੇ ਮਰਦ-ਔਰਤ ਨੂੰ ਇਹ ਅਹਿਸਾਸ ਹੋ ਜਾਵੇ ਕਿ ਉਹ ਦੁਨਿਆਵੀ ਅਤੇ ਮਾਇਆਵੀ ਚਿੰਤਾਵਾਂ ਤੋਂ ਉਪਰ ਹਨ। ਇਸੇ ਭਗਵੇਂ ਰੰਗ ਦਾ ਹਲਕਾ ਰੰਗ ਕੇਸਰੀ ਅਖਵਾਉਂਦਾ ਹੈ, ਜੋ ਖਾਲਸੇ ਦਾ ਰੰਗ ਹੈ, ਅਕਾਲੀ ਦਲ ਦਾ ਰੰਗ ਹੈ। ਉਹ ਸਿਆਸੀ ਪਾਰਟੀ, ਜੋ ਅਕਾਲੀ ਦਲ ਨੂੰ ਧਰਮ ਅਤੇ ਸਿਆਸਤ ਦੇ ਰਲੇਵੇਂ ਦੀ ਖੇਡ ਖੇਡਣ ਕਰਕੇ 'ਮੀਰੀ-ਪੀਰੀ' ਦੇ ਸੰਕਲਪ ਦੀ ਨੁਕਤਾਚੀਨੀ ਕਰਦੀ ਸੀ, ਅੱਜ ਉਸੇ ਏਜੰਡੇ ਨੂੰ ਅਪਨਾਈ ਆਪਣੇ ਆਪ ਦਾ ਭਗਵਾਂਕਰਨ ਕਰੀ ਬੈਠੀ ਹੈ।

ਇਸਲਾਮ ਦੀ ਸ਼ੁਰੂਆਤ ਅਰਬ ਮੁਲਕਾਂ ਵਿਚੋਂ ਹੋਈ, ਜੋ ਮਾਰੂਥਲ ਮੁਲਕ ਅਖਵਾਉਂਦੇ ਹਨ। ਇਸ ਧਰਮ ਦੇ ਅਨੁਆਈਆਂ ਦੇ ਮਨਾਂ ਵਿਚ ਪਾਣੀ ਅਤੇ ਹਰਿਆਵਲ ਦਾ ਬਹੁਤ ਜ਼ਿਆਦਾ ਮਨੋ-ਵਿਗਿਆਨਕ ਮਹੱਤਵ ਸੁਭਾਵਕ ਹੈ। ਇਹੀ ਵਜ੍ਹਾ ਹੈ ਕਿ ਮੁਸਲਿਮ ਧਰਮ ਦਾ ਸੰਕੇਤਕ ਰੰਗ ਗੂੜ੍ਹਾ ਹਰਾ ਹੈ। ਇਸੇ ਮਾਨਸਿਕਤਾ ਕਰਕੇ ਮੁਸਲਿਮ ਲੀਗ ਨੇ ਵੀ ਆਪਣਾ ਰਾਜਸੀ ਰੰਗ ਇਸੇ ਨੂੰ ਚੁਣਿਆ। ਕੁਦਰਤ ਦੇ ਰੰਗਾਂ ਵਿਚ ਵੀ ਸਭ ਤੋਂ ਪ੍ਰਤੱਖ-ਮਈ ਰੰਗ ਦੋ ਹੀ ਹਨ-ਹਰਾ ਅਤੇ ਪੀਲਾ। ਹਰਾ ਜੀਵੰਤ-ਜਵਾਨੀ ਦਾ ਪ੍ਰਤੀਕ ਹੈ, ਜੋਬਨਵੰਤ-ਜ਼ਿੰਦਗੀ ਦਾ ਲਖਾਇਕ ਹੈ। ਪੀਲਾ ਰੰਗ ਪੱਕੇ, ਪਰਪੱਕ ਅਤੇ ਪਕਰੋੜ ਹੋਣ ਦਾ।

ਦੇਸ਼ ਦੀ ਆਜ਼ਾਦੀ ਪਿਛੋਂ ਹਿੰਦੂ-ਮੁਸਲਿਮ-ਸਿੱਖਾਂ ਵਿਚ ਧਰਮ-ਨਿਰਪੱਖਤਾ ਅਤੇ ਇਕਸਾਰਤਾ ਵਿਖਾਉਣ ਲਈ ਦੇਸ਼ ਦੇ ਕੌਮੀ ਝੰਡੇ ਵਿਚ ਹਰਾ, ਚਿੱਟਾ ਅਤੇ ਕੇਸਰੀ ਰੰਗ ਅਪਨਾਏ ਗਏ। ਕਾਂਗਰਸ ਪਾਰਟੀ ਨੇ ਖਾਦੀ ਤੇ ਚਿੱਟੀਆਂ ਟੋਪੀਆਂ ਅਤੇ ਪਗੜੀਆਂ ਰਾਹੀਂ ਆਪਣੇ ਆਪ ਨੂੰ ਨਿਰਲੇਪ ਤੇ ਪਾਕੀਜ਼ਾ ਹੋਣ ਦਾ ਪਰਚਮ ਝੁਲਾਇਆ। ਉਹ ਚਿੱਟਾ ਰੰਗ, ਜੋ ਸਦੀਆਂ ਤੋਂ ਧਾਰਮਿਕ ਹਸਤੀਆਂ ਨੇ ਸ਼ੁਧਤਾ ਅਤੇ ਸਫੈਦ-ਗੋਈ ਲਈ ਪਹਿਨਿਆ ਸੀ, ਸਿਆਸੀ ਰੰਗ ਬਣ ਗਿਆ। ਇਹ ਵੱਖਰੀ ਗੱਲ ਹੈ ਕਿ ਆਜ਼ਾਦੀ ਲੈ ਲੈਣ ਪਿਛੋਂ ਰਿਸ਼ਵਤਖੋਰੀ ਅਤੇ ਤਰਫਦਾਰੀ ਦੇ ਜੋ ਧੱਬੇ ਇਨ੍ਹਾਂ ਸਫੈਦਪੋਸ਼ਾਂ 'ਤੇ ਲੱਗੇ, ਉਨ੍ਹਾਂ ਨੇ ਚਿੱਟੇ ਰੰਗ ਦੀ ਪਾਕੀਜ਼ਗੀ ਬਦਨਾਮ ਕਰ ਦਿੱਤੀ। ਰੰਗ ਚਿੰਨ੍ਹਾਤਮਿਕ ਤੌਰ 'ਤੇ ਅਰਥ-ਭਰਪੂਰ ਤਾਂ ਹੁੰਦੇ ਹੀ ਹਨ, ਇਸ ਲਈ ਦਲ-ਬਦਲੂਆਂ ਦੇ ਰੰਗ ਬਦਲਦੇ ਰਹਿੰਦੇ ਹਨ। ਜਦੋਂ ਕੋਈ ਕਾਂਗਰਸੀ ਅਕਾਲੀ ਦਲ ਵਿਚ ਜਾਂਦਾ ਹੈ ਤਾਂ ਨੀਲੀ ਪੱਗ ਬੰਨ੍ਹ ਲੈਂਦਾ ਤੇ ਜਦੋਂ ਕੋਈ ਅਕਾਲੀ ਕਾਂਗਰਸ ਵਿਚ ਜਾਂਦਾ ਤਾਂ ਚਿੱਟੀ ਪੱਗ ਬੰਨ੍ਹ ਲੈਂਦਾ ਹੈ।

ਉਂਜ ਮਨਮੋਹਨ ਸਿੰਘ ਅਤੇ ਮੌਨਟੇਕ ਸਿੰਘ ਆਹਲੂਵਾਲੀਆ ਨੇ ਹਮੇਸ਼ਾ ਅਸਮਾਨੀ ਰੰਗ ਦੀਆਂ ਪੱਗਾਂ ਬੰਨ੍ਹੀਆਂ। ਵੈਸੇ ਇਹ ਅਸਮਾਨੀ ਰੰਗ ਦਲਿਤ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦਾ ਰੰਗ ਰਿਹਾ ਹੈ। ਹੈ ਇਹ ਵੀ ਬੜੀ ਦਿਲਚਸਪ ਗੱਲ ਕਿ ਘੱਟ-ਗਿਣਤੀ ਇਨ੍ਹਾਂ ਪਾਰਟੀਆਂ ਦਾ ਇਹ ਰੰਗ ਓਨਾ ਮਸ਼ਹੂਰ ਤੇ ਨੁਮਾਇਆ ਨਹੀਂ ਹੋ ਸਕਿਆ, ਜਿੰਨਾ ਕਿ ਮਾਰਕਸਵਾਦੀਆਂ ਜਾਂ ਕਮਿਊਨਿਸਟਾਂ ਦੀ ਪਾਰਟੀ ਦਾ ਲਾਲ ਰੰਗ। ਮਾਰਕਸਵਾਦੀ ਪਾਰਟੀ ਪੰਜਾਬ ਵਿਚ ਭਾਵੇਂ ਬਹੁਜਨ ਸਮਾਜ ਪਾਰਟੀ ਨਾਲੋਂ ਘੱਟ-ਗਿਣਤੀ ਵਿਚ ਹੈ, ਪਰ ਵਿਚਾਰਧਾਰਕ ਕੌਮਾਂਤਰੀ ਪਾਰਟੀ ਹੋਣ ਕਰਕੇ ਵਧੇਰੇ ਨੋਟਿਸ ਵਿਚ ਰਹੀ ਹੈ। ਲਾਲ ਰੰਗ ਵੈਸੇ ਵੀ ਸਾਰੀ ਦੁਨੀਆਂ ਵਿਚ ਸਭ ਤੋਂ ਸ਼ੋਖ ਰੰਗ ਗਿਣਿਆ ਜਾਂਦਾ ਹੈ। ਮਾਰਕਸਵਾਦੀ ਪਾਰਟੀ ਆਪਣੇ ਨਿਸ਼ਾਨੇ ਪ੍ਰਾਪਤ ਕਰਨ ਲਈ ਖੂਨ ਵਹਾਉਣ 'ਚ ਯਕੀਨ ਰੱਖਦੀ ਹੈ।

ਇੰਗਲੈਂਡ ਦੇ ਇੱਕ ਚਿੰਤਕ ਨੇ ਸਿਆਸਤ ਬਾਰੇ ਕਿਹਾ ਸੀ, "ਇਹ ਗੁੰਡਿਆਂ ਦੀ ਆਖਰੀ ਠਾਹਰ ਹੁੰਦੀ ਹੈ (Politics is the last resort of the scoundrels)." ਧਾਰਮਿਕ ਅਰਥਾਂ ਨਾਲ ਲਬਰੇਜ਼ ਲਿਬਾਸ ਪਹਿਨੀ ਇਕ ਸਿਆਸੀ ਸ਼ਖਸ ਸ਼ਾਇਦ ਦੁਨੀਆਂ ਦਾ ਸਭ ਤੋਂ ਵੱਡੇ ਵਿਰੋਧਾਭਾਸ ਅਤੇ ਦੰਭ-ਵਾਦ ਦਾ ਪ੍ਰਤੀਕ ਅਖਵਾ ਸਕਦਾ ਹੈ। ਕੁਰਬਾਨੀ ਅਤੇ ਤਿਆਗ ਦੀ ਚਿੰਨ੍ਹ ਭਗਵੇਂ ਰੰਗ ਦੀ ਪੁਸ਼ਾਕ ਕਿਸੇ ਪ੍ਰਮੁੱਖ ਸਿਆਸੀ ਵਿਅਕਤੀ ਲਈ ਕਿਵੇਂ ਸੁਹਜ ਦਾ ਕਾਰਨ ਬਣ ਸਕਦੀ ਹੈ? ਜਿਸ ਸਿਆਸੀ ਵਿਅਕਤੀ ਨੇ ਚੋਣਾਂ ਜਿੱਤਣ ਲਈ ਸੈਆਂ ਕਿਸਮ ਦੇ ਛੜਯੰਤਰ ਰਚੇ ਹੋਣ ਅਤੇ ਅੰਦਰੋ-ਅੰਦਰ ਪਤਾ ਨਹੀਂ ਕੀ ਕੀ ਗੁੰਡਾ-ਗਰਦੀਆਂ ਕੀਤੀਆਂ ਹੋਣ! ਕੱਪੜੇ ਸਫੈਦ: ਕਰਤੂਤਾਂ ਕਾਲੀਆਂ! ਪੱਗਾਂ ਕੇਸਰੀ: ਕੁਰਬਾਨੀ-ਭਾਵਨਾਂ ਤੋਂ ਕੋਹਾਂ ਦੀ ਦੂਰੀ! ਕੱਪੜੇ ਭਗਵੇਂ: ਸੱਤਾ ਅਤੇ ਮਾਇਆ ਦੀ ਅਮਿੱਟ ਹਵਸ!

ਬੱਸ ਫਿਰ ਇਹੀ ਤਾਂ ਹੈ ਰੰਗਾਂ ਦੀ ਸਿਆਸਤ!

# ਪ੍ਰਧਾਨ ਮੰਤਰੀ ਵਲੋਂ ਅਯੁੱਧਿਆ ਵਿਚ ਚਰਚਿਤ ਬਿਆਨ

**ਭਖਦੇ ਮਸਲੇ**

ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਮੰਨਣ ਵਾਲਿਆਂ ਲਈ ਹੁਣ ਬੜੀ ਮੁਸ਼ਕਿਲ ਦੀ ਘੜੀ ਹੈ। ਉਹ ਹੁਣ ਦੁਬਿਧਾ ਵਿਚ ਫਸ ਗਏ ਹਨ। ਇੱਕ ਪਾਸੇ ਉਹ ਪ੍ਰਧਾਨ ਮੰਤਰੀ ਵਲੋਂ ਦਿੱਤੇ ਬਿਆਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੋਬਿੰਦ ਰਾਮਾਇਣ ਲਿਖੀ ਹੈ, ਦਾ ਵਿਰੋਧ ਕਰਨਾ ਚਾਹੁੰਦੇ ਹਨ, ਦੂਜੇ ਪਾਸੇ ਇਹੀ ਰਾਮਾਇਣ ਉਨ੍ਹਾਂ ਦੇ ਦਸਮ ਗ੍ਰੰਥ ਦੇ ਪੰਨਾ 188 ਤੋਂ 254 ਤਕ ਵੀ ਦਰਜ ਹੈ, ਜਿਸ ਦਾ ਸਮਾਪਤੀ ਸੰਕੇਤ ਹੈ, "ਇਤਿ ਸ੍ਰੀ ਰਾਮਾਇਣ ਸਮਾਪਤਮ ਸਤੁ ਸੁਭਮ ਸਤੁ।" ਰਾਮਾਵਤਾਰ

**ਪ੍ਰੋ. ਕਸ਼ਮੀਰਾ ਸਿੰਘ**
**ਫੋਨ: 1-801-414-0171**

ਰਚਨਾ ਦਸਮ ਗ੍ਰੰਥ ਦੀ ਰਾਮਾਇਣ ਹੀ ਹੈ। ਪ੍ਰਧਾਨ ਮੰਤਰੀ ਨੂੰ ਗਲਤ ਕਹਿਣ ਵਾਲੇ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਕਿ ਬਿੱਲੀ ਇੱਥੇ ਤਾਂ ਨਹੀਂ ਮਿਆਊਂ ਕਰ ਰਹੀ!

**ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ:** ਸ਼੍ਰੋਮਣੀ ਕਮੇਟੀ ਵੀ ਦਸਮ ਗ੍ਰੰਥ ਦੇ ਹੱਕ ਵਿਚ ਭੁਗਤ ਰਹੀ ਹੈ ਤਾਂ ਹੀ ਉਸ ਨੇ ਸਿੱਖ ਰਹਿਤ ਮਰਿਆਦਾ ਵਿਚ ਕੀਰਤਨ ਦੀ ਮੱਦ ਅਧਿਆਇ ਨੰਬਰ ਪੰਜ, ਪੰਨਾ 15 ਵਿਚ ਆਪ ਹੀ ਖਾਲਸਾ ਪੰਥ ਬਣਦਿਆਂ ਸੋਧ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਕੀਰਤਨ ਕਰਨ ਦੀ ਖੁੱਲ੍ਹ ਦੇ ਦਿੱਤੀ ਹੋਈ ਹੈ, ਜਦੋਂ ਕਿ ਅਜੇ ਤਕ ਇਹ ਹੀ ਫੈਸਲਾ ਨਹੀਂ ਹੋ ਸਕਿਆ ਕਿ ਦਸਵੇਂ ਪਾਤਿਸ਼ਾਹ ਦੀ ਬਾਣੀ ਕਿਹੜੀ ਹੈ? ਸੋਧ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਇਸ ਬਾਣੀ ਦੀ ਵਿਆਖਿਆ ਵਜੋਂ ਭਾਈ ਗੁਰਦਾਸ ਦੀ ਰਚਨਾ ਵੀ ਪੜ੍ਹੀ ਜਾ ਸਕਦੀ ਹੈ, ਜੋ ਨਿਰਾ ਝੂਠ ਹੈ, ਕਿਉਂਕਿ ਭਾਈ ਗੁਰਦਾਸ ਤਾਂ ਛੇਵੇਂ ਗੁਰੂ ਜੀ ਵੇਲੇ ਹੀ ਅਕਾਲ ਚਲਾਣਾ ਕਰ ਗਏ ਸਨ, ਜਿਸ ਲਈ ਉਨ੍ਹਾਂ ਦੀ ਰਚਨਾ ਵਿਚ ਕਿਤੇ ਵੀ ਦਸਮ ਗ੍ਰੰਥ ਦੀ ਵਿਆਖਿਆ ਹੀ ਨਹੀਂ ਹੈ।

**ਕ੍ਰਿਸ਼ਨ ਲੀਲ੍ਹਾ ਵੀ ਸਿੱਖੀ ਦੇ ਵਿਹੜੇ ਵਿਚ:** ਕ੍ਰਿਸ਼ਨਾਵਤਾਰ ਵਿਚ ਕ੍ਰਿਸ਼ਨ ਲੀਲਾ ਵੀ ਲਿਖੀ ਹੋਈ ਹੈ, ਜੋ ਦਸਮ ਗ੍ਰੰਥ ਦੇ ਪੰਨਾ 254 ਤੋਂ 570 ਤਕ ਦਰਜ ਹੈ, ਜਿਸ ਦਾ ਸਮਾਪਤੀ ਸੰਕੇਤ ਹੈ, "ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿੱਤ੍ਰ ਨਾਟਕੇ ਗ੍ਰੰਥੇ ਕ੍ਰਿਸ਼ਨਾਵਤਾਰੇ ਧਿਯਾਇ ਸਮਾਪਤਮ ਸਤੁ ਸੁਭਮ ਸਤੁ।21।" ਕਿਸੇ ਦਿਨ ਇਹ ਵੀ ਕਿਸੇ ਆਗੂ ਵਲੋਂ ਗੁਰੂ ਜੀ ਨੂੰ ਕ੍ਰਿਸ਼ਨ ਭਗਤ ਬਣਾਉਣ ਲਈ ਕਿਹਾ ਜਾਵੇਗਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਿਸ਼ਨ ਲੀਲ੍ਹਾ ਵੀ ਲਿਖੀ ਹੈ। ਅਜਿਹਾ ਹੋਰ ਬਹੁਤ ਕੁਝ ਹੋਣ ਵਾਲਾ ਹੈ, ਜੋ ਦਸਮ ਗ੍ਰੰਥ ਉਤੇ ਹੀ ਆਧਾਰਤ ਹੋਵੇਗਾ ਅਤੇ ਸਿੱਖੀ ਨੂੰ ਢਾਹ ਲਾਉਂਦਾ ਹੋਇਆ ਸਿੱਖਾਂ ਵਿਚ ਕਲੇਸ਼ ਦਾ ਕਾਰਨ ਬਣੇਗਾ।

**ਜਾਗਰੂਕ ਜਥੇਬੰਦੀਆਂ ਦਾ ਵਿਰੋਧ ਹੋਇਆ:** ਕਈ ਸਾਲਾਂ ਤੋਂ ਜਾਗਰੂਕ ਸਿੱਖ ਜਥੇਬੰਦੀਆਂ ਵਲੋਂ ਦਸਮ ਗ੍ਰੰਥ ਦੀ ਅਸਲੀਅਤ ਬਾਰੇ ਸਮਾਜਕ ਸਾਧਨਾਂ ਰਾਹੀਂ ਲੇਖ ਛਪਵਾਏ ਜਾ ਰਹੇ ਸਨ, ਪਰ ਦਸਮ ਗ੍ਰੰਥੀਏ ਇਹ ਕਹਿੰਦੇ ਰਹੇ ਹਨ ਕਿ ਇਹ ਜਥੇਬੰਦੀਆਂ ਤਾਂ ਬ੍ਰਾਹਮਣਵਾਦੀ ਏਜੰਟਾਂ ਦਾ ਕੰਮ ਕਰਦੀਆਂ ਹਨ। ਹੁਣ ਤਾਂ ਪਤਾ ਲੱਗ ਹੀ ਗਿਆ ਹੋਵੇਗਾ ਕਿ ਅਜਿਹੇ ਏਜੰਟ ਕੌਣ ਹਨ, ਇਹ ਜਾਗਰੂਕ ਜਥੇਬੰਦੀਆਂ ਜਾਂ ਇਨ੍ਹਾਂ ਨੂੰ ਏਜੰਟ ਕਹਿਣ ਵਾਲੇ ਆਪ!

**ਕੀ ਗੁਰੂ ਪਾਤਿਸ਼ਾਹ ਰਾਮ ਚੰਦਰ ਦੀ ਅੰਸ਼ ਵੰਸ਼ ਵਿਚੋਂ ਹਨ?:** ਅਯੁੱਧਿਆ ਵਿਚ ਹੀ ਗਿਆਨੀ ਇਕਬਾਲ ਸਿੰਘ ਨੇ ਗੁਰੂ ਪਾਤਿਸ਼ਾਹਾਂ ਨੂੰ ਰਾਮ ਚੰਦਰ ਦੀ ਅੰਸ਼-ਬੰਸ਼ ਨਾਲ ਖੁੱਲ੍ਹੇ ਤੌਰ 'ਤੇ ਬਿਆਨ ਦੇ ਕੇ ਜੋੜਿਆ ਹੈ। ਇਸ ਬਿਆਨ ਨਾਲ ਵੀ ਦਸਮ ਗ੍ਰੰਥੀਆਂ ਨੂੰ ਚੋਟ ਪਹੁੰਚ ਰਹੀ ਜਾਪਦੀ ਹੈ, ਪਰ ਇਹ ਸਭ ਕੁਝ ਤਾਂ ਦਸਮ ਗ੍ਰੰਥ ਵਿਚ ਹੀ ਲਿਖਿਆ ਹੋਇਆ ਹੈ। ਦਸਮ ਗ੍ਰੰਥ ਦੇ ਪੰਨਾ ਨੰਬਰ 47 ਤੋਂ 54 ਤਕ ਨੂੰ ਧਿਆਨ ਨਾਲ ਪੜ੍ਹ ਕੇ ਦੇਖੋ ਤਾਂ ਇੱਥੇ ਉਹ ਕੁਝ ਲਿਖਿਆ ਪਿਆ ਹੈ, ਜੋ ਗਿਆਨੀ ਇਕਬਾਲ ਸਿੰਘ ਨੇ ਅਯੁੱਧਿਆ ਵਿਚ ਕਿਹਾ ਹੈ। ਜੇ ਦਸਮ ਗ੍ਰੰਥ ਨੂੰ ਰੱਦ ਨਹੀਂ ਕਰਨਾ ਅਤੇ ਆਪਣੇ ਵਿਹੜੇ ਵਿਚ ਰੱਖੀ ਛੱਡਣਾ ਹੈ ਤਾਂ ਇਕਬਾਲ ਸਿੰਘ ਕਿਸੇ ਸਜ਼ਾ ਦਾ ਹੱਕਦਾਰ ਨਹੀਂ। ਜੇ ਗਿਆਨੀ ਇਕਬਾਲ ਸਿੰਘ ਨੂੰ ਸਜ਼ਾ ਦੇਣੀ ਹੈ ਤਾਂ ਦਸ਼ਮ ਗ੍ਰੰਥ ਆਪੇ ਹੀ ਰੱਦ ਹੋ ਜਾਵੇਗਾ। ਦੇਖਣਾ ਹੈ ਕਿ ਕੌਣ ਭਾਰੂ ਪੈਂਦਾ ਹੈ? ਇਹ ਸਥਿਤੀ ਵੀ ਦਸਮ ਗ੍ਰੰਥੀਆਂ ਲਈ ਦੁਵਿਧਾ ਵਾਲੀ ਹੈ।



ਗਿਆਨੀ ਇਕਬਾਲ ਸਿੰਘ

***ਗੁਰੂ ਪਾਤਿਸ਼ਾਹਾਂ ਨੂੰ ਰਾਮ ਚੰਦਰ ਦੀ ਅੰਸ਼-ਬੰਸ਼ ਨਾਲ ਖੁੱਲ੍ਹੇ ਤੌਰ 'ਤੇ ਬਿਆਨ ਦੇ ਕੇ ਜੋੜਿਆ ਹੈ। ਇਸ ਬਿਆਨ ਨਾਲ ਵੀ ਦਸਮ ਗ੍ਰੰਥੀਆਂ ਨੂੰ ਚੋਟ ਪਹੁੰਚ ਰਹੀ ਜਾਪਦੀ ਹੈ, ਪਰ ਇਹ ਸਭ ਕੁਝ ਤਾਂ ਦਸਮ ਗ੍ਰੰਥ ਵਿਚ ਹੀ ਲਿਖਿਆ ਹੋਇਆ ਹੈ। ਦਸਮ ਗ੍ਰੰਥ ਦੇ ਪੰਨਾ ਨੰਬਰ 47 ਤੋਂ 54 ਤਕ ਨੂੰ ਧਿਆਨ ਨਾਲ ਪੜ੍ਹ ਕੇ ਦੇਖੋ ਤਾਂ ਇੱਥੇ ਉਹ ਕੁਝ ਲਿਖਿਆ ਪਿਆ ਹੈ, ਜੋ ਗਿਆਨੀ ਇਕਬਾਲ ਸਿੰਘ ਨੇ ਅਯੁੱਧਿਆ ਵਿਚ ਕਿਹਾ ਹੈ।***

**ਇੱਕੋ ਬੇੜੀ ਦੇ ਸਵਾਰ ਹੋਣ ਦੀ ਲੋੜ:** ਹੁਣ ਇੱਕ ਪਾਸੇ ਹੋ ਕੇ ਹੀ ਸਿੱਖੀ ਬਚਾਈ ਜਾ ਸਕਦੀ ਹੈ ਤੇ ਉਹ ਹੈ, ਗੁਰੂ ਗ੍ਰੰਥ ਸਾਹਿਬ ਵਾਲਾ ਪਾਸਾ। ਇਹ ਤਾਂ ਹੀ ਸੰਭਵ ਹੈ ਜੇ ਅਧਿਕਾਰਤ ਤੌਰ 'ਤੇ ਤਖਤਾਂ ਦੇ ਮੁੱਖ ਸੇਵਾਦਾਰਾਂ ਵਲੋਂ ਦਸਮ ਗ੍ਰੰਥ ਤੇ ਇਹੋ ਜਿਹੇ ਹੋਰ ਦੁਬਿਧਾ ਪਾਊ ਗ੍ਰੰਥਾਂ ਨੂੰ ਸਿੱਖੀ ਵਿਚੋਂ ਰੱਦ ਕੀਤਾ ਜਾਵੇ ਅਤੇ ਆਦੇਸ਼ ਦਿੱਤਾ ਜਾਵੇ ਕਿ ਇਸ ਇਸ ਗ੍ਰੰਥ ਨੂੰ ਸਿੱਖੀ ਦਾ ਹਿੱਸਾ ਨਾ ਮੰਨਿਆ ਜਾਵੇ ਤੇ ਇਨ੍ਹਾਂ ਵਿਚੋਂ ਅਦਾਲਤਾਂ ਵਿਚ ਪੇਸ਼ ਕੀਤੇ ਸਬੂਤਾਂ ਨਾਲ ਸਿੱਖੀ ਦਾ ਕੋਈ ਵਾਸਤਾ ਨਹੀਂ ਹੋਵੇਗਾ।

**ਸਿੱਖਾਂ ਦਾ ਘਾਣ ਹੋਣਾ ਤੈਅ ਹੈ:** ਸਿੱਖਾਂ ਤੋਂ ਦਰਬਾਰ ਸਾਹਿਬ ਅਤੇ ਅਕਾਲ ਤਖਤ ਖੋਹਣ ਲਈ ਅਜਿਹੇ ਗ੍ਰੰਥਾਂ ਦੇ ਆਧਾਰ 'ਤੇ ਹੀ ਸਿੱਖੀ ਵਿਰੋਧੀ ਜਥੇਬੰਦੀਆਂ ਅਦਾਲਤਾਂ ਵਿਚ ਆਪਣੇ ਹੱਕ ਵਿਚ ਫੈਸਲੇ ਕਰਵਾਉਣਗੀਆਂ ਅਤੇ ਇਹ ਕੁਝ ਹੋਣ ਵਾਲਾ ਹੈ-ਭਾਵੇਂ ਅੱਜ ਹੋ ਜਾਏ, ਭਾਵੇਂ ਕੱਲ੍ਹ ਹੋ ਜਾਏ। ਜੇ ਕਿਤੇ ਅਜਿਹਾ ਹੋ ਗਿਆ ਤਾਂ ਵਿਰੋਧ ਕਰਨ ਵਾਲੇ, ਗੁਰ ਅਸਥਾਨਾਂ ਦੀ ਰੱਖਿਆ ਲਈ ਜਾ ਰਹੇ, ਸਿੱਖਾਂ ਨੂੰ ਸਰਕਾਰਾਂ ਵਲੋਂ ਬੰਦੂਕਾਂ ਦੀਆਂ ਗੋਲੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਵਿਚ ਕੋਈ ਕਸਰ ਨਹੀਂ ਰਹੇਗੀ।

**ਅੰਗਰੇਜ਼ ਸਰਕਾਰ ਨੇ ਵੀ ਸਿੱਖਾਂ ਦਾ ਘਾਣ ਕੀਤਾ ਸੀ:** ਅੰਗਰੇਜ਼ ਸਰਕਾਰ ਵੇਲੇ ਗੁਰ ਅਸਥਾਨਾਂ ਦੀ ਆਜ਼ਾਦੀ ਲਈ ਸ਼ਾਂਤਮਈ ਸੰਘਰਸ਼ ਕਰਨ ਜਾ ਰਹੇ ਸਿੱਖਾਂ ਨਾਲ ਅਜਿਹਾ ਵਾਪਰ ਚੁਕਾ ਹੈ। ਗੁਰਦੁਆਰਾ ਸੁਧਾਰ ਲਹਿਰ ਸੰਨ 1920-25 ਇਸ ਗੱਲ ਦੀ ਗਵਾਹੀ ਭਰਦੀ ਹੈ। ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਸ਼ਾਂਤਮਈ ਢੰਗ ਨਾਲ ਗਏ ਸਿੱਖਾਂ ਦਾ ਘਾਣ ਹੋ ਗਿਆ ਸੀ ਅਤੇ ਸਰਕਾਰੀ ਅਫਸਰਾਂ ਨੇ ਸਿੱਖਾਂ ਦੇ ਸੀਨਿਆਂ ਵਿਚ ਸਿੱਧੀਆਂ ਗੋਲੀਆਂ ਮਾਰੀਆਂ ਸਨ।

**ਹੋ ਚੁੱਕਾ ਸਿੱਖੀ ਦਾ ਨੁਕਸਾਨ:** ਸਿੱਖਾਂ ਦੇ ਬਹੁਤ ਸਾਰੇ ਧਾਰਮਿਕ ਅਸਥਾਨ ਸ਼੍ਰੋਮਣੀ ਕਮੇਟੀ ਦੀ ਛਤਰ ਛਾਇਆ ਵਿਚ ਹੀ ਢਹਿ ਢੇਰੀ ਕੀਤੇ ਜਾ ਚੁਕੇ ਹਨ ਅਤੇ ਬਹੁਤ ਸਾਰਿਆਂ ਨੂੰ ਢਾਹ ਕੇ ਇਸ ਤਰ੍ਹਾਂ ਬਣਾ ਦਿੱਤਾ ਗਿਆ ਹੈ, ਜਿਵੇਂ ਇੱਥੇ ਕੋਈ ਸਿੱਖ ਇਤਿਹਾਸਕ ਸਥਾਨ ਕਦੇ ਹੋਇਆ ਹੀ ਨਾ ਹੋਵੇ ਤੇ ਦਰਬਾਰ ਸਾਹਿਬ ਵਰਗੇ ਗੁਰਦੁਆਰਿਆਂ ਦੇ ਗੁੰਬਦਾਂ ਵਿਚ ਹਿੰਦੂ ਦੇਵੀ-ਦੇਵਤਿਆਂ ਦੇ ਚਿੱਤਰ ਪੱਕੇ ਤੌਰ 'ਤੇ ਉਕਰੇ ਜਾ ਚੁਕੇ ਹਨ, ਜੋ ਅਦਾਲਤਾਂ ਵਿਚ ਮੰਦਿਰਾਂ ਦੀ ਹੋਂਦ ਦੇ ਹੱਕ ਵਿਚ ਗਵਾਹੀ ਦੇਣ ਲਈ ਹਨ ਕਿ ਇਹ ਗੁਰਦੁਆਰੇ ਪਹਿਲਾਂ ਹਿੰਦੂ ਮੰਦਿਰ ਹੀ ਹੁੰਦੇ ਸਨ।

**ਸਿੱਖ ਕੌਮ ਲਈ ਸੋਚਣ ਦੀ ਘੜੀ:** ਸਿੱਖ ਕੌਮ ਲਈ ਹੁਣ ਇੱਕ ਜੁੱਟ ਹੋ ਕੇ ਸੋਚਣ ਦੀ ਘੜੀ ਹੈ। ਸਭ ਧੜੇਬੰਦੀਆਂ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਇਕੱਠੇ ਕਰਨ ਵਾਲਾ ਕੋਈ ਯੋਧਾ ਆਗੂ ਮੈਦਾਨ ਵਿਚ ਨਿੱਤਰੇ ਜਾਂ ਇਨ੍ਹਾਂ ਧੜੇਬੰਦੀਆਂ ਤੇ ਜਥੇਬੰਦੀਆਂ ਦੇ ਆਗੂ ਆਪ ਹੀ ਇਕੱਠੇ ਹੋ ਕੇ ਇੱਕ ਸਾਂਝਾ ਰਸਤਾ ਕੱਢਣ। ਨਾਲ ਹੀ ਸ਼੍ਰੋਮਣੀ ਕਮੇਟੀ ਨੂੰ ਆਪਣੇ ਨਾਲ ਸਹਿਮਤ ਕਰ ਕੇ ਕੋਈ ਫੈਸਲਾ ਕਰਨ, ਜਿਸ ਨਾਲ ਸਿੱਖੀ ਦੇ ਵਿਹੜੇ ਵਿਚ ਸਿੱਖੀ ਨੂੰ ਹੀ ਢਾਹ ਲਾਈ ਜਾ ਰਹੇ ਅਖੌਤੀ ਗ੍ਰੰਥਾਂ ਨਾਲ ਨਜਿੱਠਿਆ ਜਾ ਸਕੇ, ਗੁੰਬਦਾਂ ਵਿਚੋਂ ਬਣੇ ਦੇਵੀ-ਦੇਵਤਿਆਂ ਦੇ ਚਿੱਤਰ ਹਟਾਏ ਜਾਣ ਤੇ ਸਿੱਖੀ ਲਈ ਹੋਰ ਲਾਹੇਵੰਦ ਕਾਰਜ ਕੀਤੇ ਜਾਣ। ਜੇ ਪੱਛੜ ਗਏ ਤਾਂ ਹਰ ਕੋਈ ਕਹੇਗਾ, "ਹੁਣ ਪਛਤਾਉਣ ਦਾ ਕੋਈ ਫਾਇਦਾ ਨਹੀਂ!"

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਹੱਸਣਾ ਮੇਰੇ ਹਜ਼ੂਰ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਰੁੱਸਣ ਅਤੇ ਮਨਾਉਣ ਦੀ ਬਾਤ ਛੇੜਦਿਆਂ ਕਿਹਾ ਸੀ, "ਰੁੱਸਣਾ ਤੇ ਮੰਨਣਾ, ਦੋ ਵਿਰੋਧੀ ਪ੍ਰਕ੍ਰਿਆਵਾਂ, ਜਿਨ੍ਹਾਂ ਦਾ ਮਾਨਸਿਕਤਾ ਨਾਲ ਸਬੰਧ। ਦੋਹਾਂ ਦਾ ਜੀਵਨ ਵਿਚ ਹੋਣਾ ਅਤੇ ਇਨ੍ਹਾਂ ਸੰਗ ਜਿਉਣਾ ਬਹੁਤ ਹੀ ਅਹਿਮ, ਪਰ ਇਨ੍ਹਾਂ ਵਿਚਲਾ ਸੰਤੁਲਨ ਹੀ ਜੀਵਨ ਨੂੰ ਨਰੋਈ ਸੇਧ, ਸੰਦੇਸ਼ ਅਤੇ ਦ੍ਰਿਸ਼ਟੀ ਦੇ ਸਕਦਾ, ਜਿਸ ਨਾਲ ਜੀਵਨ ਨੂੰ ਨਵੀਆਂ ਬੁਲੰਦੀਆਂ ਨਸੀਬ ਹੁੰਦੀਆਂ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਨਿਰਾਸ਼ਾ ਤੋਂ ਬੇਨਿਆਜ਼ੀ ਲਈ ਅਤੇ ਜਿਉਂਦੇ ਰਹਿਣ ਲਈ ਹੱਸਣ ਨੂੰ ਅਤਿ ਲੋੜੀਂਦਾ ਦੱਸਿਆ ਹੈ। ਉਹ ਕਹਿੰਦੇ ਹਨ, "ਹੱਸਣਾ ਮਨੁੱਖੀ ਫਿਤਰਤ ਦੀ ਪਛਾਣ। ਵਿਅਕਤੀਤਵ ਦਾ ਮੁਹਾਂਦਰਾ। ਚੱਜ-ਅਚਾਰ ਦੀ ਝਲਕ। ਹਾਸੇ ਵਿਚੋਂ ਮਨੁੱਖ ਦੀ ਅਸਲੀਅਤ ਜੱਗ-ਜਾਹਰ ਹੁੰਦੀ ਕਿ ਉਹ ਕਿਵੇਂ, ਕਦੋਂ, ਕਿਸ ਤਰ੍ਹਾਂ ਅਤੇ ਕਿਹੜੇ ਅੰਦਾਜ਼ ਨਾਲ ਹੱਸਦਾ?...ਸਭ ਤੋਂ ਸੁੰਦਰ ਹੈ, ਜਦ ਮਨੁੱਖ ਦਾ ਅੰਗ-ਅੰਗ ਹੱਸਦਾ, ਨੈਣਾਂ ਵਿਚੋਂ ਹਾਸਾ ਡਲਕਦਾ, ਬੋਲਾਂ ਵਿਚੋਂ ਹਾਸਾ ਉਗਮਦਾ, ਤੋਰ ਵਿਚ ਹਾਸੇ ਦਾ ਜਲਵਾ ਅਤੇ ਉਦਮ ਤੇ ਉਤਸ਼ਾਹ ਵਿਚ ਹਾਸੇ ਦਾ ਪ੍ਰਗਟਾਅ।" ਡਾ. ਭੰਡਾਲ ਦੀ ਨਸੀਹਤ ਹੈ ਕਿ ਹੱਸਿਆ ਕਰੋ ਕਿਸੇ ਦੇ ਚਾਅਵਾਂ ਵਿਚ ਸ਼ਰੀਕ ਹੁੰਦਿਆਂ, ਖੁਸ਼ੀਆਂ ਨੂੰ ਦੂਣ-ਸਵਾਇਆ ਕਰਦਿਆਂ, ਖੁਸ਼ੀ ਵਿਚ ਖੀਵੇ ਹੁੰਦਿਆਂ ਜਾਂ ਇਹ ਦਰਸਾਉਣ ਲਈ ਕਿ ਤੁਹਾਨੂੰ ਵੀ ਉਨ੍ਹਾਂ ਦੀ ਪ੍ਰਾਪਤੀ/ਹਾਸਲ/ਰੁਤਬੇ ਦਾ ਬਹੁਤ ਚਾਅ ਤੇ ਮਾਣ ਹੈ। -ਸੰਪਾਦਕ*

ਹੱਸਣਾ, ਮਨ ਦੀਆਂ ਭਾਵਨਾਵਾਂ ਦੀ ਪਰਵਾਜ਼, ਸੁੱਤੇ ਅਹਿਸਾਸਾਂ ਦਾ ਅਗਾਜ਼ ਅਤੇ ਸੰਗੀਤਕਤਾ ਪੈਦਾ ਕਰਦਾ ਜ਼ਿੰਦ-ਸਾਜ਼।

ਹੱਸਣਾ, ਬੰਦੇ ਵਿਚ ਬੰਦੇ ਦੇ ਜਿਉਂਦੇ ਹੋਣ ਦੀ ਚਾਹਤ, ਮਨ ਨੂੰ ਮਿਲਣ ਵਾਲੀ ਰਾਹਤ ਅਤੇ ਖੁਦ ਨਾਲ ਸਾਂਝੀ ਕੀਤੀ ਉਹ ਬਾਤ, ਜੋ ਪਾਉਂਦੀ ਜੀਵਨ ਦੇ ਅੰਦਰ ਝਾਤ।

ਹੱਸਣਾ, ਬੇਫਿਕਰੀ ਦੇ ਆਲਮ ਵਿਚ ਹੋਣ ਦਾ ਅਹਿਸਾਸ, ਫੱਕਰਤਾ ਮਾਣਨ ਦਾ ਆਭਾਸ, ਖੁਲ੍ਹਦਿਲੀ ਨਾਲ ਆਪੇ ਦੇ ਰੂਬਰੂ ਹੋਣ ਦਾ ਧਰਵਾਸ ਅਤੇ ਪੈਦਾ ਕਰਨੀ ਅਜਿਹੀ ਆਸ, ਜੋ ਜਿਉਂਦੇ ਕਰ ਦਿੰਦੀ ਆਪੇ 'ਤੇ ਵਿਸ਼ਵਾਸ।

ਹੱਸਣਾ, ਸਮਾਜਕ ਵਰਤਾਰਾ। ਮਨੁੱਖ ਵਲੋਂ ਮਨੁੱਖ ਨਾਲ ਸਾਂਝੇ ਕੀਤੇ ਵਲਵਲੇ। ਖਾਸ ਮੌਕਿਆਂ ਨੂੰ ਆਪਣਿਆਂ ਸੰਗ ਮਾਣਨ ਦੀ ਜ਼ਿੰਦਾਦਿਲੀ। ਅੰਦਰੋਂ ਬਾਹਰੋਂ ਇਕਸਾਰਤਾ ਨੂੰ ਹਾਜ਼ਰ-ਨਾਜ਼ਰ ਕਰਨ ਦੀ ਕਾਹਲ।

ਹੱਸਣਾ, ਮਨੁੱਖੀ ਫਿਤਰਤ ਦੀ ਪਛਾਣ। ਵਿਅਕਤੀਤਵ ਦਾ ਮੁਹਾਂਦਰਾ। ਚੱਜ-ਅਚਾਰ ਦੀ ਝਲਕ। ਹਾਸੇ ਵਿਚੋਂ ਮਨੁੱਖ ਦੀ ਅਸਲੀਅਤ ਜੱਗ-ਜਾਹਰ ਹੁੰਦੀ ਕਿ ਉਹ ਕਿਵੇਂ, ਕਦੋਂ, ਕਿਸ ਤਰ੍ਹਾਂ ਅਤੇ ਕਿਹੜੇ ਅੰਦਾਜ਼ ਨਾਲ ਹੱਸਦਾ?

ਹੱਸਣਾ, ਪਾਰਦਰਸ਼ੀ ਕਿਰਿਆ। ਮਨ-ਅੰਤਰੀਵ ਨੂੰ ਫਰੋਲਣਾ, ਪਰਖਣਾ, ਪਛਾਣਨਾ ਅਤੇ ਪ੍ਰਦਰਸ਼ਿਤ ਕਰਨਾ।

ਹੱਸਣਾ ਸਰੀਰਕ, ਸਮਾਜਕ ਅਤੇ ਮਾਨਸਿਕ ਕਰਮ, ਜੋ ਬਹੁ-ਪਸਾਰੀ ਰਾਹਤ, ਸੁਖਨ ਅਤੇ ਸਕੂਨ ਦਾ ਸੰਗਮ। ਹਾਸੇ ਨਾਲ ਚੌਗਿਰਦੇ ਨੂੰ ਹਸਾਉਣ, ਹਾਸਮਈ ਤਰੰਗਾਂ ਨੂੰ ਉਪਜਾਉਣ ਅਤੇ ਘਰ ਦੇ ਚਹੁੰ-ਖੂੰਜਿਆਂ ਨੂੰ ਹੱਸਣ ਲਾਉਣਾ, ਘਰ ਦਾ ਧੰਨਭਾਗ।

ਹੱਸਣਾ, ਬਾਹਰਮੁਖੀ ਤੇ ਅੰਦਰਮੁਖੀ ਵਰਤਾਰਾ। ਅੰਦਰ ਖੁਸ਼ੀ ਹੋਵੇਗੀ ਤਾਂ ਹੀ ਅਸੀਂ ਹੱਸਾਂਗੇ, ਖੁਸ਼ੀਆਂ ਸਾਂਝੀਆਂ ਕਰਾਂਗੇ ਅਤੇ ਇਨ੍ਹਾਂ ਵਿਚ ਆਪਣਿਆਂ ਨੂੰ ਸ਼ਾਮਲ ਕਰਾਂਗੇ।

ਹੱਸਣਾ, ਆਪਣਿਆਂ ਦੀ ਸੰਗਤ ਤੇ ਸੁਹਬਤ ਵਿਚ ਬਹੁਤ ਸੁਚਾਰੂ ਅਤੇ ਉਸਾਰੂ ਰੂਪ ਵਿਚ ਰੂਪਮਾਨ ਹੁੰਦਾ। ਇਸ ਦੀ ਹੋਂਦ ਵਿਚ ਬਣਦੇ ਨੇ ਰਿਸ਼ਤੇ, ਸੋਚਾਂ 'ਤੇ ਉਗਦੇ ਨੇ ਸੂਹੇ ਫੁੱਲ, ਵਿਚਾਰਾਂ ਦੀ ਰੰਗ-ਬਿਰੰਗਤਾ ਮਨੁੱਖੀ ਮਨ ਨੂੰ ਪ੍ਰਭਾਵਤ ਕਰਦੀ, ਮਨ-ਜੂਹ ਵਿਚ ਸੁਗਮ-ਸੰਵੇਦਨਾ ਦਾ ਰਾਗ ਵੀ ਅਲਾਪਦੀ।

ਹੱਸਣਾ, ਮਨੁੱਖੀ ਤੰਦਰੁਸਤੀ ਦਾ ਰਾਜ਼, ਸਰੀਰਕ ਕਿਰਿਆਵਾਂ ਨੂੰ ਰਵਾਨਗੀ, ਚਿੰਤਾਵਾਂ ਅਤੇ ਫਿਕਰ ਕੁਝ ਸਮੇਂ ਲਈ ਵਿੱਥ 'ਤੇ ਹੋ ਜਾਂਦੇ। ਕਸ਼ਟ, ਕਠਿਨਾਈਆਂ ਅਤੇ ਕਾਲਖੀ ਵਰਤਾਵੇ ਕੁਝ ਪਲਾਂ ਲਈ ਅੱਖੋਂ ਓਝਲ ਹੋ ਜਾਂਦੇ। ਮਨ ਆਪਣੇ ਰੌਂਅ ਤੇ ਰੰਗ ਵਿਚ ਹਾਸਿਆਂ ਦੇ ਸ਼ਗੂਫੇ ਵਿਚ ਮਸ਼ਰੂਫ ਹੋਇਆ ਖੁਦ ਨੂੰ ਵੀ ਭੁੱਲ ਜਾਂਦਾ। ਹੱਸਣ ਸਮੇਂ ਬਜੁਰਗ, ਬੱਚੇ, ਜਵਾਨ, ਔਰਤ ਜਾਂ ਮਰਦ ਵਿਚ ਕੋਈ ਨਹੀਂ ਅੰਤਰ ਰਹਿੰਦਾ। ਇਕਸਾਰ ਹਾਸਾ ਅਤੇ ਹਰੇਕ ਇਸ ਨੂੰ ਆਪਣੇ ਵਿਚ ਰਮਾਉਣ ਦਾ ਚਾਹਵਾਨ।

ਹੱਸਣ ਦੀ ਜਾਚ ਬੱਚਿਆਂ ਕੋਲੋਂ ਸਿੱਖਣਾ, ਜੋ ਰੋਂਦੇ ਰੋਂਦੇ ਹੱਸ ਵੀ ਪੈਂਦੇ ਅਤੇ ਹੱਸਦਿਆਂ ਹੱਸਦਿਆਂ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਵੀ ਆ ਜਾਂਦੇ।

ਹੱਸਣਾ ਰੂਹ ਦੀ ਖੁਰਾਕ। ਸੁਖਨਤਾ ਦੀ ਭਰਪਾਈ। ਮਨ ਦੀਆਂ ਕੱਸੀਆਂ ਤਾਰਾਂ ਵਿਚ ਕੁਝ ਲਚਕ। ਲਹੂ-ਨਾੜੀਆਂ ਦੀ ਤੰਗਦਸਤੀ ਵਿਚ ਮੋਕਲਾਪਣ, ਜਿਸ ਕਾਰਨ ਦਿਲ ਦੀਆਂ ਨਾੜੀਆਂ ਨੂੰ ਔਜ਼ਾਰਾਂ ਨਾਲ ਨਹੀਂ ਖੋਲ੍ਹਣਾ ਪੈਂਦਾ।

ਹੱਸਣਾ ਇਕ ਕਸਰਤ। ਸਰੀਰਕ ਅੰਗਾਂ ਨੂੰ ਤਰੰਗਤ ਕਰਨ, ਤਾਜ਼ਗੀ ਬਖਸ਼ਣ ਅਤੇ ਦਿਮਾਗ ਦੀਆਂ ਨਾੜਾਂ ਨੂੰ ਸਹਿਜ ਕਰਨ ਲਈ ਕੁਦਰਤੀ ਕਿਰਿਆ; ਤਾਂ ਹੀ ਅਜੋਕੇ ਸਮਿਆਂ ਵਿਚ ਲਾਫੋਥੀਰੈਪੀ ਵੰਨੀਂ ਲੋਕ ਰੁਚਿਤ ਹੋ ਰਹੇ ਨੇ। ਕੁਦਰਤੀ ਹਾਸਾ ਜਦ ਘਰਾਂ ਵਿਚੋਂ ਮਨਫੀ ਹੋ ਜਾਵੇ ਤਾਂ ਬਨਾਉਟੀ ਹਾਸੇ ਰਾਹੀਂ ਮਸਨੂਈ ਖੁਸ਼ੀਆਂ ਤੇ ਖੇੜਿਆਂ ਨੂੰ ਸਿਰਜਣਾ ਇਕ ਮਜ਼ਬੂਰੀ ਹੁੰਦੀ। ਭਟਕਣਮਈ ਜੀਵਨ ਸ਼ੈਲੀ ਅਤੇ ਭੱਜ-ਦੌੜ ਵਿਚ ਮਨੁੱਖ ਅਜਿਹਾ ਗਵਾਚਿਆ ਕਿ ਉਸ ਨੂੰ ਨਹੀਂ ਖੁਦ ਦੀ ਸਾਰ। ਫਿਰ ਕਿਵੇਂ ਕਰੇਗਾ ਪ੍ਰਵਾਹ ਪਰਿਵਾਰ ਜਾਂ ਘਰ-ਸੰਸਾਰ ਦੀ। ਖਿੱਝਣਾ, ਝੂਰਦੇ ਰਹਿਣਾ ਅਤੇ ਅਸੀਮਤ ਲੋੜਾਂ ਦੀ ਅਪੂਰਤੀ ਵਿਚੋਂ ਸਿਰਫ ਨਕਾਰਾਤਮਕਤਾ ਹੀ ਮਨੁੱਖ ਦੀ ਹੋਣੀ ਏ, ਜੋ ਅਜੋਕੇ ਮਨੁੱਖ ਦਾ ਸੱਚ ਏ।

ਹੱਸਣਾ ਹਾਵਿਆਂ ਤੋਂ ਲਾ-ਪ੍ਰਵਾਹੀ, ਹੌਕਿਆਂ ਤੋਂ ਦੂਰੀ, ਹਿੱਚਕੀਆਂ ਨੂੰ ਰਤਾ ਹੱਟਕ ਜਾਣ ਦੀ ਸਲਾਹ, ਨਿਰਾਸ਼ਾ ਤੋਂ ਬੇਨਿਆਜ਼ੀ, ਹੰਝੂਆਂ ਨੂੰ ਪੈੜ ਨਾ ਨੱਪਣ ਦੀ ਨਸੀਹਤ, ਹੇਰਵਿਆਂ ਨੂੰ ਜਰਾ ਕੁ ਠਹਿਰ ਜਾਣ ਦਾ ਸੰਦੇਸ਼, ਹਟਕੋਰਿਆਂ ਨੂੰ ਸੰਭਲ ਜਾਣ ਦਾ ਸੁਨੇਹਾ ਅਤੇ ਹਿੱਕ ਵਿਚ ਦੱਬੀਆਂ ਸਿਸਕੀਆਂ ਨੂੰ ਸੰਕੋਚ ਕਰਨ ਦੀ ਸਲਾਹ।

ਹੱਸਣਾ ਹੌਸਲਿਆਂ ਦੀ ਹੌਸਲਾ-ਅਫਜ਼ਾਈ, ਹਿੰਮਤ ਦਾ ਸ਼ੁੱਭ-ਆਗਮਨ, ਹੱਠ ਦੀ ਨਤਮਸਤਕਤਾ, ਹਲੀਮੀ ਨੂੰ ਗਲ ਨਾਲ ਲਾਉਣ ਦੀ ਤਮੰਨਾ, ਹਮਦਰਦੀ ਨੂੰ ਬੁੱਕਲ ਦਾ ਨਿੱਘ ਬਣਾਉਣ ਦੀ ਲੋਚਾ, ਹਮਜ਼ੋਲਤਾ ਨੂੰ ਹਮਰਾਹੀ ਬਣਾਉਣ ਦੀ ਲਾਲਸਾ ਅਤੇ ਹੱਸਮੁਖਤਾ ਨੂੰ ਚਿਹਰੇ ਦਾ ਸ਼ੀਸ਼ਾ ਬਣਾਉਣ ਦੀ ਜੁਗਤ।

ਹੱਸਣਾ ਹਮਜੋਲੀਆਂ ਨਾਲ, ਪਰਿਵਾਰ ਵਿਚ, ਲੰਗੋਟੀਏ ਯਾਰਾਂ ਨਾਲ, ਸਹਿਕਰਮੀਆਂ ਨਾਲ ਵੀ ਅਤੇ ਹਮਸਫਰਾਂ ਨਾਲ ਵੀ। ਹਾਸਾ ਕਿੰਜ ਪੈਦਾ ਕਰਨਾ ਅਤੇ ਕਿਹੜੀ ਜੁਗਤ ਨਾਲ ਸਾਥੀਆਂ ਵਿਚ ਵੰਡਣਾ, ਇਹ ਸਭ ਤੋਂ ਪ੍ਰਮੁੱਖ ਜੀਵਨ-ਸਾਧਨਾ।

ਹੱਸਣਾ ਅਤੇ ਹਸਾਉਣਾ, ਇਕ ਕਲਾ। ਹਾਸਰਸ ਕਵੀ, ਕਲਾਕਾਰ ਹਰ ਮਹਿਫਿਲ, ਪ੍ਰੋਗਰਾਮ ਜਾਂ ਸਮਾਜਕ ਇਕੱਠ ਵਿਚ ਪ੍ਰਮੁੱਖਤਾ ਸੰਗ ਹਾਜ਼ਰ-ਨਾਜ਼ਰ। ਹਸਾਉਣਾ ਸਭ ਤੋਂ ਵੱਡਾ ਕਰਮ-ਧਰਮ, ਕਿਉਂਕਿ ਰੁਆਂਸੇ ਚਿਹਰਿਆਂ 'ਤੇ ਹਾਸਿਆਂ ਦੀਆਂ ਫੁੱਲ-ਪੱਤੀਆਂ ਖਿੜਾਉਣਾ ਅਤੇ ਚਿੰਤਾਵਾਂ ਤੇ ਫਿਕਰਾਂ ਨੂੰ ਦੂਰ ਭਜਾਉਣਾ, ਸਭ ਤੋਂ ਵੱਡਾ ਪੁੰਨ। ਕਈ ਵਾਰ ਤਾਂ ਇਹ ਕਲਾਕਾਰ ਖੁਦ ਪੀੜ 'ਚ ਪਰੁੰਚੇ ਵੀ ਦੂਸਰਿਆਂ ਨੂੰ ਹਸਾਉਣ ਤੋਂ ਉਕਾਈ ਨਹੀਂ ਕਰਦੇ। ਕੁਝ ਮੌਕਿਆਂ 'ਤੇ ਤਾਂ ਅਤਿ-ਨਜ਼ਦੀਕੀ ਦੀ ਮੌਤ ਨੂੰ ਮਨ ਵਿਚ ਛੁਪਾ ਕੇ, ਹਾਸੇ ਵੰਡਦਿਆਂ ਅੰਦਰੋਂ ਰੋਂਦੇ ਅਤੇ ਖੁਦ ਨੂੰ ਕੋਂਹਦੇ।

ਹੱਸਣਾ ਸਮਾਜਕ ਵਰਤਾਰੇ ਦੀ ਸੁਚੱਜਤਾ ਤੇ ਸੁਹੱਪਣ ਲਈ ਬਹੁਤ ਜਰੂਰੀ। ਜਦ ਕਿਸੇ ਨੂੰ ਆਪਣੀ ਤਕਲੀਫ ਤੇ ਤਨਹਾਈ ਦਾ ਮਜ਼ਾਕ ਉਡਾਉਣ ਦਾ ਵੱਲ ਆ ਜਾਵੇ ਤਾਂ ਤਕਲੀਫਾਂ ਅਤੇ ਔਕੜਾਂ ਸਦੀਵ ਨਹੀਂ ਰਹਿੰਦੀਆਂ।

ਹੱਸਣਾ, ਜਿਉਣ ਦਾ ਸੁੱਚਾ ਸਬੱਬ। ਮੁੱਠੀ ਵਿਚ ਕੈਦ ਕੀਤਾ ਰੱਬ, ਜਿਸ ਦੀ ਹਾਜਰੀ ਵਿਚ ਮੁਕਾਉਣਾ ਪੈਂਦਾ ਏ ਫਜ਼ੂਲ ਅਤੇ ਬੇਅਰਥੀ ਪ੍ਰੇਸ਼ਾਨੀਆਂ ਦਾ ਯੱਬ।

ਹੱਸਣਾ, ਮਜ਼ਬੂਰੀ ਵੀ ਤੇ ਮਨਮੌਜਤਾ ਵੀ। ਮੌਲਿਕ ਵੀ ਤੇ ਮਖੌਟਾ ਵੀ। ਮਾਨਵੀ ਵੀ ਤੇ ਅਮਾਨਵੀ ਵੀ। ਮੰਗਵਾਂ ਵੀ ਤੇ ਮਨੌਤ ਵਾਲਾ ਵੀ।



ਮਹਿਮਾਨੀ ਵੀ ਤੇ ਮਿਹਨਤਾਨਾ ਵੀ। ਕਿਸ ਰੂਪ ਵਿਚ, ਕਿਹੜੇ ਮੌਕੇ ਅਤੇ ਕਿਨ੍ਹਾਂ ਹਾਲਤਾਂ ਵਿਚ ਹੱਸਿਆ ਜਾਂਦਾ, ਇਹ ਹੀ ਨਿਰਧਾਰਤ ਕਰਦਾ ਕਿ ਇਸ ਹਾਸੇ ਦੇ ਕੀ ਅਰਥ ਨੇ?

ਹੱਸਣ ਵਿਚ ਅੰਤਰ ਹੁੰਦਾ, ਕਿਸੇ ਇਨਸਾਨ ਜਾਂ ਸ਼ੈਤਾਨ ਦੇ। ਸ਼ੈਤਾਨ ਦਾ ਹਾਸਾ, ਆਫਤਾਂ ਨੂੰ ਸੱਦਾ, ਅਣਕਿਆਸੀਆਂ ਮੁਸੀਬਤਾਂ ਦੀ ਜੜ੍ਹ, ਸਾਫ-ਸੁਥਰੇ ਰਾਹਾਂ ਵਿਚ ਕੰਡਿਆਂ ਦੀ ਵਿਛਾਈ, ਮੰਜ਼ਿਲ ਪ੍ਰਾਪਤੀਆਂ ਵਿਚ ਰੁਕਾਵਟਾਂ, ਸੁਪਨਿਆਂ 'ਤੇ ਡਾਕਾ, ਦੀਦਿਆਂ ਵਿਚ ਹੰਝੂ ਧਰਨ ਦੀ ਕਵਾਇਤ, ਸੀਨੇ ਵਿਚ ਹਾਵਿਆਂ ਦੀ ਪਨੀਰੀ, ਪੈਦਾ ਕਰਨੀ ਦਿਲਗੀਰੀ ਅਤੇ ਖੋਹ ਲੈਣੀ ਕਿਰਤ-ਕਰਮ ਦੀ ਅਮੀਰੀ। ਸ਼ੈਤਾਨ ਦੇ ਹਾਸੇ ਵਿਚ ਸਿਰਫ ਹੌਕੇ, ਹਿੱਚਕੀਆਂ ਅਤੇ ਅਣਹੋਣੀਆਂ ਦੀਆਂ ਚੰਘਾੜਾਂ, ਜਦੋਂ ਕਿ ਇਨਸਾਨ ਦੇ ਹਾਸੇ ਵਿਚ ਨਿਰਛੱਲਤਾ ਦਾ ਵਾਸਾ, ਹਸਾਸਮਈ ਖਾਸਾ, ਤਿੱੜਕਦੇ ਜੀਵਨ-ਗੁੰਬਦਾਂ ਨੂੰ ਧਰਵਾਸਾ ਅਤੇ ਰੀਝਾਂ ਦੀ ਖਾਲੀ ਝੋਲੀ ਵਿਚ ਪਾਈ ਆਸਾ। ਇਹ ਹਾਸਾ ਹੰਝੂਆਂ ਨੂੰ ਚੂਸਦਾ, ਹਾਵਿਆਂ ਨੂੰ ਹਵਾ ਕਰਦਾ ਅਤੇ ਹਾਸਿਆਂ ਦੀ ਰੁਮਕਣੀ ਮਨ ਵਿਚ ਪੈਦਾ ਕਰਦਾ। ਇਨਸਾਨ ਦੇ ਹਾਸੇ ਵਿਚ ਵੱਸਦੀ ਹੈ-ਫਕੀਰੀ, ਸ਼ਾਹਗੀਰੀ, ਅਨਾਇਤ ਆਮੀਰੀ ਅਤੇ ਸਮਿਆਂ ਨੂੰ ਸੂਹੀ ਰੰਗਤ ਬਖਸ਼ਣ ਦੀ ਰੰਗ-ਰੀਰੀ।

ਹੱਸਣ ਦੀਆਂ ਕਈ ਪਰਤਾਂ। ਕਈ ਵਾਰ ਅਸੀਂ ਖੁਦ ਲਈ ਹੱਸਦੇ। ਕੁਝ ਸਮਿਆਂ 'ਤੇ ਕਿਸੇ ਲਈ। ਕਈ ਵਾਰ ਦਿਖਾਵੇ ਲਈ ਅਤੇ ਕਈ ਵਾਰ ਖੁਦ ਨੂੰ ਰਿਝਾਉਣ ਲਈ। ਕਈ ਵਾਰ ਹਾਸਾ ਆਪ-ਮੁਹਾਰਾ ਹੁੰਦਾ ਅਤੇ ਕਈ ਵਾਰ ਧਿੰਗੋਜੋਰੀ।

ਹੱਸਿਆ ਕਰੋ ਕਿਸੇ ਦੇ ਚਾਅਵਾਂ ਵਿਚ ਸ਼ਰੀਕ ਹੁੰਦਿਆਂ, ਖੁਸ਼ੀਆਂ ਨੂੰ ਦੂਣ-ਸਵਾਇਆ ਕਰਦਿਆਂ, ਖੁਸ਼ੀ ਵਿਚ ਖੀਵੇ ਹੁੰਦਿਆਂ ਜਾਂ ਇਹ ਦਰਸਾਉਣ ਲਈ ਕਿ ਤੁਹਾਨੂੰ ਵੀ ਉਨ੍ਹਾਂ ਦੀ ਪ੍ਰਾਪਤੀ/ਹਾਸਲ/ਰੁਤਬੇ ਦਾ ਬਹੁਤ ਚਾਅ ਤੇ ਮਾਣ ਹੈ।

ਹੱਸਣਾ ਸਭ ਤੋਂ ਖੂਬਸੂਰਤ, ਜਦ ਫਿਲਮ/ਨਾਟਕ/ਸ਼ੋਅ ਦੇਖਦਿਆਂ ਹੱਸਦੇ, ਕੁਝ ਪੜ੍ਹਦਿਆਂ ਹਾਸਿਆਂ ਦੀ ਫੁੱਲਝੜੀਆਂ ਮੁੱਖ ਤੋਂ ਫੁੱਟਦੀਆਂ ਜਾਂ ਕਿਸੇ ਗੱਲ 'ਤੇ ਹਾਸੇ ਵਿਚ ਲੋਟਪੋਟ ਹੋ ਜਾਂਦੇ।

ਹੱਸਣ ਦੇ ਕਈ ਰੂਪ। ਖੁੱਲ੍ਹ ਕੇ ਉੱਚੀ-ਉੱਚੀ ਹੱਸਣਾ, ਠਹਾਕੇ ਮਾਰਨਾ, ਮਰਨਾਊ ਜਿਹਾ ਹਾਸਾ ਜਾਂ ਅੰਦਰ ਹੀ ਹੱਸਣਾ; ਪਰ ਸਭ ਤੋਂ ਸੁੰਦਰ ਹੈ, ਜਦ ਮਨੁੱਖ ਦਾ ਅੰਗ-ਅੰਗ ਹੱਸਦਾ, ਨੈਣਾਂ ਵਿਚੋਂ ਹਾਸਾ ਡਲਕਦਾ, ਬੋਲਾਂ ਵਿਚੋਂ ਹਾਸਾ ਉਗਮਦਾ, ਤੋਰ ਵਿਚ ਹਾਸੇ ਦਾ ਜਲਵਾ ਅਤੇ ਉਦਮ ਤੇ ਉਤਸ਼ਾਹ ਵਿਚ ਹਾਸੇ ਦਾ ਪ੍ਰਗਟਾਅ।

ਹੱਸਣਾ ਜਦ ਅੰਦਰ ਉਤਰਦਾ ਤਾਂ ਮਨੁੱਖ ਦੀ ਸਮੁੱਚੀ ਜ਼ਿੰਦਗੀ ਵਿਚ ਰੂਪਮਾਨ ਹੁੰਦਾ। ਨਿਤਾਪ੍ਰਤੀ ਦੀ ਜ਼ਿੰਦਗੀ, ਕਾਰ-ਵਿਹਾਰ, ਸ਼ਬਦ-ਉਚਾਰ, ਵਰਤੋਂ-ਵਿਚਾਰ ਜਾਂ ਚੱਜ-ਅਚਾਰ ਵਿਚ ਵੀ ਹਾਸੇ ਦੀਆਂ ਪਰਤਾਂ ਦੇ ਉਸਾਰੂ ਪੱਖ ਨੂੰ ਪਛਾਣਿਆ ਤੇ ਮਾਣਿਆ ਜਾ ਸਕਦਾ। ਹੱਸਮੁੱਖ ਲੋਕਾਂ ਦੀ ਸੰਗਤ ਵਿਚ ਜਿਉਣ ਦਾ ਅਦਬ ਤੇ ਅੰਦਾਜ਼, ਵਿਕੋਲਿਤਰਾ ਅਤੇ ਵਿਲੱਖਣ। ਇਸ ਵਿਲੱਖਣਤਾ ਵਿਚੋਂ ਹੀ ਮਨੁੱਖ ਦੀਆਂ ਸਕਾਰਾਤਮਕ ਅਤੇ ਉਸਾਰੂ ਬਿਰਤੀਆਂ ਨੂੰ ਵਧਣ, ਫੁੱਲਣ, ਵਿਗਸਣ ਅਤੇ ਵਿਸਥਾਰਨ ਦਾ ਮੌਕਾ ਮਿਲਦਾ।

ਹੱਸਣ ਦੀ ਪਾਬੰਦੀ ਜਦ ਹੋਠਾਂ 'ਤੇ ਨਾਜ਼ਲ ਹੋਵੇ ਤਾਂ ਨੈਣਾਂ ਨਾਲ ਹੱਸਣ ਦੀ ਅਦਾ ਅਤੇ ਬੋਲਾਂ ਥੀਂ ਹਾਸਿਆਂ ਦੀ ਅਦਾਇਗੀ, ਜੀਵਨ ਨੂੰ ਖੇੜਿਆਂ ਭਰਪੂਰ ਕਰ ਦਿੰਦੀ ਏ।

ਹੱਸਣਾ ਸਭ ਤੋਂ ਖੂਬਸੂਰਤ, ਗੌਰਵਮਈ ਅਤੇ ਸਕੂਨਮਈ ਹੁੰਦਾ, ਜਦ ਇਕ ਮਾਂ ਆਪਣੇ ਬੱਚੇ ਦੇ ਜਨਮ ਤੋਂ ਬਾਅਦ ਪਹਿਲੀ ਵਾਰ ਉਸ ਦਾ ਰੋਣਾ ਸੁਣਦੀ ਹੈ।

ਹੱਸਣਾ ਜਦ ਕਿਸੇ ਦੀ ਨਾਕਾਮੀ ਨੂੰ ਜਾਹਰ ਕਰਨ, ਸਰੀਰਕ/ਮਾਨਸਿਕ ਘਾਟ ਜਾਂ ਗਰੀਬੀ ਦਾ ਮਖੌਲ ਉਡਾਉਣਾ ਜਾਂ ਕਿਸੇ ਨੂੰ ਨੀਵਾਂ ਦਿਖਾਉਣਾ ਹੋਵੇ ਤਾਂ ਇਹ ਕਮੀਨਗੀ ਹੁੰਦਾ। ਅਜਿਹੇ ਹਾਸੇ ਵਿਚ ਬੰਦਾ ਖੁਦ ਹੀ ਘਟੀਆ ਅਤੇ ਕਮੀਨਾ ਸਾਬਤ ਹੁੰਦਾ।

ਹੱਸਣਾ, ਦਿਲਦਾਰੀ, ਦਰਿਆਦਿਲੀ, ਦਰਵੇਸ਼ਤਾ, ਦਿੱਬ-ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਵਿਚਲੀ ਚਾਨਣ-ਭੀਤ ਹੈ, ਜੋ ਹਮੇਸ਼ਾ ਸਵੇਰਿਆਂ ਦਾ ਸੰਦੇਸ਼ ਦਿੰਦੀ। ਇਸ ਵਿਚੋਂ ਸਰਘੀ ਪੈਦਾ ਹੁੰਦੀ ਅਤੇ ਤ੍ਰੇਲ-ਤੁਪਕਿਆਂ ਵਿਚੋਂ ਡਲਕਦੇ ਸੱਤ ਰੰਗ, ਜੀਵਨ ਨੂੰ ਸੱਤਰੰਗੇ ਸੰਧਾਰੇ ਨਾਲ ਨਿਵਾਜ਼ਦੇ।

ਹੱਸਣਾ, ਹੰਭੇ ਹੋਏ ਕਦਮਾਂ ਵਿਚ ਉਤਸ਼ਾਹ, ਹਾਰੇ ਹੋਇਆਂ ਲਈ ਚਾਅ, ਮੰਜ਼ਿਲ ਲੋਚਦੇ ਪੈਰਾਂ ਲਈ ਰਾਹ, ਹਟਕੋਰਿਆਂ ਲਈ ਸੁਖਨ-ਸਾਹ ਅਤੇ ਪਿਆਰ ਤਰੁੱਟਿਆਂ ਲਈ ਹੁੰਦੀ ਏ ਮੁਹੱਬਤ ਬੇ-ਪਨਾਹ।

ਹਸਾਉਣ ਲਈ ਚੁਟਕਲੇ, ਟੋਟਕੇ, ਟਿੱਚਰਾਂ, ਬਹੁਰੂਪੀਏ, ਮਖੌਟਾਧਾਰੀਏ ਜਾਂ ਮਰਾਸੀਆਂ ਦੀ ਆਮਦ ਹੁੰਦੀ ਤਾਂ ਮਿਲ-ਬੈਠਣੀ ਵਿਚ ਨਵੀਂ ਰੂਹ ਫੂਕੀ ਜਾਂਦੀ। ਇਸੇ ਲਈ ਬੀਤੇ ਸਮੇਂ ਵਿਚ ਵਿਆਹ-ਸ਼ਾਦੀ ਦੇ ਮੌਕੇ 'ਤੇ ਮਰਾਸੀਆਂ ਵਲੋਂ ਅਕਸਰ ਹੀ ਰੌਣਕ ਲਾਈ ਜਾਂਦੀ ਸੀ।

ਹੱਸਣਾ, ਕਈ ਵਾਰ ਇੰਨੀ ਜੋਰ ਦੀ ਅਤੇ ਇੰਨਾ ਲੰਮੇਰਾ ਹੁੰਦਾ ਕਿ ਅੱਖਾਂ ਵਿਚ ਪਾਣੀ ਅਤੇ ਸਾਹ ਲੈਣਾ ਵੀ ਭੁੱਲ ਜਾਂਦਾ, ਕਿਉਂਕਿ ਹੱਸਣਾ ਤਾਂ ਖੁਦ ਨੂੰ ਭੁਲਾਉਣਾ ਹੁੰਦਾ। ਬੰਦੇ ਨੂੰ ਪਤਾ ਹੀ ਨਹੀਂ ਲੱਗਦਾ ਕਿ ਹੱਸਦਿਆਂ ਹੱਸਦਿਆਂ ਉਸ ਦੀਆਂ ਅੱਖਾਂ ਸਿੱਲੀਆਂ ਕਿਉਂ ਹੋ ਗਈਆਂ?

ਹੱਸਣਾ ਇਕ ਅਜਿਹੀ ਕਲਾ ਕਿ ਹਸਾਉਣ ਵਾਲੇ ਹਰ ਹਾਲਾਤ, ਹਰ ਮੌਕਾ ਅਤੇ ਹਰ ਸਥਿਤੀ ਵਿਚ ਹਸਾਉਣ ਲਈ ਕੁਝ ਨਾ ਕੁਝ ਅਜਿਹਾ ਟਟੋਲ ਲੈਂਦੇ ਕਿ ਉਨ੍ਹਾਂ ਦੀਆਂ ਗੱਲਾਂ ਆਪ-ਮੁਹਾਰੇ ਹੀ ਖੁਸ਼ਗਵਾਰ ਮਾਹੌਲ ਸਿਰਜ ਜਾਂਦੀਆਂ।

ਹੱਸਣਾ ਜਿਥੇ ਮਨੁੱਖੀ ਸਿਹਤ ਲਈ ਉਤਮ ਟਾਨਿਕ, ਉਥੇ ਸਮਾਜਕ ਰਿਸ਼ਤਿਆਂ ਦੀ ਸਿਰਜਣਾ, ਪਕਿਆਈ ਅਤੇ ਮਜ਼ਬੂਤੀ ਲਈ ਠੋਸ ਆਧਾਰ। ਪ੍ਰਵਚਨਾਂ ਵਿਚ ਹਾਸੇ-ਠੱਠੇ ਵਾਲੀਆਂ ਗੱਲਾਂ ਹੋਣ ਤਾਂ ਉਹ ਸਿੱਧੀਆਂ ਰੂਹ 'ਤੇ ਅਸਰ ਕਰਦੀਆਂ।

ਹੱਸਣਾ ਹਰ ਦਾਇਰੇ ਵਿਚ ਵਸੀਹ, ਵਿਸ਼ਾਲ ਅਤੇ ਵਿਹਾਰਕ ਵਰਤਾਰਿਆਂ ਨਾਲ ਭਰਪੂਰ। ਰਿਸ਼ਤਈ ਅਪਣੱਤ, ਸਾਰਥਕਤਾ ਅਤੇ ਸਦੀਵਤਾ ਸਿਰਜਣ ਵਿਚ ਅਹਿਮ। ਹੱਸਣ-ਹਸਾਉਣ ਨਾਲ ਬਹੁਤ ਸਾਰੇ ਸੁਨੇਹੇ ਸੂਖਮ ਰੂਪ ਵਿਚ ਲੋਕ-ਚੇਤਨਾ ਵਿਚ ਧਰੇ ਜਾਂਦੇ। ਵਿਚਾਰਧਾਰਾ ਨੂੰ ਨਵਾਂ ਤੇ ਸੁਚਾਰੂ ਮੋੜ ਦਿੱਤਾ ਜਾ ਸਕਦਾ। ਨਿਵੇਕਲਾ ਜੀਵਨ-ਸੰਸਾਰ ਸਿਰਜਣਾ ਵਿਚ ਅਹਿਮ ਭੂਮਿਕਾ।

ਹੱਸਣ ਦੀ ਅਹਿਮੀਅਤ ਲਈ ਕਦੇ ਖੇਤਾਂ ਵਿਚ ਹੱਸਦੀਆਂ ਫਸਲਾਂ ਨੂੰ ਦੇਖਣਾ, ਉਨ੍ਹਾਂ ਨਾਲ ਗੱਲਾਂ ਕਰਦੇ ਕਿਸਾਨ ਦੇ ਮੁੱਖੜੇ 'ਤੇ ਫੈਲੀ ਖੁਸ਼ੀ ਤੇ ਖੁਸ਼ਹਾਲੀ ਦੀ ਲਾਲ ਸੂਹੀ ਪਰਤ ਨੂੰ ਅੰਤਰੀਵਤਾ ਵਿਚ ਉਤਾਰਨਾ, ਬਗੀਚੀ ਵਿਚ ਖਿੜ ਖਿੜ ਹੱਸਦੇ ਫੁੱਲਾਂ ਦੀਆਂ ਗੱਲਾਂ ਸੁਣਨੀਆਂ ਅਤੇ ਇਨ੍ਹਾਂ ਦੇ ਹਾਸੇ ਵਿਚ ਸ਼ਾਮਲ ਹੋਣਾ, ਤੁਹਾਨੂੰ ਫੁੱਲਾਂ ਜਿਹੀ ਫਕੀਰੀ ਅਪਨਾਉਣਾ ਦੀ ਲੋਚਾ ਹੋਵੇਗੀ। ਕਦੇ ਕਿਤਾਬਾਂ ਵਿਚ ਹਰਫਾਂ ਦੀਆਂ ਗਲਵੱਕੜੀਆਂ ਵਿਚ ਪੈਦਾ ਹੋ ਰਹੀਆਂ ਹਠਖੇਲੀਆਂ ਨੂੰ ਸੁਣਨਾ, ਤੁਹਾਡੀ ਰੂਹ ਨਸ਼ਿਆ ਜਾਵੇਗੀ। ਕਦੇ ਕੋਰੇ ਵਰਕਿਆਂ 'ਤੇ ਉਕਰੇ ਜਾ ਰਹੇ ਸ਼ਬਦਾਂ ਵਿਚ ਹਾਸਿਆਂ ਦੀਆਂ ਲਗਰਾਂ ਦੀ ਨਿਸ਼ਾਨਦੇਹੀ ਕਰਨੀ, ਜੀਵਨ-ਪਿੰਡੇ 'ਤੇ ਜ਼ਿੰਦਗੀ ਦੀ ਕਲਾ-ਨਿਕਾਸ਼ੀ ਜਰੂਰ ਹੋਵੇਗੀ।

ਹੱਸਣ ਦੀ ਰੁੱਤ ਜਦ ਸੱਜਣ ਦੀ ਬੁੱਕਲ 'ਚ ਆਲ੍ਹਣਾ ਪਾਵੇ ਤਾਂ ਕੁੱਤਕੁਤਾਰੀਆਂ ਦਾ ਵਿਸਮਾਦ ਜੀਵਨ ਦਾ ਹਾਸਲ ਬਣ ਜਾਵੇ। ਹੱਸਣਾ ਜਦ ਮਿੱਤਰ-ਮੰਡਲੀ ਨੂੰ ਆੜੀ ਬਣਾਵੇ ਤਾਂ ਬਚਪਨੀ ਸ਼ਰਾਰਤਾਂ ਹਾਸਿਆਂ ਦੀ ਪਟਾਰੀ ਬਣ ਜਾਵੇ। ਹੱਸਣਾ ਜਦ ਨਿੱਕੇ ਜਿਹੇ ਬੱਚੇ ਦੇ ਤੋਤਲੇ ਬੋਲਾਂ ਨੂੰ

*(ਬਾਕੀ ਅਗਲੇ ਸਫੇ 'ਤੇ)*

---

***→ ਹੱਸਣਾ, ਗਮ ਵਿਚੋਂ ਉਭਰਨ ਦਾ ਤਰੀਕਾ। ਦੁੱਖ ਵਿਚ ਸੁੱਖ ਨੂੰ ਕਿਆਸਣ ਦਾ ਜਰੀਆ, ਹੰਝੂਆਂ ਵਿਚੋਂ ਹਾਸਿਆਂ ਨੂੰ ਸੁਣਨ ਦਾ ਰਿਆਜ਼ ਅਤੇ ਪੀੜ ਵਿਚੋਂ ਰਾਹਤ ਲੱਭਣ ਦਾ ਰਿਵਾਜ਼।***


***→ ਹੱਸਣਾ ਬਾਹਰਮੁਖੀ ਤੇ ਅੰਦਰਮੁਖੀ ਵਰਤਾਰਾ। ਅੰਦਰ ਖੁਸ਼ੀ ਹੋਵੇਗੀ ਤਾਂ ਹੀ ਅਸੀਂ ਹੱਸਾਂਗੇ, ਖੁਸ਼ੀਆਂ ਸਾਂਝੀਆਂ ਕਰਾਂਗੇ ਅਤੇ ਇਨ੍ਹਾਂ ਵਿਚ ਆਪਣਿਆਂ ਨੂੰ ਸ਼ਾਮਲ ਕਰਾਂਗੇ।***

***→ ਹੱਸਣ ਦੀ ਜਾਚ ਬੱਚਿਆਂ ਕੋਲੋਂ ਸਿੱਖਣਾ, ਜੋ ਰੋਂਦੇ ਰੋਂਦੇ ਹੱਸ ਵੀ ਪੈਂਦੇ ਅਤੇ ਹੱਸਦਿਆਂ ਹੱਸਦਿਆਂ ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਵੀ ਆ ਜਾਂਦੇ।***

***→ ਹਸਾਉਣਾ ਸਭ ਤੋਂ ਵੱਡਾ ਕਰਮ-ਧਰਮ, ਕਿਉਂਕਿ ਰੁਆਂਸੇ ਚਿਹਰਿਆਂ 'ਤੇ ਹਾਸਿਆਂ ਦੀਆਂ ਫੁੱਲ-ਪੱਤੀਆਂ ਖਿੜਾਉਣਾ ਅਤੇ ਚਿੰਤਾਵਾਂ ਤੇ ਫਿਕਰਾਂ ਨੂੰ ਦੂਰ ਭਜਾਉਣਾ, ਸਭ ਤੋਂ ਵੱਡਾ ਪੁੰਨ।***

# ਸੜਕਾਂ ਅਤੇ ਮਾਂਵਾਂ

ਸੜਕਾਂ ਬਿਨ ਜ਼ਿੰਦਗੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ! ਮਾਂਵਾਂ ਬਿਨ ਜ਼ਿੰਦਗੀ ਦੀ ਜੜ੍ਹ ਨਹੀਂ ਲੱਗ ਸਕਦੀ! ਸੜਕਾਂ ਨੇ ਜ਼ਿੰਦਗੀ ਨੂੰ ਰਫਤਾਰ ਬਖਸ਼ੀ ਹੈ। ਮਾਂਵਾਂ ਤੇਜ਼ ਰਫਤਾਰ ਜ਼ਿੰਦਗੀ ਨਾਲ ਕਦਮ ਮਿਲਾਉਣ 'ਚ ਪੂਰੀ ਵਾਹ ਲਾ ਰਹੀਆਂ ਹਨ। ਆਲੇ-ਦੁਆਲੇ ਦੇ ਹਾਣ ਦਾ ਹੋਣਾ, ਉਸ ਨੂੰ ਸਮਝਣਾ ਤੇ ਆਪਣੀ ਔਲਾਦ ਨੂੰ ਸੰਭਾਵੀ ਖਤਰਿਆਂ ਤੋਂ ਬਚਾ ਕੇ ਰੱਖਣਾ ਇੱਕ ਮਾਂ ਦੀ ਪਰਮ-ਅਗੇਤ ਹੁੰਦੀ ਹੈ। ਬਿਨਾ ਸ਼ੱਕ ਬਾਪ ਵੀ ਬਰਾਬਰ ਦਾ ਜ਼ਿੰਮੇਵਾਰ ਹੁੰਦਾ ਹੈ, ਪਰ ਇਹ ਜ਼ਿੰਮੇਵਾਰੀ ਮੁੱਖ ਤੌਰ 'ਤੇ ਮਾਂ ਦੇ ਸਿਰ ਹੀ ਹੁੰਦੀ ਹੈ। ਇਹ ਕੋਈ ਛੋਟਾ-ਮੋਟਾ ਕਾਰਜ ਨਹੀਂ, ਇਹ ਇੱਕ ਵੱਡੀ ਜੱਦੋ-ਜਹਿਦ ਹੈ।



ਇਸ ਜੱਦੋ-ਜਹਿਦ 'ਚ ਕੁਝ ਬਦਕਿਸਮਤ ਮਾਂਵਾਂ ਅਜਿਹੀਆਂ ਵੀ ਹੁੰਦੀਆਂ ਹਨ, ਜੋ ਅਵੇਸਲੀਆਂ ਹੋ ਉਖੜ ਜਾਂਦੀਆਂ ਹਨ ਤੇ ਉਮਰਾਂ ਦੇ ਜ਼ਖਮ ਖਾ ਬੈਠਦੀਆਂ ਹਨ। ਅਜਿਹੀਆਂ ਮਾਂਵਾਂ ਬੇਸ਼ੱਕ ਤੁਹਾਡੇ ਨਾਲ ਕੋਈ ਸਬੰਧ ਨਾ ਵੀ ਰੱਖਦੀਆਂ ਹੋਣ, ਪਰ ਉਨ੍ਹਾਂ ਦੇ ਜ਼ਖਮ, ਤੁਹਾਡੇ ਖੁਦ ਦੇ ਜ਼ਖਮ ਹਰੇ ਕਰ ਜਾਂਦੇ ਹਨ!

**ਇੰਦਰਜੀਤ ਚੁਗਾਵਾਂ**
**ਫੋਨ: 559-779-9805**

ਗੱਲ ਕੋਈ ਖਾਸ ਤਾਂ ਨਹੀਂ ਸੀ!
ਜੱਗੋਂ ਤੇਰ੍ਹਵੀਂ ਵੀ ਨਹੀਂ!
ਰੋਜ਼ ਵਾਪਰਦੀਆਂ ਹਨ
ਅਜਿਹੀਆਂ ਘਟਨਾਵਾਂ।
ਉਫ! ਘਟਨਾਵਾਂ ਨਹੀਂ, ਦੁਰਘਟਨਾਵਾਂ!!
ਅਜਿਹਾ ਹੀ ਹੁੰਦੈ! ਕਿਸਾਨ ਖੁਦਕੁਸ਼ੀਆਂ ਵਾਂਗ!!

ਪਹਿਲਾਂ ਪਹਿਲ ਸੁਰਖੀਆਂ ਬਣਦੀ ਰਹੀ ਇਹ ਖਬਰ ਕਿਸੇ ਅੰਦਰਲੇ ਸਫੇ ਦੀ ਥਾਂ-ਭਰਾਵੀ ਬਣਨ ਲੱਗ ਪਈ ਹੈ!

ਟਰੱਕ ਚਲਾਉਂਦਿਆਂ ਸੜਕ 'ਤੇ ਰੁਲਦੇ ਪਸ਼ੂਆਂ ਦੇ ਕਈ ਮੁਰਦਾਰ ਰੋਜ਼ ਦੇਖਦੇ ਹਾਂ, ਜਿਨ੍ਹਾਂ 'ਚ ਵੱਡੀ ਗਿਣਤੀ ਹਿਰਨਾਂ ਦੀ ਹੁੰਦੀ ਹੈ। ਇਸ ਬਾਰੇ ਆਪਸ 'ਚ ਚਰਚਾ ਵੀ ਕਰਦੇ ਹਾਂ!

“ਕੋਈ ਚੁੱਕ ਕੇ ਪਾਸੇ ਵੀ ਨਹੀਂ ਕਰਦਾ ਯਾਰ ਇਨ੍ਹਾਂ ਨੂੰ! ਹਿਰਨ ਦਾ ਤਾਂ ਸ਼ਿਕਾਰ ਕਰਕੇ ਖਾਂਦੇ ਹਨ ਆਪਣੇ ਲੋਕ,” ਮੇਰੇ ਸਹਿਯੋਗੀ ਡਰਾਈਵਰ ਦਲਜੀਤ ਨੇ ਇੱਕ ਦਿਨ ਆਖਿਆ ਸੀ।

“ਆਪਣੇ ਤਾਂ ਏਨੀ ਦੇਰ ਨੂੰ ਦੇਗ 'ਚ ਪਿਆ ਰਿੱਝਦਾ ਹੋਣਾ ਸੀ,” ਮੇਰਾ ਜੁਆਬ ਸੀ। ਭਾਵੇਂ ਇਹ ਜੰਗਲੀ ਜਾਨਵਰ ਹੀ ਹਨ, ਫੇਰ ਵੀ ਮਨ ਦੇ ਕਿਸੇ ਕੋਨੇ 'ਚੋਂ ਇਨ੍ਹਾਂ ਬੇਜ਼ੁਬਾਨਿਆਂ ਲਈ ਹਾਅ ਨਿਕਲ ਜਾਂਦੀ ਹੈ। ਇਸ ਗੱਲ ਦਾ ਸ਼ੁਕਰ ਮਨਾਈਦਾ ਸੀ ਕਿ ਸਾਡੇ ਟਰੱਕ ਥੱਲੇ ਕੋਈ ਜਾਨਵਰ ਨਹੀਂ ਆਇਆ, ਪਰ ਉਸ ਦਿਨ ਇਹ ਹਾਦਸਾ ਸਾਡੀਆਂ ਅੱਖਾਂ ਸਾਹਮਣੇ ਵੀ ਵਾਪਰ ਗਿਆ ਤੇ ਵਾਪਰਿਆ ਵੀ ਅੱਖ ਦੇ ਫੋਰ 'ਚ।



ਅਮਰੀਕਾ ਦੇ ਫਰੀਵੇ 'ਤੇ ਮੋਟਰ ਗੱਡੀਆਂ, ਖਾਸ ਕਰ ਟਰੱਕ ਗੋਲੀ ਦੀ ਰਫਤਾਰ ਨਾਲ ਚੱਲਦੇ ਹਨ। ਸੱਤਰ ਤੋਂ ਅੱਸੀ ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲਦੇ ਇਨ੍ਹਾਂ ਟਰੱਕਾਂ ਨੂੰ ਫੌਰੀ ਤੌਰ 'ਤੇ ਰੋਕਣਾ ਸੰਭਵ ਨਹੀਂ ਹੁੰਦਾ। ਡਰਾਈਵਰਾਂ ਨੂੰ ਚੌਕਸ ਕਰਨ ਲਈ ਥਾਂ ਥਾਂ ਜਿੱਥੇ ਮਿੱਥੀ ਰਫਤਾਰ, ਕੂਹਣੀ ਮੋੜਾਂ ਬਾਰੇ ਤੇ ਹੋਰ ਟ੍ਰੈਫਿਕ ਸਾਈਨ ਬੋਰਡ ਲੱਗੇ ਹੋਏ ਹਨ, ਉਥੇ ਜੰਗਲੀ ਇਲਾਕਿਆਂ 'ਚ ਅਜਿਹੇ ਬੋਰਡ ਵੀ ਹਨ, ਜੋ ਤੁਹਾਨੂੰ ਖਬਰਦਾਰ ਕਰਦੇ ਹਨ ਕਿ ਇਸ ਇਲਾਕੇ 'ਚ ਜੰਗਲੀ ਜਾਨਵਰ ਅਚਾਨਕ ਤੁਹਾਡੇ ਸਾਹਮਣੇ ਆ ਸਕਦਾ ਹੈ, ਇਸ ਲਈ ਆਪਣੇ ਬਚਾਓ ਲਈ ਤਿਆਰ-ਬਰ-ਤਿਆਰ ਰਹੋ।

ਸਪੋਕੇਨ (ਵਾਸ਼ਿੰਗਟਨ) ਤੋਂ ਟਰੇਸੀ (ਕੈਲੀਫੋਰਨੀਆ) ਜਾ ਰਹੇ ਸਾਂ। ਸਟੀਅਰਿੰਗ ਵੀਲ 'ਤੇ ਦਲਜੀਤ ਸੀ ਤੇ ਮੈਂ ਨਾਲ ਬੈਠਾ ਕੁਦਰਤ ਦੇ ਨਜ਼ਾਰਿਆਂ ਨੂੰ ਕੈਦ ਕਰਨ ਦੀ ਆਪਣੀ ਲਲਕ ਪੂਰੀ ਕਰਨ ਵਾਸਤੇ ਆਈ-ਫੋਨ ਲਈ ਬੈਠਾ ਸਾਂ। ਅਚਾਨਕ ਖੱਬੇ ਪਾਸੇ ਨਜ਼ਰ ਗਈ। ਇੱਕ ਬਹੁਤ ਹੀ ਮਲੂਕ ਜਿਹਾ ਹਿਰਨ-ਬਾਲ ਸਾਹਮਣੇ ਆਇਆ। ਬੱਗਾ ਰੰਗ, ਕੰਨ ਖੜੇ, ਡੌਰ-ਭੌਰ ਅੱਖਾਂ! ਜੀ ਕੀਤਾ ਕਿ ਫੋਟੋ ਖਿੱਚ ਲਵਾਂ, ਪਰ ਨਹੀਂ! ਉਹ ਡਰਿਆ ਹੋਇਆ ਸੀ।

ਮੇਰਾ ਜੀ ਕੀਤਾ ਕਿ ਉਸ ਨੂੰ ਕੁੱਛੜ ਚੁੱਕ ਲਵਾਂ, ਪਰ ਨਹੀਂ! ਉਸ ਨੇ ਅਚਾਨਕ ਛਾਲ ਮਾਰ ਦਿੱਤੀ! ਮੈਂ ਹਿੱਲ ਗਿਆ ਸੀ, ਮੇਰੇ ਹੱਥੋਂ ਮੋਬਾਇਲ ਡਿਗ ਪਿਆ! ਦਲਜੀਤ ਦੇ ਮੂੰਹੋਂ ਨਿਕਲਿਆ, “ਓਹ ਤੇਰੀ!”

“ਸ਼ੁਕਰ ਆ, ਬਚ ਗਿਆ,” ਮੇਰੇ ਮੂੰਹੋਂ ਨਿਕਲਿਆ, ਪਰ ਨਹੀਂ! ਨਾਲ ਆਉਂਦੇ ਟਰੱਕ ਨੇ ਉਸ ਨੂੰ ਲਪੇਟ ਲਿਆ ਸੀ! ਉਫ, ਮੇਰਿਆ ਰੱਬਾ!!

ਲਿਖਣ ਨੂੰ ਸਮਾਂ ਲੱਗ ਰਿਹਾ ਹੈ!

ਹੱਥ ਕੰਬ ਰਹੇ ਹਨ! ਅੱਖਾਂ 'ਚ ਝੜੀ ਹੈ!

ਇੱਕ ਖੂਬਸੂਰਤ ਅਣਭੋਲ ਜੀਅ ਪਲ ਭਰ 'ਚ ਸੜਕ ਨੇ ਨਿਗਲ ਲਿਆ!

ਅੱਖ ਦੇ ਫੋਰ 'ਚ ਸਭ ਕੁਝ ਖਤਮ!

ਇੱਕ ਅਜੀਬ ਜਿਹੀ ਅਵਾਜ਼ ਆਈ ‘ਕਰਰਰਚ’ ਤੇ ਬਸ!!

ਸਾਡਾ ਟਰੱਕ ਬਹੁਤ ਦੂਰ ਨਿਕਲ ਚੁਕਾ ਸੀ, ਪਰ ਮੈਂ ਓਥੇ ਈ ਖੜਾ ਸਾਂ। ਉਹ ਹਿਰਨ-ਬਾਲ ਖੂਨ ਨਾਲ ਲੱਥ-ਪੱਥ ਨਿੱਕੇ-ਨਿੱਕੇ ਟੋਟਿਆਂ 'ਚ ਬਦਲਿਆ ਪਿਆ ਸੀ। ਉਸ ਦੀਆਂ ਅੱਖਾਂ ਉਵੇਂ ਹੀ ਖੁੱਲ੍ਹੀਆਂ ਪਈਆਂ ਤੱਕ ਰਹੀਆਂ ਸਨ! ਸਾਰੇ ਜੰਗਲ 'ਚ ਕੋਹਰਾਮ ਸੀ! ਉਸ ਦੀ ਮਾਂ ਉਸ ਦਾ ਸਿਰ ਗੋਦ 'ਚ ਲਈ ਵਿਰਲਾਪ ਕਰ ਰਹੀ ਸੀ! ਕੋਸ ਰਹੀ ਸੀ ਉਸ ਘੜੀ ਨੂੰ, ਜਦ ਉਹ ਅਵੇਸਲਾ ਹੀ ਆਪਣਾ ਹੱਥ ਛੁਡਾ ਨਿਕਲ ਤੁਰਿਆ ਤੇ ਪਲ ਭਰ 'ਚ ਹੀ ਉਸ ਨੂੰ ਸੜਕ ਨਿਗਲ ਗਈ। ਉਸ ਦਾ ਬਾਪ ਪਾਗਲ ਹੋ ਗਿਆ ਸੀ। ਉਹ ਦਰਖਤਾਂ ਦੇ ਗਲ ਲੱਗ ਉਚੀ ਉਚੀ ਹੰਸ ਰਿਹਾ ਸੀ!...ਤੇ ਦੂਜੇ ਜਾਨਵਰ ਉਸ ਨੂੰ ਫੜ ਕੇ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।

ਅਚਾਨਕ ਇਸ ਜੰਗਲ ਨੇ ਸਾਡੇ ਵਿਹੜੇ ਦਾ ਰੂਪ ਧਾਰ ਲਿਆ। ਚੀਕ-ਚਿਹਾੜਾ ਮੱਚਿਆ ਪਿਆ ਹੈ। ਸਾਰਾ ਪਿੰਡ ਵਿਹੜੇ 'ਚ ਜੁੜਿਆ ਹੋਇਆ ਹੈ। ਛੋਟੀ ਭਾਬੀ ਡੇਢ ਕੁ ਸਾਲ ਦੇ ਆਪਣੇ ਪੁੱਤ ਮੋਲੀ ਨੂੰ ਝੋਲੀ 'ਚ ਲਈ ਵੈਣ ਪਾ ਰਹੀ ਸੀ। ਉਹ ਭੁੱਲ ਗਈ ਸੀ ਕਿ ਕੂਲਰ ਸ਼ਾਟ ਮਾਰਦਾ ਹੈ। ਉਸ ਨੂੰ ਨ੍ਹਾ ਕੇ ਫਰਸ਼ 'ਤੇ ਵਿਛੀ ਚਟਾਈ ਉਪਰ ਬੈਠਾ ਕੇ ਰਸੋਈ 'ਚ ਅਜੇ ਪੈਰ ਨਹੀਂ ਸੀ ਪਾਇਆ ਕਿ ਮੋਲੀ ਕੂਲਰ ਨੂੰ ਜਾ ਲੱਗਾ ਤੇ ਪਲ ਭਰ 'ਚ ਖੇਲ ਖਤਮ। ਜਦ ਮੈਂ ਉਸ ਨੂੰ ਆਪਣੇ ਬੈੱਡ 'ਤੇ ਲਿਟਾ ਦਿੰਦਾ ਤਾਂ ਉਹ ਪਲਸੇਟੀ ਮਾਰ ਇੱਕ ਦਮ ਸਿੱਧਾ ਹੋ ਜਾਂਦਾ ਤੇ ਦੋਵੇਂ ਹੱਥ ਉਪਰ ਵੱਲ ਕਰ ਇੱਕ ਅਜੀਬ ਜਿਹੀ ਹਰਕਤ ਕਰਦਾ, ਬਿਲਕੁਲ ਮੱਛੀ ਵਾਂਗ! ਜਦ ਵੀ ਅਕੇਵਾਂ ਭਾਰੂ ਹੋਣਾ ਤਾਂ ਉਸ ਦੀ ਇਹ ਹਰਕਤ ਦੇਖਣ ਲਈ ਉਸ ਨੂੰ ਚੁੱਕ ਲੈਣਾ, ਬੈੱਡ 'ਤੇ ਲਿਟਾ ਹੋਰਨਾਂ ਨੂੰ ਵੀ ਅਵਾਜ਼ਾਂ ਮਾਰਨੀਆਂ ਕਿ ਆਹ ਦੇਖੋ! ਬਾਕੀ ਪਰਿਵਾਰ ਨੇ ਕਹਿਣਾ ਕਿ ਮੋਲੀ ਨੇ ਤਾਂ ਤਾਇਆ ਸ਼ੁਦਾਈ ਬਣਾ ਦਿੱਤਾ! ਪਰ ਹੁਣ ਮੋਲੀ ਕੁਝ ਵੀ ਨਹੀਂ ਸੀ ਕਰ ਰਿਹਾ! ਤਾਏ ਵੱਲ ਦੇਖ ਕੇ ਅਹੁਲਣ ਵਾਲਾ ਮੋਲੀ ਬੇਹਰਕਤ ਪਿਆ ਹੋਇਆ ਸੀ! ਮੋਲੀ ਦਾ ਬਾਪ, ਮੇਰਾ ਭਰਾ ਸਦਮੇ 'ਚ ਪਾਗਲ ਹੋ ਗਿਆ ਸੀ! ਪਰਿਵਾਰ ਕੀ, ਸਾਰਾ ਪਿੰਡ ਸੁੰਨ ਹੋਇਆ ਪਿਆ ਸੀ। ਮੋਲੀ ਨੂੰ ਸ਼ਮਸ਼ਾਨ ਘਰ ਤੱਕ ਮੈਂ ਚੁੱਕ ਕੇ ਲੈ ਕੇ ਗਿਆ ਸਾਂ। ਮੈਂ ਆਪਣੀ ਜ਼ਿੰਦਗੀ 'ਚ ਏਨਾ ਭਾਰੀ ਬੋਝ ਅੱਜ-ਤੱਕ ਨਹੀਂ ਉਠਾਇਆ ਤੇ ਇਹੋ ਦੁਆ ਹੈ ਕਿ ਕਿਸੇ ਵੀ ਮਾਂ-ਬਾਪ ਨੂੰ ਆਪਣੀ ਜ਼ਿੰਦਗੀ 'ਚ ਅਜਿਹਾ ਬੋਝ ਕਦੇ ਨਾ ਉਠਾਉਣਾ ਪਵੇ। ਮੋਲੀ ਦਾ ਮਾਮਾ ਉਸ ਨੂੰ ਆਪਣੀਆਂ ਬਾਹਾਂ 'ਚ ਲੈਣਾ ਚਾਹੁੰਦਾ ਸੀ, ਪਰ ਮੇਰੀਆਂ ਬਾਹਾਂ ਜਿਵੇਂ ਪੱਥਰ ਹੋ ਗਈਆਂ ਸਨ, ਚਾਹੁੰਦਿਆਂ ਵੀ ਮੇਰੀਆਂ ਬਾਹਾਂ ਖੁੱਲ੍ਹ ਨਹੀਂ ਸਨ ਰਹੀਆਂ!

“ਭਾਜੀ, ਏਨਾ ਵੀ ਦਿਲ ਨੂੰ ਨਹੀਂ ਲਾਈਦਾ! ਆਪਾਂ ਕਰ ਵੀ ਕੀ ਸਕਦੇ ਸੀ। ਨਾਲੇ ਇਹੋ ਜਿਹੇ ਸੀਨ ਤਾਂ ਆਪਾਂ ਰੋਜ਼ ਦੇਖਦੇ ਆਂ,” ਦਲਜੀਤ ਬੋਲਿਆ! ਉਸ ਦੇ ਇਨ੍ਹਾਂ ਬੋਲਾਂ ਨੇ ਮੈਨੂੰ ਵਰਤਮਾਨ 'ਚ ਲੈ ਆਂਦਾ। ਮੇਰਾ ਸਰੀਰ ਸਾਹ-ਸਤ ਹੀਣ ਹੋਇਆ ਪਿਆ ਸੀ। ਮੇਰੀਆਂ ਬਾਹਾਂ ਠੰਡੀਆਂ ਸੀਤ ਹੋ ਗਈਆਂ ਸਨ। ਦਲਜੀਤ ਨੂੰ ਮੈਂ ਕੋਈ ਜੁਆਬ ਨਾ ਦੇ ਸਕਿਆ। ਆਪਣੀਆਂ ਬਾਹਾਂ ਘੁੱਟ ਕੇ ਸਹਿਜ ਹੋਣ ਦੀ ਕੋਸ਼ਿਸ਼ ਕੀਤੀ। ਦਲਜੀਤ ਦੀਆਂ ਗੱਲਾਂ ਵੱਲ ਧਿਆਨ ਲਾ ਕੇ ਆਪ ਨੂੰ ਇਸ ਤੂਫਾਨੀ ਵਰੋਲੇ 'ਚੋਂ ਵਕਤੀ ਤੌਰ 'ਤੇ ਕੱਢਣ 'ਚ ਕਾਮਯਾਬ ਵੀ ਹੋ ਗਿਆ।

ਬਹੁਤ ਕੋਸ਼ਿਸ਼ ਕੀਤੀ ਭੁਲਾਉਣ ਦੀ, ਪਰ ਇਹ ਹਾਦਸਾ ਮੇਰੀ ਛਾਤੀ ਤੋਂ ਪਾਸੇ ਨਹੀਂ ਸੀ ਹਟ ਰਿਹਾ। ਕਦੇ ਉਹ ਹਿਰਨ-ਬਾਲ, ਕਦੇ ਮੇਰਾ ਮੋਲੀ ਮੇਰੀ ਛਾਤੀ 'ਤੇ ਚੜ੍ਹ ਮੈਨੂੰ ਪ੍ਰੇਸ਼ਾਨ ਕਰਦੇ ਰਹੇ।

ਇੱਕ ਵਾਰ ਫੇਰ ਸਪੋਕੇਨ ਦਾ ਲੋਡ ਮਿਲ ਗਿਆ। ਵੀਡਜ਼ ਸ਼ਹਿਰ ਲੰਘਦੇ ਸਾਰ ਅਚਾਨਕ ਚਾਰ ਹਿਰਨ ਬਾਲ ਸੜਕ ਵੱਲ ਆਉਂਦੇ ਨਜ਼ਰੀਂ ਪਏ। ਅਸੀਂ ਕੰਬ ਗਏ, ਪਰ ਓਸੇ ਪਲ ਉਨ੍ਹਾਂ ਦੀ ਮਾਂ ਆ ਹਾਜ਼ਰ ਹੋਈ। ਉਹ ਮਾਂ ਦੇ ਨਾਲ ਜਾ ਲੱਗੇ, ਜਿਵੇਂ ਮਾਂ ਨੇ ਬੁੱਕਲ 'ਚ ਲੈ ਲਏ ਹੋਣ। ਮਾਂ ਆਪਣੀ ਇਹ ਸਾਰੀ ਦੁਨੀਆਂ ਲੈ ਕੇ ਪਿੱਛੇ ਵੱਲ ਜੰਗਲ 'ਚ ਚਲੇ ਗਈ। ਇਹ ਭਾਵ-ਪੂਰਤ ਦ੍ਰਿਸ਼ ਦੇਖ ਕੇ ਅੱਖਾਂ ਇੱਕ ਵਾਰ ਫਿਰ ਨਮ ਹੋ ਗਈਆਂ, ਪਰ ਹੁਣ ਇਹ ਹੰਝੂ ਖੁਸ਼ੀ ਦੇ ਸਨ। ਇਨ੍ਹਾਂ ਹੰਝੂਆਂ ਨੇ ਮੇਰੀ ਛਾਤੀ ਉਪਰਲਾ ਬੋਝ ਵੀ ਜਿਵੇਂ ਲਾਹ ਦਿੱਤਾ ਹੋਵੇ। ਮੈਂ ਕਾਫੀ ਰਾਹਤ ਮਹਿਸੂਸ ਕਰ ਰਿਹਾ ਹਾਂ।

ਇਸ ਸਮੁੱਚੇ ਘਟਨਾਕ੍ਰਮ ਨੂੰ ਲੈ ਕੇ ਵਾਰ ਵਾਰ ਮਾਂ ਦੇ ਰੋਲ ਬਾਰੇ ਸੋਚ ਰਿਹਾ ਹਾਂ! ਮਾਂ ਦੀ ਥਾਂ ਕੋਈ ਨਹੀਂ ਲੈ ਸਕਦਾ। ਇਹ ਵੀ ਸੋਚ ਰਿਹਾ ਹਾਂ ਕਿ ਇਸ ਤੇਜ਼ ਰਫਤਾਰ ਜ਼ਿੰਦਗੀ 'ਚ ਮਾਂ ਦਾ ਪੜ੍ਹੇ-ਗੁੜ੍ਹੇ ਹੋਣਾ ਕਿੰਨਾ ਲਾਜ਼ਮੀ ਹੈ! ਪੜ੍ਹ-ਲਿਖ ਤਾਂ ਬਹੁਤ ਜਾਂਦੇ ਹਨ, ਪਰ ਪੜ੍ਹਾਈ ਨੂੰ ਹਾਲਾਤ ਮੁਤਾਬਕ ਜ਼ਮੀਨ 'ਤੇ ਉਤਾਰਨ ਦੀ ਜੁਗਤ ਜਿਸ ਨੂੰ ਆ ਜਾਵੇ, ਉਹੀ ਪੜ੍ਹਿਆ-ਗੁੜ੍ਹਿਆ ਅਖਵਾ ਸਕਦਾ ਹੈ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀਆਂ ਆਉਣ ਵਾਲੀਆਂ ਨਸਲਾਂ ਸੁਰੱਖਿਅਤ ਰਹਿਣ ਤਾਂ ਧੀਆਂ ਨੂੰ ਪੜ੍ਹਾ ਕੇ ਜ਼ਮਾਨੇ ਨੂੰ ਪੜ੍ਹੀਆਂ-ਗੁੜ੍ਹੀਆਂ ਮਾਂਵਾਂ ਦੇਣ ਦਾ ਫਰਜ਼ ਵੀ ਨਿਭਾਓ! ਸਿਰਫ ਸੜਕਾਂ ਦਾ ਜਾਲ ਹੀ ਤਰੱਕੀ ਦਾ ਪੈਮਾਨਾ ਨਹੀਂ ਹੋ ਸਕਦਾ। ਕਿਸੇ ਵੀ ਸਮਾਜ ਦੀ ਤਰੱਕੀ ਦੀ ਕਲਪਨਾ ਪੜ੍ਹੀਆਂ-ਗੁੜ੍ਹੀਆਂ ਮਾਂਵਾਂ ਤੋਂ ਬਿਨਾ ਕੀਤੀ ਹੀ ਨਹੀਂ ਜਾ ਸਕਦੀ।

ਮੈਨੂੰ ਤੇ ਮੇਰੀ ਹਮਸਫਰ ਨੂੰ ਮਾਣ ਹੈ ਕਿ ਅਸੀਂ ਜ਼ਮਾਨੇ ਨੂੰ ਦੋ ਸਮਰੱਥ ਮਾਂਵਾਂ ਦਿੱਤੀਆਂ ਹਨ!

# ਹੱਸਣਾ ਮੇਰੇ ਹਜ਼ੂਰ

*(ਪਿਛਲੇ ਸਫੇ ਦੀ ਬਾਕੀ)*

ਅਪਨਾਵੇ ਤਾਂ ਬੱਚੇ ਦੇ ਹਾਸੇ ਵਿਚ ਬਜ਼ੁਰਗ ਵੀ ਬੱਚਾ ਹੀ ਬਣ ਜਾਵੇ। ਹੱਸਣਾ ਜਦ ਮਾਂ ਦੀ ਤਬੀਅਤ-ਤੌਫੀਕ ਬਣ ਜਾਵੇ ਤਾਂ ਗੋਦ ਵਿਚਲਾ ਰੱਬ ਵੀ ਹੱਸੇ ਤੇ ਸਭ ਨੂੰ ਵੀ ਹੱਸਣ ਲਾਵੇ। ਹੱਸਣਾ ਜਦ ਬਾਪ ਦੀਆਂ ਨਸੀਹਤੀ ਝੀਤਾਂ ਵਿਚੋਂ ਉਗ ਆਵੇ ਤਾਂ ਫਰਜਾਂ ਵਿਚ ਰੰਗਿਆ ਹਾਸਿਆਂ ਦੀ ਬਗਲੀ ਗਲ ਵਿਚ ਪਾਵੇ।

ਬਹੁਤ ਔਖਾ ਹੁੰਦਾ ਏ ਰੋਂਦਿਆਂ, ਹੱਸਣਾ ਅਤੇ ਹੱਸਦਿਆਂ, ਰੋਣਾ; ਪਰ ਜਿਨ੍ਹਾਂ ਲੋਕਾਂ ਨੂੰ ਇਸ ਦੀ ਜਾਚ ਆ ਜਾਂਦੀ, ਉਹ ਪੈਰਾਂ ਵਿਚ ਉਗੇ ਕੰਡਿਆਂ ਤੋਂ ਨਹੀਂ ਘਬਰਾਉਂਦੇ। ਰਾਹਾਂ ਵਿਚ ਉਗੀਆਂ ਖਾਈਆਂ 'ਤੇ ਆਸਾਂ ਦੇ ਪੁਲ ਉਸਾਰ ਲੈਂਦੇ। ਪਹਾੜਾਂ ਨੂੰ ਵੀ ਮੋਢਿਆਂ 'ਤੇ ਠਹਿਰਾਅ ਲੈਂਦੇ। ਦੂਰ-ਦਿਸਹੱਦਿਆਂ ਵਿਚ ਸੂਰਜਾਂ ਦਾ ਘਰ ਬਣਾਉਂਦੇ। ਉਨ੍ਹਾਂ ਦੇ ਮੱਥਿਆਂ ਵਿਚ ਉਗੇ ਸੂਰਜਾਂ ਨੂੰ ਆਪਣੀ ਸਰਘੀ, ਦੁਪਹਿਰ ਅਤੇ ਸ਼ਾਮ 'ਤੇ ਵੀ ਮਾਣ। ਅਜਿਹੇ ਸੂਰਜ ਕਦੇ ਡੁੱਬਦੇ ਨਹੀਂ, ਸਿਰਫ ਛੁਪਦੇ ਨੇ ਅਤੇ ਵਕਤ ਆਉਣ 'ਤੇ ਉਹ ਬੰਦ ਦਰਾਂ 'ਤੇ ਦਸਤਕ ਦਿੰਦੇ।

ਹੱਸਣ ਲਈ ਜਰੂਰੀ ਹੈ ਕਿ ਕਦੇ ਕਦਾਈਂ ਆਪਣੇ ਬਜ਼ੁਰਗਾਂ ਨੂੰ ਖੁਸ਼ਖਬਰੀ ਨਾਲ ਨਿਵਾਜਦੇ ਰਹੋ, ਜੋ ਪਿੰਡ ਵਾਲੇ ਪੁਰਾਣੇ ਘਰ ਦੇ ਦਰਬਾਨ ਨੇ। ਉਨ੍ਹਾਂ ਦੀਆਂ ਝੁਰੜੀਆਂ ਵਿਚ ਹਾਸਿਆਂ ਦੀ ਪਿਉਂਦ ਲਾਉਣਾ, ਜਿਨ੍ਹਾਂ ਵਿਚ ਜੰਮ ਚੁੱਕੀਆਂ ਨੇ ਅੱਥਰੂਆਂ ਦੀਆਂ ਘਰਾਲਾਂ। ਚੁੰਨੀਆਂ ਅੱਖਾਂ ਵਿਚ ਹਾਸਿਆਂ ਦੇ ਬੀਜ ਖਿਲਾਰਨਾ, ਜਿਨ੍ਹਾਂ ਨੂੰ ਆਪਣਿਆਂ ਦੀ ਪੈੜ-ਚਾਲ ਦੀ ਉਡੀਕ ਹੈ। ਤੁਹਾਡੇ ਵਲੋਂ ਦਰ 'ਤੇ ਦਿਤੀ ਦਸਤਕ ਹੀ ਉਨ੍ਹਾਂ ਲਈ ਖੇੜਿਆਂ ਦਾ ਨਗਰ ਬਣ ਜਾਵੇਗੀ ਅਤੇ ਉਹ ਖੁਸ਼ੀਆਂ ਦੇ ਵਣਜ ਕਰੇਂਦਿਆਂ ਹੀ ਸਾਹਾਂ ਨੂੰ ਆਖਰੀ ਅਲਵਿਦਾ ਕਹਿਣ ਜੋਗੇ ਹੋ ਜਾਣਗੇ।

ਹੱਸਣਾ, ਅਹਿਮ ਹੁੰਦਾ ਜਦ ਅਸੀਂ ਖੁਦ 'ਤੇ ਹੱਸਦੇ, ਖੁਦ 'ਤੇ ਵਿਅੰਗ ਕੱਸਦੇ ਅਤੇ ਖੁਦ ਨੂੰ ਹਾਸੇ ਦਾ ਪਾਤਰ ਬਣਾ, ਹਾਸਿਆਂ ਦੇ ਸੁੱਚੇ ਵਣਜ ਨੂੰ ਅਕੀਦਤ-ਆਸਥਾ ਬਣਾਉਂਦੇ ਹਾਂ।

ਹੱਸਣਾ ਸਭ ਤੋਂ ਉਤਮ ਦੁਆ ਅਤੇ ਪਿਆਰ ਕਰਨਾ, ਉਚਤਮ ਅਦਾ, ਜਦੋਂ ਕਿ ਚੁੱਪ ਰਹਿਣਾ, ਅੰਤਰੀਵੀ ਗਜ਼ਾ ਅਤੇ ਖਾਮੋਸ਼ ਹੋ ਜਾਣਾ, ਸਭ ਤੋਂ ਵੱਡੀ ਸਜ਼ਾ।

ਹੱਸਣਾ ਰੂਹ ਦੀ ਭਾਸ਼ਾ ਅਤੇ ਸੰਵਾਦ। ਹੱਸਣ ਲਈ ਜਿਉਂਦੇ ਰਹਿਣਾ ਜਰੂਰੀ ਅਤੇ ਜਿਉਂਦੇ ਰਹਿਣ ਲਈ ਹੱਸਣਾ ਅਤਿ ਲੋੜੀਂਦਾ।

ਹੱਸਣ ਨਾਲ ਢਹਿ-ਢੇਰੀ ਹੋ ਜਾਂਦੀਆਂ ਨਫਰਤੀ ਦੀਵਾਰਾਂ, ਗਰਕ ਜਾਂਦੀਆਂ ਵਿਨਾਸ਼ਕਾਰੀ ਵਿਚਾਰਾਂ ਅਤੇ ਪੱਤਝੜ ਵਿਚ ਹੀ ਨਜ਼ਰ ਆਉਂਦੀਆਂ ਖਿੜੀਆਂ ਬਹਾਰਾਂ। ਕਿਸੇ ਦਾ ਦਿਲ ਜਿੱਤਣ ਲਈ ਹਾਸੇ ਤੋਂ ਵੱਡਾ ਕੋਈ ਕਾਰਗਾਰ ਸਾਧਨ ਨਹੀਂ।

ਹੱਸਣਾ ਜਰੂਰੀ ਹੈ ਕਦੇ ਕਦੇ, ਕਿਉਂਕਿ ਜੀਵਨ ਬਹੁਤ ਛੋਟਾ ਹੈ। ਗੰਭੀਰਤਾ ਕਦੇ ਕਦਾਈਂ ਹੀ ਚੰਗੀ ਹੁੰਦੀ। ਹਰ ਦਮ ਜ਼ਿਆਦਾ ਗੰਭੀਰਤਾ ਤਾਂ ਸਾਹਾਂ ਲਈ ਸਿਉਂਕ ਹੁੰਦੀ।

ਹੱਸਦਿਆਂ ਦੇ ਘਰ ਵੱਸਦੇ, ਜੀਵਨ ਦੀ ਸਭ ਤੋਂ ਸੁੰਦਰ, ਸਦੀਵ ਤੇ ਸਚਿਆਰੀ ਸੱਚਾਈ, ਜੋ ਜ਼ਿੰਦਗੀ ਨੂੰ ਪੂਰਨ ਪਰਿਭਾਸ਼ਤ ਕਰਨ ਵਿਚ ਏ ਸਹਾਈ।

ਹੱਸਣਾ ਇਕ ਤਾਕਤਵਰ ਸਾਧਨ, ਕਿਉਂਕਿ ਇਸ ਕਾਰਨ ਪੈਂਦੀਆਂ ਜੱਫੀਆਂ ਨਾਲ ਮਿੱਟਦੇ ਨੇ ਫਾਸਲੇ, ਘ੍ਰਿਣਾ ਬਦਲਦੀ ਏ ਪਿਆਰ ਵਿਚ, ਈਰਖਾ ਵਿਚੋਂ ਹੀ ਪੈਦਾ ਹੁੰਦੀ ਪ੍ਰਸ਼ੰਸਾ, ਬੇਗਾਨਗੀ ਪਹਿਨਦੀ ਅਪਣੱਤ ਦਾ ਲਿਬਾਸ, ਗਲਤਫਹਿਮੀਆਂ ਹੁੰਦੀਆਂ ਨੇ ਦੂਰ, ਨਿੱਕੇ ਨਿੱਕੇ ਪਾੜਿਆਂ ਵਿਚ ਉਸਰਦੇ ਨੇ ਸਾਂਝਾਂ ਦੇ ਪੁੱਲ ਅਤੇ ਸਮਾਨੰਤਰ ਕੰਢਿਆਂ ਨੂੰ ਮਿਲਾਉਂਦੀ ਏ ਮਿਲਵਰਤਨ ਦੀ ਬੇੜੀ।

ਹੱਸਣਾ, ਜੀਵਨ ਨੂੰ ਤਾਜ਼ਗੀ। ਉਮਰ ਨੂੰ ਪਿਛਲਖੁਰੀ ਮੋੜਾ। ਚਿਹਰੇ ਦੀ ਚਮਕ। ਅੱਖਾਂ ਵਿਚ ਲੋਅ। ਸੁਪਨ-ਸਿਰਜਣਾ ਦੀ ਤਰਜ਼ੀਹ ਤੇ ਤਰਤੀਬ। ਹੱਸਣ ਵਾਲੇ ਬੁੱਢੇ ਹੋ ਕੇ ਵੀ ਸਦਾ ਜਵਾਨ ਰਹਿੰਦੇ, ਕਿਉਂਕਿ ਜ਼ਿੰਦਗੀ ਉਮਰਾਂ ਨਾਲ ਨਹੀਂ, ਸਗੋਂ ਮਾਣੇ ਹੋਏ ਵਰ੍ਹਿਆਂ ਨਾਲ ਮਾਪੀ ਜਾਂਦੀ।

ਹੱਸਣਾ ਜਦ ਆਦਤ ਬਣ ਜਾਵੇ ਤਾਂ ਚੁਣੌਤੀਆਂ ਚਕਨਾਚੂਰ ਹੋ ਜਾਂਦੀਆਂ, ਅਸਫਲਤਾਵਾਂ ਦਾ ਮਾਣ ਟੁੱਟਦਾ ਅਤੇ ਰੋਂਦੇ ਮੁਖੜਿਆਂ ਨੂੰ ਹੱਸਣ ਦੀ ਜਾਚ ਆ ਜਾਂਦੀ।

ਹੱਸਣ ਲਈ ਜਰੂਰੀ ਹੈ ਕਿ ਸੰਗੀ-ਸਾਥੀਆਂ ਵਿਚ ਵਿਚਰਦਿਆਂ ਸੱਚੇ ਪਿਆਰ ਵਿਚ ਲਬਰੇਜ਼ ਰਹੋ। ਹਉਮੈ ਨੂੰ ਮਾਰੋ, ਗਲਤੀਆਂ ਨੂੰ ਮੰਨੋ, ਰੁਤਬਿਆਂ ਨੂੰ ਤਿਲਾਂਜਲੀ ਦਿਓ ਅਤੇ ਧਨ ਦੌਲਤ ਨੂੰ ਵਿਸਾਰੋ ਤਾਂ ਹੀ ਮਹਿਫਿਲ ਦਾ ਮਜ਼ਾ ਲੈ ਸਕਦੇ ਹੋ। ਰੁਤਬੇ ਅਤੇ ਠਾਠ-ਬਾਠ ਵਿਚ ਗੁੰਸੇ ਲੋਕਾਂ ਦੇ ਮੁੱਖ 'ਤੇ ਮਾਯੂਸੀ ਦੀਆਂ ਹੀ ਝਰੀਟਾਂ ਹੁੰਦੀਆਂ।

ਹੱਸਣਾ, ਗਮ ਵਿਚੋਂ ਉਭਰਨ ਦਾ ਤਰੀਕਾ। ਦੁੱਖ ਵਿਚ ਸੁੱਖ ਨੂੰ ਕਿਆਸਣ ਦਾ ਜਰੀਆ, ਹੰਝੂਆਂ ਵਿਚੋਂ ਹਾਸਿਆਂ ਨੂੰ ਸੁਣਨ ਦਾ ਰਿਆਜ਼ ਅਤੇ ਪੀੜ ਵਿਚੋਂ ਰਾਹਤ ਲੱਭਣ ਦਾ ਰਿਵਾਜ਼।

ਹੱਸਣ ਦੀ ਮਹੱਤਤਾ ਨੂੰ ਇਕ ਹੀ ਵਾਕ ਵਿਚ ਸਪੱਸ਼ਟ ਅਤੇ ਸੇਧਤ ਕਰਦਿਆਂ, ਗੁਰਬਾਣੀ ਵਿਚ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ “ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥” ਇਸ ਨੂੰ ਜੀਵਨ ਦਾ ਮੂਲ-ਮੰਤਰ ਮੰਨ ਕੇ, ਜੀਵਨ-ਸਾਰਥਕਤਾ ਨੂੰ ਨਵੀਂ ਸੇਧ ਦਿਤੀ ਜਾ ਸਕਦੀ ਹੈ।

ਹੱਸਣਾ ਜ਼ਿੰਦਾਦਿਲੀ ਹੈ ਅਤੇ ਜ਼ਿੰਦਾਦਿਲੀ ਨਾਲ ਜ਼ਿੰਦਗੀ ਨੂੰ ਜ਼ਿੰਦਾਬਾਦ ਆਖਣਾ ਹੀ ਜੀਵਨ-ਆਸਥਾ ਹੋਣੀ ਚਾਹੀਦੀ ਹੈ।

# ਦਿੱਲੀ ਵਿਚ ਦਰਿੰਦਗੀ

ਦਿੱਲੀ ਸ਼ਹਿਰ ਭਾਰਤ ਦਾ ਕੇਂਦਰੀ ਸਥਾਨ ਹੈ ਭਾਵ ਦੇਸ਼ ਦੀ ਰਾਜਧਾਨੀ ਹੋਣ ਦਾ ਮਾਣ ਪ੍ਰਾਪਤ ਹੈ, ਪਰ ਜੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਦਿੱਲੀ ਵਿਚ ਦਰਿੰਦਗੀ ਦੇ ਕਿੱਸੇ ਮੁਢ-ਕਦੀਮ ਤੋਂ ਮਸ਼ਹੂਰ ਰਹੇ ਹਨ। ਕਦੇ ਦਿੱਲੀ ਵਿਚ ਮੁਗਲਾਂ ਨੇ ਰਾਜ ਕੀਤਾ ਤੇ ਕੋਹਰਾਮ ਮਚਾਇਆ ਅਤੇ ਕਦੇ ਸਿੱਖਾਂ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਦੇ ਸਾਥੀ ਸਿੱਖਾਂ ਸਮੇਤ ਸ਼ਹੀਦ ਕੀਤਾ। ਸ਼ਹਾਦਤਾਂ, ਜੰਗਾਂ ਦੇ ਸਫਰ ਤੋਂ ਸ਼ੁਰੂ ਹੋ ਕੇ ਬਲਾਤਕਾਰ ਦੇ ਕੇਸਾਂ ਵਿਚ ਵੀ ਦਿੱਲੀ ਹੀ ਮੂਹਰੇ ਰਹੀ।



ਸੰਨ 2012 ਦੀ ਦਸੰਬਰ ਵਿਚ ਨਿਰਭਯਾ ਕਾਂਡ ਨੇ ਦਿੱਲੀ ਅਤੇ ਭਾਰਤ ਦੇ ਸਿਸਟਮ ਨੂੰ ਪੂਰੀ ਦੁਨੀਆਂ ਮੂਹਰੇ ਸ਼ਰਮਸਾਰ ਕੀਤਾ ਸੀ। ਉਸ ਉਪਰੰਤ ਪਤਾ ਨਹੀਂ ਕਿੰਨੇ ਕੁ ਹੋਰ ਕੇਸ ਸਾਹਮਣੇ ਆਏ। ਜੇ ਗੱਲ ਕਰੀਏ ਮੌਜੂਦਾ ਹਲਾਤਾਂ ਦੀ ਤਾਂ ਬੀਤੇ ਦਿਨੀਂ ਘਰ ਵਿਚ ਬੈਠੀ ਇਕੱਲੀ ਨਾਬਾਲਗ ਲੜਕੀ ਨਾਲ ਹੋਏ ਬਲਾਤਕਾਰ ਨੇ ਦਿੱਲੀ ਨੂੰ ਇੱਕ ਵਾਰ ਫਿਰ ਕਲੰਕਿਤ ਕੀਤਾ ਹੈ। ਬਲਾਤਕਾਰ ਉਪਰੰਤ ਦਰਿੰਦਿਆਂ ਨੇ ਭੋਰਾ ਤਰਸ ਨਾ ਕੀਤਾ ਅਤੇ ਬੱਚੀ ਉਤੇ ਤੇਜ ਹਥਿਆਰਾਂ ਨਾਲ ਵਾਰ ਕੀਤਾ। ਇਸ ਕਾਂਡ ਨੇ ਅਜਿਹੇ ਹੋਰ ਕਾਂਡਾਂ ਦਾ ਦਰਦ ਸਹਿ ਚੁਕੇ ਲੋਕਾਂ ਦੇ ਜਖਮਾਂ ਨੂੰ ਇੱਕ ਵਾਰ ਫਿਰ ਤੋਂ ਅੱਲਾ ਕਰ ਦਿੱਤਾ ਹੈ। ਇਸ ਘਟਨਾ ਦੇ ਦੋਸ਼ੀ ਦੀ ਉਮਰ 33 ਸਾਲ ਹੈ। ਇਸ ਕੇਸ ਤੋਂ ਇਲਾਵਾ ਇਸ ਅਪਰਾਧੀ ਦੇ ਵਿਰੁੱਧ ਹੋਰ ਚਾਰ ਕੇਸ ਦਰਜ ਹਨ। ਸਵਾਲ ਹੈ ਕਿ ਕਿਉਂ ਪ੍ਰਸ਼ਾਸਨ ਇੱਕ ਘਟਨਾ ਤੋਂ ਬਾਅਦ ਦੂਜਾ ਮੌਕਾ ਦਿੰਦਾ ਹੈ, ਅਜਿਹੇ ਗੁਨਾਹਗਾਰਾਂ ਨੂੰ? ਇਸ ਅਪਰਾਧੀ ਦੀ ਗ੍ਰਿਫਤਾਰੀ ਭਾਵੇਂ ਹੋ ਗਈ ਹੈ, ਪਰ ਮਜਾਲ ਹੈ ਕਿ ਪਹਿਲੀ ਤਾਰੀਖ ਉਤੇ ਇਸ ਨੂੰ ਸਜ਼ਾ ਵੀ ਹੋ ਜਾਵੇ! ਪਹਿਲਾਂ ਨਿਰਭਯਾ ਕਾਂਡ ਵਿਚ ਵੀ ਅੱਠ ਸਾਲ ਬਾਅਦ ਇਨਸਾਫ ਮਿਲਿਆ।

ਇੱਕ ਗੱਲ ਹੋਰ ਸੋਚਣ ਵਾਲੀ ਹੈ, ਆਮ ਹੀ ਲੋਕ ਕਹਿੰਦੇ ਹਨ ਕਿ ਮਾਹੌਲ ਠੀਕ ਨਹੀਂ, ਧੀਆਂ ਨੂੰ ਘਰ ਰੱਖੋ। ਹੁਣ ਹੈ ਕਿਸੇ ਕੋਲ ਜਵਾਬ ਕਿ ਭਾਰਤ ਵਿਚ ਅਜਿਹੀ ਕਿਹੜੀ ਥਾਂ ਜਿੱਥੇ ਧੀਆਂ ਸੁਰੱਖਿਅਤ ਹਨ? ਲੋੜ ਹੈ, ਸਾਡੀਆਂ ਸਰਕਾਰਾਂ ਨੂੰ ਆਪਣਾ ਫਰਜ਼ ਸਮਝਣ ਦੀ। ਲੋਕਾਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਬਚਪਨ ਤੋਂ ਹੀ ਔਰਤਾਂ ਦੀ ਇੱਜਤ ਕਰਨ ਦੇ ਸੰਸਕਾਰ ਦਿੱਤੇ ਜਾਣ। ਆਸ ਹੈ ਕਿ ਬਿਨਾ ਲਮਕਾਏ ਇਸ ਕੇਸ ਨੂੰ ਜਲਦੀ ਇਸ ਦੇ ਆਖਰੀ ਅੰਜਾਮ ਤੱਕ ਪਹੁੰਚਾਇਆ ਜਾ ਸਕੇ, ਤਾਂ ਜੋ ਅੱਗੇ ਤੋਂ ਅਜਿਹੇ ਅਪਰਾਧੀਆਂ ਨੂੰ ਠੱਲ ਪਾਈ ਜਾ ਸਕੇ।

*-ਹਰਕੀਰਤ ਕੌਰ ਸਭਰਾ*
*ਫੋਨ: 91-97791-18066*

# ਪਿੱਪਲ ਦਾ ਪੱਤਾ



## ਕਲਾ ਪਰਿਕਰਮਾ

ਪਿੰਡਾਂ ਦੀ ਪਛਾਣ ਦਰੱਖਤਾਂ ਦੇ ਝੁੰਡਾਂ ਤੋਂ ਹੁੰਦੀ ਸੀ। ਇਨ੍ਹਾਂ ਵਿਚ ਪਿੱਪਲ ਖਾਸ ਹੁੰਦਾ ਸੀ, ਪਿੱਪਲ ਤੋਂ ਭਾਵ ਪੀਪਲ, ਬ੍ਰਿਖ ਤੋਂ ਹੈ। ਪਿੰਡਾਂ ਵਿਚ ਵੱਡੇ-ਵੱਡੇ ਪਿੱਪਲ ਤੇ ਬੋਹੜ ਸਿਰਫ ਦਰੱਖਤ ਹੀ ਨਹੀਂ ਸਨ, ਇਨ੍ਹਾਂ ਹੇਠ ਜਿਉਂਦਾ ਜਾਗਦਾ ਦਿਲ ਧੜਕਦਾ ਸੀ। ਲੋਕ ਲੰਬੇ ਸਫਰ ਸਮੇਂ ਇਨ੍ਹਾਂ ਹੇਠ ਵਿਸ਼ਰਾਮ ਕਰ ਕੇ ਘੜੇ ਵਿਚੋਂ ਪਾਣੀ ਪੀ ਕੇ ਅੱਗੇ ਤੁਰ ਪੈਂਦੇ ਸਨ। ਸੱਥਾਂ ਜੁੜਦੀਆਂ ਸਨ



**ਪ੍ਰੋ. ਬਲਵੀਰ ਕੌਰ ਰੀਹਲ**
ਫੋਨ: +91-94643-30803

ਅਤੇ ਇਨ੍ਹਾਂ ਹੇਠ ਤੀਆਂ ਦੇ ਮੇਲੇ ਲੱਗਦੇ, ਕੁੜੀਆਂ ਗਿੱਧੇ ਪਾਉਂਦੀਆਂ ਤੇ ਪੀਘਾਂ ਝੂਟਦੀਆਂ ਸਨ:

ਧੰਨ ਭਾਗ ਮੇਰੇ ਪਿੱਪਲ ਆਖੇ
ਕੁੜੀਆਂ ਨੇ ਪੀਘਾਂ ਪਾਈਆਂ
ਸਾਉਣ ਵਿਚ ਕੁੜੀਆਂ ਨੇ
ਪੀਘਾਂ ਅਸਮਾਨ ਚੜ੍ਹਾਈਆਂ।

---

ਕਾਹਨੂੰ ਵੇ ਪਿੱਪਲਾ ਖੜ ਖੜ ਲਾਈ ਆ
ਵੇਖ ਛਰਾਟੇ ਸਾਉਣ ਦੇ...
ਅਜੇ ਜਵਾਨੀ ਓਦਰੀ ਓਦਰੀ
ਸੱਜਣਾਂ ਨੂੰ ਘਰ ਆਉਣ ਦੇ।

ਮਨੁੱਖ ਨੂੰ ਬੁਢਾਪੇ ਬਾਰੇ ਵੀ ਪਿੱਪਲ ਦੇ ਪੀਲੇ ਹੋ ਕੇ ਡਿੱਗਦੇ ਪੱਤਿਆਂ ਦੀ ਨਸੀਹਤ ਦੇ ਕੇ ਸਮਝਾਇਆ ਜਾਂਦਾ ਹੈ:

ਪਿੱਪਲ ਦਿਆ ਪੱਤਿਆ ਵੇ
ਕੇਹੀ ਖੜ-ਖੜ ਲਾਈ ਆ
ਪੱਤ ਝੜ ਗਏ ਪੁਰਾਣੇ ਵੇ
ਰੁੱਤ ਨਵਿਆਂ ਦੀ ਆਈ ਆ।

ਪਿੱਪਲ ਦੀ ਪੱਤੀ ਨੂੰ ਗੁਰਬਾਣੀ ਵਿਚ ਕੋਮਲ ਮਨੁੱਖੀ ਮਨ ਨਾਲ ਤੁਲਨਾ ਦਿੱਤੀ ਗਈ ਹੈ ਕਿਉਂਕਿ ਮਨ ਚੰਚਲ ਹੈ ਤੇ ਪੱਤਾ ਵੀ ਚੰਚਲ। ਭੋਰਾ ਹਵਾ ਵੀ ਨਾ ਹੋਵੇ ਤਾਂ ਵੀ ਇਹ ਹਿੱਲਦਾ ਹੀ ਰਹਿੰਦਾ ਹੈ। ਪਿੱਪਲ ਦੀ ਦਾੜ੍ਹੀ ਬਹੁਤ ਘੱਟ ਹੁੰਦੀ ਹੈ। ਜੇ ਉਹ ਮਿਲ ਜਾਵੇ ਤਾਂ ਉਸ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਉਹ ਬਹੁਤ ਮਹਿੰਗੀ ਤੋਲਿਆਂ ਦੇ ਭਾਅ ਵਿਕਦੀ ਹੈ। ਸਿਹਤ ਲਈ ਪਿੱਪਲ ਬਹੁਤ ਗੁਣਕਾਰੀ ਹੈ। ਪੀਲੀਆ, ਰਤੌਂਧੀ, ਮਲੇਰੀਆ, ਖੰਘ, ਦਮੇ, ਸਰਦੀ ਅਤੇ ਸਿਰ ਦਰਦ ਦੇ ਇਲਾਜ ਲਈ ਪਿੱਪਲ ਦੀਆਂ ਟਾਹਣੀਆਂ, ਲੱਕੜੀ, ਪੱਤੀਆਂ, ਕਰੂੰਬਲਾਂ ਆਦਿ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਪਿੱਪਲ 'ਤੇ ਦੇਵੀ-ਦੇਵਤਿਆਂ ਦੇ ਨਿਵਾਸ ਦੀ ਮਿੱਥ ਹੈ ਪਰ ਅਸਲ ਗੱਲ ਤਾਂ ਇਹ ਹੈ ਕਿ ਪਿੱਪਲ ਦਿਨ ਰਾਤ ਆਕਸੀਜਨ ਛੱਡਦਾ ਹੈ। ਜੇ ਕੋਈ ਬੰਦਾ ਕੁਝ ਗੇੜੇ ਪਿੱਪਲ ਦੇ ਕੱਢ ਲਏ ਤਾਂ ਉਸਨੂੰ ਤਰੋਤਾਜ਼ਾ ਹਵਾ ਮਿਲ ਜਾਂਦੀ ਹੈ। ਹੁਸ਼ਿਆਰਪੁਰ ਵੜਦਿਆਂ ਪਿੱਪਲਾਂਵਾਲੀ ਨਾਂ ਦਾ ਪਿੰਡ ਹੈ। ਮੈਂ ਹੁਣ ਵੀ ਗਿਣਤੀ ਕਰ ਕੇ ਵੇਖੀ ਤਾਂ ਬਾਕੀ ਇਲਾਕਿਆਂ ਨਾਲੋਂ ਉਥੇ ਅਜੇ ਵੀ ਪਿੱਪਲਾਂ ਦੀ ਗਿਣਤੀ ਵੱਧ ਹੈ ਪਰ ਆਉਣ ਵਾਲੇ ਸਮੇਂ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

ਪਿੱਪਲ ਦੀ ਛਾਂ ਬੋਹੜ ਨਾਲੋਂ ਘੱਟ ਹੁੰਦੀ ਹੈ। ਪਿੱਪਲ ਨੂੰ ਅੰਗਰੇਜ਼ੀ ਵਿਚ ਸੇਕਰਡ ਫਿਗ ਅਤੇ ਸੰਸਕ੍ਰਿਤ ਵਿਚ ਅਸ਼ਵੱਥ ਕਿਹਾ ਜਾਂਦਾ ਹੈ। ਪਿੱਪਲ ਦਾ ਦਰੱਖਤ ਭਾਰਤ, ਨੇਪਾਲ, ਸ੍ਰੀ ਲੰਕਾ ਅਤੇ ਇੰਡੋਨੇਸ਼ੀਆ ਵਿਚ ਮਿਲਦਾ ਹੈ। ਪਿੱਪਲ ਬੋਹੜ ਗੂਲਰ ਜਾਤੀ ਦਾ ਇਕ ਵਿਸ਼ਾਲ ਆਕਾਰ ਦਾ ਰੁੱਖ ਹੈ। ਇਸ ਦੀ ਭਾਰਤ ਵਿਚ ਅਨੇਕਾਂ ਵਾਰ ਪੂਜਾ ਕੀਤੀ ਜਾਂਦੀ ਹੈ। ਬੋਹੜ ਅਤੇ ਗੂਲਰ ਵਾਂਗ ਇਸ ਦੇ ਫੁੱਲ ਵੀ ਗੁਪਤ ਰਹਿੰਦੇ ਹਨ। ਇਸ ਲਈ ਇਸ ਨੂੰ ਗੁਹਿਅਪੁਸ਼ਪਕ ਵੀ ਕਿਹਾ ਜਾਂਦਾ ਹੈ। ਹੋਰ ਕਸ਼ੀਰੀ (ਦੁੱਧ ਵਾਲੇ) ਰੁੱਖਾਂ ਦੀ ਤਰ੍ਹਾਂ ਪਿੱਪਲ ਵੀ ਲੰਬੀ ਉਮਰ ਵਾਲਾ ਦਰੱਖਤ ਹੈ। ਪਿੱਪਲ ਦੇ ਫਲ ਬੋਹੜ-ਗੂਲਰ ਦੀ ਤਰ੍ਹਾਂ ਬੀਜਾਂ ਨਾਲ ਭਰੇ ਹੁੰਦੇ ਹਨ ਅਤੇ ਸਰੂਪ ਪੱਖੋਂ ਮੂੰਗਫਲੀ ਦੇ ਦਾਣਿਆਂ ਵਾਂਗ ਹੁੰਦੇ ਹਨ। ਪਿੱਪਲ ਦੇ ਪੱਤੇ ਚੰਚਲ, ਕੋਮਲ ਅਤੇ ਸੁੰਦਰ ਹੁੰਦੇ ਹਨ।



*ਗਹਿਣਿਆਂ ਵਿਚ ਪਿੱਪਲ ਦੇ ਝਲਕਾਰੇ।*

ਭਾਰਤੀ ਸੰਸਕ੍ਰਿਤੀ ਵਿਚ ਪਿੱਪਲ ਦੇ ਦਰੱਖਤ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ ਤੇ ਇਸ ਦੀ ਅਨੇਕ ਸਮਿਆਂ 'ਤੇ ਪੂਜਾ ਕੀਤੀ ਜਾਂਦੀ ਹੈ। ਪਿੱਪਲ ਦੇ ਬੀਜ ਰਾਈ ਦੇ ਦਾਣਿਆਂ ਤੋਂ ਵੀ ਅੱਧੇ ਆਕਾਰ ਦੇ ਹੁੰਦੇ ਹਨ। ਬਰਸਾਤ ਦੇ ਮੌਸਮ ਵਿਚ ਇਸ ਨੂੰ ਨਵੀਆਂ ਕਰੂੰਬਲਾਂ ਫੁੱਟਦੀਆਂ ਹਨ। ਪਿੱਪਲ ਦੇ ਪੱਤੇ ਬੋਹੜ ਦੇ ਪੱਤਿਆਂ ਨਾਲੋਂ ਮੁਲਾਇਮ ਹੁੰਦੇ ਹਨ। ਪਿੱਪਲ ਦੇ ਪੱਤੇ ਹਾਥੀਆਂ ਦੀ ਖੁਰਾਕ ਵਜੋਂ ਵੀ ਵਰਤੇ ਜਾਂਦੇ ਹਨ। ਬੱਕਰੀਆਂ ਵੀ ਬਹੁਤ ਖੁਸ਼ ਹੋ ਕੇ ਖਾਂਦੀਆਂ ਹਨ। ਇਸ ਦੀ ਲੱਕੜ ਨੂੰ ਜਲਾਉਣ ਸਮੇਂ ਇਸ ਵਿਚੋਂ ਕਾਰਬਨ ਡਾਈਆਕਸਾਈਡ ਨਿਕਲਦੀ ਹੈ, ਇਸੇ ਕਰ ਕੇ ਪਿੱਪਲ ਨੂੰ ਜਲਾਉਣਾ ਪਾਪ ਮੰਨਿਆ ਜਾਂਦਾ ਹੈ। ਇਹ ਗੈਸ ਮਨੁੱਖ ਨੂੰ ਅੰਨ੍ਹਾ ਵੀ ਕਰ ਸਕਦੀ ਹੈ। ਪਿੱਪਲ ਦੇ ਪੱਤੇ, ਟਾਹਣੀਆਂ, ਲੱਕੜੀ, ਕਰੂੰਬਲਾਂ ਆਦਿ ਨੂੰ ਕਈ ਬਿਮਾਰੀਆਂ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਭਾਰਤੀ ਪਰੰਪਰਾ ਵਿਚ ਇਸ ਨੂੰ ਪੁਰਾਣਾ ਦਰੱਖਤ ਹੋਣ ਕਰ ਕੇ ਬਹੁਤ ਮਾਣ-ਸਨਮਾਨ ਦਿੱਤਾ ਜਾਂਦਾ ਹੈ। ਪਿੱਪਲ ਦੇ ਫਲਾਂ ਨੂੰ ਪਪੀਸੀਆਂ/ਗੋਲਾਂ ਆਖਿਆ ਜਾਂਦਾ ਹੈ। ਇਨ੍ਹਾਂ ਫਲਾਂ ਨੂੰ ਪੰਛੀ ਬਹੁਤ ਹੀ ਚਾਅ ਨਾਲ ਖਾਂਦੇ ਹਨ। ਇਨ੍ਹਾਂ ਪੰਛੀਆਂ ਜ਼ਰੀਏ ਹੀ ਨਵੇਂ ਦਰੱਖਤ ਤਿਆਰ ਕਰਨ ਵਿਚ ਮਦਦ ਮਿਲਦੀ ਹੈ।

ਪਿੱਪਲ ਦੀ ਪੂਜਾ ਕਰਨ ਪਿੱਛੇ ਇਕ ਵਿਗਿਆਨਕ ਤੱਤ ਵੀ ਕੰਮ ਕਰਦਾ ਹੈ। ਇਹ ਦਿਨ ਰਾਤ ਭਾਵ 24 ਘੰਟੇ ਆਕਸੀਜਨ ਪ੍ਰਦਾਨ ਕਰਦਾ ਹੈ ਜਿਹੜੀ ਜੀਵਨ ਲਈ ਬਹੁਤ ਮਹੱਤਵਪੂਰਨ ਕਾਰਗਰ ਹੁੰਦੀ ਹੈ, ਅਧਿਆਤਮਕ ਲੋਕ ਪਿੱਪਲਾਂ ਹੇਠ ਡੇਰੇ ਲਾਉਂਦੇ ਸਨ। ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਪਿੱਪਲ ਇਕੱਲਾ ਅਜਿਹਾ ਰੁੱਖ ਹੈ ਜਿਹੜਾ ਦਿਨ ਅਤੇ ਰਾਤ ਆਕਸੀਜਨ ਛੱਡਦਾ ਹੈ। ਮਿੱਥ ਮੁਤਾਬਿਕ ਇਸ ਨੂੰ ਬ੍ਰਹਮਾ ਵੀ ਕਿਹਾ ਜਾਂਦਾ ਹੈ। ਬ੍ਰਹਮਾ ਨੂੰ ਜੀਵਨ ਦਾ ਦੇਵਤਾ ਮੰਨਿਆ ਜਾਂਦਾ ਹੈ। ਪਿੱਪਲ ਦੇ ਪੱਤਿਆਂ ਦੇ ਆਕਾਰ ਨੂੰ ਸਿਰ, ਮੱਥੇ, ਕੰਨਾਂ ਅਤੇ ਗਲੇ ਦੇ ਗਹਿਣਿਆਂ ਲਈ ਵਰਤਿਆਂ ਜਾਂਦਾ ਹੈ। ਬਹੁਤ ਸਾਰੀਆਂ ਔਰਤਾਂ ਦੇ ਪੈਰਾਂ ਵਿਚ ਪਾਉਣ ਵਾਲੀਆਂ ਪਾਜ਼ੇਬਾਂ ਵਿਚ ਬੋਰਾਂ ਦੀ ਥਾਂ ਪਿੱਪਲ ਪੱਤੀਆਂ ਦਾ ਡਿਜ਼ਾਇਨ ਲਟਕਦਾ ਮਿਲਦਾ ਹੈ।

ਪੁਰਾਣੇ ਸਮਿਆਂ ਵਿਚ ਰਾਹਗੀਰ ਪੈਦਲ ਸਫਰ ਕਰਦੇ ਸਨ ਤੇ ਉਹ ਇਨ੍ਹਾਂ ਪਿੱਪਲਾਂ ਹੇਠ ਹੀ ਵਿਸ਼ਰਾਮ ਕਰਦੇ। ਇਸੇ ਤਰ੍ਹਾਂ ਇਹ ਦਰੱਖਤ ਪੰਛੀਆਂ ਦਾ ਵੀ ਰੈਣ ਬਸੇਰਾ ਬਣਦਾ ਹੈ। ਪਿੱਪਲ ਦਾ ਦਰੱਖਤ ਹਿੰਦੂ ਮੱਤ ਦੇ ਨਾਲ-ਨਾਲ ਬੁੱਧ ਧਰਮ ਵਿਚ ਵੀ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ ਕਿਉਂਕਿ ਮੰਨਿਆ ਜਾਂਦਾ ਹੈ ਕਿ ਮਹਾਤਮਾ ਬੁੱਧ ਨੂੰ ਪਿੱਪਲ ਦੇ ਦਰੱਖਤ ਹੇਠਾਂ ਗਿਆਨ ਦੀ ਪ੍ਰਾਪਤੀ ਹੋਈ ਸੀ। ਇਸ ਦਰੱਖਤ ਦੀ ਉਮਰ ਇਕ ਹਜ਼ਾਰ ਸਾਲ ਮੰਨੀ ਗਈ ਹੈ। ਲੋਕ ਪਿੱਪਲਾਂ ਹੇਠ ਮਜਲਿਸਾਂ ਲਾਇਆ ਕਰਦੇ ਸਨ ਤੇ ਮਨ ਪ੍ਰਚਾਵੇ ਲਈ ਇਸ ਨੂੰ ਪਿੜ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਸੀ। ਪਿੱਪਲ ਹਰ ਇਕ ਲਈ ਮਿਲਣ ਦਾ ਸਬੱਬ ਬਣਦਾ ਸੀ, ਪਿੱਪਲ ਦਾ ਬੂਟਾ ਤਾਂ ਕੰਧਾਂ ਵਿਚ ਵੀ ਉੱਗ ਪੈਂਦਾ ਹੈ। ਇਹ ਬਹੁਤ ਫਾਇਦੇਮੰਦ ਦਰੱਖਤ ਹੈ। ਇਸ ਦੇ ਬਾਵਜੂਦ ਲੋਕ ਇਸ ਨੂੰ ਧੜਾਧੜ ਵੱਢ ਰਹੇ ਹਨ। ਆਓ, ਵੱਧ ਤੋਂ ਵੱਧ ਨਵੇਂ ਪਿੱਪਲ ਦੇ ਬੂਟੇ ਲਾਈਏ।



*ਇਕ ਚਿੱਤਰਕਾਰ ਦੀ ਨਜ਼ਰ ਵਿਚ ਪਿੱਪਲ*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਅਗਸਤ 2020 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-443



*ਮਿਹਨਤ ਵਿਚ ਹਰਜ ਕੋਈ ਨ੍ਹੀਂ, ਇਹੋ ਗੱਲ ਸਮਝਾਵਾਂ।*
*ਆਪੇ ਕਰਾਂ ਪੱਠਾ-ਦੱਥਾ ਮੈਂ ਅਤੇ ਆਪੇ ਹੀ ਨੱਕੇ ਲਾਵਾਂ।*

## ਕੈਪਸ਼ਨ ਮੁਕਾਬਲਾ-441



ਲੜ ਗੁਰੂ ਦੇ ਲੱਗ ਕੇ ਸਿਖਿਆ
ਦਸਾਂ ਨਹੁੰਆਂ ਦੀ ਕਿਰਤ ਹੈ ਖਾਣੀ।
ਗਈ ਜਵਾਨੀ, ਬੁਢਾਪਾ ਆਇਆ
ਸਬਰ, ਸੰਤੋਖ ਦੀ ਜ਼ਿੰਦਗੀ ਮਾਣੀ।
ਜਦ ਤੱਕ ਹੱਡ ਕੰਮ ਨੇ ਕਰਦੇ
ਕਰਕੇ ਖਾਣ ਦੀ ਮਨ ਵਿਚ ਠਾਣੀ।
***-ਦਵਿੰਦਰ ਕੌਰ***

---

ਸਾਈਕਲ ਲੈ ਕੇ ਜਾਵੇ ਚਤਰਾ
ਗਲੀ ਗਲੀ ਵਿਚ ਗੇੜਾ ਲਾਵੇ।
ਆਪੂੰ-ਖੋਜੇ ਜੁਗਾੜ ਲਾ ਕੇ
ਬਹੁ-ਮੰਤਵੀ ਮਸ਼ੀਨ ਬਣਾਵੇ।
ਪੈਰਾਂ ਨਾਲ ਘੁਮਾ ਕੇ ਪੈਡਲ
ਕੰਮ ਅਨੇਕਾਂ ਕਰ ਦਿਖਲਾਵੇ।
ਦੇਸੀ ਜਿਹਾ ਇਹ ਲਗਦਾ ਬੰਦਾ
ਹੈਰਾਨੀ ਵਿਚ ਲੋਕਾਂ ਨੂੰ ਪਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਕੰਮ ਕਾਰ ਕੀ ਕੀਤਾ ਜਾਵੇ
ਕਿਰਤੀ ਨੇ ਬੈਠ ਦਿਮਾਗ ਲੜਾਇਆ।
ਦੇਸੀ ਜਿਹਾ ਜੁਗਾੜ ਬਣਾ ਕੇ
ਸਾਈਕਲ ਨੂੰ ਮਸ਼ੀਨ ਬਣਾਇਆ।
ਚਾਕੂ, ਛੁਰੀਆਂ ਤੇਜ ਕਰਾ ਲਉ
ਗਲੀਆਂ ਵਿਚ ਜਾ ਹੋਕਾ ਲਾਇਆ।
ਦੁੱਧ ਜਿਹੀ ਚਿੱਟੀ ਕਰ ਕਮਾਈ
ਬਾਬੇ ਨਾਨਕ ਦਾ 'ਲਾਲੋ' ਕਹਾਇਆ।
***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਲੋਕਾਂ ਭਾਅ ਦਾ ਬਿਰਧ ਮੈਂ ਹੋਇਆ
ਮੈਂ ਖੁਦ ਨੂੰ ਜਵਾਨ ਅਖਵਾਵਾਂ।
ਬਾਬੇ ਨਾਨਕ ਦਾ ਪਾਠ ਮੈਂ ਪੜ੍ਹਿਆ
ਕਿਰਤ ਕਰਾਂ ਤੇ ਖਾਵਾਂ।
ਕਿਰਤਾਂ ਦਾ ਲੇਖਾ ਦੇਣਾ ਹੋਣਾ ਬੜਾ ਸੌਖਾ
ਮੈਂ ਜਦ ਸੁਰਗਾਂ ਨੂੰ ਜਾਵਾਂ
***-ਵਿਨੋਦ ਗਰਗ, ਬਰਨਾਲਾ***
***ਫੋਨ: 91-98763-71788***

---

ਮਿਹਨਤ ਕਰਕੇ ਖਾਣਾ ਸਿੱਖਿਆ
ਕਿਉਂ ਫਿਰ ਅਖਵਾਏ ਬੇਚਾਰਾ।
ਵਰਕਸ਼ਾਪ ਬਣਾ ਸਾਈਕਲ 'ਤੇ
ਚਾਕੂ, ਛੁਰੀਆਂ ਤਿੱਖੇ ਕਰੇ ਦੁਬਾਰਾ।
ਕੰਮ ਕੋਈ ਛੋਟਾ ਵੱਡਾ ਨਾ ਯਾਰੋ
ਨਾ ਕੋਈ ਉਮਰਾਂ ਨੂੰ ਹੈ ਮਿਹਣਾ।
ਸਿਕਲੀਗਰ ਗੁਰੂ ਦੇ ਪਿਆਰੇ
ਹਥਿਆਰ ਹੈ ਇਨ੍ਹਾਂ ਦਾ ਗਹਿਣਾ।
***-ਸੇਵਾ ਸਿੰਘ ਨੂਰਪੁਰੀ***

---

ਕਿਰਤੀ ਲੋਕਾਂ ਨੂੰ ਰੱਬ ਹੁਨਰ ਬਖਸ਼ਦਾ
ਫਿਰ ਜ਼ਿੰਦਗੀ ਫੜੇ ਰਫਤਾਰ।
ਛੋਟੇ ਛੋਟੇ ਕੰਮਾਂ ਦੀ ਸੇਵਾ
ਪਹੁੰਚਦੀ ਦਰਾਂ 'ਤੇ ਹਰ ਘਰ-ਬਾਰ।
ਨਾਲੇ ਬਾਬਾ ਜਿੰਦਿਆਂ ਨੂੰ ਕੂੰਜੀਆਂ ਲਾਵੇ
ਨਾਲੇ ਤਿੱਖੇ ਕਰੇ ਔਜਾਰ।
ਸਾਰਾ ਕੁਝ ਸਾਈਕਲ 'ਤੇ ਫਿੱਟ ਕੀਤਾ
ਕੰਮ ਨਿਪਟਾਵੇ ਸ਼ੱਰੇ-ਬਾਜ਼ਾਰ।
***-ਅਮਰਜੀਤ ਸਿੰਘ ਤੂਰ, ਚੰਡੀਗੜ੍ਹ***
***ਫੋਨ: 91-98784-69639***

---

ਉਮਰ ਵਡੇਰੀ ਤਾਂ ਕੀ ਹੋਇਆ
ਉਮਰਾਂ ਦੀ ਨਾ ਗੱਲ ਕੋਈ।
ਕਰਨੀ ਕਿਰਤ ਤੇ ਹੱਕ ਦੀ ਖਾਣੀ
ਮਾਰ ਬੁਢੇਪੇ ਮੱਲ ਕੋਈ।
ਮਾਰੋ ਤੀਰ ਐਸਾ, ਜੋ ਪਾਵੇ
ਵਿਹਲੜਾਂ ਦੇ ਕਾਲਜੇ ਸੱਲ ਕੋਈ।
ਲੱਭ ਲੈਂਦੇ ਨੇ ਹਿੰਮਤੀ ਬੰਦੇ
ਹਰ ਮਸਲੇ ਦਾ ਹੱਲ ਕੋਈ।
***-ਕੇਵਲ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***

---

ਬਾਬਾ ਜੀ ਦੀ ਕਿਰਤ ਕਮਾਈ
ਸਾਈਕਲ ਉਤੇ ਹੀ ਦੁਕਾਨ ਬਣਾਈ।
ਮਿਹਨਤ ਕਰ ਕੇ ਢਿੱਡ ਹੈ ਭਰਨਾ
ਇਹੋ ਗੱਲ ਹੈ ਗੁਰਬਾਣੀ ਨੇ ਸਿਖਾਈ।
***-ਇੰਦਰਜੀਤ ਮੰਗਾ***
***ਪਿਟਸਬਰਗ, ਕੈਲੀਫੋਰਨੀਆ।***

---

ਮਿਹਨਤ ਦਾ ਫਲ ਮਿੱਠਾ
ਬਾਹਰੀ ਦਿੱਖ ਭਾਵੇਂ ਲੱਗੇ ਬੁੱਢਾ
ਦਿਲ ਜੁਆਨ ਖਿੜਿਆ ਰਹਿੰਦਾ।
ਇਮਾਨਦਾਰੀ ਹੈ ਅੱਬਲ ਸਿਧਾਂਤ
ਵੇਚੇ ਭਾਵ ਭੰਬੀਰੀਆਂ ਵੰਗਾਂ
ਲਾ ਫੇਰੀ ਸਾਇਕਲ 'ਤੇ ਪਿੰਡ ਪਿੰਡ।
ਗੋਡੇ, ਗਿੱਟੇ ਨਾ ਦੁਖਦੇ, ਰਹਿੰਦੇ ਬੁਲੰਦ
ਸੰਤ ਮਹੰਤ ਦੀ ਤਾਂ ਗੱਲ ਈ ਛੱਡ ਦਿਓ
ਬੈਠ ਪੰਘੂੜਿਆਂ 'ਤੇ ਰਹਿੰਦੇ ਊਂਘਦੇ।
***-ਦਰਸ਼ਨਪਾਲ ਦੋਸਾਂਝ***

# ਭਿੰਨਤਾਵਾਂ ਵਾਲਾ ਦੇਸ਼ ਭਾਰਤ

*ਸੰਸਾਰ ਦੇ ਪ੍ਰਸਿੱਧ ਇਨਕਲਾਬੀ ਚੇ ਗੁਵਾਰਾ (14 ਜੂਨ 1928-9 ਅਕਤੂਬਰ 1967) ਨੇ 1959 ਵਿਚ ਭਾਰਤ ਦੀ ਯਾਤਰਾ ਕੀਤੀ ਸੀ। ਜੁਲਾਈ 1959 ਵਿਚ ਚੇ ਗੁਵਾਰਾ ਨੇ ਹਵਾਨਾ (ਕਿਊਬਾ) ਪਰਤ ਕੇ ਆਪਣੀ ਭਾਰਤ ਯਾਤਰਾ ਦੀ ਰਿਪੋਰਟ ਲਿਖੀ ਸੀ। ਇਹ ਰਿਪੋਰਟ ਉਸ ਨੇ ਰਾਸ਼ਟਰਪਤੀ ਫੀਦਲ ਕਾਸਤਰੋ ਦੇ ਸਪੁਰਦ ਕੀਤੀ ਸੀ। ਬਾਅਦ ਵਿਚ 12 ਅਕਤੂਬਰ 1959 ਨੂੰ ਇਹ ਰਿਪੋਰਟ ਕਿਊਬਾ ਦੇ ਹਫਤਾਵਾਰੀ ਰਸਾਲੇ 'ਵੇਰਦੇ ਓਲੀਵੋ' ਵਿਚ ਛਪੀ। ਇਸ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਉਹ ਆਮ ਲੋਕਾਂ ਬਾਰੇ ਕਿਸ ਤਰ੍ਹਾਂ ਸੋਚਦਾ ਸੀ ਅਤੇ ਵਿਕਾਸ ਕਰ ਰਹੇ ਮੁਲਕਾਂ ਬਾਰੇ ਉਸ ਦੀ ਪਹੁੰਚ ਕਿਹੋ ਜਿਹੀ ਸੀ। ਇਸ ਲਿਖਤ ਦਾ ਅਨੁਵਾਦ ਮਨਦੀਪ ਸੈਦੋਵਾਲ ਨੇ ਕੀਤਾ ਹੈ। ਇਹ ਲੇਖ ਉਸ ਦੀ ਚੀ ਗੁਵਾਰਾ ਬਾਰੇ ਕਿਤਾਬ 'ਜਾਦੂਮਈ ਜ਼ਿੰਦਗੀ-ਜਾਦੂਮਈ ਮੌਤ' ਵਿਚ ਸ਼ਾਮਿਲ ਕੀਤਾ ਗਿਆ ਹੈ। -ਸੰਪਾਦਕ*

ਕਾਹਿਰਾ (ਮਿਸਰ) ਤੋਂ ਅਸੀਂ ਭਾਰਤ ਲਈ ਸਿੱਧੀ ਉਡਾਣ ਭਰੀ। 30 ਲੱਖ ਵਰਗ ਕਿਲੋਮੀਟਰ ਵਾਲੇ ਭਾਰਤ ਦੀ ਆਬਾਦੀ 39 ਕਰੋੜ ਹੈ।

ਮਿਸਰ ਦੀ ਧਰਤੀ ਜਿੰਨੀ ਨਾਟਕੀ ਮਹਿਸੂਸ ਹੁੰਦੀ ਹੈ, ਇਹ (ਭਾਰਤ) ਓਨੀ ਨਹੀਂ। ਉਸ ਰੇਗਿਸਤਾਨ ਨਾਲੋਂ ਇਸ ਦੇਸ਼ ਦੇ ਜ਼ਮੀਨੀ ਹਾਲਾਤ ਬਿਹਤਰ ਹਨ ਪਰ ਸਮਾਜਿਕ ਨਿਆਂ ਨੇ ਧਰਤੀ ਦਾ ਇਸ ਕਦਰ ਬਟਵਾਰਾ ਕੀਤਾ ਹੈ ਕਿ ਮੁੱਠੀ ਭਰ ਲੋਕਾਂ ਕੋਲ ਧਨ-ਦੌਲਤ ਦੇ ਅੰਬਾਰ ਹਨ ਅਤੇ ਬਹੁਗਿਣਤੀ ਕੋਲ ਕੱਖ ਵੀ ਨਹੀਂ।


18ਵੀਂ ਸਦੀ ਦੇ ਅੰਤ ਵਿਚ ਅਤੇ 19ਵੀਂ ਸਦੀ ਦੇ ਸ਼ੁਰੂ ਵਿਚ ਇੰਗਲੈਂਡ ਨੇ ਭਾਰਤ ਨੂੰ ਆਪਣੀ ਬਸਤੀ ਬਣਾਇਆ ਸੀ। ਆਜ਼ਾਦੀ ਲਈ ਵੱਡੇ ਅੰਦੋਲਨ ਹੋਏ ਪਰ ਅੰਗਰੇਜ਼ਾਂ ਦਾ ਦਮਨ ਇੰਤਹਾ ਸੀ। ਉਸ ਬਸਤੀਵਾਦੀ ਢਾਂਚੇ ਨਾਲ ਇਥੋਂ ਦਾ ਉਨਤ ਹੱਥ ਖੱਡੀ ਉਦਯੋਗ ਤਾਂ ਤਬਾਹ ਹੋਇਆ ਹੀ, ਇਥੋਂ ਦੀ ਆਰਥਿਕ ਆਜ਼ਾਦੀ ਨੂੰ ਖਤਮ ਕਰਨ ਅਤੇ ਭਾਰਤੀਆਂ ਨੂੰ ਆਨੰਤ ਕਾਲ ਤੱਕ ਆਪਣੇ ਸਾਮਰਾਜੀ ਜੂਲੇ ਹੇਠ ਰਹਿਣ ਲਈ ਮਜਬੂਰ ਕੀਤਾ ਗਿਆ। ਵਰਤਮਾਨ ਸਦੀ ਦਾ ਕੁਝ ਹਿੱਸਾ ਅਤੇ 19ਵੀਂ ਸਦੀ ਵਿਚ ਦੇਸ਼ ਵਿਚ ਅਨੇਕਾਂ ਵਿਦਰੋਹ ਉਠੇ ਅਤੇ ਮਾਸੂਮ ਲੋਕਾਂ ਦਾ ਲਹੂ ਵਹਿੰਦਾ ਜਾ ਰਿਹਾ ਸੀ।

ਬਸਤੀਵਾਦੀ ਅੰਗਰੇਜ਼ੀ ਸੱਤਾ ਪਿਛਲੀ ਵੱਡੀ ਲੜਾਈ ਤੋਂ ਤਾਂ ਬਚ ਨਿਕਲੀ ਪਰ ਵੰਡ ਦੇ ਸਪੱਸ਼ਟ

## ਅਰਨੈਸਤੋ ਚੇ ਗੁਵਾਰਾ

ਸੰਕੇਤਾਂ ਨਾਲ। ਮਹਾਤਮਾ ਗਾਂਧੀ ਦੀ ਸ਼ਖਸੀਅਤ ਨਾਲ ਭਾਰਤ ਨੇ ਆਪਣਾ ਸਤਿਆਗ੍ਰਹਿ ਜਾਰੀ ਰੱਖਿਆ ਅਤੇ ਅੰਤ ਆਜ਼ਾਦੀ ਪ੍ਰਾਪਤ ਕੀਤੀ।

ਗਾਂਧੀ ਦੀ ਮੌਤ ਤੋਂ ਬਾਅਦ ਨਹਿਰੂ ਨੇ ਸਮਾਜਿਕ ਬੋਝ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਉਠਾ ਲਈ ਸੀ। ਇੱਕ ਅਜਿਹੇ ਦੇਸ਼ ਦੀ ਅਗਵਾਈ ਆਪਣੇ ਹੱਥਾਂ ਵਿਚ ਲੈ ਲਈ ਜਿਸ ਦੀ ਰੂਹ ਉਸ ਲੰਮੇ ਰਾਜ ਤੋਂ ਦੁਖੀ ਸੀ ਅਤੇ ਜਿਸ ਦੀ ਆਰਥਿਕਤਾ ਮਹਾਂਨਗਰ ਲੰਡਨ ਦੇ ਬਾਜ਼ਾਰ ਦੀ



ਚੇ ਗੁਵਾਰਾ ਅਤੇ ਭਗਤ ਸਿੰਘ ਜਿਨ੍ਹਾਂ ਦੀਆਂ ਸ਼ਖਸੀਅਤਾਂ ਨੂੰ ਇਨਕਲਾਬੀ ਹਲਕਿਆਂ ਅੰਦਰ ਅਕਸਰ ਮੇਲ ਕੇ ਦੇਖਿਆ ਜਾਂਦਾ ਹੈ।

ਪੂਰਤੀ ਲਈ ਸਰਾਪੀ ਹੋਈ ਸੀ। ਆਪਣੇ ਆਰਥਿਕ ਭਵਿਖ ਦੇ ਵਿਕਾਸ ਲਈ ਕਿਸਾਨਾਂ ਵਿਚਕਾਰ ਜ਼ਮੀਨ ਦੀ ਵੰਡ ਅਤੇ ਦੇਸ਼ ਦੇ ਉਦਯੋਗੀਕਰਨ ਨੂੰ ਮਜ਼ਬੂਤ ਕਰਨਾ ਜ਼ਰੂਰੀ ਸੀ। ਕਾਂਗਰਸ ਪਾਰਟੀ ਦੇ ਆਗੂਆਂ ਨੇ ਉਸ ਕੰਮ ਲਈ ਮਿਸਾਲੀ ਉਤਸ਼ਾਹ ਨਾਲ ਆਪਣੇ ਆਪ ਨੂੰ ਸਮਰਪਿਤ ਕਰ ਦਿੱਤਾ।

ਵੱਡੀ ਭਿੰਨਤਾ ਵਾਲਾ ਇਹ ਵੱਡਾ ਦੇਸ਼ ਅਨੇਕਾਂ ਪੂਜਾ-ਪਾਠਾਂ ਅਤੇ ਰੂੜੀਆਂ ਵਾਲਾ ਦੇਸ਼ ਹੈ। ਜਿਨ੍ਹਾਂ ਸਮਾਜਿਕ ਸਮੱਸਿਆਵਾਂ ਵਿਚ ਅਸੀਂ ਜੀਅ ਰਹੇ ਹਾਂ, ਉਨ੍ਹਾਂ ਵਿਚੋਂ ਪੈਦਾ ਹੋਏ ਸਾਡੇ ਵਿਚਾਰ, ਉਨ੍ਹਾਂ ਪੂਜਾ-ਪਾਠਾਂ ਅਤੇ ਰੂੜੀਆਂ ਤੋਂ ਬਿਲਕੁਲ ਭਿੰਨ ਹਨ। ਸਮਾਜਿਕ-ਆਰਥਿਕ ਢਾਂਚਾ ਸਾਡਾ ਇਕੋ ਜਿਹਾ ਹੈ। ਗੁਲਾਮੀ ਅਤੇ ਬਸਤੀਵਾਦ ਦਾ ਉਹੀ ਅਤੀਤ, ਵਿਕਾਸ ਦੀ ਦਿਸ਼ਾ ਵੀ ਉਹੀ। ਇੰਨਾ ਸਭ ਕੁਝ ਮਿਲਦਾ-ਜੁਲਦਾ ਹੋਣ ਦੇ ਬਾਵਜੂਦ, ਸਮੇਤ ਉਦੇਸ਼ ਦੇ, ਫਿਰ ਵੀ ਦਿਨ-ਰਾਤ ਦਾ ਫਰਕ ਹੈ। ਇੱਕ ਪਾਸੇ ਇਥੇ ਜ਼ਮੀਨੀ ਸੁਧਾਰਾਂ ਦੀ ਹਨੇਰੀ ਨੇ ਕਾਪਾਂਗਵੈੜ (ਕਿਊਬਾ) ਦੇ ਜ਼ਿਮੀਂਦਾਰਾਂ ਨੂੰ ਇਕੋ ਝਟਕੇ 'ਚ ਹਿਲਾ ਕੇ ਰੱਖ ਦਿੱਤਾ ਹੈ ਅਤੇ ਪੂਰੇ ਦੇਸ਼ ਵਿਚ ਕਿਸਾਨਾਂ ਨੂੰ ਮੁਫਤ ਜ਼ਮੀਨ ਵੰਡਦੇ ਹੋਏ ਉਹ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ; ਉਥੇ ਮਹਾਨ ਭਾਰਤ ਆਪਣੇ ਨੇਕ ਵਿਚਾਰਾਂ ਅਤੇ ਸ਼ਾਂਤੀਪੂਰਵਕ ਅਦਾਵਾਂ ਨਾਲ ਵੱਡੇ-ਵੱਡੇ ਜ਼ਿਮੀਂਦਾਰਾਂ ਨੂੰ ਕਿਸਾਨਾਂ ਨੂੰ ਜ਼ਮੀਨ ਦਾਨ ਕਰ ਕੇ ਉਨ੍ਹਾਂ ਨਾਲ ਨਿਆਂ ਕਰਨ ਦਾ ਪਾਠ ਪੜ੍ਹਾ ਰਿਹਾ ਹੈ। ਦਰਅਸਲ ਜੋ ਉਨ੍ਹਾਂ ਦੀ ਜ਼ਮੀਨ ਨੂੰ ਵਾਹੁੰਦੇ ਹਨ, ਉਨ੍ਹਾਂ ਨੂੰ ਹੀ ਕੀਮਤ ਅਦਾ ਕਰਨ ਲਈ ਰਾਜ਼ੀ ਕੀਤਾ ਜਾ ਰਿਹਾ ਹੈ। ਇਉਂ ਅਜਿਹੀ ਕੋਸ਼ਿਸ਼ ਹੋ ਰਹੀ ਹੈ ਕਿ ਸਮੁੱਚੀ ਮਾਨਵਤਾ ਵਿਚ ਜੋ ਸਮਾਜ ਇੰਨਾ ਜ਼ਿਆਦਾ ਆਦਰਸ਼ਕ ਅਤੇ ਸੰਵੇਦਨਸ਼ੀਲ ਹੈ ਪਰ ਸਭ ਤੋਂ ਜ਼ਿਆਦਾ ਗਰੀਬ ਵੀ, ਉਸ ਦੀ ਗਰੀਬੀ ਵਲ ਅਤੇ ਅਸੰਵੇਦਨਸ਼ੀਲ ਦਲਿੱਦਰਤਾ ਦਾ ਪ੍ਰਵਾਹ ਇਸੇ ਤਰ੍ਹਾਂ ਰੁਕ ਸਕੇ।

ਰਾਜਧਾਨੀ ਨਵੀਂ ਦਿੱਲੀ ਵਿਚ ਅਸੀਂ ਸਹਿਕਾਰੀ ਖੇਤੀ ਦੇਖਣ ਗਏ। ਹਰਿਆਲੀ ਰਹਿਤ ਲੱਗਭਗ ਚਾਲੀ ਕਿਲੋਮੀਟਰ ਰਸਤੇ ਤੋਂ ਗੁਜ਼ਰਦੇ ਹੋਏ ਅਚਾਨਕ ਕੁਝ ਜਾਨਵਰ ਅਤੇ ਮੱਝਾਂ ਦਿਖਾਈ ਦਿੱਤੀਆਂ। ਅਸੀਂ ਅਸਚਰਜ ਕਰ ਦੇਣ ਵਾਲੀ ਗਰੀਬੀ ਅਤੇ ਮਿੱਟੀ ਦੀਆਂ ਕੰਧਾਂ ਨਾਲ ਬਣੇ ਘਰਾਂ ਵਾਲੇ ਛੋਟੇ ਜਿਹੇ ਪਿੰਡ ਵਿਚ ਪਹੁੰਚੇ। ਸਹਿਕਾਰਤਾ ਵਾਲਾ ਇਹ ਸਕੂਲ ਦੋ ਅਧਿਆਪਕਾਂ ਦੇ ਅਸਾਧਾਰਨ ਯਤਨਾਂ 'ਤੇ ਨਿਰਭਰ ਸੀ। ਇਸ ਅੰਦਰ ਪੰਜ ਜਮਾਤਾਂ ਚੱਲਦੀਆਂ ਸਨ। ਚਿਹਰਿਆਂ ਉਤੇ ਬਿਮਾਰੀਆਂ ਦੇ ਲੱਛਣ ਵਾਲੇ ਕਮਜ਼ੋਰ ਬੱਚੇ ਚੌਂਕੜੀ ਮਾਰੀ ਬੈਠੇ ਅਧਿਆਪਕ ਦਾ ਪਾਠ ਸੁਣ ਰਹੇ ਸਨ। ਇਥੇ ਜੋ ਵੱਡਾ ਵਿਕਾਸ ਸੀ, ਉਹ ਸੀ ਸੀਮਿੰਟ ਦੇ ਬਣੇ ਹੋਏ ਪਾਣੀ ਵਾਲੇ ਦੋ ਖੂਹ ਜਿਸ ਤੋਂ ਜ਼ਿਆਦਾ ਤੋਂ ਜ਼ਿਆਦਾ ਲੋਕ ਪਾਣੀ ਭਰ ਸਕਦੇ ਸਨ ਪਰ ਕੁਝ ਦੂਜੀਆਂ ਜ਼ਰੂਰੀ ਤਬਦੀਲੀਆਂ ਵੀ ਸਨ ਜੋ ਅਸਾਧਾਰਨ ਸਮਾਜਿਕ ਮਹੱਤਵ ਵਾਲੀਆਂ ਸਨ ਅਤੇ ਜੋ ਵਿਆਪਕ ਗਰੀਬੀ ਦਾ ਅਹਿਸਾਸ ਵੀ ਕਰਵਾਉਂਦੀਆਂ ਸਨ। ਭੂਮੀ ਸੁਧਾਰ ਦੀਆਂ ਤਕਨੀਕਾਂ ਭਾਰਤੀ ਕਿਸਾਨ ਨੂੰ ਸਿਖਾਉਂਦੀਆਂ ਹਨ ਕਿ ਕਿਸ ਤਰ੍ਹਾਂ ਉਹ ਆਪਣੇ ਪ੍ਰੰਪਰਾਗਤ ਈਂਧਣ (ਗੋਹਾ) ਨੂੰ ਬਿਜਲੀ ਬਣਾਉਣ ਲਈ ਵਰਤ ਸਕਦਾ ਹੈ।

ਛੋਟੀ ਹੀ ਸਹੀ ਪਰ ਇਹ ਰੌਚਿਕ ਤਬਦੀਲੀ ਹੈ। ਈਂਧਣ ਦੇ ਰੂਪ ਵਿਚ ਵਰਤੇ ਜਾਣ ਵਾਲੇ ਗੋਬਰ ਨੂੰ ਕਿਸਾਨ ਵੱਡੀ ਪੱਧਰ 'ਤੇ ਖਾਦ ਦੇ ਰੂਪ ਵਿਚ ਵਰਤਣ ਲਈ ਬਚਾ ਕੇ ਰੱਖ ਲੈਂਦੇ ਹਨ। ਇਕ ਪਿਆਰੀ ਜਿਹੀ ਆਵਾਜ਼ ਨਾਲ ਬੱਚੇ ਅਤੇ ਔਰਤਾਂ ਸਾਰੇ ਗੋਬਰ ਇਕੱਠਾ ਕਰਨ ਵਿਚ ਜੁੱਟ ਜਾਂਦੇ ਹਨ। ਇਸ ਨੂੰ ਧੁੱਪ ਵਿਚ ਸੁਕਾਉਣ ਲਈ ਰੱਖਦੇ ਹਨ ਅਤੇ ਬਾਅਦ ਵਿਚ ਅੱਡ-ਅੱਡ ਉਚਾਈਆਂ ਉਤੇ ਅਨੇਕਾਂ ਪਿਰਾਮਿਡਾਂ 'ਚ ਵੱਡੀਆਂ ਕੀੜੀਆਂ ਦੇ ਝੁੰਡ ਵਾਂਗ ਥੱਪ ਦਿੰਦੇ ਹਨ। ਭਾਰਤ ਸਰਕਾਰ ਦੇ ਯਤਨਾਂ ਦਾ ਧੰਨਵਾਦ ਕਿ ਲੋਕ ਹੁਣ ਰੌਸ਼ਨੀ ਲਈ ਉਨ੍ਹਾਂ ਛੋਟੀਆਂ ਭੱਠੀਆਂ ਅਤੇ ਆਪਣੀ ਜ਼ਮੀਨ ਨੂੰ ਖਾਦ ਦੇਣ ਲਈ ਉਸ ਮਹੱਤਵਪੂਰਨ ਉਤਪਾਦ ਉਤੇ ਨਿਰਭਰ ਹਨ।

ਇਹ ਗੱਲ ਸਪਸ਼ਟ ਹੀ ਹੈ ਕਿ ਪਸ਼ੂ ਇਥੇ ਪ੍ਰਾਚੀਨ ਕਾਲ ਤੋਂ ਹੀ ਪਵਿੱਤਰ ਮੰਨਿਆ ਜਾਂਦਾ ਹੈ। ਉਹ ਖੇਤ ਦੀ ਵਾਹੀ ਕਰਦਾ ਹੈ, ਦੁੱਧ ਦਿੰਦਾ ਹੈ। ਉਸ ਦੇ ਫੋਕਟ ਦੀ ਕੁਦਰਤੀ ਈਂਧਣ ਦੇ ਤੌਰ 'ਤੇ ਬਹੁਤ ਮਹੱਤਵਪੂਰਨ ਭੂਮਿਕਾ ਸੀ। ਸਾਨੂੰ ਦੱਸਿਆ ਗਿਆ ਕਿ ਕਿਸਾਨ ਨੂੰ ਉਸ ਦਾ ਧਰਮ ਇਸ ਬੇਸ਼ਕੀਮਤੀ ਪਸ਼ੂ ਦੀ ਹੱਤਿਆ ਦੀ ਆਗਿਆ ਨਹੀਂ ਦਿੰਦਾ ਅਤੇ ਇਸ ਲਈ ਇਸ ਨੂੰ ਪਵਿਤਰ ਪਸ਼ੂ ਮੰਨਿਆ ਜਾਂਦਾ ਹੈ। ਇਕ ਉਦੇਸ਼ ਪ੍ਰਾਪਤੀ ਲਈ ਧਰਮ ਦੀ ਅਜਿਹੀ ਆੜ ਲਈ ਗਈ ਕਿ ਉਤਪਾਦ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾ ਦਿੱਤਾ ਗਿਆ ਜਦਕਿ ਹੁਣ ਮਸ਼ੀਨੀ ਹਲ ਅਤੇ ਤਰਲ ਈਂਧਣ ਦਾ



30 ਜੂਨ 1959 ਨੂੰ ਪਾਲਮਪੁਰ ਹਵਾਈ ਅੱਡੇ 'ਤੇ ਪੁੱਜਦਿਆਂ ਚੇ ਗੁਵਾਰਾ।

ਜ਼ਮਾਨਾ ਵੀ ਆ ਗਿਆ ਪਰ ਉਸ ਪਵਿਤਰ ਪਸ਼ੂ ਦੀ ਪੂਜਾ ਅੱਜ ਵੀ ਉਸੇ ਸ਼ਰਧਾ ਨਾਲ ਜਾਰੀ ਹੈ। ਉਸ ਦੀ ਆਬਾਦੀ ਚੰਗੀ-ਖਾਸੀ ਵਧ-ਫੁੱਲ ਰਹੀ ਹੈ ਅਤੇ ਕੋਈ ਅਧਰਮੀ ਵੀ ਉਸ ਦਾ ਮਾਸ ਖਾਣ ਦੀ ਹਿਮਾਕਤ ਨਹੀਂ ਕਰ ਸਕਦਾ। ਭਾਰਤ ਵਿਚ ਅਠਾਰਾਂ ਕਰੋੜ ਪਸ਼ੂ ਹੈ (ਅਮਰੀਕਾ ਵਿਚ ਜਿੰਨੇ ਹਨ, ਉਸ ਤੋਂ ਤਕਰੀਬਨ ਦਸ ਕਰੋੜ ਗੁਣਾ ਵੱਧ) ਅਤੇ ਦੁਨੀਆਂ ਵਿਚ ਪਸ਼ੂ-ਸੰਖਿਆ ਦੇ ਮਾਮਲੇ ਵਿਚ ਭਾਰਤ ਦਾ ਦੂਜਾ ਨੰਬਰ ਹੈ। ਧਰਮ ਅਤੇ ਸੰਸਕ੍ਰਿਤੀ ਦੇ ਨੀਤੀ-ਨਿਯਮਾਂ ਦਾ ਪਾਲਣ ਕਰਨ ਵਾਲੇ ਭਾਰਤੀ ਜਨ-ਮਾਨਸ ਨੂੰ ਇਸ ਪਵਿਤਰ ਪਸ਼ੂ ਦੀ ਪੂਜਾ ਤੋਂ ਭਾਰਤੀ ਸ਼ਾਸਨ ਵੀ ਨਹੀਂ ਰੋਕ ਸਕਦਾ।

ਸੱਠ ਲੱਖ ਆਬਾਦੀ ਵਾਲਾ ਪਹਿਲਾ ਵੱਡਾ ਸ਼ਹਿਰ ਕਲਕੱਤਾ (ਹੁਣ ਕਲਿਕਾਤਾ) ਬਹੁਤ ਹੀ ਹੈਰਾਨੀਜਨਕ ਸੰਖਿਆ ਵਾਲੀਆਂ ਗਾਵਾਂ ਨਾਲ ਜਿਊਣ ਲਈ ਸਰਾਪਿਆ ਹੋਇਆ ਹੈ। ਇਨ੍ਹਾਂ ਗਾਵਾਂ ਦੇ ਝੁੰਡਾਂ ਦੇ ਝੁੰਡ ਸੜਕਾਂ ਤੋਂ ਗੁਜ਼ਰਦੇ ਹੋਏ ਜਾਂ ਕਿਤੇ ਵੀ ਸੜਕ ਉਤੇ ਪਸਰ ਕੇ ਬੈਠੇ ਹੋਏ ਆਵਾਜਾਈ ਨੂੰ ਜਾਮ ਕਰ ਦਿੰਦੇ ਹਨ।

ਇਸ ਸ਼ਹਿਰ ਵਿਚ ਸਾਨੂੰ ਭਾਰਤ ਦਾ ਅਨੋਖਾ ਰੂਪ ਦੇਖਣ ਨੂੰ ਮਿਲਿਆ। ਉਹ ਉਦਯੋਗਿਕ ਵਿਕਾਸ ਜੋ ਭਾਰੀ ਉਦਯੋਗ ਦੇ ਉਤਪਾਦ ਜਿਵੇਂ ਰੇਲ ਇੰਜਣ ਬਣਾਉਂਦਾ ਹੈ ਅਤੇ ਜਿਸ ਜਗ੍ਹਾ ਪਹੁੰਚਣ ਵਿਚ ਸਾਨੂੰ ਅਜੇ ਹੋਰ ਵਕਤ ਲੱਗੇਗਾ, ਇੱਕ ਭਿਆਨਕ ਦਲਿਦਰਤਾ ਦੇ ਬਿਲਕੁਲ ਨਾਲ ਲੱਗਦਾ ਹੈ। ਨਵੀਆਂ-ਨਵੀਆਂ ਖੋਜਾਂ ਦੇ ਸਭ ਖੇਤਰਾਂ ਵਿਚ ਜੋ ਤਕਨੀਕੀ ਵਿਕਾਸ ਦੇਖਣ ਨੂੰ ਮਿਲਦਾ ਹੈ, ਉਸ ਨਾਲ ਭਾਰਤੀ ਵਿਗਿਆਨੀਆਂ ਦੀ ਦੁਨੀਆਂ ਦੇ ਹਰ ਖੇਤਰ ਵਿਚ ਪਛਾਣ ਬਣੀ ਹੈ।

ਇਥੇ ਕ੍ਰਿਸ਼ਨ ਨਾਮ ਦੇ ਵਿਦਵਾਨ ਨਾਲ ਮੁਲਾਕਾਤ ਦਾ ਮੌਕਾ ਮਿਲਿਆ। ਉਹ ਅਜਿਹਾ ਬੰਦਾ ਸੀ ਜੋ ਸਾਡੀ ਅੱਜ ਦੀ ਦੁਨੀਆਂ ਤੋਂ ਦੂਰ ਲੱਗਦਾ ਸੀ। ਇਮਾਨਦਾਰੀ ਅਤੇ ਨਿਮਰਤਾ ਨਾਲ ਉਸ ਨੇ ਸਾਡੇ ਨਾਲ ਲੰਮੀ ਗੱਲਬਾਤ ਕੀਤੀ ਜਿਸ ਲਈ ਇਹ ਮੁਲਕ ਜਾਣਿਆ ਜਾਂਦਾ ਹੈ। ਦੁਨੀਆਂ ਦੀ ਸਮੁੱਚੀ ਤਕਨੀਕ ਸ਼ਕਤੀ ਅਤੇ ਤਾਕਤ ਨੂੰ ਪਰਮਾਣੂ ਊਰਜਾ ਦੇ ਸ਼ਾਂਤਮਈ ਪ੍ਰਯੋਗ ਵਿਚ ਲਗਾਉਣ ਦੀ ਜ਼ਰੂਰਤ ਉਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕੌਮਾਂਤਰੀ ਬਹਿਸਾਂ ਦੀ ਰਾਜਨੀਤੀ ਦੀ ਭਰਪੂਰ ਨਿੰਦਾ ਕੀਤੀ ਜੋ ਪਰਮਾਣੂ ਹਥਿਆਰਾਂ ਦੀ ਜ਼ਖੀਰੇਬਾਜ਼ੀ ਨੂੰ ਸਮਰਪਿਤ ਸੀ। ਭਾਰਤ ਵਿਚ ਯੁੱਧ ਨਾਮ ਦਾ ਸ਼ਬਦ ਉਥੋਂ ਦੀ ਜਨ-ਮਾਨਸ ਦੀ ਆਤਮਾ ਤੋਂ ਇੰਨਾ ਦੂਰ ਹੈ ਕਿ ਆਜ਼ਾਦੀ ਅੰਦੋਲਨ ਦੇ ਤਣਾਅਪੂਰਨ ਦੌਰ ਵਿਚ ਵੀ ਉਹ ਉਨ੍ਹਾਂ ਦੇ ਮਨ ਉਤੇ ਨਹੀਂ ਛਾਇਆ। ਲੋਕਾਂ ਦੇ ਅਸੰਤੋਖ ਦੇ ਵੱਡੇ-ਵੱਡੇ ਸ਼ਾਂਤੀਪੂਰਨ ਪ੍ਰਦਰਸ਼ਨਾਂ ਨੇ ਅੰਗਰੇਜ਼ੀ ਬਸਤੀਵਾਦ ਨੂੰ ਆਖਰਕਾਰ ਉਸ ਦੇਸ਼ ਨੂੰ ਹਮੇਸ਼ਾਂ ਲਈ ਛੱਡਣ ਲਈ ਮਜਬੂਰ ਕਰ ਦਿੱਤਾ ਜਿਸ ਦਾ ਸ਼ੋਸ਼ਣ ਉਹ ਪਿਛਲੇ ਡੇਢ ਸੌ ਸਾਲ ਤੋਂ ਕਰ ਰਿਹਾ ਸੀ।

ਇਹ ਗੱਲ ਬੜੀ ਰੌਚਿਕ ਹੈ ਕਿ ਵਿਰੋਧਤਾਈਆਂ ਦੇ ਇਸ ਦੇਸ਼ ਵਿਚ, ਜਿਥੇ ਗਰੀਬੀ ਉਤਮ ਕਿਸਮ ਦੇ ਸਭਿਅਕ ਜੀਵਨ ਅਤੇ ਉਚ ਕੋਟੀ ਦੇ ਤਕਨੀਕੀ ਗਿਆਨ ਨਾਲ ਘੁਲੀ-ਮਿਲੀ ਹੈ, ਔਰਤ ਨੂੰ ਸਿਰਫ ਮਾਨਸਿਕ ਰਿਸ਼ਤਿਆਂ ਨਾਲ ਹੀ ਨਹੀਂ, ਰਾਜਨੀਤੀ ਵਿਚ ਵੀ ਪ੍ਰਮੁੱਖ ਥਾਂ ਦਿੱਤੀ ਹੋਈ ਹੈ। ਜ਼ਿਆਦਾ ਨਹੀਂ ਤਾਂ, ਜੇਕਰ ਇੱਕ-ਅੱਧੀ ਉਦਾਹਰਨ ਦੇਣੀ ਹੋਵੇ ਤਾਂ ਦੁਬਲੀ-ਪਤਲੀ ਅਤੇ ਮਿੱਠੇ ਸੁਭਾਅ ਵਾਲੀ ਉਸ ਭਾਰਤੀ ਔਰਤ ਨੂੰ ਕਾਂਗਰਸ ਦੀ ਮੰਤਰੀ ਜਾਂ ਵਿਦੇਸ਼ ਉਪ ਮੰਤਰੀ ਵਰਗਾ ਅਹੁਦਾ ਮਿਲਿਆ ਹੋਇਆ ਸੀ।

ਸਾਡੀ ਇਸ ਯਾਤਰਾ ਵਿਚ ਸਾਰੇ ਵੱਡੇ ਭਾਰਤੀ ਸਿਆਸਤਦਾਨਾਂ ਨਾਲ ਮੁਲਾਕਾਤ ਸ਼ਾਮਲ ਸੀ। ਨਹਿਰੂ ਨੇ ਨਾ ਸਿਰਫ ਵਡੱਪਣ ਨਾਲ ਸਾਡਾ ਸਵਾਗਤ ਕੀਤਾ ਬਲਕਿ ਕਿਊਬਾ ਦੇ ਲੋਕਾਂ ਦੇ ਸਮਰਪਣ ਅਤੇ ਉਨ੍ਹਾਂ ਦੇ ਸੰਘਰਸ਼ ਵਿਚ ਵੀ ਆਪਣੀ ਪੂਰੀ ਰੁਚੀ ਦਿਖਾਈ। ਸਾਨੂੰ ਆਪਣੇ ਵਲੋਂ ਬੇਸ਼ਕੀਮਤੀ ਸਲਾਹਾਂ ਦਿੱਤੀਆਂ ਅਤੇ ਸਾਡੇ ਉਦੇਸ਼ ਦੀ ਪੂਰਤੀ ਵਿਚ ਬਿਨਾਂ ਸ਼ਰਤ ਆਪਣੀ ਚਿੰਤਾ ਦਾ ਪ੍ਰਦਰਸ਼ਨ ਵੀ ਕੀਤਾ। ਰੱਖਿਆ ਮੰਤਰੀ ਅਤੇ ਸੰਯੁਕਤ ਰਾਸ਼ਟਰ ਵਿਚ ਭਾਰਤੀ ਦਲ ਦੇ ਨੇਤਾ ਕ੍ਰਿਸ਼ਨ ਮੈਨਨ ਬਾਰੇ ਵੀ ਇਹੀ ਕਿਹਾ ਜਾ ਸਕਦਾ ਹੈ। ਉਨ੍ਹਾਂ ਉਚ ਫੌਜੀ ਅਫਸਰਾਂ ਨਾਲ ਵੀ ਸਾਡੀ ਮੁਲਾਕਾਤ ਕਰਵਾਈ। ਅਸੀਂ ਆਪੋ-ਆਪਣੇ ਦੇਸ਼ਾਂ ਦੀਆਂ ਸਮੱਸਿਆਵਾਂ ਦੇ ਪ੍ਰਸੰਗ ਵਿਚ ਵਿਚਾਰ-ਚਰਚਾ ਕੀਤੀ।

ਵਣਜ ਮੰਤਰੀ (ਨਿਤਿਆਨੰਦ ਕਾਨੂੰਨਗੋ) ਨਾਲ ਵੀ ਸਾਡੀ ਗੱਲਬਾਤ ਹੋਈ ਜਿਸ ਵਿਚ ਭਵਿਖ ਦੇ ਵਿੱਤੀ ਸਬੰਧਾਂ ਦੀ ਭੂਮੀ ਤਿਆਰ ਕੀਤੀ ਗਈ ਜੋ ਕਾਫੀ ਮਹੱਤਵਪੂਰਨ ਸਿੱਧ ਹੋ ਸਕਦੇ ਹਨ। ਜਿਨ੍ਹਾਂ ਉਤਪਾਦਾਂ ਦੀ ਅਸੀਂ ਪੂਰਤੀ ਕਰ ਸਕਦੇ ਹਾਂ, ਉਹ ਹਨ ਤਾਬਾਂ, ਕਾਕਾਓ, ਟਾਇਰ ਲਈ ਰੇਅਨ ਅਤੇ ਨੇੜ ਭਵਿੱਖ ਵਿਚ ਖੰਡ ਵੀ। ਕੋਲਾ, ਕਪਾਹ, ਕੱਪੜਾ, ਜੂਟ ਦੀਆਂ ਬਣੀਆਂ ਵਸਤੂਆਂ, ਖਾਦ ਤੇਲ, ਮੇਵੇ, ਫਿਲਮਾਂ, ਰੇਲ ਸਮੱਗਰੀ ਅਤੇ ਸਿਖਲਾਈ ਜਹਾਜ਼ ਉਹ ਸਾਨੂੰ ਵੇਚ ਸਕਦੇ ਹਨ ਪਰ ਇਹ ਸੂਚੀ ਇਥੇ ਹੀ ਖਤਮ ਨਹੀਂ ਹੁੰਦੀ। ਤਜਰਬਾ ਦੱਸਦਾ ਹੈ ਕਿ ਦੋ ਉਦਯੋਗਸ਼ੀਲ ਦੇਸ਼ ਨਾਲ-ਨਾਲ ਉਨਤੀ ਕਰਕੇ ਚੱਲ ਸਕਦੇ ਹਨ ਅਤੇ ਆਪਣੇ ਨਿਰਮਿਤ ਉਤਪਾਦਾਂ ਦਾ ਅਦਾਨ-ਪ੍ਰਦਾਨ ਵੀ ਕਰ ਸਕਦੇ ਹਨ। ਉਨਤਾਲੀ ਕਰੋੜ ਭਾਰਤੀਆਂ ਦਾ ਪੱਧਰ ਜਿਵੇਂ-ਜਿਵੇਂ ਉਪਰ ਉਠੇਗਾ, ਸਾਡੀ ਖੰਡ ਦੀ ਮੰਗ ਵਧੇਗੀ ਅਤੇ ਸਾਨੂੰ ਨਵਾਂ ਤੇ ਮਹੱਤਵਪੂਰਨ ਬਾਜ਼ਾਰ ਮਿਲ ਜਾਵੇਗਾ।

ਸਾਡੀ ਇਸ ਯਾਤਰਾ ਵਿਚ ਸਾਨੂੰ ਕਈ ਮਹੱਤਵਪੂਰਨ ਗੱਲਾਂ ਸਿੱਖਣ ਨੂੰ ਮਿਲੀਆਂ। ਸਭ ਤੋਂ ਮਹੱਤਵਪੂਰਨ ਗੱਲ ਅਸੀਂ ਇਹ ਜਾਣਿਆ ਕਿ ਕਿਸੇ ਦੇਸ਼ ਦਾ ਆਰਥਿਕ ਵਿਕਾਸ ਉਸ ਦੇ ਤਕਨੀਕੀ ਵਿਕਾਸ ਉਤੇ ਨਿਰਭਰ ਕਰਦਾ ਹੈ ਅਤੇ ਇਸ ਲਈ ਵਿਗਿਆਨਕ ਖੋਜ ਸੰਸਥਾਵਾਂ ਦਾ ਨਿਰਮਾਣ ਬਹੁਤ ਜ਼ਰੂਰੀ ਹੈ- ਮੁੱਖ ਤੌਰ 'ਤੇ ਦਵਾਈਆਂ, ਰਸਾਇਣ ਵਿਗਿਆਨ, ਭੌਤਿਕ ਵਿਗਿਆਨ ਅਤੇ ਖੇਤੀ ਦੇ ਖੇਤਰ ਵਿਚ। ਇਨ੍ਹਾਂ ਸਾਰੀਆਂ ਤਕਨੀਕੀ ਸੰਸਥਾਵਾਂ ਅਤੇ ਰਾਜ ਬਾਰੇ ਸਾਰੀਆਂ ਜਾਣਕਾਰੀਆਂ ਦਾ ਤਾਲਮੇਲ ਅਤੇ ਅਗਵਾਈ ਰਾਸ਼ਟਰੀ ਅੰਕੜਾ ਕੇਂਦਰ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਭਾਰਤੀ ਦਰਅਸਲ ਇਸ ਕੰਮ ਵਿਚ ਮੁਹਾਰਤ ਰੱਖਦੇ ਹਨ।

ਜਿਹੜੇ ਸਹਿਕਾਰੀ ਸਕੂਲ ਦਾ ਜ਼ਿਕਰ ਮੈਂ ਥੋੜ੍ਹਾ ਸਮਾਂ ਪਹਿਲਾਂ ਕੀਤਾ, ਉਥੋਂ ਜਦੋਂ ਅਸੀਂ ਵਾਪਸ ਪਰਤ ਰਹੇ ਸਾਂ ਤਾਂ ਸਕੂਲੀ ਬੱਚਿਆਂ ਨੇ ਸਾਨੂੰ ਜਿਸ ਨਾਅਰੇ ਨਾਲ ਵਿਦਾਇਗੀ ਦਿੱਤੀ, ਉਸ ਦਾ ਤਰਜਮਾ ਕੁਝ ਇਸ ਤਰ੍ਹਾਂ ਦਾ ਸੀ, ਕਿਊਬਾ ਤੇ ਭਾਰਤ ਭਰਾ-ਭਰਾ। ਸੱਚਮੁੱਚ ਕਿਊਬਾ ਅਤੇ ਭਾਰਤ ਭਰਾ-ਭਰਾ ਹਨ, ਜਿਵੇਂ ਪਰਮਾਣੂ ਏਕੀਕਰਨ ਤੇ ਅੰਤਰਗ੍ਰਹਿ ਰਾਕਟ ਦੇ ਇਸ ਯੁੱਗ ਵਿਚ ਦੁਨੀਆਂ ਦੇ ਸਾਰੇ ਮੁਲਕਾਂ ਵਿਚ ਹੋਣਾ ਚਾਹੀਦਾ ਹੈ।

**ਜੁਲਾਈ 1959 ਵਿਚ ਚੇ ਨੇ ਹਵਾਨਾ ਵਾਪਸ ਪਰਤ ਕੇ ਆਪਣੀ ਭਾਰਤ ਯਾਤਰਾ ਦੀ ਰਿਪੋਰਟ ਲਿਖੀ ਸੀ। ਇਹ ਰਿਪੋਰਟ ਉਸ ਨੇ ਰਾਸ਼ਟਰਪਤੀ ਫੀਦਲ ਕਾਸਤਰੋ ਨੂੰ ਸਪੁਰਦ ਕੀਤੀ ਸੀ। ਬਾਅਦ ਵਿਚ 12 ਅਕਤੂਬਰ 1959 ਨੂੰ ਇਹ ਰਿਪੋਰਟ ਕਿਊਬਾ ਦੇ ਹਫਤਾਵਾਰੀ ਰਸਾਲੇ ਵੇਰਦੇ ਓਲੀਵੋ ਵਿਚ ਛਪੀ ਸੀ। ਜੁਲਾਈ 1959 ਵਿਚ ਚੇ ਨੇ ਹਵਾਨਾ ਵਾਪਸ ਪਰਤ ਕੇ ਆਪਣੀ ਭਾਰਤ ਯਾਤਰਾ ਦੀ ਰਿਪੋਰਟ ਲਿਖੀ ਸੀ। ਇਹ ਰਿਪੋਰਟ ਉਸ ਨੇ ਰਾਸ਼ਟਰਪਤੀ ਫੀਦਲ ਕਾਸਤਰੋ ਨੂੰ ਸਪੁਰਦ ਕੀਤੀ ਸੀ। ਬਾਅਦ ਵਿਚ 12 ਅਕਤੂਬਰ 1959 ਨੂੰ ਇਹ ਰਿਪੋਰਟ ਕਿਊਬਾ ਦੇ ਹਫਤਾਵਾਰੀ ਰਸਾਲੇ ਵੇਰਦੇ ਓਲੀਵੋ ਵਿਚ ਛਪੀ**



ਆਂਧਰਾ ਪ੍ਰਦੇਸ਼ ਦੇ ਕਿਸਾਨਾਂ ਨਾਲ ਚੇ ਗੁਵਾਰਾ।

# ਖਾਲਿਸਤਾਨ ਦੀ ਸਿਆਸਤ ਬਨਾਮ ਗੁਰਬਾਣੀ ਦੀ ਸਰਬ ਸਾਂਝੀਵਾਲਤਾ

## ਪੰਜਾਬ ਦੀ ਉਲਝੀ ਹੋਈ ਸਿੱਖ ਰਾਜਨੀਤੀ 'ਤੇ ਪੰਛੀ-ਝਾਤ


## ਵਿਚਾਰ-ਚਰਚਾ

***ਖਾਲਿਸਤਾਨ ਅਤੇ ਸਿੱਖ ਸਿਆਸਤ ਬਾਰੇ ਚੱਲ ਰਹੀ ਬਹਿਸ ਦੌਰਾਨ ਐਤਕੀਂ ਹਾਕਮ ਸਿੰਘ ਦਾ ਲੇਖ ਛਾਪਿਆ ਜਾ ਰਿਹਾ ਹੈ, ਜਿਸ ਵਿਚ ਉਨ੍ਹਾਂ ਇਕ ਵਾਰ ਫਿਰ ਕੁਝ ਕੁ ਸਵਾਲ ਉਠਾਏ ਹਨ। ਇਨ੍ਹਾਂ ਸਵਾਲਾਂ ਬਾਰੇ ਅਕਸਰ ਜਾਂ ਤਾਂ ਖਾਮੋਸ਼ੀ ਧਾਰ ਲਈ ਜਾਂਦੀ ਹੈ ਜਾਂ ਫਿਰ ਇਨ੍ਹਾਂ ਦੀ ਵਿਆਖਿਆ ਆਪਣੇ ਢੰਗ ਨਾਲ ਕਰ ਲਈ ਜਾਂਦੀ ਹੈ, ਜਦਕਿ ਹਕੀਕਤ ਇਹ ਹੈ ਕਿ ਇਨ੍ਹਾਂ ਸਵਾਲਾਂ ਦਾ ਸਾਹਮਣਾ ਕੀਤੇ ਬਿਨਾ ਕੋਈ ਵੀ ਗੱਲ ਤੁਰ ਸਕਣੀ ਮੁਸ਼ਕਿਲ ਜਾਪਦੀ ਹੈ। -ਸੰਪਾਦਕ***

'ਪੰਜਾਬ ਟਾਈਮਜ਼' ਦੀ ਖਾਲਿਸਤਾਨ ਬਾਰੇ ਚੱਲ ਰਹੀ ਵਿਚਾਰ-ਚਰਚਾ ਵਿਚ ਹਰਚਰਨ ਸਿੰਘ ਪਰਹਾਰ ਨੇ ਖਾਲਿਸਤਾਨ ਦੇ ਉਪਾਸ਼ਕਾਂ ਨੂੰ ਸੱਚ ਦਾ ਸਾਹਮਣਾ ਕਰਾਇਆ ਹੈ ਅਤੇ ਪ੍ਰੀਤਮ ਸਿੰਘ ਕੁਮੇਦਾਨ ਨੇ ਉਨ੍ਹਾਂ ਤੋਂ ਬਹੁਤ ਸਿੱਧੇ ਸਵਾਲ ਪੁੱਛੇ ਹਨ, ਜਿਨ੍ਹਾਂ ਦੇ ਜਵਾਬ ਉਨ੍ਹਾਂ ਨੂੰ ਦੇਣੇ ਬਣਦੇ ਹਨ। ਮੇਰੇ ਪੁਰਾਣੇ ਮਿੱਤਰ ਡਾ. ਬਲਕਾਰ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ ਅਤੇ ਉਸ ਨੇ ਪਰਹਾਰ ਅਤੇ ਕੁਮੇਦਾਨ ਦੇ ਵਿਚਾਰਾਂ ਦੀ ਤਾਈਦ ਕੀਤੀ ਹੈ। ਇਸ ਵਿਸ਼ੇ 'ਤੇ ਵਖਰੇ ਨਜ਼ਰੀਏ ਤੋਂ ਵੀ ਵਿਚਾਰ ਕਰਨ ਦੀ ਲੋੜ ਹੈ। ਖਾਲਿਸਤਾਨ ਦੇ ਉਪਾਸ਼ਕਾਂ ਤੋਂ ਇਹ ਪੁਛਣਾ ਬਣਦਾ ਹੈ ਕਿ ਖਾਲਿਸਤਾਨ ਦਾ ਸੰਘਰਸ਼ ਕਿਸ ਮਾਨਵਵਾਦੀ ਉਦੇਸ਼ ਦੀ ਪ੍ਰਾਪਤੀ ਲਈ ਕੀਤਾ ਜਾ ਰਿਹਾ ਹੈ? ਇਤਿਹਾਸ ਗਵਾਹ ਹੈ ਕਿ ਆਜ਼ਾਦੀ ਦਾ ਹਰ ਸੰਘਰਸ਼ ਮਾਨਵਵਾਦੀ ਉਦੇਸ਼ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਰਿਹਾ ਹੈ। ਫਰਾਂਸ ਅਤੇ ਅਮਰੀਕਾ

**ਹਾਕਮ ਸਿੰਘ**
hak1270@yahoo.com

ਦੇ ਇਨਕਲਾਬ ਮਨੁੱਖਤਾ ਦੀ ਆਜ਼ਾਦੀ ਦੇ ਸੰਘਰਸ਼ ਸਨ। ਯੂਰਪ ਵਿਚ ਪਲੈਟੋ (ਅਫਲਾਤੂਨ) ਤੇ ਅਰਸਤੂ ਦੇ ਵਿਚਾਰਾਂ ਅਤੇ ਈਸਾਈ ਚਰਚ ਦੇ ਸੁਧਾਰ (Reformation) ਤੋਂ ਪ੍ਰਭਾਵਤ ਹੋਈ ਪੁਨਰ ਜਾਗ੍ਰਿਤੀ (Renaissance) ਲਹਿਰ ਵਿਚ ਅਨੇਕਾਂ ਚਿੰਤਕਾਂ ਦੇ ਮਾਨਵਵਾਦੀ ਵਿਚਾਰਾਂ ਨੇ ਯੂਰਪੀ ਕੌਮਾਂ ਵਿਚ ਇਨਕਲਾਬ ਲੈ ਆਂਦਾ ਸੀ ਅਤੇ ਉਨ੍ਹਾਂ ਨੂੰ ਦੁਨੀਆਂ 'ਤੇ ਦਬਦਬਾ ਕਾਇਮ ਕਰਨ ਦੇ ਸਮਰੱਥ ਬਣਾ ਦਿੱਤਾ ਸੀ। ਕਾਰਲ ਮਾਰਕਸ ਦੇ ਕੈਪੀਟਲ (Das Kapital) ਤੇ ਕਮਿਊਨਿਸਟ ਮੈਨੀਫੈਸਟੋ ਦੇ ਵਿਚਾਰਾਂ ਨੇ ਦੁਨੀਆਂ ਭਰ ਵਿਚ ਕਾਮਿਆਂ ਦੇ ਅਧਿਕਾਰਾਂ ਅਤੇ ਮਨੁੱਖਤਾ ਦੀ ਆਜ਼ਾਦੀ ਦੀ ਲਹਿਰ ਨੂੰ ਜਨਮ ਦਿੱਤਾ ਤੇ ਸਫਲ ਬਣਾਇਆ ਸੀ। ਲੈਨਿਨ ਦੇ ਵਿਚਾਰਾਂ ਨੇ ਰੂਸ ਵਿਚ ਇਨਕਲਾਬ ਲੈ ਆਂਦਾ ਸੀ। ਮਾਓ ਸੇ ਤੁੰਗ ਦੇ ਵਿਚਾਰਾਂ ਨੇ ਹੀ ਚੀਨ ਵਿਚ ਸਾਮਰਾਜੀ ਸ਼ਕਤੀਆਂ ਦੀ ਦਖਲ-ਅੰਦਾਜ਼ੀ ਖਤਮ ਕੀਤੀ ਸੀ। ਮਹਾਨ ਚਿੰਤਕ ਹੋ ਚੀ ਮਿੰਨ੍ਹ ਦੇ ਮਾਨਵਵਾਦੀ ਵਿਚਾਰਾਂ ਨੇ



ਕਾਰਲ ਮਾਰਕਸ

ਵੀਅਤਨਾਮ ਨੂੰ ਫਰਾਂਸ ਅਤੇ ਅਮਰੀਕਾ ਜੈਸੇ ਤਾਕਤਵਰ ਸਾਮਰਾਜਾਂ ਨੂੰ ਹਰਾਉਣ ਦੇ ਸਮਰੱਥ ਬਣਾ ਦਿੱਤਾ ਸੀ। ਭਾਰਤ, ਅਫਰੀਕਾ ਅਤੇ ਦਖਣੀ ਅਮਰੀਕਾ ਦੇ ਦੇਸ਼ਾਂ ਦੀ ਆਜ਼ਾਦੀ ਵੀ ਮਾਨਵਵਾਦੀ ਉਦੇਸ਼ ਲਈ ਸੰਘਰਸ਼ਾਂ ਦਾ ਨਤੀਜਾ ਸਨ। ਪ੍ਰਾਚੀਨ ਕਾਲ ਵਿਚ ਮਹਾਤਮਾ ਬੁੱਧ ਦੇ ਮਾਨਵਵਾਦੀ ਵਿਚਾਰਾਂ ਨੇ ਅਸ਼ੋਕ ਨੂੰ ਮਹਾਨ ਬਣਾਇਆ ਅਤੇ ਏਸ਼ੀਆ ਦੇ ਸਭਿਆਚਾਰ ਨੂੰ ਸਹਾਰਾ ਦਿੱਤਾ ਸੀ। ਇਸਲਾਮ ਵਿਚ ਮਾਨਵਤਾ ਦੀ ਕਦਰ ਕਾਰਨ ਹੀ ਦੁਨੀਆਂ ਵਿਚ ਉਸ ਦੀ ਸਫਲਤਾ ਸੰਭਵ ਹੋ ਸਕੀ ਸੀ। ਪੰਜਾਬੀ ਕੌਮ ਦਾ ਉਗਮਨ ਅਤੇ ਪੰਜਾਬ ਵਿਚ ਆਜ਼ਾਦ ਰਾਜ ਦੀ ਸਥਾਪਨਾ ਗੁਰੂ ਨਾਨਕ ਦੀ ਵਿਚਾਰਧਾਰਾ ਦੀ ਦੇਣ ਸੀ। ਦੇਖਿਆ ਜਾਵੇ ਤਾਂ ਹਿੰਦੂ ਧਰਮ ਦੀ ਹਜ਼ਾਰਾਂ ਸਾਲ ਲੰਮੀ ਗੁਲਾਮੀ ਉਸ ਦੇ ਅਮਾਨਵੀ ਜਾਤ-ਪਾਤ ਪ੍ਰਣਾਲੀ ਦਾ ਨਤੀਜਾ ਸੀ।

ਖਾਲਿਸਤਾਨ ਦੇ ਸੰਕਲਪ ਨੂੰ ਅਕਸਰ ਤਿੰਨ ਮੂਲ ਅੰਗਾਂ 'ਤੇ ਆਧਾਰਤ ਦੱਸਿਆ ਜਾਂਦਾ ਹੈ: (1) ਗੁਰੂ ਗ੍ਰੰਥ ਸਾਹਿਬ ਦੀ ਬਾਣੀ, (2) ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਅਤੇ (3) ਸਿੱਖ ਪੰਥ ਦਾ ਇਤਿਹਾਸ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਧਿਆਤਮਕ ਗਿਆਨ ਹੈ ਅਤੇ ਖਾਲਿਸਤਾਨ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਕੁਝ ਸ਼ਰਧਾਲੂਆਂ ਵਲੋਂ ਚਿਤਵਿਆ ਪੰਜਾਬ ਦਾ ਰਾਜ ਪ੍ਰਬੰਧ। ਅਧਿਆਤਮਕ ਗਿਆਨ ਅਤੇ ਰਾਜ ਪ੍ਰਬੰਧ ਵਿਚ ਕੋਈ ਸਾਂਝ ਨਹੀਂ ਹੈ। ਮਾਨਵ ਇਤਿਹਾਸ ਅੰਦਰ ਇਹ ਬਹਿਸ ਨਵੀਂ ਨਹੀਂ, ਸਦੀਆਂ ਪੁਰਾਣੀ ਹੈ। ਯੂਰਪ ਅੰਦਰ 16ਵੀਂ ਸਦੀ ਵਿਚ ਲੱਖਾਂ-ਕਰੋੜਾਂ ਲੋਕਾਂ ਦੀਆਂ ਜਾਨਾਂ ਲਈਆਂ। ਪੂਰਾ ਯੂਰਪ ਕਬਰਸਿਤਾਨ ਬਣ ਗਿਆ ਤਾਂ ਜਾ ਕੇ ਸ਼ਾਂਤੀ ਹੋਈ ਅਤੇ ਉਹ ਲੋਕ ਚਰਚ ਨੂੰ ਇਕ ਦੂਜੇ ਨੂੰ ਜੁਦਾ ਕਰਨ ਲਈ ਰਜ਼ਾਮੰਦ ਹੋਏ। ਪਿਛਲੀ ਅੱਧੀ ਸਦੀ ਤੋਂ ਇਸਲਾਮੀ ਜਗਤ ਦੇ ਬਹੁਤੇ ਦੇਸ਼ ਇਕ ਵਾਰ ਮੁੜ ਫਸੇ ਹੋਏ ਹਨ ਅਤੇ ਇਕ ਦੂਸਰੇ ਦਾ ਖੂਨ ਵਹਾ ਰਹੇ ਹਨ। ਸਾਡੀਆਂ ਗਰਮ ਧਿਰਾਂ ਨੂੰ ਇਸ ਖੂਨੀ ਇਤਿਹਾਸ ਤੋਂ ਪੂਰਨ ਠਰੰਮੇ ਨਾਲ ਸਬਕ ਸਿੱਖਣਾ ਚਾਹੀਦਾ ਸੀ ਅਤੇ ਦਰਸ਼ਨ-ਦਿੱਗ ਦਰਸ਼ਨ ਵਾਲੀ ਬਹਿਸ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਰਿਆਸਤ ਅਤੇ ਖਾਲਿਸਤਾਨ ਦੇ ਸਮਰਥਕਾਂ ਨੂੰ ਇਹ ਦੱਸਣਾ ਬਣਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਕਿਸ ਬਾਣੀ ਵਿਚ ਉਨ੍ਹਾਂ ਵਲੋਂ ਚਿਤਵੇ ਰਾਜ ਪ੍ਰਬੰਧ ਬਾਰੇ ਕੀ ਉਪਦੇਸ਼ ਹੈ? ਪਰ ਉਨ੍ਹਾਂ ਦੇ ਕਿਸੇ ਵੀ ਲੀਡਰ, ਬੁਲਾਰੇ ਜਾਂ ਚਿੰਤਕ ਨੇ ਸੁਬੋਧ ਤਰੀਕੇ ਨਾਲ ਐਸਾ ਨਹੀਂ ਕੀਤਾ। ਉਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਆਪਣੇ ਨਿਸ਼ਚੇ ਨੂੰ ਹੀ ਖਾਲਿਸਤਾਨ ਦਾ ਆਧਾਰ ਮੰਨੀ ਅਤੇ ਪ੍ਰਚਾਰੀ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਗੁਰਮਤਿ ਗਿਆਨ ਨਹੀਂ ਹੁੰਦੀ। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਰਾਜ ਪ੍ਰਬੰਧ ਨਾਲ ਕੋਈ ਵਾਸਤਾ ਹੀ ਨਹੀਂ ਹੈ। ਉਸ ਦਾ ਤਾਂ ਸਪਸ਼ਟ ਨਿਰਣਾ ਹੈ,

> ਰਾਜੁ ਨ ਚਾਹਉ ਮੁਕਤਿ ਨ ਚਾਹਉ
> ਮਨਿ ਪ੍ਰੀਤਿ ਚਰਨ ਕਮਲਾਰੇ॥ (ਪੰਨਾ 534)

ਗੁਰਬਾਣੀ ਤਾਂ ਰਾਜ ਨੂੰ ਕਪਟ ਆਖਦੀ ਹੈ,

> ਰਾਜ ਕਪਟੰ ਰੂਪ ਕਪਟੰ
> ਧਨ ਕਪਟੰ ਕੁਲ ਗਰਬਤਹ॥ (ਪੰਨਾ 708)

ਗੁਰੂ ਸਾਹਿਬਾਨ ਦੀਆਂ ਜੀਵਨੀਆਂ ਦਾ ਵੀ ਖਾਲਿਸਤਾਨ ਦੇ ਸੰਕਲਪ ਨਾਲ ਕੋਈ ਸਬੰਧ ਨਹੀਂ ਹੈ। ਉਦਾਸੀ ਅਤੇ ਨਿਰਮਲੇ ਸਾਧੂਆਂ ਨੇ ਆਪਣੇ ਵਿਚਾਰਾਂ ਨੂੰ ਗੁਰਬਾਣੀ ਦੀ ਵਿਚਾਰਧਾਰਾ ਨਾਲ ਰਲਗੱਡ ਕਰਨ ਲਈ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਦਾ ਵਿਸਤ੍ਰਿਤ ਮਿਥਿਹਾਸ ਰਚ ਦਿੱਤਾ ਸੀ ਜੋ ਹੁਣ ਤਕ ਇਤਿਹਾਸ ਵਜੋਂ ਪ੍ਰਚਾਰਿਆ ਜਾਂਦਾ ਹੈ। 'ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਤਾਂ ਕਈ ਗੁਰਦੁਆਰਿਆਂ ਵਿਚ ਕਥਾ ਵੀ ਕੀਤੀ ਜਾਂਦੀ ਹੈ। ਇਸ ਸਬੰਧ ਵਿਚ ਇੱਕ ਤੱਥ ਧਿਆਨਯੋਗ ਹੈ। ਗੁਰੂ ਨਾਨਕ ਸਾਹਿਬ ਨੇ ਕੋਈ ਗੁਰਗੱਦੀ ਸਥਾਪਤ ਨਹੀਂ ਸੀ ਕੀਤੀ। ਗੁਰਬਾਣੀ ਤਾਂ ਸ਼ਬਦ ਨੂੰ ਗੁਰੂ ਮੰਨਦੀ ਹੈ,

> ਸਬਦੁ ਗੁਰੂ ਪੀਰਾ ਗਹਿਰ ਗੰਭੀਰਾ
> ਬਿਨੁ ਸਬਦੈ ਜਗੁ ਬਉਰਾਨੰ॥ (ਪੰਨਾ 635)

ਗੁਰੂ ਕੋਈ ਗੱਦੀ ਜਾਂ ਸੈਨਿਕ ਗੁਣ ਨਹੀਂ ਹੈ। ਸਿਰਫ ਉਹੋ ਵਿਅਕਤੀ ਗੁਰੂ ਅਖਵਾਉਣ ਦੇ ਯੋਗ ਹੁੰਦਾ ਸੀ, ਜਿਸ ਨੇ ਆਪਣਾ ਜੀਵਨ ਅਧਿਆਤਮਕ ਗਿਆਨ ਦੀ ਸਿਖਿਆ ਅਤੇ ਸੰਚਾਰ ਲਈ ਸਮਰਪਿਤ ਕੀਤਾ ਹੋਵੇ, ਕਿਉਂਕਿ ਸਿਖਿਆ ਪ੍ਰਦਾਨ ਕਰਨ ਵਾਲੇ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ; ਪਰ ਗੁਰ ਪਰਿਵਾਰਾਂ ਵਿਚ ਗੁਰੂ ਨਾਲੋਂ ਗੱਦੀ ਨੂੰ ਮਹਤੱਤਾ ਦੇਣ ਦੀ ਰੀਤ ਚੱਲ ਪਈ ਸੀ, ਜੋ ਗੁਰਬਾਣੀ ਦੀ ਸਿਖਿਆ ਅਤੇ ਸੰਚਾਰ ਵਿਚ ਰੁਕਾਵਟ ਬਣਨ ਦੇ ਨਾਲ ਨਾਲ ਪਰਿਵਾਰਕ ਖਿਚੋਤਾਣ ਦਾ ਕਾਰਨ ਬਣ ਗਈ। ਗੁਰੂ ਅਮਰਦਾਸ ਜੀ ਦੀ ਸੰਤਾਨ ਤੋਂ ਸ਼ੁਰੂ ਹੋਈ ਗੱਦੀ ਲਈ ਖਿਚੋਤਾਣ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ, ਉਜਾੜੇ ਅਤੇ ਜੰਗਾਂ ਦਾ ਕਾਰਨ ਬਣ ਗਈ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਦੀ ਸ਼ਹੀਦੀ 'ਤੇ ਖਤਮ ਹੋਈ।

ਖਾਲਿਸਤਾਨ ਦੇ ਸਮਰਥਕ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਦਾ ਜ਼ਿਕਰ ਤਾਂ ਸਿਰਫ ਰਸਮੀ ਤੌਰ 'ਤੇ ਲੋਕਾਂ ਨੂੰ ਪ੍ਰਭਾਵਤ ਕਰਨ ਲਈ ਹੀ ਕਰਦੇ ਹਨ ਪਰ ਖਾਲਿਸਤਾਨ ਦਾ ਅਸਲੀ ਆਧਾਰ ਤਾਂ ਸਿੱਖ ਇਤਿਹਾਸ ਨੂੰ ਮੰਨਦੇ ਤੇ ਪ੍ਰਚਾਰਦੇ ਹਨ; ਪਰ ਸਿੱਖ ਇਤਿਹਾਸ ਵਿਚ ਵੀ ਖਾਲਿਸਤਾਨ ਜੈਸੇ ਨਿਰੋਲ ਸਿੱਖ ਧਰਮ ਦੇ ਰਾਜ ਦਾ ਕੋਈ ਜ਼ਿਕਰ ਨਹੀਂ ਮਿਲਦਾ। ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਹੀ ਉਨ੍ਹਾਂ ਨੂੰ ਖਾਲਿਸਤਾਨ ਦਾ ਆਧਾਰ ਬਣਾਇਆ ਜਾ ਸਕਦਾ ਹੈ। ਸਿੱਖ ਇਤਿਹਾਸ ਦੇ ਤੱਥਾਂ 'ਤੇ ਵਿਚਾਰ ਕਰਨ ਨਾਲ ਹੀ ਉਨ੍ਹਾਂ ਦੇ ਖਾਲਿਸਤਾਨ ਨਾਲ ਸਬੰਧਾਂ ਦੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਸਿੱਖ ਇਤਿਹਾਸ 'ਤੇ ਸਰਸਰੀ ਨਜ਼ਰ ਮਾਰਨ ਦਾ ਯਤਨ ਕਰਦੇ ਹਾਂ।

ਬੰਦਾ ਬਹਾਦਰ ਨੂੰ ਮਰਾਠਿਆਂ ਦੇ ਜੰਗ ਲੜਨ ਅਤੇ ਲੁੱਟ ਮਾਰ ਕਰਨ ਦੇ ਢੰਗਾਂ ਦਾ ਗਿਆਨ ਸੀ। ਉਸ ਨੇ ਪੰਜਾਬ ਦੇ ਮੁਗਲ ਸ਼ਾਸਨ 'ਤੇ ਹਮਲਾ ਕਰ ਦਿੱਤਾ, ਜਿਸ ਵਿਚ ਬਿਨਾਸ਼ਕ ਉਸ ਦੀਆਂ ਪ੍ਰਾਪਤੀਆਂ ਤਾਂ ਹੋਈਆਂ ਪਰ ਅੰਤ ਨੂੰ ਉਸ ਦੀ ਹਾਰ ਹੋ ਗਈ ਅਤੇ ਉਸ ਨੂੰ ਬੰਦੀ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ। ਉਸ ਦੇ ਹਮਲੇ ਦਾ ਬਦਲਾ ਲੈਣ ਲਈ ਮੁਗਲ ਸ਼ਾਸਨ ਨੇ ਸਿੱਖਾਂ ਦੀ ਨਸਲਕੁਸ਼ੀ ਦਾ ਐਲਾਨ ਕਰ ਦਿੱਤਾ। ਸਿੱਖਾਂ ਨੂੰ ਆਪਣੇ ਬਚਾਓ ਲਈ ਘਰ ਬਾਰ ਛੱਡ ਕੇ ਜੰਗਲਾਂ ਵਿਚ ਪਨਾਹ ਲੈਣੀ ਪਈ। ਜੰਗਲਾਂ ਵਿਚ ਰਹਿੰਦੇ ਸਿੱਖ ਸੰਗਠਿਤ ਹੋ ਕੇ ਮੁਗਲਾਂ ਨਾਲ ਗੁਰੀਲਾ ਜੰਗ ਕਰਨ ਲੱਗ ਪਏ। ਗੁਰੀਲਾ ਜੰਗ ਕਰਦਿਆਂ ਉਨ੍ਹਾਂ ਦੀ ਜੰਗੀ ਸ਼ਕਤੀ ਵਧ ਗਈ। ਸਿੱਖਾਂ ਦੀ ਵਧਦੀ ਸ਼ਕਤੀ ਦੇਖ ਕੇ ਪੰਜਾਬ ਦੇ ਗਵਰਨਰ ਜ਼ਕਰੀਆ ਖਾਨ ਨੇ ਉਨ੍ਹਾਂ ਨਾਲ ਸਮਝੌਤਾ ਕਰਨ ਲਈ ਨਵਾਬੀ ਦੇ ਪੇਸ਼ਕਸ਼ ਕਰ ਦਿੱਤੀ, ਜੋ ਉਨ੍ਹਾਂ ਮਨਜ਼ੂਰ ਕਰ ਲਈ।

ਮਰਾਠਿਆਂ ਦੇ ਹਮਲਿਆਂ ਅਤੇ ਮੁਗਲਾਂ ਦੀ ਖਾਨਾਜੰਗੀ ਨੇ ਮੁਗਲ ਰਾਜ ਬਹੁਤ ਕਮਜ਼ੋਰ ਕਰ ਦਿੱਤਾ ਸੀ। ਦਿੱਲੀ ਲੁੱਟਣ ਦੀ ਮਨਸ਼ਾ ਨਾਲ ਇਰਾਨ ਦੇ ਬਾਦਸ਼ਾਹ, ਨਾਦਰ ਸ਼ਾਹ ਨੇ ਹਿੰਦੋਸਤਾਨ 'ਤੇ ਹਮਲਾ ਕਰ ਦਿੱਤਾ ਅਤੇ ਕਰਨਾਲ ਵਿਚ ਮੁਗਲ ਬਾਦਸ਼ਾਹ ਨੂੰ ਹਰਾ ਕੇ ਦਿੱਲੀ ਵਿਚ ਕਤਲੇਆਮ ਤੇ ਲੁੱਟ ਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਨਾਦਰ ਸ਼ਾਹ ਦੀ ਫੌਜ ਦਿੱਲੀ ਲੁੱਟ ਕੇ ਹਜ਼ਾਰਾਂ ਔਰਤਾਂ ਅਤੇ ਬੰਦਿਆਂ ਨੂੰ ਗੁਲਾਮ ਬਣਾ ਕੇ ਵਾਪਸ ਜਾ ਰਹੀ ਸੀ ਤਾਂ ਸਿੱਖ ਗੁਰੀਲਾ ਜਥਿਆਂ ਨੇ ਹਿੰਮਤ ਕਰਕੇ ਲੁਟੇਰਿਆਂ ਤੋਂ ਬਹੁਤ ਸਾਰੀਆਂ ਗੁਲਾਮ ਔਰਤਾਂ ਅਤੇ ਬੰਦਿਆਂ ਨੂੰ ਆਜ਼ਾਦ ਕਰਵਾ ਦਿੱਤਾ। ਇਸ ਨਾਲ ਸਿੱਖ ਜਥੇ ਪੰਜਾਬ ਦੇ ਲੋਕਾਂ ਵਿਚ ਹਰਮਨ ਪਿਆਰੇ ਹੋ ਗਏ।

ਨਾਦਰ ਸ਼ਾਹ ਦੀ ਮੌਤ 'ਤੇ ਅਹਿਮਦ ਸ਼ਾਹ ਅਬਦਾਲੀ ਅਫਗਾਨ ਨੇ ਦਿੱਲੀ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਅਬਦਾਲੀ ਦੀਆਂ ਧਾੜਵੀ ਫੌਜਾਂ ਦਿੱਲੀ ਜਾਂਦੇ ਸਮੇਂ ਪੰਜਾਬ ਵਿਚ ਵੀ ਲੁੱਟ ਮਚਾਉਂਦੀਆਂ ਅਤੇ ਉਜਾੜਾ ਕਰਦੀਆਂ ਜਾਂਦੀਆਂ ਸਨ। ਸਿੱਖ ਫੌਜੀ ਜਥੇ ਉਨ੍ਹਾਂ ਧਾੜਵੀਆਂ ਦਾ ਵੀ ਮੁਕਾਬਲਾ ਕਰਨ ਲੱਗ ਪਏ, ਜਿਸ ਵਿਚ ਉਨ੍ਹਾਂ ਨੂੰ ਕਾਫੀ ਜਾਨੀ ਨੁਕਸਾਨ ਵੀ ਝੱਲਣਾ ਪਿਆ। ਅਬਦਾਲੀ ਨੇ ਅੱਕ ਕੇ ਦਰਬਾਰ ਸਾਹਿਬ ਨੂੰ ਵੀ ਢਾਹ ਢੇਰੀ ਕਰ ਦਿੱਤਾ ਪਰ ਅਬਦਾਲੀ ਨਾਲ ਮੁਕਾਬਲਿਆਂ ਨੇ ਸਿੱਖਾਂ ਨੂੰ ਤਾਕਤਵਰ ਸ਼ਕਤੀ ਨਾਲ ਮੁਕਾਬਲਾ ਕਰਨ ਦੇ ਸਮਰੱਥ ਬਣਾ ਦਿੱਤਾ, ਉਨ੍ਹਾਂ ਦਾ ਆਤਮ ਵਿਸ਼ਵਾਸ ਵਧ ਗਿਆ ਤੇ ਉਹ ਪੰਜਾਬ 'ਚ ਲੋਕਾਂ ਦੇ ਰਖਿਅਕਾਂ ਵਜੋਂ ਪ੍ਰਸਿੱਧ ਹੋ ਗਏ।

ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨੇ ਪੰਜਾਬ ਦੇ ਮੁਗਲ ਰਾਜ ਨੂੰ ਤਹਿਸ-ਨਹਿਸ ਕਰ ਦਿੱਤਾ ਸੀ। ਭਾਵੇਂ ਅਹਿਮਦ ਸ਼ਾਹ ਨੇ ਤੀਜੀ ਪਾਣੀਪਤ ਦੀ ਲੜਾਈ ਵਿਚ ਮਰਾਠੇ ਹਰਾ ਦਿੱਤੇ ਸਨ, ਪਰ ਉਸ ਦੀ ਹਿੰਦੋਸਤਾਨ 'ਤੇ ਰਾਜ ਕਰਨ ਦੀ ਇੱਛਾ ਨਹੀਂ ਸੀ। ਮੁਗਲ ਅਤੇ ਅਫਗਾਨ ਪੰਜਾਬ ਦੇ ਲੋਕਾਂ ਵਿਚ ਬਦਨਾਮ ਹੋ ਗਏ ਸਨ। ਪੰਜਾਬ ਦੇ ਲੋਕ ਅਮਨ ਚੈਨ ਚਾਹੁੰਦੇ ਸਨ। ਇਸ ਲਈ ਉਹ ਸਿੱਖ ਜਥਿਆਂ 'ਤੇ ਭਰੋਸਾ ਕਰਦੇ ਸਨ ਅਤੇ ਉਨ੍ਹਾਂ ਦਾ ਆਦਰ ਵੀ ਕਰਦੇ ਸਨ। ਲੋਕਾਂ ਦੇ ਸਹਿਯੋਗ ਨਾਲ ਸਿੱਖ ਜਥਿਆਂ ਨੇ ਬਾਰਾਂ ਮਿਸਲਾਂ ਕਾਇਮ ਕਰ ਲਈਆਂ। ਸਿੱਖ ਮਿਸਲਦਾਰਾਂ ਨੇ ਪੰਜਾਬ 'ਤੇ ਆਪਣਾ ਰਾਜ ਸਥਾਪਤ ਕਰ ਲਿਆ। ਸ਼ੁਕਰਚੱਕੀਆ ਮਿਸਲ ਦਾ ਮਿਸਲਦਾਰ ਰਣਜੀਤ ਸਿੰਘ ਦਲੇਰ, ਦੂਰਅੰਦੇਸ਼ ਅਤੇ ਸਿਆਸੀ ਸੂਝ ਦਾ ਮਾਲਕ ਸੀ। ਉਸ ਨੇ ਦੂਜੇ ਮਿਸਲਦਾਰਾਂ ਨੂੰ ਜਿੱਤ ਕੇ ਜਾਂ ਨਾਲ ਮਿਲਾ ਕੇ ਪੰਜਾਬ 'ਤੇ ਆਪਣਾ ਰਾਜ ਕਾਇਮ ਕਰ, ਜੰਮੂ ਕਸ਼ਮੀਰ ਅਤੇ ਲੱਦਾਖ ਨੂੰ ਜਿੱਤ ਕੇ ਆਪਣੇ ਰਾਜ ਦਾ ਵਿਸਤਾਰ ਕਰ ਲਿਆ, ਪਰ ਉਹ ਆਪਣੇ ਰਾਜ ਨੂੰ ਪੱਕੇ ਪੈਰੀਂ ਸਥਾਪਤ ਕਰਨ ਲਈ ਕੋਈ ਸੰਸਥਾਈ ਵਿਵਸਥਾ ਨਾ ਕਰ ਸਕਿਆ ਅਤੇ ਨਾ ਹੀ ਆਪਣੇ ਜਾਨਸ਼ੀਨਾਂ ਨੂੰ ਰਾਜ ਪ੍ਰਬੰਧ ਕਰਨ ਦੇ ਯੋਗ ਬਣਾ ਸਕਿਆ। ਉਸ ਦੀ ਮੌਤ ਨਾਲ ਪੰਜਾਬ 'ਤੇ ਸਿੱਖ ਰਾਜੇ ਦਾ ਰਾਜ ਖਤਮ ਹੋ ਗਿਆ।

ਸਿੱਖਾਂ ਦੀ ਅੰਗਰੇਜ਼ਾਂ ਨਾਲ ਦੂਜੀ ਜੰਗ ਵਿਚ



ਬਾਬਾ ਬੰਦਾ ਸਿੰਘ ਬਹਾਦਰ ਦਾ ਇਕ ਚਿੱਤਰ

ਅੰਗਰੇਜ਼ੀ ਫੌਜਾਂ ਹਾਰ ਗਈਆਂ ਸਨ, ਪਰ ਸਿੱਖਾਂ ਵਿਚ ਕੋਈ ਇਮਾਨਦਾਰ ਅਤੇ ਪ੍ਰਵਾਨਿਤ ਲੀਡਰ ਨਹੀਂ ਸੀ, ਜੋ ਸਿੱਖਾਂ ਦੀ ਜਿੱਤ ਦਾ ਐਲਾਨ ਕਰਦਾ। ਲਾਰਡ ਡਲਹੌਜ਼ੀ ਨੇ ਅੰਗਰੇਜ਼ਾਂ ਦੀ ਜਿੱਤ ਦਾ ਐਲਾਨ ਕਰ ਦਿੱਤਾ। ਅੰਗਰੇਜ਼ ਝੂਠਾ ਐਲਾਨ ਕਰ ਕੇ ਹਾਰੀ ਜੰਗ ਜਿੱਤ ਗਏ। ਸ਼ਾਹ ਮੁਹੰਮਦ ਲਿਖਦਾ ਹੈ,

> ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ
> ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
> ਸੈਆਂ ਆਦਮੀ ਗੋਲਿਆਂ ਨਾਲ ਉਡਣ
> ਹਾਥੀ ਢਾਹੁੰਦੇ ਸਣੇ ਅੰਬਾਰੀਆਂ ਨੀ।
> ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
> ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

ਸ਼ੁਰੂ ਸ਼ੁਰੂ ਵਿਚ ਲੋਕਾਂ ਵਿਚ ਡਰ ਪੈਦਾ ਕਰਨ ਲਈ ਅੰਗਰੇਜ਼ੀ ਸ਼ਾਸਨ ਪੰਜਾਬ ਵਿਚ ਬਹੁਤ ਸਖਤੀ ਕਰਦਾ ਸੀ। ਉਨ੍ਹਾਂ ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ ਅਤੇ ਜਲ੍ਹਿਆਂਵਾਲੇ ਬਾਗ ਵਿਚ ਕਤਲੇਆਮ ਕੀਤਾ।

ਸਿੱਖਾਂ ਦੇ ਧਰਮ ਪ੍ਰਚਾਰ ਕੇਂਦਰਾਂ ਉਤੇ ਉਦਾਸੀ ਤੇ ਨਿਰਮਲੇ ਮਹੰਤਾਂ ਦੇ ਕਬਜ਼ੇ ਸਨ। ਉਨ੍ਹਾਂ ਗੁਰਦੁਆਰਿਆਂ ਵਿਚ ਬੁੱਤ ਪੂਜਾ ਅਤੇ ਹੋਰ ਕਰਮ ਕਾਂਡ ਪ੍ਰਚਲਿਤ ਕੀਤੇ ਹੋਏ ਸਨ। ਪੜ੍ਹੇ-ਲਿਖੇ ਸਿੱਖਾਂ ਨੇ ਗੁਰਮਤਿ ਵਿਰੋਧੀ ਕਾਰਵਾਈਆਂ ਨੂੰ ਠੱਲ੍ਹ ਪਾਉਣ ਲਈ ਸਿੰਘ ਸਭਾ ਲਹਿਰ ਸ਼ੁਰੂ ਕੀਤੀ। ਉਸ ਲਹਿਰ ਨੇ ਸ਼ਹਿਰੀ ਸਿੱਖਾਂ ਵਿਚ ਜਾਗ੍ਰਿਤੀ ਲੈ ਆਂਦੀ। ਸਿੰਘ ਸਭਾਵਾਂ ਦੇ ਪ੍ਰਭਾਵ ਸਦਕਾ ਸਿੱਖ ਧਰਮ ਅਸਥਾਨਾਂ ਵਿਚ ਨਿਰਮਲੇ ਅਤੇ ਉਦਾਸੀ ਮਹੰਤਾਂ ਦੀਆਂ ਕੁਰੀਤੀਆਂ ਤੇ ਕੁਰਹਿਤਾਂ ਦੂਰ ਕਰਨ ਲਈ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ। ਇਸ ਲਹਿਰ ਦੀ ਸ਼ੁਰੂਆਤ 15 ਨਵੰਬਰ 1920 ਨੂੰ ਦਰਬਾਰ ਸਾਹਿਬ ਭਵਨ ਸਮੂਹ ਵਿਚ ਸੱਦੀ ਸਿੱਖ ਪੰਥ ਦੀ ਮੀਟਿੰਗ ਤੋਂ ਹੋਈ, ਜਿਸ ਵਿਚ ਸਾਰੇ ਹਿੰਦੋਸਤਾਨ, ਬਰਮਾ, ਮਲਾਯਾ, ਚੀਨ ਅਤੇ ਅਮਰੀਕਾ ਦੀਆਂ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਉਸ ਮੀਟਿੰਗ ਵਿਚ 175 ਮੈਂਬਰਾਂ ਦੀ ਕਮੇਟੀ ਬਣਾਈ ਗਈ, ਜਿਸ ਦਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ ਗਿਆ। ਉਸ ਕਮੇਟੀ ਦੀ ਪਹਿਲੀ ਮੀਟਿੰਗ 12 ਦਸੰਬਰ 1920 ਨੂੰ ਅਤੇ ਨਿਯਮ ਬਣਨ 'ਤੇ ਨਵੇਂ ਮੈਂਬਰਾਂ ਦੀ ਚੋਣ ਜੁਲਾਈ 1921 ਨੂੰ ਹੋਈ, ਜਿਸ ਵਿਚ ਬਾਬਾ ਖੜਕ ਸਿੰਘ ਨੂੰ ਪ੍ਰਧਾਨ ਚੁਣ ਲਿਆ ਗਿਆ। ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਵਿਰੁੱਧ ਚੱਲੀ ਗੁਰਦੁਆਰਾ ਸੁਧਾਰ ਲਹਿਰ ਵਿਚ ਅੰਗਰੇਜ਼ ਸਰਕਾਰ ਮਹੰਤਾਂ ਦਾ ਸਾਥ ਦੇ ਰਹੀ ਸੀ ਅਤੇ ਰੋਸ ਪ੍ਰਗਟ ਕਰ ਰਹੇ ਸਿੱਖਾਂ ਦੀ ਮਾਰ ਕੁੱਟ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਰਹੀ ਸੀ। ਬਾਬਾ ਖੜਕ ਸਿੰਘ ਦੀ ਸੂਝਵਾਨ ਤੇ ਧੜੱਲੇਦਾਰ ਅਗਵਾਈ ਅਤੇ ਸਿੱਖਾਂ ਦੀਆਂ ਕੁਰਬਾਨੀਆਂ ਨੇ ਅੰਗਰੇਜ਼ ਸਰਕਾਰ ਨੂੰ ਬੇਵਸ ਕਰ ਦਿੱਤਾ ਤੇ ਉਹ ਸਿੱਖਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਹੋ ਗਈ। ਉਸ ਲਹਿਰ ਦੀ ਜਿੱਤ ਨੂੰ ਭਾਰਤ ਵਿਚ ਅੰਗਰੇਜ਼ਾਂ ਦੀ ਪਹਿਲੀ ਵੱਡੀ ਹਾਰ ਮੰਨਿਆ ਗਿਆ, ਪਰ ਉਹ ਜਿੱਤ ਸਿੱਖ ਧਰਮ ਨੂੰ ਉਦਾਸੀ ਤੇ ਨਿਰਮਲਿਆਂ ਦੇ ਪ੍ਰਭਾਵ ਤੋਂ ਮੁਕਤ ਕਰਵਾਉਣ ਅਤੇ ਧਰਮ ਵਿਚ ਸੁਧਾਰ ਲਿਆਉਣ ਵਿਚ ਪੂਰੀ ਤਰ੍ਹਾਂ ਸਫਲ ਨਾ ਹੋਈ, ਕਿਉਂਕਿ ਅੰਗਰੇਜ਼ਾਂ ਦੇ ਵਫਾਦਾਰ ਤੇ ਗੁਲਾਮ ਬਿਰਤੀ ਵਾਲੇ ਲੀਡਰਾਂ ਨੇ ਗੁਰਦੁਆਰਿਆਂ ਵਿਚ ਸੁਧਾਰ ਲਿਆਉਣ ਦੀ ਥਾਂ ਸਿੱਖਾਂ ਨੂੰ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਸਰਕਾਰੀ ਕਾਨੂੰਨ ਬਣਵਾਉਣ ਦੇ ਰਾਹ ਤੋਰ ਲਿਆ। ਪੰਜਾਬ ਸਰਕਾਰ ਨੇ 'ਸਿੱਖ ਗੁਰਦੁਆਰਾ ਐਕਟ 1925' ਪਾਸ ਕਰਕੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਚੋਣਵੇਂ ਬੋਰਡ ਨੂੰ ਸੌਂਪ ਦਿੱਤਾ। ਸਾਰੇ ਇਤਿਹਾਸਕ ਗੁਰਦੁਆਰੇ ਸਰਕਾਰੀ ਕਾਨੂੰਨ ਦੇ ਅਧੀਨ ਹੋ ਗਏ। ਗੁਰਦੁਆਰਾ ਬੋਰਡ ਨੇ ਆਪਣਾ ਨਾਂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਲਿਆ, ਜਦੋਂ ਕਿ 1920 ਵਿਚ ਬਣੀ ਸ਼੍ਰੋਮਣੀ ਕਮੇਟੀ ਹਾਲੇ ਚਲ ਰਹੀ ਸੀ। ਇਸ ਤਰ੍ਹਾਂ ਦੂਜੀ ਸੰਸਥਾ ਦਾ ਨਾਂ ਅਪਨਾਉਣਾ ਧੋਖਾ ਸਮਝਿਆ ਜਾਂਦਾ ਹੈ, ਪਰ ਗੁਰਦੁਆਰਾ ਬੋਰਡ ਨੇ ਉਸ ਦੀ ਪ੍ਰਵਾਹ ਨਾ ਕੀਤੀ। ਗੁਰਦੁਆਰਾ ਐਕਟ ਬਣਨ ਨਾਲ ਗੁਰਦੁਆਰੇ ਮਹੰਤਾਂ ਦੀ ਥਾਂ ਸਰਕਾਰੀ ਕਾਨੂੰਨ ਦੇ ਅਧੀਨ ਹੋ ਗਏ। ਗੁਰਦੁਆਰਾ ਕਾਨੂੰਨ ਨੂੰ ਸਿੱਖ ਧਰਮ ਦੀ ਵੱਡੀ ਪ੍ਰਾਪਤੀ ਸਮਝਿਆ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਕਾਰੀ ਕਾਨੂੰਨ ਅਨੁਸਾਰ ਚੱਲਣ ਵਾਲੀ ਵੱਡੀ ਸਿੱਖ ਸੰਪਰਦਾ ਹੈ। ਸਿੱਖ ਧਰਮ ਵਿਚ ਹੋਰ ਵੀ ਕਈ ਸੰਪਰਦਾਵਾਂ ਹਨ, ਪਰ ਸ਼੍ਰੋਮਣੀ ਕਮੇਟੀ ਦੇ ਬਣਨ ਨਾਲ ਧਰਮ ਵਿਚ ਵੰਡ ਦੀ ਗਤੀ ਤੇਜ਼ ਹੋ ਗਈ ਹੈ। ਸਿੱਖ ਧਰਮ ਵਿਚ ਰੁਚੀ ਰੱਖਣ ਵਾਲੇ ਵਿਅਕਤੀ ਹੁਣ ਆਪਣੇ ਨਾਂ ਨਾਲ ਸੰਤ ਸ਼ਬਦ ਜੋੜ ਕੇ ਨਿੱਜੀ ਗੁਰਦੁਆਰੇ ਸਥਾਪਤ ਕਰ ਸਕਦੇ ਹਨ। ਭਾਰਤੀ ਕਾਨੂੰਨ ਦੇ ਸਹਾਰੇ ਚਲ ਰਹੇ ਸਿੱਖ ਧਰਮ ਦੇ ਹੀ ਕੁਝ ਉਪਾਸ਼ਕ ਪੰਜਾਬ ਵਿਚ ਉਸੇ ਧਰਮ ਦਾ ਖਾਲਿਸਤਾਨ ਰਾਜ ਸਥਾਪਤ ਕਰਨ ਲਈ ਉਤਸੁਕ ਹਨ।

1920 ਵਿਚ ਸਿੱਖਾਂ ਨੇ ਆਪਣੀ ਰਾਜਸੀ ਪਾਰਟੀ, ਅਕਾਲੀ ਦਲ ਬਣਾ ਲਈ। ਪਾਰਟੀ ਦੇ ਬਹੁਤੇ ਮੈਂਬਰ ਪੜ੍ਹੇ-ਲਿਖੇ ਪੋਠੋਹਾਰ ਦੇ ਸਿੱਖ ਖੱਤਰੀ ਵਪਾਰੀ ਅਤੇ ਮਾਝੇ ਦੇ ਜ਼ਿਮੀਂਦਾਰ ਜੱਟ

(ਬਾਕੀ ਅਗਲੇ ਸਫੇ 'ਤੇ)

ਪ੍ਰਤੀਕਰਮ

# ਹੈ ਕੋਈ ਬਚਿਆ ਨਿਘਰਨ ਤੋਂ!

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ (ਨੰਬਰ 32) ਵਿਚ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਨੇ ਅਵਤਾਰ ਸਿੰਘ ਇੰਗਲੈਂਡ ਦੇ ਲੇਖ 'ਸਿੱਖ ਬੌਧਿਕਤਾ ਦਾ ਮਿਆਰ ਨਿਘਾਰ ਵੱਲ ਕਿਉਂ?' ਉਤੇ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ ਹੈ ਕਿ ਬੇੜੀ ਉਹ ਚਲਾ ਰਹੇ ਸਨ, ਪਰ ਚੱਪੂ ਕੋਈ ਹੋਰ ਮਾਰ ਰਿਹਾ ਸੀ। ਉਨ੍ਹਾਂ ਦਾ ਸਿੱਧਾ ਨਿਸ਼ਾਨਾ ਅਜਮੇਰ ਸਿੰਘ 'ਤੇ ਸੀ ਜਾਂ ਕਿਸੇ ਹੋਰ 'ਤੇ? ਕਰਮਜੀਤ ਸਿੰਘ ਨੇ ਸਖਤ ਇਤਰਾਜ਼ ਪ੍ਰਗਟ ਕੀਤਾ ਹੈ ਕਿ ਅਵਤਾਰ ਸਿੰਘ ਨੇ ਸੰਤ ਭਿੰਡਰਾਂਵਾਲਿਆਂ ਦੀ ਮਕਬੂਲੀਅਤ ਤੇ ਪ੍ਰਵਾਨਿਤ ਹੋਣ ਦਾ ਸਿਹਰਾ ਅਜਮੇਰ ਸਿੰਘ ਸਿਰ ਕਿਵੇਂ ਬੰਨ ਦਿੱਤਾ ਹੈ? ਇਸੇ ਸੰਦਰਭ ਵਿਚ ਕਰਮਜੀਤ ਸਿੰਘ ਨੇ 'ਨਿਰਪੱਖ ਸੰਜੀਦਗੀ ਸਵਾਲਾਂ ਦੇ ਘੇਰੇ ਵਿਚ' ਸਿਰਲੇਖ ਹੇਠ ਪ੍ਰਭਸ਼ਰਨ ਭਰਾਵਾਂ ਦਾ ਪੱਖ ਲੈਂਦਿਆਂ ਆਪਣੇ ਵੱਲੋਂ

ਅਮਰਜੀਤ ਸਿੰਘ ਮੁਲਤਾਨੀ
multaniny@gmail.com

ਪੂਰੀ ਵਾਹ ਲਾ ਦਿੱਤੀ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵਸੀਅਤ ਤੇ ਫਲਸਫੇ ਨੂੰ ਸੁਰਜੀਤ ਰੱਖਣ ਅਤੇ ਸਦੀਵੀ ਬਣਾਉਣ ਲਈ ਪ੍ਰਭਸ਼ਰਨ ਭਰਾਵਾਂ ਤੋਂ ਵਧੀਕ ਤੇ ਸਟੀਕ ਕੋਈ ਹੋਰ ਕਲਮ ਨਹੀਂ ਹੋ ਸਕਦੀ; ਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਜਾਨਸ਼ੀਨੀ ਨੂੰ ਲੈ ਕੇ ਇੰਨੀ ਕਲਮ ਘਿਸਾਈ ਕਿਉਂ? ਅਜਮੇਰ ਸਿੰਘ ਤਾਂ ਸ਼ਾਇਦ ਮੈਦਾਨ ਛੱਡ ਰਿਹਾ ਹੈ। ਇਸੇ ਕਰਕੇ ਉਹਨੇ ਅਜਿਹਾ ਇੰਟਰਵਿਊ ਦਿੱਤਾ ਹੈ। ਸ਼ਾਇਦ ਉਸ ਨੂੰ ਕੋਈ ਕ੍ਰਿਸ਼ਮਾ ਨਜ਼ਰ ਨਹੀਂ ਆਇਆ ਤੇ ਉਸ ਨੇ ਹਕੀਕਤ ਵੱਲ ਨੂੰ ਵਾਪਸ ਪੈਰ ਪੁੱਟੇ ਹਨ।

ਕਰਮਜੀਤ ਸਿੰਘ ਜੀ, ਹਾਂਗਕਾਂਗ ਦੀ ਸੁਪਰੀਮ ਕੋਰਟ ਦੇ ਜੱਜ ਚੁਹਤ ਸਿੰਘ ਸਿੱਧੂ ਵੱਲੋਂ ਲਿਖੀ ਕਿਤਾਬ ਉਨ੍ਹਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਉਨ੍ਹਾਂ ਵੱਲੋਂ ਲਾਰਡ ਮੈਕਾਲੇ ਦੇ ਸ਼ਬਦਾਂ ਦੇ ਅਰਥ ਵੀ ਉਨ੍ਹਾਂ ਦੀ ਨਿੱਜੀ ਮਾਨਸਿਕਤਾ ਦਰਸਾਉਂਦੇ ਹਨ। ਰੋਮ ਦਾ ਮਹਾਨਾਇਕ ਹੋਰੇਸ਼ੀਅਮ ਰੋਮ ਸ਼ਹਿਰ ਦੀ ਰਾਖੀ ਲਈ ਲੜਿਆ ਸੀ ਤੇ ਬਚਾਇਆ ਵੀ ਸੀ, ਪਰ ਦਰਬਾਰ ਸਾਹਿਬ ਤਾਂ ਹਮਲੇ ਦਾ ਸ਼ਿਕਾਰ ਹੋਇਆ ਅਤੇ ਅੰਤ ਬਾਰੇ ਸਾਰਾ ਸਿੱਖ ਸਮਾਜ ਵਾਕਿਫ ਹੈ। ਕਰਮਜੀਤ ਸਿੰਘ ਜੀ, ਅਰਥ ਹਮੇਸ਼ਾ ਅਰਥ ਕਰਨ ਵਾਲੇ ਦੀ ਨਿੱਜੀ ਮਾਨਸਿਕ ਉਲਾਰ ਵਾਲੀ ਪ੍ਰਤੀਬੱਧਤਾ ਦਰਸਾਉਂਦਾ ਹੈ। ਇਹੋ ਕਾਰਨ ਹੈ, ਗੁਰਬਾਣੀ ਤੇ ਵੱਖ-ਵੱਖ ਵਿਦਵਾਨਾਂ ਵੱਲੋਂ ਕੀਤੇ ਟੀਕੇ ਇਕ ਰੂਪ ਨਹੀਂ ਹਨ। ਇਸੇ ਕਰਕੇ ਹਰ ਟੀਕਾ, ਟੀਕਾ ਕਰਨ ਵਾਲੇ ਵਿਦਵਾਨ ਦੀ ਸੋਚ ਤੇ ਪ੍ਰਤੀਬੱਧ ਉਲਾਰ ਦਾ ਪ੍ਰਦਰਸ਼ਨ ਕਰਦਾ ਹੈ। ਕੋਈ ਵੀ ਟੀਕਾ ਜਾਂ ਲਿਖਤ ਦੈਵੀ ਆਦੇਸ਼ ਤਾਂ ਕਦੇ ਵੀ ਨਹੀਂ ਹੋ ਸਕਦੇ!

ਕੱਲ ਮੈਂ ਜੂਨ ਚੁਰਾਸੀ ਬਾਰੇ ਯੂਟਿਊਬ 'ਤੇ ਬੀ. ਬੀ. ਸੀ. ਦਾ ਇਕ ਵੀਡੀਓ ਵੇਖਿਆ, ਜਿਸ ਵਿਚ ਪੱਤਰਕਾਰ ਸਤੀਸ਼ ਜੈਕਬ ਨੇ ਦੱਸਿਆ ਕਿ ਇਕ ਦਿਨ ਉਸ ਦੀ ਛੱਤ 'ਤੇ ਇਕੱਲਿਆਂ ਸੰਤਾਂ ਨਾਲ ਗੱਲਬਾਤ ਹੋਈ। ਸਤੀਸ਼ ਜੈਕਬ ਨੇ ਕਿਹਾ ਕਿ ਉਸ ਨੇ ਜਦੋਂ ਸੰਤਾਂ ਨੂੰ ਕਿਹਾ ਕਿ ਜੋ ਹਾਲਾਤ ਬਣ ਰਹੇ ਹਨ, ਜੇ ਉਨ੍ਹਾਂ 'ਤੇ ਸਰਕਾਰ ਨੇ ਕੋਈ ਕਾਰਵਾਈ ਕੀਤੀ, ਤਾਂ? ਜਵਾਬ ਵਿਚ ਸੰਤਾਂ ਨੇ ਸਤੀਸ਼ ਜੈਕਬ ਨੂੰ ਬਾਂਹ ਨਾਲ ਇਸ਼ਾਰਾ ਕਰਦਿਆਂ ਕਿਹਾ ਕਿ ਵੇਖ ਰਿਹਾ ਹੈਂ ਉਹ ਖੇਤ। ਇੱਧਰੋਂ ਬਾਰਡਰ ਅੱਠ ਦੱਸ ਕਿੱਲੋਮੀਟਰ ਹੈ ਤੇ ਬਾਰਡਰ ਪਾਰ ਕਰਨ ਵਿਚ ਅੱਧੇ ਘੰਟੇ ਦਾ ਸਮਾਂ ਲੱਗਦਾ ਹੈ। ਜੇ ਕੋਈ ਸਰਕਾਰੀ ਕਾਰਵਾਈ ਹੋਈ ਤਾਂ ਮੈਂ ਪਿੱਛੋਂ ਦੀ ਨਿਕਲ ਕੇ ਪਾਕਿਸਤਾਨ ਚਲੇ ਜਾਣਾ ਹੈ, ਜਿੱਥੋਂ ਅਸੀਂ ਗੁਰੀਲਾ ਯੁੱਧ ਕਰਾਂਗੇ। ਇਹ ਵੀਡੀਓ ਯੂਟਿਊਬ 'ਤੇ ਉਪਲਬਧ ਹੈ। ਵੀਡੀਓ ਵੇਖ ਕੇ ਲੱਗਦਾ ਹੈ ਕਿ ਸਰਕਾਰ ਅਤੇ ਸੰਤ ਭਿੰਡਰਾਂਵਾਲੇ-ਦੋਹਾਂ ਦੇ ਇਕ ਦੂਜੇ ਪ੍ਰਤੀ ਕਿਆਫੇ ਸਹੀ ਨਹੀਂ ਸਨ। ਵੀਡੀਓ ਦਾ ਨਾਮ ਹੈ, "Operation Blue Star: What Happened in Golden Temple on 6th June 1984? (BBC Hindi)

ਕਰਮਜੀਤ ਸਿੰਘ ਨੇ ਅਜਮੇਰ ਸਿੰਘ ਵੱਲੋਂ ਸਾਂਝਾ ਏ. ਬੀ. ਪੀ. ਦੇ ਯਾਦਵਿੰਦਰ ਨੂੰ ਦਿੱਤੀ ਇੰਟਰਵਿਊ ਦੇ ਹਵਾਲੇ ਨਾਲ ਅਜਮੇਰ ਸਿੰਘ ਵੱਲੋਂ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਦੀ ਸੁਪਨਸਾਜ਼ੀ ਖਾਲਿਸਤਾਨ ਬਾਰੇ ਪ੍ਰਗਟਾਏ ਵਿਚਾਰਾਂ ਦਾ ਨੋਟਿਸ ਲੈਂਦਿਆਂ ਅਜਮੇਰ ਸਿੰਘ ਦੀ ਵਿਦਵਤਾ ਉਤੇ ਕਿਰਦਾਰਕੁਸ਼ੀਆਂ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਨੇ ਅਜਮੇਰ ਸਿੰਘ ਦੇ ਵਿਦੇਸ਼ੀ ਮੇਜ਼ਬਾਨਾਂ



ਅਜਮੇਰ ਸਿੰਘ

ਅਤੇ ਉਨ੍ਹਾਂ ਦੀ ਸਮਝ 'ਤੇ ਵੀ ਉਂਗਲ ਚੁੱਕੀ ਹੈ ਕਿ ਇਹ ਲੋਕ ਅਜਮੇਰ ਸਿੰਘ ਦੀ ਕਿਉਂ ਮਾਇਕ ਮਦਦ ਕਰਦੇ ਹਨ ਤੇ ਉਸ ਦੀਆਂ ਪੁਸਤਕਾਂ ਖਰੀਦਦੇ ਹਨ? ਉਹ ਚਾਹੁੰਦਾ ਹੈ ਕਿ ਸੰਤਾਂ ਦੇ ਪੈਰੋਕਾਰ ਨੋਟਿਸ ਲੈਣ ਕਿ "ਅਜਮੇਰ ਸਿੰਘ ਕੀ ਕਰ ਰਿਹਾ ਹੈ?" ਉਸ ਨੇ ਅਜਮੇਰ ਸਿੰਘ ਦੀਆਂ ਵਿਚਾਰਕ ਕਚਿਆਈਆਂ ਨੂੰ ਵੀ ਨੰਗੇ ਕਰਨ ਦਾ ਯਤਨ ਕੀਤਾ ਹੈ।

ਮੈਨੂੰ ਲੱਗਦਾ ਹੈ ਕਿ ਸਿੱਖ ਸੰਘਰਸ਼ ਵਿਚ ਹਿੱਸਾ ਲੈਣ ਵਾਲੇ ਅਣਗੌਲੇ ਤੇ ਅਨਾਮ ਲੱਖਾਂ ਨੌਜਵਾਨਾਂ ਦੀ ਭਾਗੀਦਾਰੀ ਤੇ ਸ਼ਹਾਦਤ ਕਰਮਜੀਤ ਸਿੰਘ ਚੰਡੀਗੜ੍ਹ ਅਤੇ ਪ੍ਰਭਸ਼ਰਨ ਭਰਾਵਾਂ ਲਈ ਇੰਨੀ ਅਹਿਮ ਨਹੀਂ, ਜਿੰਨੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਵਿਚਾਰਕ ਜਾਨਸ਼ੀਨ ਬਣਨਾ ਅਤੇ ਇਸ ਮੁੱਦੇ 'ਤੇ ਇਜਾਰੇਦਾਰੀ ਕਾਇਮ ਰੱਖਣੀ ਹੈ। ਕਰਮਜੀਤ ਸਿੰਘ ਨੇ ਪਿਛਲੇ ਇਕ ਲੇਖ ਵਿਚ ਆਪਣੇ ਆਪ ਨੂੰ ਸੁਭਾਗਾ ਮੰਨਿਆ ਸੀ, ਉਹ ਉਸ ਵਕਤ ਸ੍ਰੀ ਅੰਮ੍ਰਿਤਸਰ ਤਾਇਨਾਤ ਸੀ ਤੇ ਉਹ ਸੰਤਾਂ ਦੇ ਦਰਸ਼ਨ ਵੀ ਕਰ ਚੁਕਾ ਸੀ। ਇਸ ਨਜ਼ਰੀਏ ਨਾਲ ਤਾਂ ਪੱਤਰਕਾਰ ਦਲਬੀਰ ਸਿੰਘ ਸਭ ਤੋਂ ਵੱਧ ਸੁਭਾਗਾ ਸੀ, ਜਿਸ ਨੂੰ ਸੰਤਾਂ ਦੀ ਕਾਫੀ ਨੇੜਤਾ ਹਾਸਿਲ ਸੀ।

ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਕਿਤੇ ਵੀ ਆਪਣੇ ਆਪ ਨੂੰ ਕ੍ਰਿਸ਼ਮਈ ਜਨ ਸਾਬਤ ਕਰਨ ਦਾ ਯਤਨ ਨਹੀਂ ਕੀਤਾ, ਪਰ ਪਤਾ ਨਹੀਂ ਪੱਤਰਕਾਰ ਕਰਮਜੀਤ ਸਿੰਘ ਨੂੰ ਇਹ ਵਿਸ਼ੇਸ਼ ਕ੍ਰਿਸ਼ਮਈ ਦੇਖਣ ਤੇ ਘੋਖਣ ਦੀ ਯੋਗਤਾ ਕਿਵੇਂ ਪ੍ਰਾਪਤ ਹੋਈ? ਸਿੱਖ ਧਰਮ, ਵਿਅਕਤੀ ਵਿਸ਼ੇਸ਼ ਜਾਂ ਵਿਅਕਤੀ ਵਿਸ਼ੇਸ਼ ਦੇ ਚਿੰਤਨ ਦਾ ਧਾਰਨੀ ਕਦੇ ਵੀ ਨਹੀਂ ਰਿਹਾ। ਸਿੱਖ ਧਰਮ ਦੇ ਕੇਂਦਰ ਬਿੰਦੂ ਵਿਚ ਹਮੇਸ਼ਾ 'ਸਰਬੱਤ ਵੱਲੋਂ ਸਰਬੱਤ ਦਾ ਭਲਾ' ਰਿਹਾ ਹੈ।

ਇਹ ਜੋ ਜਾਨਸ਼ੀਨੀ ਦਾ ਦੌਰ ਚੱਲਿਆ ਹੈ, ਇਸ ਵਿਚ ਕਿਰਦਾਰਕੁਸ਼ੀਆਂ ਦਾ ਚੱਲ ਰਿਹਾ ਸਿਲਸਿਲਾ ਹੁਣ ਠੱਲ੍ਹਣ ਵਾਲਾ ਨਹੀਂ। ਲੱਗਦਾ ਹੈ, ਸਿੱਖ ਧਰਮ ਦੇ ਦੋਖੀਆਂ ਨੇ ਪੜ੍ਹੇ-ਲਿਖੇ ਸਿੱਖਾਂ ਨੂੰ ਇਕ ਅਜਿਹੀ ਚੂਹਾ ਦੌੜ ਵਿਚ ਪਾ ਦਿੱਤਾ ਹੈ, ਜਿਸ ਵਿਚੋਂ ਨਿਕਲਨਾ ਕੁਝ ਨਹੀਂ, ਪਰ ਬੇਸ਼ਕੀਮਤੀ ਸਮੇਂ ਤੇ ਊਰਜਾ ਦੀ ਬਰਬਾਦੀ ਤਾਂ ਨਿਸ਼ਚਿਤ ਹੈ। ਲੱਗਦਾ ਹੈ, ਗੁਰਬਾਣੀ ਦਾ ਸਿੱਖਾਂ ਨਾਲ ਸਰੋਕਾਰ ਹੁਣ ਸਿਰਫ ਸਿਰ ਨਿਵਾਉਣ ਤੱਕ ਹੀ ਰਹਿ ਗਿਆ ਹੈ। ਹਰ ਗੁਰਦੁਆਰਾ ਸਾਹਿਬ ਵਿਚ ਦਰਬਾਰ ਸਾਹਿਬ ਦੇ ਠੀਕ ਬਾਹਰ ਵੱਡੀ ਟੀ. ਵੀ. ਸਕਰੀਨ ਤੇ ਹਰ ਦਿਨ ਹੁਕਮਨਾਮਾ ਅੰਕਿਤ ਹੁੰਦਾ ਹੈ। ਕਰੀਬ 95% ਸੰਗਤ ਟੀ. ਵੀ. ਸਕਰੀਨ ਮੂਹਰੇ ਸਿਰ ਨਿਵਾਉਂਦੀ ਹੈ ਤੇ ਪੜ੍ਹੇ-ਲਿਖੇ ਲੋਕ ਹੱਥ ਜੋੜ ਕੇ ਬੜੀ ਸ਼ਰਧਾ ਨਾਲ ਮੁੱਖ ਵਾਕ ਪੜ੍ਹਦੇ ਹਨ, ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕਿੰਨਿਆਂ ਨੇ ਉਸ ਦਿਨ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਅਨੁਸਾਰ ਹੀ ਕਾਰ ਵਿਹਾਰ ਕੀਤੇ ਹਨ?

ਸਿੱਖਾਂ ਵੱਲੋਂ ਗੱਲ-ਗੱਲ 'ਤੇ ਗੁਰਬਾਣੀ ਦੀਆਂ ਮਿਸਾਲਾਂ ਦੇਣੀਆਂ ਇਕ ਆਮ ਵਿਹਾਰ ਬਣ ਗਿਆ ਹੈ। ਕਿੰਨੇ ਸਿੱਖ ਹਨ, ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਤਾਂ ਦੂਰ ਦੀ ਗੱਲ ਹੈ, ਜਪੁਜੀ ਸਾਹਿਬ ਦੇ ਮੂਲ ਮੰਤਰ ਦੇ ਸਹੀ ਅਰਥ ਆਉਂਦੇ ਹੋਣ? ਮੇਰੀ ਤਾਂ ਸਿੱਖ ਵਿਦਵਾਨਾਂ ਤੇ ਦਰਦੀਆਂ ਨੂੰ ਅਰਜੋਈ ਹੈ ਕਿ ਸਿੱਖਾਂ ਵਿਚ ਆਪਸੀ ਭਾਈਚਾਰੇ ਦੇ ਗੁਣਾਂ 'ਤੇ ਵਿਸਤ੍ਰਿਤ ਚਰਚਾ ਕਰੋ। ਸਿੱਖਾਂ ਨੂੰ ਇਸ ਦੇ ਧਾਰਨੀ ਬਣਾਉਣ ਵੱਲ ਨੂੰ ਯਤਨ ਤੇ ਉਪਰਾਲੇ ਕਰੋ। ਸਰਬੱਤ ਦੇ ਭਲੇ ਦੇ ਨਾਲ-ਨਾਲ ਲੋੜਵੰਦ ਸਿੱਖਾਂ ਦਾ ਵੀ ਧਿਆਨ ਕਰੋ। ਸਿੱਖ ਸੰਸਥਾਵਾਂ ਨੂੰ ਕੌਮਾਂਤਰੀ ਪੱਧਰ 'ਤੇ ਲੈ ਜਾਉ। ਜੇ ਹੋਰ ਕੋਈ ਕੌਮ ਹੁੰਦੀ ਤਾਂ 'ਭਗਤ ਪੂਰਨ ਸਿੰਘ ਪਿੰਗਲਵਾੜਾ' ਦਾ ਨਾਮ ਤੇ 'ਪਿੰਗਲਵਾੜਾ ਸੰਸਥਾ' ਦੀ ਖਿਆਤੀ ਅੱਜ ਮਦਰ ਟੈਰੇਸਾ ਅਤੇ ਉਸ ਦੀ ਸੰਸਥਾ 'ਮਿਸ਼ਨਰੀਜ਼ ਆਫ ਚੈਰੀਟਿਜ਼' ਵਾਂਗ ਕੌਮਾਂਤਰੀ ਪੱਧਰ 'ਤੇ ਧਰੂ ਤਾਰੇ ਵਾਂਗ ਟਿਮ ਟਿਮਾ ਰਹੀ ਹੁੰਦੀ ਤੇ 'ਖਾਲਸਾ ਏਡ' ਸੰਸਥਾ ਅੱਜ ਗੁਰੂ ਨਾਨਕ ਦੇ ਸਰਬੱਤ ਦੇ ਭਲੇ ਦਾ ਕੌਮਾਂਤਰੀ ਦੂਤ ਹੁੰਦੀ। ਪੰਜਾਬੀ/ਸਿੱਖ ਖੁਦਕੁਸ਼ੀਆਂ ਵੱਲ ਨੂੰ ਨਾ ਵਧਦੇ, ਪੰਜਾਬੀ ਨੌਜਵਾਨਾਂ ਤੇ ਮੁਟਿਆਰਾਂ ਨੂੰ ਰੁਜ਼ਗਾਰ ਅਤੇ ਚੰਗੇ ਭਵਿੱਖ ਲਈ ਜਾਨਾਂ ਤੇ ਪੱਤ ਨਾ ਦਾਅ 'ਤੇ ਲਾਉਣੀ ਪੈਂਦੀ।

ਮੌਜੂਦਾ ਕਰੋਨਾ ਮਹਾਮਾਰੀ ਦੇ ਦੌਰ ਵਿਚ ਇਸਾਈ ਚੈਰਿਟੀ ਸੰਸਥਾਵਾਂ ਦਿਨ ਰਾਤ ਲਾਜਵਾਬ ਮਨੁੱਖਤਾ ਦੀ ਸੇਵਾ ਵਿਚ ਲੀਨ ਹਨ। ਚਰਚਾਂ ਅਤੇ ਚੈਰੀਟਿਜ਼ ਦੇ ਬਾਹਰ ਟਰੱਕਾਂ ਦੇ ਹਿਸਾਬ ਨਾਲ ਸੁੱਕਾ ਰਾਸ਼ਨ ਵੰਡਿਆ ਜਾਂਦਾ ਹੈ, ਪਰ ਕਮਾਲ ਹੈ! ਸਿੱਖ ਦਾਨੀ ਖਾਨਿਆਂ ਦੀ ਗਿਣਤੀ ਅਤੇ ਆਪਣੀ ਸੰਸਥਾ ਦਾ ਨਾਮ ਦੱਸਣਾ ਤੇ ਫੋਟੋ ਖਿਚਵਾਉਣਾ ਨਹੀਂ ਭੁੱਲਦੇ!

# ਆਜ਼ਾਦੀ ਮਾਨਵਵਾਦੀ ਉਦੇਸ਼ ਦੀ ਉਪਜ ਹੁੰਦੀ ਹੈ

(ਪਿਛਲੇ ਸਫੇ ਦੀ ਬਾਕੀ)

ਸਿੱਖ ਸਨ ਤੇ ਪਾਰਟੀ ਦੀ ਵਾਗ ਡੋਰ ਇਨ੍ਹਾਂ ਦੋ ਜਾਤਾਂ ਦੇ ਹੱਥ ਵਿਚ ਸੀ। ਪਾਰਟੀ ਦੀ ਅਗਵਾਈ ਮਾਸਟਰ ਤਾਰਾ ਸਿੰਘ ਕਰ ਰਿਹਾ ਸੀ। ਪਾਰਟੀ ਦਾ ਮਨੋਰਥ ਸਿੱਖਾਂ ਦੇ ਧਾਰਮਿਕ ਅਤੇ ਸਿਆਸੀ ਹੱਕਾਂ ਦੀ ਰਾਖੀ ਕਰਨਾ ਸੀ। ਅਕਾਲੀ ਦਲ ਦੇ ਮੁਕਾਬਲੇ ਕਾਂਗਰਸ ਅਤੇ ਮੁਸਲਿਮ ਲੀਗ ਦੇ ਲੀਡਰ ਸੂਝਵਾਨ ਤੇ ਉਚ ਸਿਖਿਆ ਪ੍ਰਾਪਤ ਵਿਅਕਤੀ ਸਨ। ਪਾਰਲੀਮਾਨੀ ਲੋਕਤੰਤਰ ਵਿਚ ਸਮਰਥਕਾਂ ਦੀ ਗਿਣਤੀ ਮਾਅਨੇ ਰੱਖਦੀ ਹੈ, ਇਸ ਲਈ ਕਾਂਗਰਸ ਹਰ ਧਰਮ, ਵਰਗ, ਜਾਤ ਤੇ ਸ਼੍ਰੇਣੀ ਦੇ ਬੰਦਿਆਂ ਨੂੰ ਅਤੇ ਮੁਸਲਿਮ ਲੀਗ ਸਾਰੇ ਮੁਸਲਮਾਨਾਂ ਨੂੰ ਨਾਲ ਮਿਲਾਉਣ ਦੇ ਪੁਰਜ਼ੋਰ ਯਤਨ ਕਰ ਰਹੇ ਸਨ, ਪਰ ਅਕਾਲੀ ਦਲ ਮਾਲਵੇ, ਦੁਆਬੇ, ਪੁਆਧ ਅਤੇ ਨੀਵੀਂ ਜਾਤ ਦੇ ਸਿੱਖਾਂ ਨੂੰ ਪਾਰਟੀ ਦੇ ਮੈਂਬਰ ਬਣਾਉਣ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਿਹਾ ਸੀ। ਉਹ ਲੀਡਰਾਂ ਦੀ ਚੋਣ ਵਿਚ ਵੀ ਜਾਤੀਵਾਦ ਅਤੇ ਸਥਾਨਵਾਦ ਨੂੰ ਸਿਆਸੀ ਸੂਝ ਤੇ ਵਿਦਿਅਕ ਯੋਗਤਾ ਨਾਲੋਂ ਵੱਧ ਮਹੱਤਤਾ ਦਿੰਦਾ ਸੀ।

1947 ਵਿਚ ਭਾਰਤ ਦੀ ਆਜ਼ਾਦੀ ਸਮੇਂ ਅਕਾਲੀ ਦਲ ਤੇ ਸਿੱਖਾਂ ਦੇ ਭਵਿੱਖ ਦਾ ਵੱਡਾ ਫੈਸਲਾ ਕਰਨ ਦੀ ਜ਼ਿੰਮੇਵਾਰੀ ਆ ਪਈ, ਪਰ ਅਕਾਲੀ ਦਲ ਵਿਚ ਕੋਈ ਵੀ ਐਸਾ ਲੀਡਰ ਨਹੀਂ ਸੀ, ਜੋ ਸਮੇਂ ਦਾ ਹਾਣੀ ਅਤੇ ਏਡੀ ਵੱਡੀ ਜ਼ਿੰਮੇਵਾਰੀ ਨਿਭਾਉਣ ਦੇ ਕਾਬਲ ਹੁੰਦਾ। ਅੰਗਰੇਜ਼ ਸਿੱਖਾਂ ਨੂੰ ਤੀਜੀ ਧਿਰ ਬਣਾਉਣਾ ਚਾਹੁੰਦੇ ਸਨ, ਕਿਉਂਕਿ ਮਾਲਵੇ, ਪੁਆਧ ਅਤੇ ਉਨ੍ਹਾਂ ਨਾਲ ਲਗਦੇ ਬਾਂਗਰ ਤੇ ਪਹਾੜੀ ਇਲਾਕਿਆਂ 'ਤੇ ਫੁਲਕੀਆਂ ਰਿਆਸਤਾਂ ਦੇ ਸਿੱਖ ਰਾਜਿਆਂ ਦਾ ਰਾਜ ਸੀ, ਜੋ ਆਜ਼ਾਦ ਹੋ ਜਾਣਾ ਸੀ, ਸਿੱਖਾਂ ਦੀ ਆਪਣੀ ਸਿਆਸੀ ਪਾਰਟੀ ਸੀ ਅਤੇ ਫੌਜ ਵਿਚ ਭਾਰੀ ਗਿਣਤੀ ਸੀ। ਫੁਲਕੀਆਂ ਰਿਆਸਤਾਂ ਦੇ ਰਾਜਿਆਂ ਨਾਲ ਗੱਲਬਾਤ ਰਾਹੀਂ ਅਤੇ ਪੰਜਾਬ ਦੇ ਨੇੜਲੇ ਇਲਾਕੇ ਮਿਲਾ ਕੇ ਸਿੱਖਾਂ ਲਈ ਵੱਖਰਾ ਆਜ਼ਾਦ ਰਾਜ ਸਥਾਪਤ ਕਰਨਾ ਅੰਗਰੇਜ਼ਾਂ ਲਈ ਔਖਾ ਵੀ ਨਹੀਂ ਸੀ, ਪਰ ਇਸ ਦਾ ਫੈਸਲਾ ਅਕਾਲੀ ਦਲ ਨੇ ਕਰਨਾ ਸੀ। ਰਾਜਸੀ ਪਾਰਟੀ ਹੁੰਦੇ ਹੋਏ ਵੀ ਅਕਾਲੀ ਦਲ ਦੇ ਲੀਡਰ ਪੰਜਾਬ ਵਿਚ ਆਪਣਾ ਆਜ਼ਾਦ ਰਾਜ ਸਥਾਪਤ ਕਰਨ ਦੀ ਕਲਪਨਾ ਨਾ ਕਰ ਸਕੇ। ਅਕਾਲੀ ਦਲ ਤੀਜੀ ਧਿਰ ਬਣਨ ਲਈ ਤਿਆਰ ਨਾ ਹੋਇਆ। ਮੁਹੰਮਦ ਅਲੀ ਜਿਨਾਹ ਨੇ ਵੀ ਸਿੱਖਾਂ ਨੂੰ ਪਾਕਿਸਤਾਨ ਨਾਲ ਰਲਣ ਦਾ ਪ੍ਰਸਤਾਵ ਕੀਤਾ ਸੀ, ਜੋ ਅਕਾਲੀ ਦਲ ਨੇ ਨਾਮਨਜ਼ੂਰ ਕਰ ਦਿੱਤਾ। ਅਕਾਲੀ ਲੀਡਰਾਂ ਨੇ ਕਾਂਗਰਸ ਦਾ ਸਾਥ ਦੇਣ ਦਾ ਫੈਸਲਾ ਕਰ ਲਿਆ, ਪਰ ਜੋ ਹਾਲਾਤ ਬਣੇ ਹੋਏ ਸਨ, ਉਨ੍ਹਾਂ ਵਿਚ ਇਹ ਫੈਸਲਾ ਗਲਤ ਨਹੀਂ ਸੀ।



ਮਾਸਟਰ ਤਾਰਾ ਸਿੰਘ

*1920 ਵਿਚ ਸਿੱਖਾਂ ਨੇ ਆਪਣੀ ਰਾਜਸੀ ਪਾਰਟੀ, ਅਕਾਲੀ ਦਲ ਬਣਾ ਲਈ। ਪਾਰਟੀ ਦੇ ਬਹੁਤੇ ਮੈਂਬਰ ਪੜ੍ਹੇ-ਲਿਖੇ ਪੋਠੋਹਾਰ ਦੇ ਸਿੱਖ ਖੱਤਰੀ ਵਪਾਰੀ ਅਤੇ ਮਾਝੇ ਦੇ ਜ਼ਿਮੀਂਦਾਰ ਜੱਟ ਸਿੱਖ ਸਨ ਤੇ ਪਾਰਟੀ ਦੀ ਵਾਗ ਡੋਰ ਇਨ੍ਹਾਂ ਦੋ ਜਾਤਾਂ ਦੇ ਹੱਥ ਵਿਚ ਸੀ। ਪਾਰਟੀ ਦੀ ਅਗਵਾਈ ਮਾਸਟਰ ਤਾਰਾ ਸਿੰਘ ਕਰ ਰਿਹਾ ਸੀ।...ਅਕਾਲੀ ਦਲ ਮਾਲਵੇ, ਦੁਆਬੇ, ਪੁਆਧ ਅਤੇ ਨੀਵੀਂ ਜਾਤ ਦੇ ਸਿੱਖਾਂ ਨੂੰ ਪਾਰਟੀ ਦੇ ਮੈਂਬਰ ਬਣਾਉਣ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਿਹਾ ਸੀ। ਉਹ ਲੀਡਰਾਂ ਦੀ ਚੋਣ ਵਿਚ ਵੀ ਜਾਤੀਵਾਦ ਅਤੇ ਸਥਾਨਵਾਦ ਨੂੰ ਸਿਆਸੀ ਸੂਝ ਤੇ ਵਿਦਿਅਕ ਯੋਗਤਾ ਨਾਲੋਂ ਵੱਧ ਮਹੱਤਤਾ ਦਿੰਦਾ ਸੀ।*

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅਕਾਲੀ ਦਲ ਨੇ ਬਿਨਾ ਕਿਸੇ ਲਿਖਤੀ ਸਮਝੌਤੇ ਅਤੇ ਵਿਸ਼ੇਸ਼ ਅਧਿਕਾਰਾਂ ਦੇ ਕਾਂਗਰਸ ਨਾਲ ਰਲਣਾ ਪ੍ਰਵਾਨ ਕਰਕੇ ਆਪਣੀ ਸਿਆਸੀ ਹਸਤੀ ਨੂੰ ਮਿਟਾਉਣ ਦਾ ਨਿਰਣਾ ਕਿਉਂ ਲੈ ਲਿਆ ਸੀ? ਹਾਲਾਂਕਿ ਇਹ ਬਹਿਸ ਦਾ ਵਿਸ਼ਾ ਹੈ ਕਿ ਰਿਆਸਤੀ ਸਿੱਖ ਰਾਜੇ ਕਿਸ ਕਿਸਮ ਦੇ ਸਿੱਖ ਸਨ ਤੇ ਉਨ੍ਹਾਂ ਦੇ ਆਸਰੇ ਲਿਆ ਗਿਆ ਸਿੱਖ ਰਾਜ ਕਿੰਨਾ ਕੁ ਬਾਣੀ ਦੇ ਆਸ਼ਿਆਂ ਅਨੁਸਾਰ ਹੋਣਾ ਸੀ।

ਜਿਹੜੇ ਰਾਜ ਦੀ ਖਾਲਿਸਤਾਨੀ ਮੰਗ ਕਰ ਰਹੇ ਹਨ, ਉਸ ਦੀ 1947 ਵਿਚ ਉਨ੍ਹਾਂ ਦੇ ਬਜ਼ੁਰਗਾਂ ਨੇ ਕਲਪਨਾ ਕਰਨੀ ਵੀ ਜ਼ਰੂਰੀ ਨਹੀਂ ਸੀ ਸਮਝੀ। ਜੇ ਅਕਾਲੀ ਦਲ ਪੰਜਾਬ ਵਿਚ ਵੱਖਰੇ ਰਾਜ ਦੀ ਮੰਗ ਕਰ ਲੈਂਦਾ ਤਾਂ ਪੰਜਾਬ ਵਿਚ ਵੱਖ ਸਿੱਖ ਰਾਜਿਆਂ ਦੇ ਮਿਲਾਪ ਨਾਲ ਆਜ਼ਾਦ ਰਾਜ ਦੀ ਸਥਾਪਨਾ ਹੋ ਜਾਣੀ ਸੰਭਵ ਸੀ।

ਆਜ਼ਾਦੀ ਪ੍ਰਾਪਤ ਕਰਨ ਪਿਛੋਂ ਭਾਰਤ ਦਾ ਸੰਵਿਧਾਨ ਬਣਾਉਣ ਵਾਲੀ ਅਸੈਂਬਲੀ ਵਿਚ ਸਿੱਖ ਨੁਮਾਇੰਦਿਆਂ ਨੇ ਹਿੱਸਾ ਲਿਆ ਸੀ, ਪਰ ਉਸ ਵਲੋਂ ਬਣਾਏ ਸੰਵਿਧਾਨ 'ਤੇ ਦਸਤਖਤ ਨਹੀਂ ਸੀ ਕੀਤੇ। ਭਾਰਤੀ ਸੰਵਿਧਾਨ ਵਿਚ ਮੂਲ ਮਨੁੱਖੀ ਅਧਿਕਾਰਾਂ ਦੀ ਵਿਵਸਥਾ ਹੈ। ਇਨ੍ਹਾਂ ਅਧਿਕਾਰਾਂ ਅਧੀਨ ਧਾਰਮਿਕ ਆਜ਼ਾਦੀ ਦੀ ਵੀ ਵਿਵਸਥਾ ਹੈ। ਕਿਸੇ ਧਰਮ ਨਾਲ ਵਿਤਕਰਾ ਸੰਵਿਧਾਨਕ ਕਾਨੂੰਨ ਦੀ ਉਲੰਘਣਾ ਮੰਨੀ ਜਾਂਦੀ ਹੈ ਅਤੇ ਉਲੰਘਣਾ ਕਰਨ ਵਾਲੇ ਨੂੰ ਕੋਰਟ ਸਜ਼ਾ ਦਿੰਦਾ ਹੈ। ਫਿਰ ਵੀ ਜੁਗੋ-ਜੁਗਾਂ ਤੋਂ ਸਰਕਾਰਾਂ ਗਲਤੀਆਂ ਕਰਦੀਆਂ ਆਈਆਂ ਹਨ ਅਤੇ ਭਾਰਤ ਸਰਕਾਰ ਵੀ ਦੁਧ ਧੋਤੀ ਨਹੀਂ ਹੈ, ਸਰਕਾਰ ਨੇ ਸੌੜੀ ਰਾਜਨੀਤੀ ਕਰਦਿਆਂ ਵਿਤਕਰੇ ਇਕੱਲੇ ਪੰਜਾਬੀਆਂ ਨਾਲ ਹੀ ਕਿਉਂ, ਸਗੋਂ ਨਾਗਾਲੈਂਡ ਵਾਸੀਆਂ, ਕਸ਼ਮੀਰੀਆਂ, ਦੇਸ਼ ਦੇ ਕਰੋੜਾਂ ਆਦਿਵਾਸੀਆਂ ਅਤੇ ਦੇਸ਼ ਦੇ ਹਰ ਹਿੱਸੇ ਦੇ ਦਲਿਤਾਂ ਨਾਲ ਸਿੱਖਾਂ ਨਾਲੋਂ ਵੀ ਵੱਧ ਵਿਤਕਰੇ ਕੀਤੇ। ਸਰਕਾਰ ਨਾਲ ਲੜਨਾ ਜਾਇਜ਼ ਸੀ, ਪਰ ਸਾਡੇ ਆਗੂ ਕਦੇ ਵੀ ਲੜਾਈ ਦੇ ਢੁਕਵੇਂ ਦਾਅ-ਪੇਚ ਨਾ ਬਣਾ ਸਕੇ; ਗੈਰ ਸਿੱਖਾਂ ਦਾ ਵਿਸ਼ਵਾਸ ਜਿਤਣ ਦੀ ਗੱਲ ਤਾਂ ਪਾਸੇ, ਖੁਦ ਆਪਣੇ ਰਾਮਗੜ੍ਹੀਆ ਭਰਾਵਾਂ, ਸੈਣੀਆਂ, ਕੰਬੋਜਾਂ ਜਾਂ ਅਨੇਕਾਂ ਹੋਰ ਸਿੱਖ ਭਾਈਚਾਰਿਆਂ ਦੇ ਲੋਕਾਂ ਦਾ ਵਿਸ਼ਵਾਸ ਵੀ ਨਾ ਜਿੱਤ ਸਕੇ। ਸ਼ਾਇਦ ਇਸੇ ਕਰਕੇ ਬਹੁਤੇ ਸਿੱਖ ਭਾਰਤੀ ਲੋਕਤੰਤਰ ਤੋਂ ਕਾਫੀ ਹੱਦ ਤਕ ਅਜੇ ਵੀ ਸੰਤੁਸ਼ਟ ਹਨ। ਸਵਾਲ ਪੈਦਾ ਹੁੰਦਾ ਹੈ ਕਿ ਖਾਲਿਸਤਾਨ ਐਸੇ ਕਿਹੜੇ ਮਾਨਵੀ ਅਧਿਕਾਰ ਦੇਣ ਲਈ ਵਚਨਬੱਧ ਹੈ, ਜੋ ਭਾਰਤੀ ਸੰਵਿਧਾਨ ਨਹੀਂ ਦੇ ਰਿਹਾ? ਅਕਾਲੀ ਪਾਰਟੀ ਮਾਝੇ ਦੇ ਸਿੱਖਾਂ ਦੀ ਪਾਰਟੀ ਬਣੀ ਹੋਈ ਸੀ, ਪਰ ਪੰਜਾਬੀ ਸੂਬੇ ਦੇ ਸੰਘਰਸ਼ ਦੀ ਸਫਲਤਾ 'ਤੇ ਉਹ ਮਾਲਵੇ ਦੇ ਸਿੱਖਾਂ ਦੀ ਪਾਰਟੀ ਬਣ ਗਈ।

ਖਾਲਿਸਤਾਨ ਦਾ ਸੰਕਲਪ ਕਿਸੇ ਡੂੰਘੀ ਜਾਂ ਨਿੱਗਰ ਵਿਚਾਰਧਾਰਾ ਜਾਂ ਮਾਨਵੀ ਕਦਰਾਂ ਕੀਮਤਾਂ ਦੀ ਉਪਜ ਨਹੀਂ ਹੈ। ਹੁਣ ਇਸ ਦਾ ਆਧਾਰ ਬਹੁਤ ਹੱਦ ਤਕ ਦਮਦਮੀ ਟਕਸਾਲ ਸੰਪਰਦਾ ਦੀ ਸੋਚ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਤਕਰੀਰਾਂ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਨਿਸ਼ਚਾ ਸੀ ਕਿ ਦਰਬਾਰ ਸਾਹਿਬ 'ਤੇ ਹਮਲਾ ਹੋਣ ਨਾਲ ਸਿੱਖ ਆਪਣੇ ਧਰਮ ਦੀ ਰਖਿਆ ਲਈ ਮਰਨ-ਮਾਰਨ ਲਈ ਤਿਆਰ ਹੋ ਜਾਣਗੇ, ਜਿਸ ਨਾਲ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਇਸ ਲਈ ਉਹ ਦਰਬਾਰ ਸਾਹਿਬ ਵਿਚ ਮੋਰਚਾ-ਬੰਦੀ ਕਰਕੇ ਅਤੇ ਹਰ ਤਰ੍ਹਾਂ ਦੇ ਚੰਗੇ-ਮਾੜੇ ਤੇ ਸ਼ੱਕੀ ਕਿਸਮ ਦੇ ਅਨਸਰਾਂ ਨੂੰ ਪਨਾਹ ਦੇ ਕੇ ਭਾਰਤ ਸਰਕਾਰ ਨੂੰ ਹਮਲਾ ਕਰਨ ਲਈ ਉਕਸਾ ਰਿਹਾ ਸੀ; ਪਰ ਦਰਬਾਰ ਸਾਹਿਬ ਉਤੇ ਹਮਲਾ ਹੋਣ 'ਤੇ ਸਿੱਖ ਜਗਤ ਵਿਚ ਸੋਗ ਪੈ ਗਿਆ ਅਤੇ ਇੱਕਾ ਦੁੱਕਾ ਹਿੰਸਕ ਵਾਰਦਾਤਾਂ ਤੋਂ ਇਲਾਵਾ ਕੋਈ ਵੱਡਾ ਸੰਘਰਸ਼ ਨਾ ਛਿੜਿਆ। ਅਸਲ ਵਿਚ ਆਮ ਸਿੱਖਾਂ ਦਾ ਭਾਰਤੀ ਸੰਵਿਧਾਨ ਦੇ ਮਾਨਵੀ ਅਧਿਕਾਰਾਂ ਵਿਚ ਵਿਸ਼ਵਾਸ ਸੀ। ਦਰਬਾਰ ਸਾਹਿਬ 'ਤੇ ਹਮਲੇ ਨੂੰ ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵਲੋਂ ਫੈਲਾਏ ਦਹਿਸ਼ਤਵਾਦ, ਭਾਰਤ ਸਰਕਾਰ ਦੀ ਮਿਲੀਭੁਗਤ, ਕਾਂਗਰਸ ਦੀ ਸਿੱਖ ਧਰਮ ਨਾਲ ਈਰਖਾ ਅਤੇ ਭਾਰਤ ਸਰਕਾਰ ਦੀ ਇੱਜ਼ਤ ਦਾ ਮਸਲਾ ਸਮਝਦੇ ਹਨ। ਉਹ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਭਾਰਤ ਸਰਕਾਰ ਨੂੰ ਵੀ ਬਰਾਬਰ ਦਾ ਦੋਸ਼ੀ ਮੰਨਦੇ ਹਨ, ਕਿਉਂਕਿ ਸਰਕਾਰ ਨੇ ਹੀ ਸਭ ਕੁਝ ਜਾਣਦਿਆਂ ਦਰਬਾਰ ਸਾਹਿਬ ਵਿਚ ਅਸਲਾ ਲਿਆਉਣ ਦੀ ਖੁੱਲ੍ਹ ਦਿੱਤੀ ਸੀ। ਇਹ ਘਿਨਾਉਣੀ ਘਟਨਾ ਕਾਂਗਰਸ ਪਾਰਟੀ ਦੀ ਅਕਾਲੀ ਦਲ ਨੂੰ ਤੋੜਨ ਦੀ ਸਿਆਸੀ ਸਾਜ਼ਿਸ਼ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਧਾਰਮਿਕ ਕੱਟੜਤਾ ਤੇ ਸਿਆਸੀ ਅਨੁਭਵ ਦੀ ਘਾਟ ਦਾ ਦਰਦਨਾਕ ਨਤੀਜਾ ਸੀ। ਇਸ ਲਈ ਕਿਸੇ ਖੱਬੇ ਪੱਖੀ ਪਾਰਟੀ ਨੂੰ ਦੋਸ਼ੀ ਠਹਿਰਾਉਣ ਦੀ ਕੋਈ ਤੁਕ ਨਹੀਂ ਬਣਦੀ।

ਜਿਥੋਂ ਤਕ ਦਮਦਮੀ ਟਕਸਾਲ ਸੰਪਰਦਾ ਦੇ ਸਿੱਖ ਧਰਮ ਵਿਚ ਯੋਗਦਾਨ ਦਾ ਸੁਆਲ ਹੈ, ਟਕਸਾਲ ਗੁਰਬਾਣੀ ਦੇ ਸ਼ੁੱਧ ਪਾਠ ਅਤੇ ਪਾਠਾਂ ਦੀਆਂ ਲੜੀਆਂ ਚਲਾਉਣ 'ਤੇ ਜ਼ੋਰ ਦਿੰਦੀ ਹੈ; ਚਮਤਕਾਰਾਂ ਤੇ ਹਿੰਦੂ ਧਰਮ ਦੀ ਜਾਤ-ਪਾਤ ਪ੍ਰਣਾਲੀ ਵਿਚ ਵਿਸ਼ਵਾਸ ਰੱਖਦੀ ਹੈ ਅਤੇ ਹਿੰਦੂ ਧਰਮ ਦੀਆਂ ਰੀਤਾਂ ਦੇ ਨਾਂ ਬਦਲ ਕੇ ਵਰਤਣ ਦੀ ਹਾਮੀ ਹੈ। ਇਸ ਨੇ ਸਿੱਖ ਧਰਮ 'ਤੇ ਕੁਝ ਟੈਕਸਟ ਤੇ ਪਾਠ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ ਅਤੇ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਕਰਨ ਦੀ ਵਿਵਸਥਾ ਕੀਤੀ ਹੈ। ਵਿਦੇਸ਼ਾਂ ਵਿਚ ਵੀ ਟਕਸਾਲ ਦੇ ਗੁਰਦੁਆਰੇ ਹਨ। ਇਹ ਹਿੰਸਕ ਕਾਰਵਾਈਆਂ ਕਰਕੇ ਦੂਜੀਆਂ ਸਿੱਖ ਸੰਪਰਦਾਵਾਂ ਦੇ ਮੁਖੀਆਂ ਨੂੰ ਡਰਾਉਂਦੀ ਧਮਕਾਉਂਦੀ ਰਹਿੰਦੀ ਹੈ।

ਅਕਾਲੀ ਦਲ ਨੇ ਅਨੰਦਪੁਰ ਸਾਹਿਬ ਦੇ ਮਤੇ ਵਿਚ ਭਾਰਤ ਦੇ ਫੈਡਰਲ ਢਾਂਚੇ ਵਿਚ ਸੁਧਾਰ ਦਾ ਪ੍ਰਸਤਾਵ ਰਖਿਆ ਹੈ, ਜੋ ਸਹੀ ਅਤੇ ਵਾਜਬ ਹੈ, ਕਿਉਂਕਿ ਹਿੰਦੂਤਵੀ ਸ਼ਕਤੀਆਂ ਫੈਡਰਲ ਢਾਂਚੇ ਨੂੰ ਖਤਮ ਕਰਕੇ ਏਕਾਤਮਕ ਰਾਜ ਪ੍ਰਣਾਲੀ ਸਥਾਪਤ ਕਰਨ ਲਈ ਤਰਲੋ-ਮੱਛੀ ਹਨ। ਇਸ ਵੇਲੇ ਭਾਰਤ ਦੇ ਰਾਜਾਂ ਦੇ ਅਧਿਕਾਰਾਂ ਅਤੇ ਸੱਤਾ ਵਿਚ ਵਾਧਾ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ।

ਸਿਆਸਤ ਲੋਕਾਂ ਨੂੰ ਇਕੱਠੇ ਰੱਖਣ ਦਾ ਹੁਨਰ ਹੈ। ਧਰਮ, ਨਸਲ, ਜਾਤ, ਰੰਗ, ਲਿੰਗ ਅਤੇ ਰੁਤਬੇ ਦੀਆਂ ਵੰਡੀਆਂ ਪੈਣ ਨਾਲ ਸਮਾਜ ਹਿੰਸਕ ਤੇ ਅਸਥਿਰ ਹੋ ਕੇ ਬਿਖਰ ਜਾਂਦਾ ਹੈ। ਜੀਵਨ, ਸਮਾਜ ਅਤੇ ਵਿਚਾਰ ਬਦਲਦੇ ਰਹਿੰਦੇ ਹਨ। ਸਮਾਜ ਦੀ ਉਨਤੀ ਲਈ ਵਿਚਾਰਾਂ ਦਾ ਵਿਰੋਧ ਅਤੇ ਆਦਾਨ-ਪ੍ਰਦਾਨ ਜ਼ਰੂਰੀ, ਪਰ ਵੈਰ ਘਾਤਕ ਹੁੰਦਾ ਹੈ। ਸਿਆਸਤ ਵਿਚ ਸਫਲਤਾ ਮਾਨਵੀ ਉਦੇਸ਼ਾਂ ਦੀ ਪ੍ਰਾਪਤੀ ਅਤੇ ਰਖਿਆ ਲਈ ਉਦਮ 'ਤੇ ਨਿਰਭਰ ਕਰਦੀ ਹੈ।

ਗੁਰਬਾਣੀ ਵਿਆਖਿਆ

# ਸੋ ਦਰੁ ਕੇਹਾ ਸੋ ਘਰੁ ਕੇਹਾ

ਗੁਰੂ ਨਾਨਕ ਸਾਹਿਬ ਦੇ ਜਪੁਜੀ ਦਾ ਕਾਵਿ-ਪ੍ਰਬੰਧ ਵੀ ਕਮਾਲ ਦਾ ਹੈ। ਛੋਟੇ ਛੋਟੇ ਰਚਨਾਤਮਕ ਕਾਵਿ-ਟੋਟਿਆਂ ਦੀਆਂ ਪਉੜੀਆਂ, ਹਰ ਇਕ ਦਾ ਵੱਖਰਾ ਵਿਸ਼ਾ-ਵਸਤੂ, ਹਰ ਇਕ ਦਾ ਵੱਖਰਾ ਸਵਾਲ, ਹਰ ਇਕ ਦਾ ਸਿੱਧਾ ਬਿਰਤਾਂਤ, ਪਰ ਫਿਰ ਵੀ ਹਰ ਇਕ ਦਾ ਇਕੋ ਰੁਝਾਨ। ਕਿਤੇ ਕਿਤੇ ਲੱਗੇ ਕਿ ਇਹ ਸਬਦਾਂ ਦੇ ਗੋਹੜੇ ਬਿਨਾ ਸਿਰਲੇਖੀ ਜਾਣ-ਪਛਾਣ ਤੋਂ ਕਾਵਿ-ਪਟ 'ਤੇ ਆਜ਼ਾਦ ਉਡਦੇ ਫਿਰਦੇ ਹਨ, ਫਿਰ ਲੱਗੇ ਕਿ ਆਧੁਨਿਕ ਕੰਪਿਊਟਰੀ ਵਾਰਤਕ ਵਾਂਗ ਇਨ੍ਹਾਂ ਦੇ ਆਪਣੇ ਅੰਤਰ-ਘੜਤ ਪਤੇ-ਟਿਕਾਣੇ ਹਨ, ਜਿਨ੍ਹਾਂ ਅਨੁਸਾਰ ਥਾਂ ਸਿਰ ਬੈਠ ਕੇ ਇਹ ਇਕ ਉੱਚ-ਪੱਧਰਾ ਕਥਾਨਕ ਕਰਦੇ ਹਨ। ਕਦੇ ਲੱਗੇ ਕਿ ਇਹ ਲਿਖਤ ਕਿਸੇ ਆਧੁਨਿਕ ਖੋਜ ਨਿਬੰਧ ਦੀ ਰੂਪ-ਰੇਖਾ ਹੈ ਤੇ ਕਦੇ ਲੱਗੇ ਕਿ ਇਹ ਕਿਸੇ ਮਹਾਨ ਪ੍ਰਯੋਜਨ ਦਾ ਪ੍ਰਸਤਾਵ ਹੈ। ਸੰਖੇਪਤਾ ਇੰਨੀ ਕਿ ਅਣਜਾਣ ਪਾਠਕ ਸੋਚਦਾ ਸੋਚਦਾ ਅਧਿਆਤਮ ਦੇ ਅਸਮਾਨ ਵਿਚ ਉਡਾਰੀਆਂ ਭਰਨ ਲੱਗੇ ਅਤੇ ਯਥਾਰਥਕਤਾ ਇੰਨੀ ਕਿ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਅਸਮਾਨੀਂ ਚੜ੍ਹਿਆ ਸ਼ਰਧਾਲੂ ਵੀ ਕੁਦਰਤ ਦੇ ਖੇਤ ਵਿਚ ਬੋਧਿਕਤਾ ਦੀ ਹਲਾਈ ਪਾ ਲਵੇ। ਸ਼ਬਦ ਸ਼ਬਦ ਵਿਚ ਜਾਨ, ਸ਼ਬਦ ਸ਼ਬਦ ਵਿਚ ਪਰਮਾਣ ਤੇ ਸ਼ਬਦ ਸ਼ਬਦ ਵਿਚ ਗਿਆਨ; ਜੋ ਇਸ ਵਿਚਲੇ ਦਰਸ਼ਨ ਤੇ ਵਿਗਿਆਨ ਦੇ ਸੁਮੇਲ ਨੂੰ ਸਮਝ ਜਾਵੇ, ਉਹ ਸੱਚ ਦੀ ਸੋਧ ਪਾ ਜਾਵੇ!

ਵਿਗਿਆਨ ਦਾ ਗਣਿਤ ਨਾਲ ਚੋਲੀ-ਦਾਮਨ ਦਾ ਸਬੰਧ ਹੈ। ਜਾਂ ਇਉਂ ਸਮਝੋ ਕਿ ਗਣਿਤ ਵਿਗਿਆਨ ਦਾ ਵਾਹਨ ਹੈ। ਇਹ ਇਸ ਨੂੰ ਮੁਹਾਂਦਰਾ ਦਿੰਦਾ ਹੈ, ਔਜ਼ਾਰ ਦਿੰਦਾ ਹੈ, ਵਿਧੀ ਦਿੰਦਾ ਹੈ ਤੇ ਅਰਥ ਦਿੰਦਾ ਹੈ। ਜੇ ਆਇਨਸਟੀਨ $E=mc^2$ ਦਾ ਫਾਰਮੂਲਾ ਲਿਖ ਕੇ ਆਪਣੇ ਰੈਲੇਟਿਵਿਟੀ ਦੇ ਸਿਧਾਂਤ (Theory of Relativity) ਦਾ ਗਣਿਤੀ ਸਬੂਤ ਨਾ ਦਿੰਦਾ ਤਾਂ ਉਸ ਦੇ ਸਿਧਾਂਤ ਨੂੰ ਅੱਧਿਆਂ ਨੇ ਨਹੀਂ ਸੀ ਮੰਨਣਾ। ਵਿਗਿਆਨ ਤੱਥ-ਸਮਗਰੀ (Data) ਦੇ ਸਿਰ ਚਲਦਾ ਹੈ ਜਾਂ ਇਉਂ ਕਹੋ ਕਿ ਵਿਗਿਆਨ ਦਾ ਪਹਿਲਾ ਕਦਮ ਪੇਖਣਾ ਤੇ ਤੱਥਾਂ ਨੂੰ ਇੱਕਤਰਤ ਕਰਨਾ ਹੈ। ਇਸ ਕਾਰਜ ਵਿਚ ਵਰਤਾਰੇ ਦੀ ਰੂਪ-ਰੇਖਾ, ਪ੍ਰਕ੍ਰਿਆਵਾਂ ਦੀ ਪਛਾਣ ਤੇ ਮਾਤਰੀਕਰਣ (Quantification) ਵੀ ਸ਼ਾਮਲ ਹਨ। ਮਾਤਰੀਕਰਨ ਲਈ ਪ੍ਰਵਾਨਿਤ ਇਕਾਈਆਂ ਅਤੇ ਪੈਮਾਨਿਆਂ ਦੀ ਲੋੜ ਹੈ ਤਾਂ ਜੋ ਸਭ ਕੁਝ ਇਕੋ ਪੈਮਾਨੇ ਅਨੁਸਾਰ ਮਿਣਿਆ-ਤੋਲਿਆ ਜਾ ਸਕੇ ਤੇ ਸਾਰਥਕ ਸਿੱਟੇ ਪ੍ਰਾਪਤ ਕੀਤੇ ਜਾ ਸਕਣ। ਗੁਰੂ ਸਾਹਿਬ ਨੇ ਜਪੁਜੀ ਵਿਚ 20ਵੀਂ ਪਉੜੀ ਤੋਂ ਬਾਅਦ ਸਤਿ ਦੀ ਪਛਾਣ ਲਈ ਕੁਦਰਤ ਦੇ ਕਈ ਪਹਿਲੂਆਂ ਦਾ ਮਾਤਰੀਕਰਨ ਕਰਨ 'ਤੇ ਜ਼ੋਰ ਦਿੱਤਾ ਹੈ। ਥਾਂ ਥਾਂ ਗਿਣਤੀ, ਥਾਂ ਥਾਂ ਮਿਣਤੀ ਤੇ ਥਾਂ ਥਾਂ ਅਣਮਿੱਤੇ ਕੁਦਰਤੀ ਸੋਮਿਆਂ ਦੀ ਗੱਲ ਕੀਤੀ ਹੈ। ਕਈ ਕਹਿੰਦੇ ਹਨ, ਇਹ ਉਨ੍ਹਾਂ ਦੀ ਕੀਤੀ ਰੱਬ ਦੀ ਪ੍ਰਸ਼ੰਸਾ ਹੈ, ਪਰ ਅਸਲ ਵਿਚ ਇਹ ਉਨ੍ਹਾਂ ਦੀ ਅਧੂਰੇ ਮਨੁੱਖੀ ਗਿਆਨ ਪ੍ਰਤੀ ਚੇਤਨਾ ਦਾ ਪ੍ਰਗਟਾਵਾ ਹੈ ਤੇ ਸੱਚ ਪ੍ਰਾਪਤੀ ਦੀ ਪ੍ਰਬਲ ਜਗਿਆਸਾ ਹੈ।

ਗੁਰੂ ਸਾਹਿਬ ਤੋਂ ਪਹਿਲਾਂ ਵੀ ਬੁੱਧੀਜੀਵੀਆਂ ਵਿਚ ਸਤਿ ਪ੍ਰਾਪਤੀ ਦੀ ਬੜੀ ਤਾਂਘ ਸੀ, ਪਰ ਉਸ ਵੇਲੇ ਦੀ ਮੁੱਖ ਪਹੁੰਚ ਅਧਿਆਤਮਵਾਦ ਸੀ, ਜੋ ਬਹੁਤਾ ਕਰਕੇ ਧਾਰਮਿਕ ਫਿਲਾਸਫੀ ਨੇ ਸੰਭਾਲੀ ਹੋਈ ਸੀ। ਸਤਿ ਬਾਰੇ ਹਰ ਜਗਿਆਸੂ ਦੀ ਆਪਣੀ ਆਪਣੀ ਕਲਪਨਾ ਸੀ, ਪਰ ਇਕ ਗੱਲ ਸਭ ਵਿਚ ਸਾਂਝੀ ਸੀ ਕਿ ਸਭ ਅਧਿਆਤਮਵਾਦੀ ਇਸ ਨੂੰ ਆਪਣੇ ਚੌਗਿਰਦੇ ਤੋਂ ਬਾਹਰ ਦੀ ਵਸਤ ਸਮਝਦੇ ਸਨ। ਸਭ ਇਹੀ ਸਮਝਦੇ ਸਨ ਕਿ ਕਰਤਾ ਹਮੇਸ਼ਾ ਕਿਰਤ ਦੇ ਬਾਹਰ ਹੁੰਦਾ ਹੈ, ਇਸ ਲਈ ਨੇੜਿਓਂ ਭਾਲਣ ਨਾਲ ਉਨ੍ਹਾਂ ਦੇ ਹੱਥ-ਪੱਲੇ ਕੁਝ ਨਹੀਂ ਲੱਗਣਾ। ਉਨ੍ਹਾਂ ਅਨੁਸਾਰ ਇਹ ਕੋਈ ਬਦਲਵੇਂ ਸਰੂਪ ਵਾਲੀ ਸ਼ੈ ਸੀ, ਜੋ ਕਦੇ ਅਵਾਜ਼ ਜਿਹੀ ਮਹੀਨ, ਕਦੇ ਹਵਾ ਜਿਹੀ ਅਦਿੱਖ, ਕਦੇ ਪਰਉਪਕਾਰੀ ਜੀਵ ਤੇ ਕਦੇ ਡੰਡਨਾਇਕ ਸ਼ਾਸ਼ਕ ਬਣ ਸਕਦੀ ਸੀ। ਇਸ ਛੁਪੇ ਛਲੇਡੇ ਜਿਹੀ ਧਾਰਨਾ ਨੂੰ ਅਪਨਾ ਕੇ ਉਸ ਵੇਲੇ ਦੇ ਧਰਮਿਕ ਜਿਊੜੇ ਸਿਰਫ ਭਰਮ, ਵਿਸ਼ਵਾਸ ਅਤੇ ਡਰ ਨਾਲ ਫੋਕੇ ਵਿਚਾਰਾਂ ਦਾ ਜਾਲ ਬੁਣਦੇ ਰਹੇ ਤੇ ਆਪਣਾ ਇਕਤਰਫੀ 'ਗਿਆਨ' ਚਲਾਉਂਦੇ ਰਹੇ। ਇਸ ਪਹੁੰਚ ਵਿਚੋਂ ਪੂਜਾ, ਬੰਦਗੀ, ਸਨਿਆਸ, ਤਪੱਸਿਆ ਤੇ ਹੋਰ ਕਰਮ-ਕਾਂਡੀ ਰੀਤਾਂ ਨੇ ਜਨਮ ਲਿਆ। ਧਾਰਮਿਕ ਪੁਰਸ਼ਾਂ ਨੇ ਇਸ ਅੰਧ-ਵਿਸ਼ਵਾਸ ਦੇ ਚੌਖਟੇ 'ਚੋਂ ਬਾਹਰ ਨਿਕਲ ਕੇ ਉਦੋਂ ਤੀਕ ਨਾ ਦੇਖਿਆ, ਜਦੋਂ ਤੀਕ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਝੰਜੋੜ ਕੇ ਨਵਾਂ ਰਾਹ ਨਾ ਦਿਖਾਇਆ।

ਜਪੁਜੀ ਦੀ ਇਕ ਇਕ ਪਉੜੀ ਦਾ ਨਿਚੋੜ ਹੈ ਕਿ ਉਪਰ ਨਾ ਤੱਕੋ, ਦੁਆਲੇ ਤੱਕੋ, ਕੋਲ ਤੱਕੋ, ਭਾਵ ਚੀਜ਼ਾਂ ਦੇ ਅੰਦਰ ਪੇਖੋ। ਕੁਦਰਤ ਦੀ ਗੋਦ ਵਿਚ ਬੈਠੇ ਹੋ, ਕੁਦਰਤ ਦੇ ਅਰਥਚਾਰੇ ਨੂੰ ਵਰਤਦੇ ਹੋ ਤੇ ਕੁਦਰਤ ਦੇ ਨਿਯਮਾਂ ਵਿਚ ਬੱਝੇ ਹੋ, ਫਿਰ ਕੁਦਰਤ ਤੋਂ ਬਾਹਰ ਕੀ ਭਾਲਦੇ ਹੋ? ਕੁਦਰਤ ਦਾ ਸੰਚਾਲਕ ਕੁਦਰਤ ਦੇ ਵਿਚ ਹੀ ਹੈ। ਕੁਦਰਤ ਨੂੰ ਫਾਲਤੂ ਦਾ ਖਿਲਾਰਾ ਨਾ ਸਮਝੋ, ਇਹ ਉਸੇ ਦਾ ਪਸਾਰਾ ਹੈ। ਇਹ ਕੁਦਰਤ ਧਿਆਨ ਦੀ ਸਰਬ ਸਰਬ-ਪ੍ਰਥਮ ਹੱਕਦਾਰ ਹੈ, ਇਸੇ ਨੂੰ ਖੋਜੋ ਕਿਉਂਕਿ ਸਭ ਸਵਾਲਾਂ ਦੇ ਜਵਾਬ ਇਸੇ ਵਿਚੋਂ ਮਿਲਣਗੇ। ਜੇ ਹੁਣ ਤੀਕ ਦੀ ਕੋਸ਼ਿਸ਼ ਨਾਲ ਕਿਸੇ ਸਿੱਟੇ 'ਤੇ ਨਹੀਂ ਪੁੱਜੇ ਤਾਂ ਆਪਣੀ ਸੋਚ ਬਦਲੋ, ਨਦਰ ਬਦਲੋ ਤੇ ਵਿਧੀ ਬਦਲੋ। ਸੋਚ-ਕਲਪਨਾ, ਤਪੱਸਿਆ, ਸਮਾਧੀ, ਮੌਨ ਵਰਤ, ਸਿੱਧ-ਸਿਆਣਪਾਂ ਅਤੇ ਤੀਰਥ ਅਸ਼ਨਾਨਾਂ ਦੇ ਕਸ਼ੁੱਧੇ ਰਸਤੇ ਛੱਡੋ ਤੇ ੴ ਦਾ ਪ੍ਰਮਾਣੀਕ ਰਾਹ ਅਪਨਾਓ। ਜਿਸ ਕੁਦਰਤ ਵਿਚ ਵਿਚਰਦੇ ਹੋ, ਉਸੇ ਵਿਚੋਂ ਸੱਚੇ ਨਿਯਮ ਲੱਭੋ। ਦੁਆਲੇ ਦੀ ਇਸ ਕੁਦਰਤ ਦਾ ਸਤਿ ਜਾਣਨ ਲਈ ਲੇਖੇ-ਜੋਖੇ ਵਾਲਾ ਜਾਂ ਗਣਿਤ ਪ੍ਰਧਾਨ ਤੇ ਪਰਖ-ਪੜਤਾਲੀ ਰਾਹ ਹੀ ਕਾਰਆਮਦ ਹੈ।

ਉਨ੍ਹਾਂ ਅਨੁਸਾਰ ਇਸ ਅਸੀਮਤ ਵਰਤਾਰੇ ਦਾ ਨਾ ਕੋਈ ਅਰੰਭ ਹੈ, ਨਾ ਅੰਤ ਹੈ ਤੇ ਨਾ ਕੋਈ ਹੱਦ-ਬੰਨਾ ਨਜ਼ਰੀਂ ਪੈਂਦਾ ਹੈ। ਇਹ ਇਕ ਮਹਾਨ ਵਰਤਾਰਾ ਹੀ ਨਹੀਂ, ਸਗੋਂ ਇਕ ਅਥਾਹ ਅਰਥਚਾਰਾ ਵੀ ਹੈ, ਜੋ ਅਨੰਤ ਕਾਲ ਤੋਂ ਅਸੰਖ ਜੀਵਾਂ ਦਾ ਜੀਵਨ ਆਧਾਰ ਬਣਿਆ ਹੋਇਆ ਹੈ। ਇਹ ਅਰਥਚਾਰਾ ਹਮੇਸ਼ਾ ਤੋਂ ਬੇ-ਲਾਗਤ (Costless) ਤੇ ਅਸੀਮ ਦਾਤਾਂ ਦਾ ਸੋਮਾ ਹੈ। ਇਸ ਵਿਚ ਨਾ ਕੋਈ ਰੋਕ ਰੁਕਾਵਟ ਹੈ, ਨਾ ਪੱਖਪਾਤ ਤੇ ਨਾ ਦਖਲ-ਅੰਦਾਜ਼ੀ। ਕੱਚੇ ਮਾਲ ਦੇ ਖੁੱਲ੍ਹੇ ਗੱਫੇ ਵਰਤ ਰਹੇ ਹਨ; ਕੋਈ ਕਿੰਨਾ ਵਰਤੇ, ਕਿੰਨਾ ਹੰਢਾਵੇ, ਜਿਥੇ ਹੋਵੇ ਉਥੇ ਹੀ ਪਾਵੇ, ਪਰ ਨਾਲ ਕਿਸੇ ਦੇ ਕੁਝ ਵੀ ਬੰਨ ਕੇ ਨਾ ਤੋਰੇ। ਕੁਦਰਤ ਆਪਣੇ ਇਸ ਨਿਯਮ ਵਿਚ ਇੰਨੀ ਸਖਤ ਤੇ ਪੱਕੀ ਹੈ ਕਿ ਅਰਦਾਸਾਂ ਤੋਂ ਮੰਨੇ ਨਾ, ਚੜ੍ਹਾਵਿਆਂ ਤੋਂ ਪਰਚੇ ਨਾ, ਨਿਮਣ-ਖਿਮਣ ਤੋਂ ਪਸੀਜੇ ਨਾ ਤੇ ਦਇਆ ਕਿਸੇ 'ਤੇ ਕਰੇ ਨਾ। ਇਸ ਅਸੀਮ ਭੰਡਾਰਾਂ ਵਾਲੇ ਤੇ ਵਿਚਿੱਤਰ ਗੁਣਾਂ ਵਾਲੇ ਕੁਦਰਤੀ ਵਰਤਾਰੇ ਵਿਚ ਹੀ ਪਰਮ-ਸਤਿ ਦੀ ਅਸਲ ਰੂਪ-ਰੇਖਾ ਭਾਵ ਅਕਾਲ ਮੂਰਤਿ ਛੁਪੀ ਹੈ; ਪਰ ਅਜੇ ਤੀਕ ਇਸ ਅਪਾਰ ਵਿਸਤਾਰ ਤੇ ਅਸੰਖ ਗੁਣਾਂ ਵਾਲੇ ਪ੍ਰਕ੍ਰਿਤਿਕ ਪ੍ਰਬੰਧ ਨੂੰ ਗਿਣਤੀ-ਮਿਣਤੀ ਦੇ ਲੇਖਿਆਂ ਵਿਚ ਵਰਣਨ ਨਹੀਂ ਕੀਤਾ ਜਾ ਸਕਿਆ ਭਾਵ ਇਸ ਨੂੰ ਵਿਗਿਆਨ ਦੇ ਸਿਧਾਂਤਾਂ ਅਨੁਸਾਰ ਨਿਯਮਬੱਧ ਕਰਕੇ ਨਹੀਂ ਸਮਝਿਆ ਗਿਆ। ਇਹੀ ਇਕ ਚੁਣੌਤੀ ਹੈ, ਜੋ ਵਿਵੇਕ ਬੁੱਧੀ ਵਾਲੇ ਨਾਨਕੋਤਰੀ ਸਿੱਖ ਪੁਰਖ ਨੇ ੴ ਦਾ ਲੜ ਫੜ ਕੇ ਸਵੀਕਾਰ ਕਰਨੀ ਹੈ।

ਪਰ ਅਜੋਕਾ ਸਿੱਖ ਪੁਰਖ ਹਾਲੇ ਵੀ ਅਧਿਆਤਮਵਾਦ ਦੇ ਚੌਖਟੇ ਵਿਚੋਂ ਬਾਹਰ ਨਿਕਲਣ ਦੀ ਰੌਂਅ ਵਿਚ ਨਹੀਂ ਹੈ। ਉਹ ਇਨ੍ਹਾਂ ਹੀ ਪ੍ਰਸ਼ਨਾਂ ਦੁਆਲੇ ਘੁੰਮਦਾ ਫਿਰ ਰਿਹਾ ਹੈ ਕਿ ਉਸ ਦਾ ਪਰਮਾਤਮਾ ਕਿੱਥੇ ਰਹਿੰਦਾ ਹੈ, ਉਹ ਕਿਵੇਂ ਮਿਲੇਗਾ ਤੇ ਪਰਉਪਕਾਰ ਕਦੋਂ ਕਰੇਗਾ? ਉਹ ਉਸ ਦੇ ਅਹਿਸਾਸ ਬਿਨਾ ਵਿਜੋਗਿਆ ਮਹਿਸੂਸ ਕਰਦਾ ਹੈ। ਉਹ ਪਿਛਾਂਹਮੁਖੀ ਹੋ ਕੇ ਪੁੱਛਦਾ ਹੈ ਕਿ ਜੇ ਵੇਦ ਪੁਰਾਣ ਕਹਿੰਦੇ ਹਨ ਕਿ ਉਹ ਹੈ, ਤਾਂ ਦੱਸੋ ਉਹ ਕਿੱਥੇ ਹੈ ਤੇ ਕਿਹੋ ਜਿਹੇ ਨਿਵਾਸ ਅਸਥਾਨ ਵਿਚ ਰਹਿੰਦਾ ਹੈ। ਜੇ ਨਿਵਾਸ-ਅਸਥਾਨ ਦਾ ਪਤਾ ਲੱਗ ਜਾਵੇ ਤਾਂ ਉਹ ਦੋ ਚਾਰ ਪ੍ਰਸ਼ੰਸਕੀ ਘੋੜੀਆਂ ਉਸ ਦੀ ਰਿਹਾਇਸ਼ਗਾਹ ਦੀਆਂ ਵੀ ਗਾ ਕੇ ਦੇਖ ਲਵੇ, ਸ਼ਾਇਦ 'ਪਰਉਪਕਾਰੀ ਪਾਤਸ਼ਾਹ' ਖੁਸ਼ ਹੋ ਕੇ ਦਰਸ਼ਨ ਦੇ ਦੇਵੇ; ਪਰ ਜੇ ਉਹ ਪ੍ਰਗਟ ਹੋ ਕੇ ਉਸ ਦੀ ਬਾਂਹ ਨਹੀਂ ਫੜਦਾ ਤਾਂ ਇਹ ਦੱਸੋ ਉਸ ਦੀ ਕਿਰਪਾ ਬਿਨਾ ਉਹ ਇਸ ਭਰੀ ਦੁਨੀਆਂ ਵਿਚ ਕਿਸ ਦਾ ਸਹਾਰਾ ਤੱਕੇ? ਕਿਸੇ ਚੀਜ਼ ਦੀ ਕਮੀ ਆ ਗਈ ਤਾਂ ਕਿਸ ਦੀ ਮਾਂ ਨੂੰ ਮਾਂ ਕਹੇ? ਖਸਮ ਦੀ ਦੇਖ-ਰੇਖ ਤੋਂ ਬਿਨਾ ਜੀਵਨ ਕਿਵੇਂ ਗੁਜਾਰੇ? ਗੱਲ ਕੀ, ਉਸ ਨੇ ਪ੍ਰਕ੍ਰਿਤਿਕ ਪ੍ਰਣਾਲੀ ਵਿਚ ਬੇਉਮੀਦੀ ਜਤਾ ਕੇ ਪਰਾਏ ਧਰਵਾਸ ਨੂੰ ਜਾਹਰਾ ਰੂਪ ਪਾਉਣ ਦਾ ਪੱਕਾ ਮਨ ਬਣਾਇਆ ਹੋਇਆ ਹੈ।

ਅਜਿਹੇ ਸ਼ਸ਼ੋਪੰਜਾਂ ਵਿਚ ਪਿਆ ਅਜੋਕਾ ਸਿੱਖ ਆਪਣੇ ਕੁਦਰਤੀ ਆਤਮ-ਵਿਸ਼ਵਾਸ ਤੋਂ, ਬਾਣੀ ਵਿਚਾਰ ਤੋਂ ਤੇ ਸਿੱਖੀ ਬੁੱਧ-ਵਿਵੇਕ ਤੋਂ ਭਗੌੜਾ ਹੋ ਕੇ ਉਨ੍ਹਾਂ ਦੇਹਧਾਰੀਆਂ ਵੱਲ ਭੱਜਦਾ ਹੈ, ਜੋ ਉਸ ਨੂੰ ਫੌਰੀ ਦਿਲਾਸਾ ਦੇਣ। ਉਹ ਅਜਿਹੇ ਪੈਗੰਬਰੀ ਸੰਤ ਪੁਰਖ ਦੀ ਭਾਲ ਵਿਚ ਨਿਕਲਦਾ ਹੈ, ਜੋ ਉਸ ਦੇ ਹੰਝੂ ਪੂੰਝੇ, ਰੋਂਦੇ ਨੂੰ ਚੁੱਪ ਕਰਾਵੇ, ਪਾਓਂ ਪਏ ਦੀ ਪਿੱਠ 'ਤੇ ਥਾਪੜਾ ਦੇਵੇ ਤੇ ਪ੍ਰਸਾਦ ਦਾ ਗੱਫਾ ਦੇ ਕੇ ਹਰ ਸੰਭਵ ਸੰਕੇਤ ਰਾਹੀਂ ਦੱਸੇ ਕਿ ਉਹ ਹਰ ਦੁੱਖ-ਸੁੱਖ ਵਿਚ ਉਸ ਦੇ ਨਾਲ ਹੈ! ਉਸ ਦੀ ਮਾਨਸਿਕ ਪੀੜਾ ਤੇ ਉਪਰਾਮਤਾ ਨੂੰ ਭਾਂਪ ਕੇ ਅਨੇਕਾਂ ਚੋਲਾਧਾਰੀ ਚਤੁਰ-ਸੁਜਾਨ ਦਸਤਾਰਾਂ ਤੇ ਜਪਮਾਲੀਆਂ ਨਾਲ ਸੱਜਣ ਰੂਪ ਧਾਰ ਕੇ ਸੰਗਮਰਮਰੀ ਟਿਕਾਣਿਆਂ 'ਤੇ ਜਾ ਬੈਠੇ ਹਨ। ਇਨ੍ਹਾਂ ਦੇਹਧਾਰੀ ਬਾਬਿਆਂ ਦੀ ਵਧਦੀ ਮਾਨਤਾ ਤੇ ਉਨ੍ਹਾਂ ਦੇ ਡੇਰਿਆਂ 'ਤੇ ਲਗਦੀਆਂ ਭੀੜਾਂ ਅਜੋਕੇ ਸਿੱਖ ਸ਼ਰਧਾਲੂਆਂ ਦੇ ਸਿੱਖੀ ਸਿਧਾਂਤ ਪ੍ਰਤੀ ਅਲਗਾਵ ਤੇ ਸਮੁੱਚੇ ਵਿਦਿਅਕ ਢਾਂਚੇ ਦੇ ਨਿਘਾਰ ਦੀਆਂ ਸੂਚਕ ਹਨ।

ਅਜਿਹੇ ਹਾਲਾਤ ਵਿਚ ਅਜੋਕੇ ਸਿੱਖ ਵਿਦਵਾਨ, ਪੁਜਾਰੀ ਤੇ ਪ੍ਰਚਾਰਕ ਸਿੱਖੀ ਦੇ ਅਸਲ ਅਸੂਲਾਂ ਦਾ ਪਾਠ ਪੜ੍ਹਾਉਣ ਦੀ ਥਾਂ ਪਰ੍ਹਾ-ਨਾਨਕੀ ਸੰਵਾਦ ਰਾਹੀਂ ਸ਼ਰਧਾਲੂਆਂ ਨੂੰ ਅਧਿਆਤਮ ਤੇ ਪਾਠ ਪੂਜਾ ਦੇ ਰਾਹ ਤੋਰ ਰਹੇ ਹਨ। ਇਹ ਗੱਲ ਉਨ੍ਹਾਂ ਦੇ 27ਵੀਂ ਪਉੜੀ ਦੇ ਅਰਥ-ਅਨੁਵਾਦਾਂ ਤੋਂ ਸਪਸ਼ਟ ਹੋ ਜਾਂਦੀ ਹੈ,

ਸੋ ਦਰੁ ਕੇਹਾ ਸੋ ਘਰੁ ਕੇਹਾ
ਜਿਤੁ ਬਹਿ ਸਰਬ ਸਮਾਲੇ॥
ਵਾਜੇ ਨਾਦ ਅਨੇਕ ਅਸੰਖਾ
ਕੇਤੇ ਵਾਵਣਹਾਰੇ॥
ਕੇਤੇ ਰਾਗ ਪਰੀ ਸਿਉ ਕਹੀਅਨਿ
ਕੇਤੇ ਗਾਵਣਹਾਰੇ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮੁ ਦੁਆਰੇ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ
ਲਿਖਿ ਲਿਖਿ ਧਰਮੁ ਵੀਚਾਰੇ॥
ਗਾਵਹਿ ਈਸਰੁ ਬਰਮਾ ਦੇਵੀ
ਸੋਹਨਿ ਸਦਾ ਸਵਾਰੇ॥
ਗਾਵਹਿ ਇੰਦ ਇਦਾਸਣਿ
ਬੈਠੇ ਦੇਵਤਿਆ ਦਰਿ ਨਾਲੇ॥
ਗਾਵਹਿ ਸਿਧ ਸਮਾਧੀ ਅੰਦਰਿ
ਗਾਵਨਿ ਸਾਧ ਵਿਚਾਰੇ॥
ਗਾਵਨਿ ਜਤੀ ਸਤੀ ਸੰਤੋਖੀ
ਗਾਵਹਿ ਵੀਰ ਕਰਾਰੇ॥
ਗਾਵਨਿ ਪੰਡਿਤ ਪੜਨਿ ਰਖੀਸਰ
ਜੁਗੁ ਜੁਗੁ ਵੇਦਾ ਨਾਲੇ॥
ਗਾਵਹਿ ਮੋਹਣੀਆ ਮਨੁ ਮੋਹਨਿ
ਸੁਰਗਾ ਮਛ ਪਇਆਲੇ॥
ਗਾਵਨਿ ਰਤਨ ਉਪਾਏ ਤੇਰੇ
ਅਠਸਠਿ ਤੀਰਥ ਨਾਲੇ॥
ਗਾਵਹਿ ਜੋਧ ਮਹਾਬਲ ਸੂਰਾ
ਗਾਵਹਿ ਖਾਣੀ ਚਾਰੇ॥
ਗਾਵਹਿ ਖੰਡ ਮੰਡਲ ਵਰਭੰਡਾ
ਕਰਿ ਕਰਿ ਰਖੇ ਧਾਰੇ॥
ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ
ਰਤੇ ਤੇਰੇ ਭਗਤ ਰਸਾਲੇ॥
ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਵੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ
ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ
ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ
ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ
ਜਿਵ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ
ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ
ਨਾਨਕ ਰਹਣੁ ਰਜਾਈ॥੨੭॥

ਰੇਣੂਕਾ ਸਰਬਜੀਤ ਸਿੰਘ ਅਨੁਸਾਰ ਇਸ ਪਉੜੀ ਦੇ ਅਰਥ ਹਨ, "ਉਹ ਦਰ-ਘਰ ਕਿੰਨਾ ਹੀ ਅਸਚਰਜ ਹੈ, ਜਿਥੇ ਬਹਿ ਕੇ ਹੇ ਨਿਰੰਕਾਰ! ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈਂ। ਤੇਰੀ ਇਸ ਰਚੀ ਹੋਈ ਕੁਦਰਤ ਵਿਚ ਅਣਗਿਣਤ ਵਾਜੇ ਤੇ ਰਾਗ ਹਨ, ਬੇਅੰਤ ਹੀ ਜੀਵ ਉਨ੍ਹਾਂ ਵਾਜਿਆਂ ਨੂੰ ਵਜਾਉਣ ਵਾਲੇ ਹਨ, ਰਾਗਣੀਆਂ ਸਣੇ ਬੇਅੰਤ ਹੀ ਰਾਗ ਕਹੇ ਜਾਂਦੇ ਹਨ ਅਤੇ ਅਨੇਕਾਂ ਹੀ ਜੀਵ ਇਨ੍ਹਾਂ ਰਾਗਾਂ ਦੇ ਗਾਉਣ ਵਾਲੇ ਹਨ, ਜੋ ਤੈਨੂੰ ਗਾ ਰਹੇ ਹਨ। ਹੇ ਨਿਰੰਕਾਰ! ਪਉਣ, ਪਾਣੀ ਅਗਨੀ ਤੇਰੇ ਗੁਣ ਗਾ ਰਹੇ ਹਨ। ਧਰਮ-ਰਾਜ ਤੇਰੇ ਦਰ 'ਤੇ ਤੇਰੇ ਗੁਣ ਗਾ ਰਿਹਾ ਹੈ। ਚਿਤਰਗੁਪਤ, ਜੋ ਜੀਵਾਂ ਦੇ ਚੰਗੇ-ਮੰਦੇ ਕਰਮਾਂ ਦੇ ਲੇਖੇ ਲਿਖਦਾ ਹੈ ਅਤੇ ਜਿਨ੍ਹਾਂ ਦੇ ਲਿਖੇ ਹੋਏ ਨੂੰ ਧਰਮ ਰਾਜ ਵਿਚਾਰਦਾ ਹੈ, ਤੇਰੀਆਂ ਵਡਿਆਈਆਂ ਕਰ ਰਹੇ ਹਨ। ਹੇ ਅਕਾਲ ਪੁਰਖ! ਦੇਵੀਆਂ, ਸ਼ਿਵ ਤੇ ਬ੍ਰਹਮਾ, ਜੋ ਤੇਰੇ ਸਵਾਰੇ ਹੋਏ ਹਨ, ਤੈਨੂੰ ਸਾਲਾਹ ਰਹੇ ਹਨ। ਸਿੱਧ ਲੋਕ ਸਮਾਧੀਆਂ ਲਾ ਕੇ ਤੈਨੂੰ ਗਾ ਰਹੇ ਹਨ, ਸਾਧ ਵਿਚਾਰ ਕਰ-ਕਰ ਕੇ ਤੈਨੂੰ ਸਾਲਾਹ ਰਹੇ ਹਨ। ਜਤ ਧਾਰੀ, ਦਾਨ ਕਰਨ ਵਾਲੇ ਅਤੇ ਸੰਤੋਖ ਵਾਲੇ ਪੁਰਸ਼ ਤੇਰੇ ਗੁਣ ਗਾ ਰਹੇ ਹਨ। ਬੇਅੰਤ ਤਕੜੇ ਸੂਰਮੇ ਤੇਰੀਆਂ ਵਡਿਆਈਆਂ ਕਰ ਰਹੇ ਹਨ। ਹੇ ਅਕਾਲ ਪੁਰਖ! ਪੰਡਿਤ ਤੇ ਮਹਾਂਰਿਖੀ, ਜੋ ਵੇਦਾਂ ਨੂੰ ਪੜ੍ਹਦੇ ਹਨ, ਵੇਦਾਂ ਸਣੇ ਤੈਨੂੰ ਗਾ ਰਹੇ ਹਨ। ਸੁੰਦਰ ਇਸਤਰੀਆਂ ਜੋ ਸੁਰਗ, ਮਾਤ ਲੋਕ ਤੇ ਪਾਤਾਲ ਵਿਚ ਭਾਵ ਹਰ ਥਾਂ ਮਨੁੱਖ ਦੇ ਮਨ ਨੂੰ ਮੋਹ ਲੈਂਦੀਆਂ ਹਨ, ਤੈਨੂੰ ਗਾ ਰਹੀਆਂ ਹਨ।

ਹੇ ਨਿਰੰਕਾਰ! ਤੇਰੇ ਪੈਦਾ ਕੀਤੇ ਹੋਏ ਰਤਨ ਅਠਾਹਠ ਤੀਰਥਾਂ ਸਮੇਤ ਤੈਨੂੰ ਗਾ ਰਹੇ ਹਨ। ਵੱਡੇ ਬਲ ਵਾਲੇ ਜੋਧੇ ਤੇ ਸੂਰਮੇ ਤੇਰੀ ਸਿਫਤ ਸਾਲਾਹ ਕਰ ਰਹੇ ਹਨ। ਚਾਰ ਖਾਣੀਆਂ ਦੇ ਜੀਅ-ਜੰਤ ਤੈਨੂੰ ਗਾ ਰਹੇ ਹਨ। ਸਾਰੀ ਸ੍ਰਿਸ਼ਟੀ, ਸ੍ਰਿਸ਼ਟੀ ਦੇ ਸਾਰੇ ਖੰਡ ਤੇ ਚਕਰ, ਜੋ ਤੂੰ ਪੈਦਾ ਕਰ ਕੇ ਟਿੱਕਾ ਰੱਖੇ ਹਨ, ਤੈਨੂੰ ਗਾ ਰਹੇ ਹਨ। ਹੇ ਅਕਾਲ ਪੁਰਖ! ਅਸਲ ਵਿਚ ਤਾਂ ਉਹੋ ਤੇਰੇ ਪ੍ਰੇਮ ਵਿਚ ਰੱਤੇ ਰਸੀਏ ਭਗਤ ਜਨ ਤੈਨੂੰ ਗਾਉਂਦੇ ਹਨ ਭਾਵ ਉਨ੍ਹਾਂ ਦਾ ਹੀ ਗਾਉਣਾ ਸਫਲ ਹੈ, ਜੋ ਤੈਨੂੰ ਚੰਗੇ ਲੱਗਦੇ ਹਨ। ਅਨੇਕਾਂ ਹੋਰ ਜੀਵ ਤੈਨੂੰ ਗਾ ਰਹੇ ਹਨ, ਜਿਨ੍ਹਾਂ ਦਾ ਮੈਨੂੰ ਪਤਾ ਵੀ ਨਹੀਂ। ਨਾਨਕ ਕੀ ਵਿਚਾਰ ਕਰ ਸਕਦਾ ਹੈ। ਉਹ ਅਕਾਲ ਪੁਰਖ ਸਦਾ ਥਿਰ ਹੈ, ਉਹ ਮਾਲਕ ਸੱਚਾ ਹੈ? ਉਸ ਦੀ ਵਡਿਆਈ ਵੀ ਸਦਾ ਅਟੱਲ ਹੈ। ਜਿਸ ਅਕਾਲ ਪੁਰਖ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਇਸ ਵੇਲੇ ਮੌਜੂਦ ਹੈ, ਸਦਾ ਰਹੇਗਾ, ਨਾ ਉਹ ਜੰਮਿਆ ਹੈ ਅਤੇ ਨਾ ਹੀ ਮਰੇਗਾ। ਅਕਾਲ ਪੁਰਖ ਨੇ ਕਈ ਰੰਗਾਂ, ਕਿਸਮਾਂ ਤੇ ਜਿਨਸਾਂ ਦੀ ਮਾਇਆ ਰਚ ਦਿੱਤੀ ਹੈ। ਉਹ ਜਿਵੇਂ ਉਸ ਦੀ ਰਜ਼ਾ ਹੈ, ਆਪਣੇ ਪੈਦਾ ਕੀਤੇ ਹੋਏ ਦੀ ਸੰਭਾਲ ਵੀ ਕਰ ਰਿਹਾ ਹੈ। ਜੋ ਕੁਝ ਅਕਾਲ ਪੁਰਖ ਨੂੰ ਭਾਉਂਦਾ ਹੈ, ਉਹੋ ਹੀ ਉਹ ਕਰੇਗਾ। ਕੋਈ ਵੀ ਅਕਾਲ ਪੁਰਖ ਨੂੰ ਹੁਕਮ ਨਹੀਂ ਕਰ ਸਕਦਾ, ਅਕਾਲ ਪੁਰਖ ਪਾਤਸ਼ਾਹ ਹੈ, ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ, ਹੇ ਨਾਨਕ! ਜੀਵਾਂ ਦਾ ਉਸ ਦੀ ਰਜ਼ਾ ਵਿਚ ਰਹਿਣਾ ਹੀ ਚੰਗਾ ਹੈ।"

ਇਹ ਵਿਆਖਿਆ ਹੋਰ ਦੂਜੇ ਟੀਕਿਆਂ ਨਾਲ ਮਿਲਦੀ-ਜੁਲਦੀ ਹੈ। ਪ੍ਰੋ. ਸਾਹਿਬ ਸਿੰਘ ਦੇ ਟੀਕੇ ਵਿਚ ਤਾਂ ਪਰਮਾਤਮਾ, ਵਾਹਿਗੁਰੂ ਤੇ ਰੱਬ ਦੀ ਥਾਂ ਇਸ ਵਾਂਗ ਸ਼ਬਦ ਵੀ ਅਕਾਲ ਪੁਰਖ ਹੀ ਵਰਤਿਆ ਹੋਇਆ ਹੈ। ਇਨ੍ਹਾਂ ਸਭ ਟੀਕਿਆਂ ਵਿਚ ਅਕਾਲ ਪੁਰਖ ਦੇ ਘਰ ਨੂੰ ਅਸਚਰਜ ਭਰਪੂਰ ਦੱਸਿਆ ਗਿਆ ਹੈ, ਜਿੱਥੇ ਬੈਠੀਆਂ ਨਾਮਾਵਰ ਧਰਮੀ ਹਸਤੀਆਂ ਉਸ ਦੇ ਗੁਣ ਗਾ ਰਹੀਆਂ ਹਨ। ਇਨ੍ਹਾਂ ਅਨੁਸਾਰ ਉੱਥੇ ਅਕਾਲ ਪੁਰਖ ਦੇ ਸਵਾਰੇ ਹੋਏ ਹਿੰਦੂ ਦੇਵਤੇ ਵੀ ਬੈਠੇ ਉਸ ਦੀ ਭਗਤੀ ਕਰ ਰਹੇ ਹਨ। ਭਾਵ ਇਹ ਟੀਕਾਕਾਰ ਦੇਵਤਿਆਂ ਨੂੰ ਅਕਾਲ ਪੁਰਖ ਦੇ ਬਣਾਏ ਮੰਨਦੇ ਹਨ ਤੇ ਇਹ ਵੀ ਮੰਨਦੇ ਹਨ ਕਿ ਇਹ ਸੱਚੀ ਮੁੱਚੀ ਉਸ ਦੇ ਘਰ ਦੇ ਬਾਹਰ ਉਸ ਦੀਆਂ ਵਡਿਆਈਆਂ ਗਾ ਰਹੇ ਹਨ। ਇਹ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਅਕਾਲ ਪੁਰਖ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ, ਇਸ ਲਈ ਉਸ ਦੀ ਰਜ਼ਾ ਵਿਚ ਹੀ ਰਹਿਣਾ ਚੰਗਾ ਹੈ! ਉਹ ਇਵੇਂ ਕਹਿੰਦੇ ਲਗਦੇ ਹਨ ਜਿਵੇਂ ਰਜ਼ਾ ਵਿਚ ਰਹਿਣਾ ਜਾਂ ਨਾ ਰਹਿਣਾ ਕਿਸੇ ਦੀ ਆਪਣੀ ਮਰਜ਼ੀ 'ਤੇ ਨਿਰਭਰ ਕਰਦਾ ਹੋਵੇ। ਇਸ ਦੇ ਨਾਲ ਉਹ ਇਹ ਵੀ ਦੱਸਦੇ ਹਨ ਕਿ ਗਾਉਣਾ ਉਨ੍ਹਾਂ ਦਾ ਹੀ ਸਫਲ ਹੈ, ਜੋ ਉਸ ਨੂੰ ਭਾਉਂਦੇ ਹਨ। ਇਸ ਦਾ ਭਾਵ ਬਹੁਤੇ ਤਾਂ ਬਿਨਾ ਸਫਲਤਾ ਦੇ ਹੀ ਗਾਈ ਜਾਂਦੇ ਹਨ। ਇਨ੍ਹਾਂ ਵਿਚੋਂ ਕੋਈ ਵੀ ਟੀਕਾ ਇਸ ਪਉੜੀ ਵਿਚ ਗੁਰੂ ਸਾਹਿਬ ਦੇ ਮੰਤਵ ਬਾਰੇ ਨਹੀਂ ਦੱਸਦਾ ਤੇ ਨਾ ਹੀ ਇਸ ਨੂੰ ਜਪੁਜੀ ਦੀ ਮੁੱਖ ਧਾਰਾ ਨਾਲ ਜੋੜਦਾ ਹੈ। ਇਨ੍ਹਾਂ ਦੀ ਇਕੋ ਟੇਕ ਅਧਿਆਤਮਵਾਦ ਅਤੇ ਭਗਤੀ 'ਤੇ ਹੈ, ਜਦੋਂ ਕਿ ਗੁਰੂ ਸਾਹਿਬ ਦਾ ਮਨੋਰਥ ਇਸ ਤੋਂ ਕਿਤੇ ਦੂਰ ਹੈ।

ਦਰਅਸਲ ਇਸ ਪਉੜੀ ਵਿਚ ਗੁਰੂ ਸਾਹਿਬ ਨੇ ਆਪਣੇ ਵੇਲੇ ਦੇ ਇਕ ਪ੍ਰਚਲਿਤ ਪ੍ਰਸ਼ਨ ਦਾ ਉੱਤਰ ਦਿੱਤਾ ਹੈ। ਉਹ ਹੈ ਕਿ ਰੱਬ ਕਿੱਥੇ ਰਹਿੰਦਾ ਹੈ? ਇਹ ਨਹੀਂ ਹੋ ਸਕਦਾ ਕਿ ਇਹ ਪ੍ਰਸ਼ਨ ਉਨ੍ਹਾਂ ਤੋਂ ਕਿਸੇ ਨੇ ਕਦੇ ਪੁੱਛਿਆ ਨਾ ਹੋਵੇ। ਸਿੱਧ ਪੁਰਖਾਂ ਨੇ ਉਨ੍ਹਾਂ ਨੂੰ ਇਸ ਤੋਂ ਵੀ ਕਿਤੇ ਅਜੀਬ ਪ੍ਰਸ਼ਨ ਪੁੱਛੇ ਸਨ। ਆਮ ਸ਼ਰਧਾਲੂਆਂ ਨੇ ਤਾਂ ਪੁੱਛਣੇ ਹੀ ਹੋਏ, ਕਿਉਂਕਿ ਜੇ ਉਨ੍ਹਾਂ ਨੂੰ ਪਰਮਾਤਮਾ ਦੀ ਹੋਂਦ ਬਾਰੇ ਦੱਸਿਆ ਜਾਂਦਾ ਹੈ ਤਾਂ ਉਸ ਦੇ ਨਿਵਾਸ ਅਸਥਾਨ ਬਾਰੇ ਵੀ ਉਨ੍ਹਾਂ ਦਾ ਜਾਣਨਾ ਬਣਦਾ ਹੀ ਹੈ। ਉਤਲੀਆਂ ਪਉੜੀਆਂ ਵਿਚ ਗੁਰੂ ਸਾਹਿਬ ਨੇ ਅਥਾਹ ਕੁਦਰਤੀ ਸੋਮਿਆਂ ਦਾ ਜ਼ਿਕਰ ਕੀਤਾ ਹੈ, ਇਸ ਲਈ ਪ੍ਰਸ਼ਨ ਉਠਣਾ ਉਂਜ ਵੀ ਸੁਭਾਵਿਕ ਹੈ ਕਿ ਇੱਡੀ ਵੱਡੀ ਕੁਦਰਤ ਦਾ ਮਾਲਕ ਰਹਿੰਦਾ ਕਿੱਥੇ ਹੈ ਭਾਵ ਕਿੱਥੇ ਬੈਠ ਕੇ ਇਸ ਦਾ ਬੰਦੋਬਸਤ ਕਰ ਰਿਹਾ ਹੈ? ਗੁਰੂ ਸਾਹਿਬ ਨੇ ਇਸ ਪਉੜੀ ਵਿਚ ਇਸ ਪ੍ਰਸ਼ਨ ਦਾ ਵਿਸਥਾਰ-ਪੂਰਵਕ ਉੱਤਰ ਦਿੱਤਾ ਹੈ ਤਾਂ ਜੋ ਉਹ ਕੋਈ ਭਰਮ ਪਾਲਦੇ ਨਾ ਰਹਿਣ।

ਉਨ੍ਹਾਂ ਦੇ ਉੱਤਰ ਵਿਚ ਤਿੰਨ ਗੱਲਾਂ ਬਹੁਤ ਧਿਆਨ ਦੇਣ ਯੋਗ ਹਨ। ਪਹਿਲੀ ਇਹ ਕਿ ਉਨ੍ਹਾਂ ਨੇ ਪਰਮਾਤਮਾ, ਪ੍ਰਭੂ ਜਾਂ ਈਸ਼ਵਰ ਦਾ ਨਾਂ ਲੈ ਕੇ ਉੱਤਰ ਨਹੀਂ ਦਿੱਤਾ। ਭਾਵੇਂ ਇਤਫਾਕ ਲੱਗੇ, ਪਰ ਇਹ ਕੋਈ ਆਮ ਭੁੱਲ ਚੁੱਕ ਵਾਲੀ ਗੱਲ ਨਹੀਂ। ਇਸ ਬਾਣੀ ਵਿਚ ਉਨ੍ਹਾਂ ਨੇ ਘੱਟੋ ਘੱਟ ਦੋ ਹੋਰ ਥਾਂਵਾਂ 'ਤੇ ਇਵੇਂ ਹੀ ਨਾਮ ਲੈਣ ਤੋਂ ਚੁੱਪ ਵੱਟੀ ਹੈ। ਸਮੁੱਚੇ ਜਪੁਜੀ ਵਿਚ ਕਿਸੇ ਦੈਵੀ ਹਸਤੀ ਦੇ ਨਾਂ ਤੋਂ ਪਾਸਾ ਵੱਟਣਾ ਉਨ੍ਹਾਂ ਦਾ ਸੋਚਿਆ ਸਮਝਿਆ ਤੇ ਸਿਧਾਂਤਕ ਨਿਰਣਾ ਹੈ। ਜਿਸ ਨਾਮ ਨੂੰ ਲੱਭਣ ਦਾ ਜਪੁਜੀ ਇਕ ਪ੍ਰਯੋਜਨ ਹੈ, ਇਸ ਦੇ ਪੂਰਾ ਹੋਣ ਤੋਂ ਪਹਿਲਾਂ ਹੀ ਉਸ ਨੂੰ ਕੋਈ ਨਾਮ ਦੇ ਦੇਣਾ ਤਰਕ ਸੰਗਤ ਨਹੀਂ ਹੈ। ਜੇ ਨਾਮ ਦਾ ਪਤਾ ਨਹੀਂ ਹੈ, ਤਦੇ ਹੀ ਤਾਂ ਉਸ ਨੂੰ ਲੱਭਣਾ ਹੈ, ਜੇ ਪਤਾ ਹੋਵੇ ਤਾਂ ਧਿਆਉਣਾ ਕਿਸ ਨੂੰ ਭਾਵ ਖੋਜ ਕਿਸ ਚੀਜ਼ ਦੀ ਕਰਨੀ ਹੈ? ਦੂਜਾ ਇਹ ਕਿ ਗੁਰੂ ਸਾਹਿਬ ਨੇ ਇਸ ਦੇ ਜਵਾਬ ਵਿਚ ਆਪਣੇ ਕੋਲੋਂ ਕੋਈ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਨੇ ਪ੍ਰਸ਼ਨਕਰਤਾਵਾਂ ਦੀ ਜਾਣਕਾਰੀ ਨੂੰ ਵਰਤ ਕੇ ਉਨ੍ਹਾਂ ਦੇ ਸ਼ਬਦਾਂ ਵਿਚ ਹੀ ਸੰਕੇਤਕ ਜਵਾਬ ਦਿੱਤਾ ਹੈ। ਸਪਸ਼ਟ ਹੈ ਕਿ ਇਹ ਗੋਲ ਜਵਾਬ ਉਨ੍ਹਾਂ ਨੇ ਜਗਿਆਸੂਆਂ ਨੂੰ ਪੁਰਾਤਨ ਰੱਟ ਵਿਚੋਂ ਕੱਢਣ ਲਈ ਦਿੱਤਾ ਹੈ ਤਾਂ ਜੋ ਉਹ ਇਸ ਬੁਝਾਰਤ ਬਾਰੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸੋਚਣ ਲਈ ਪ੍ਰੇਰਿਤ ਹੋਣ। ਤੀਜੀ ਤੇ ਸਭ ਤੋਂ ਅਹਿਮ ਗੱਲ ਇਹ ਕਿ ਇਸ ਉੱਤਰ ਵਿਚ ਉਨ੍ਹਾਂ ਨੇ ਉੱਚ-ਪੱਧਰੀ ਵਿਅੰਗ ਤੇ ਪਰਿਹਾਸ (Satire and Humor) ਦੀ ਵਰਤੋਂ ਕੀਤੀ ਹੈ ਤਾਂ ਜੋ ਇਹ ਉਨ੍ਹਾਂ ਦੀ ਬੁੱਧੀ ਨੂੰ ਟੁੰਬੇ।

ਫ੍ਰੈਡਰਿਕ ਏਂਗਲਜ਼ ਨੇ ਲਿਖਿਆ ਹੈ ਕਿ ਜਿਸ ਕਾਲ ਵਿਚ ਜਿਸ ਤਰ੍ਹਾਂ ਦੀ ਰਾਜ ਵਿਵਸਥਾ ਹੁੰਦੀ ਹੈ, ਉਸ ਵਿਚ ਉਸੇ ਤਰ੍ਹਾਂ ਦੀ ਦੈਵੀ ਵਿਵਸਥਾ ਹੁੰਦੀ ਹੈ। ਭਾਵ ਦੇਵਪਤੀ ਦੀ ਕਲਪਨਾ ਵਿਚ ਮਨੁੱਖ ਆਪਣੇ ਰਾਜਪਤੀ ਦੇ ਮੁਹਾਂਦਰੇ ਨੂੰ ਅੱਗੇ ਰੱਖਦਾ ਹੈ। ਵੈਦਿਕ ਕਾਲ ਦੇ ਚਲਦੇ-ਫਿਰਦੇ ਕਬਾਇਲੀ ਮੁਖੀਆਂ ਵੇਲੇ ਗਤੀਸ਼ੀਲ (Dynamic) ਕੁਦਰਤੀ ਸ਼ਕਤੀਆਂ, ਉੱਤਰ-ਵੈਦਿਕ ਕਾਲ ਦੇ ਚੜ੍ਹਦੇ ਭੂਮੀ-ਪਤੀਆਂ ਵੇਲੇ ਇਨਸਾਨੀ ਕਿਰਦਾਰਾਂ ਵਾਲੇ ਦੇਵੀ-ਦੇਵਤੇ, ਮੱਧਕਾਲ ਦੇ ਚੱਕਰਵਰਤੀ ਸ਼ਹਿਨਸ਼ਾਹਾਂ ਵਕਤ ਇਕ ਸਰਬਸ਼ਕਤੀਮਾਨ ਹੁਕਮਰਾਨ, ਲੋਕਤੰਤਰੀ ਕਾਲ ਵਿਚ ਛਵੀ-ਰਹਿਤ ਸਰਬ-ਵਿਆਪਕ ਸ਼ਕਤੀ ਤੇ ਭਵਿੱਖ ਦੀ ਮਨੁੱਖੀ ਸਨਮਾਨ ਵਾਲੀ ਰਾਜ-ਰਹਿਤ ਵਿਵਸਥਾ ਵਿਚ ਕਣ-ਕਣ ਭਗਵਾਨ ਦੀ ਧਾਰਨਾ, ਸਭ ਏਂਗਲਜ਼ ਦੇ ਸਿੱਟਿਆਂ ਨੂੰ ਸਹੀ ਸਿੱਧ ਕਰਦੇ ਹਨ। ਮੱਧਕਾਲ ਵਿਚ ਸ਼ਹਿਨਸ਼ਾਹਾਂ ਦੇ ਆਲੀਸ਼ਾਨ ਮਹਿਲ ਤੇ ਦਰਬਾਰ ਹੁੰਦੇ ਸਨ, ਜਿਨ੍ਹਾਂ ਵਿਚ ਉੱਘੇ ਸਮਕਾਲੀ ਗਵੱਈਏ ਉਨ੍ਹਾਂ ਦਾ ਗੀਤ-ਸੰਗੀਤ ਨਾਲ ਮਨੋਰੰਜਨ ਕਰਦੇ ਸਨ। ਉਨ੍ਹਾਂ ਵਿਚ ਕਈ ਸਾਜ ਵਜਾਉਣ ਵਾਲੇ ਸਾਜ਼ਿੰਦੇ ਤੇ ਕਈ ਹਵਾ ਵਾਲੇ ਸਾਜਾਂ ਨੂੰ ਵਜਾਉਣ ਵਾਲੇ ਵਾਵੰਈਏ ਹੁੰਦੇ ਸਨ। ਇਸ ਤੋਂ ਇਲਾਵਾ ਅਨੇਕਾਂ ਹੋਰ ਸੇਵਕਗਣ ਸੇਵਾ ਵਿਚ ਹਾਜ਼ਰ ਖੜ੍ਹੇ ਰਹਿੰਦੇ ਸਨ। ਇਹ ਸਭ ਸ਼ਹਿਨਸ਼ਾਹ ਦੇ ਮਹਿਲ ਵਿਚ ਉਸ ਦੇ ਸੌਣ ਵੇਲੇ ਤੀਕ ਉਸ ਦਾ ਦਿਲ ਬਹਿਲਾਉਂਦੇ ਰਹਿੰਦੇ ਸਨ। ਉਨ੍ਹਾਂ ਦਿਨਾਂ ਵਿਚ ਕਿਸੇ ਲਈ ਗਾਉਣਾ ਜਾਂ ਉਸ ਉੱਤੇ ਖੜ੍ਹਾ ਰਹਿਣਾ, ਉਸ ਦੀ ਗੁਲਾਮੀ ਕਰਨ ਦੇ ਬਰਾਬਰ ਸਮਝਿਆ ਜਾਂਦਾ ਸੀ। ਇਸੇ ਤੁਲਨਾ ਅਨੁਸਾਰ ਉਸ ਵੇਲੇ ਦੇ ਧਰਮ ਗੁਰੂ ਆਪਣੇ ਪ੍ਰਭੂ ਦਾ ਨਿਵਾਸ ਅਸਥਾਨ ਤੇ ਕਾਰਜ-ਸਥਲ ਚਿਤਵਦੇ ਸਨ। ਉਹ ਕਲਪਨਾ ਕਰਦੇ ਸਨ ਕਿ ਉਨ੍ਹਾਂ ਦੇ ਪਰਮੇਸ਼ਰ ਦਾ ਵੀ ਉਸੇ ਭਾਂਤ ਦਾ ਪਰ ਬਹੁਤ ਵੱਡਾ ਮਹਿਲ ਹੋਵੇਗਾ ਤੇ ਉਸ ਦੇ ਮਨੋਰੰਜਨ ਲਈ ਉਸੇ ਤਰ੍ਹਾਂ ਦਾ ਮਾਹੌਲ ਹੋਵੇਗਾ। ਉਸ ਦੇ ਦਰਬਾਰ ਵਿਚ

(ਬਾਕੀ ਅਗਲੇ ਸਫੇ 'ਤੇ)

# ਸ਼ਹੀਦ ਗੰਜ ਭਾਈ ਤਾਰੂ ਸਿੰਘ

*ਮਹਾਨ ਸ਼ਹੀਦ ਭਾਈ ਤਾਰੂ ਸਿੰਘ ਦੇ ਲਾਹੌਰ ਵਿਚਲੇ ਇਤਿਹਾਸਕ ਸਥਾਨ 'ਤੇ ਗਵਾਂਢੀ ਲੋਕਾਂ ਦੀ ਕੈਰੀ ਅੱਖ ਬਾਰੇ ਲੇਖਕ ਨੇ ਆਪਣੇ ਪਾਕਿਸਤਾਨੀ ਸਫਰਨਾਮਾ 'ਮਿੱਟੀ ਦੀ ਮਹਿਕ' (2017) ਵਿਚ ਜ਼ਿਕਰ ਕੀਤਾ ਸੀ ਕਿ ਇਹ ਕਦੇ ਵੀ ਨੇੜਲੀ ਮਸੀਤ ਵਿਚ ਸ਼ਾਮਲ ਕਰ ਲਿਆ ਜਾਵੇਗਾ। ਉਨ੍ਹਾਂ ਦਾ ਇਹ ਖਦਸ਼ਾ ਸਾਬਤ ਹੁੰਦਾ ਨਜ਼ਰ ਆਉਂਦਾ ਹੈ, ਜਦ ਹੁਣੇ ਹੁਣੇ ਗਵਾਂਢੀਆਂ ਨੇ ਇਸ ਨੂੰ ਆਪਣੀ ਮਲਕੀਅਤ ਗਰਦਾਨ ਕੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ। ਕੌਮਾਂਤਰੀ ਦਬਾਓ ਕਾਰਨ ਭਾਵੇਂ ਅਜੇ ਇਹ ਹੋਣੀ ਟਲ ਗਈ ਜਾਪਦੀ ਹੈ, ਪਰ ਅਲਪ ਸੰਖਿਅਕ ਸਿੱਖਾਂ ਦੀ ਇਹ ਪਵਿੱਤਰ ਜਗ੍ਹਾ ਨੇੜਲੇ ਭਵਿੱਖ ਵਿਚ ਵੀ ਖਤਰੇ ਤੋਂ ਖਾਲੀ ਨਹੀਂ। ਪਾਠਕਾਂ ਲਈ ਹਾਜ਼ਰ ਹੈ, ਚਰਨਜੀਤ ਸਿੰਘ ਪੰਨੂ ਦਾ ਇਹ ਜਾਣਕਾਰੀ ਭਰਪੂਰ ਲੇਖ। -ਸੰਪਾਦਕ*







ਚਰਨਜੀਤ ਸਿੰਘ ਪੰਨੂ

ਲਾਹੌਰ ਰੇਲਵੇ ਸਟੇਸ਼ਨ ਦੇ ਸਾਹਮਣੇ ਨਖਾਸ ਚੌਂਕ, ਨੌਂ ਲੱਖਾ ਬਾਜ਼ਾਰ ਵਿਚ ਸਿੱਖ ਪੰਥ ਦੇ ਸਿਰਮੌਰ ਸ਼ਹੀਦ ਭਾਈ ਤਾਰੂ ਸਿੰਘ ਦਾ ਸ਼ਹੀਦੀ ਅਸਥਾਨ ਹੈ। ਲੰਡਾ ਬਾਜ਼ਾਰ ਵੱਲੋਂ ਨੌਂ ਲੱਖਾ ਬਾਜ਼ਾਰ ਵਿਚ ਵੜਦਿਆਂ ਹੀ ਖੱਬੇ ਹੱਥ ਦੁਕਾਨਾਂ ਵਿਚ ਇਕ ਨਿੱਕਾ ਜਿਹਾ ਦਰਵਾਜਾ ਹੈ। ਇਸ ਦੇ ਅੰਦਰ ਮਹਾਨ ਸ਼ਹੀਦ ਦੀ ਯਾਦਗਾਰ ਹੈ। ਮੱਥੇ 'ਤੇ ਉਰਦੂ ਵਿਚ ਲਿਖਿਆ ਹੈ 'ਹਜ਼ਰਤ ਸ਼ਾਹ ਕਾਕੂ ਚਿਸ਼ਤੀ...।' ਸਾਨੂੰ ਪਹਿਲਾਂ ਹੀ ਵੇਖ ਕੇ ਧੱਕਾ ਜਿਹਾ ਲੱਗਾ ਕਿ ਇੱਥੇ ਦਰਵਾਜੇ 'ਤੇ ਸਾਡੇ ਸ਼ਾਹ ਦਾ ਕੋਈ ਨਾਂ ਨਿਸ਼ਾਨ ਨਹੀਂ। ਨਾਲ ਦੀ ਦੰਦਾਂ ਦੀ ਦੁਕਾਨ ਦਾ ਬੋਰਡ ਵੇਖ ਕੇ ਡਾ. ਦਲਵੀਰ ਪੰਨੂ ਦੇ ਕਦਮ ਰੁਕ ਗਏ। ਬਾਹਰ ਲੱਗੇ ਦੰਦਾਂ ਦੇ ਪੀੜ ਵਾਲੇ ਸਾਈਨ ਬੋਰਡ ਨੂੰ ਉਸ ਨੇ ਚੰਗੀ ਤਰ੍ਹਾਂ ਨਿਹਾਰਿਆ, ਜਿਵੇਂ ਉਸ ਨੂੰ ਆਪਣੇ ਦਫਤਰ ਯਾਦ ਆ ਗਏ। ਉਸ ਦਾ ਚਿਹਰਾ ਖਿੜ ਗਿਆ ਕਿ ਉਹ ਉਸ ਕੋਲੋਂ ਆਪਣੇ ਸ਼ਹੀਦ ਬਾਰੇ ਵਿਆਪਕ ਜਾਣਕਾਰੀ ਲੈ ਸਕੇਗਾ। ਨੇੜੇ ਇਕ ਮੋਟਰ ਸਾਈਕਲ ਖੜਾ ਵੇਖ ਕੇ ਇਸ ਦਾ ਹਾਰਨ ਨੱਪਿਆ ਕਿ ਸ਼ਾਇਦ ਇਹ ਉਸ ਡਾਕਟਰ ਦਾ ਹੋਵੇਗਾ, ਜੋ ਸੁਣ ਕੇ ਆ ਜਾਏਗਾ; ਪਰ ਕੋਈ ਨਾ ਆਇਆ। ਦੁਕਾਨ ਬੰਦ ਹੋਣ ਕਾਰਨ ਸਾਡਾ ਜਲਦੀ ਛੁਟਕਾਰਾ ਹੋ ਗਿਆ, ਨਹੀਂ ਤੇ ਮੈਨੂੰ ਪਤਾ ਹੈ ਉਸ ਨੇ ਇੱਥੇ ਬੈਠ ਕੇ ਮਰੀਜ਼ਾਂ ਦੇ ਦੰਦ ਨਿਰੀਖਣ ਕਰਨ ਲੱਗ ਜਾਣਾ ਸੀ।

ਮੇਨ ਬਾਜ਼ਾਰ ਵਿਚੋਂ ਅੰਦਰ ਵੜਨ ਵਾਲਾ ਬਹੁਤ ਪੁਰਾਣਾ ਟੁੱਟਾ-ਭੱਜਾ ਜਿਹਾ ਖਸਤਾ ਹਾਲਤ ਵਾਲਾ ਇਕ ਲੱਕੜ ਦਾ ਦਰਵਾਜਾ ਹੈ। ਇਸ ਛੋਟੇ ਜਿਹੇ ਬਾਜਾਰ ਵਿਚ ਖੱਬੇ ਸੱਜੇ ਭੀੜੀਆਂ ਦੁਕਾਨਾਂ ਸਜੀਆਂ ਪਈਆਂ ਹਨ। ਇਹ ਦੁਕਾਨਾਂ ਭਾਈ ਤਾਰੂ ਸਿੰਘ ਗੁਰਦੁਆਰੇ ਦੀ ਮਲਕੀਅਤ ਹੋਣ ਕਾਰਨ ਕਿਰਾਏ 'ਤੇ ਦਿੱਤੀਆਂ ਗਈਆਂ ਹਨ। ਅੰਦਰ ਲੰਘਣ ਵਾਸਤੇ ਭੀੜੀ ਜਿਹੀ ਛੋਟੀ ਗਲੀ ਹੈ। ਕੋਈ ਦਸ ਫੁੱਟ ਤੋਂ ਬਾਅਦ ਇਹ ਵਿਹੜਾ ਸ਼ੁਰੂ ਹੁੰਦਾ ਹੈ। ਖੱਬੇ ਹੱਥ ਭਾਈ ਸਾਹਿਬ ਦੀ ਸਮਾਧ ਹੈ। ਸੱਜੇ ਹੱਥ ਇਕ ਚੌਥਾਈ ਭਾਗ ਵਿਚ ਇਕ ਕਾਕੂ ਸ਼ਾਹ ਦੀ ਮਸਜਿਦ ਹੈ। ਉਸ ਦੇ ਬਾਹਰ ਉਰਦੂ ਵਿਚ ਲਿਖਿਆ ਹੋਇਆ ਹੈ, 'ਸਿਗਰਟ ਬੀੜੀ ਤੰਬਾਕੂ ਪੀਣਾ ਮਨ੍ਹਾਂ ਹੈ।' ਅਸੀਂ ਉਸ ਦੇ ਅੰਦਰ ਵੀ ਗਏ ਤੇ ਪਰਿਕਰਮਾ ਕੀਤੀ। ਅਸੀਂ ਕੁਝ ਵਿਚਾਰ ਵਟਾਂਦਰਾ ਕਰ ਕੇ ਉਨ੍ਹਾਂ ਕੋਲੋਂ ਹੋਰ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਸਾ, ਪਰ ਉਨ੍ਹਾਂ ਦਾ ਕੋਈ ਸੇਵਾਦਾਰ ਮੌਜੂਦ ਨਹੀਂ ਮਿਲਿਆ।

ਅੰਦਰ ਛੇ ਕਨਾਲ ਵਾਲੀ ਇਹ ਥਾਂ ਹੁਣ ਸਿਮਟ ਕੇ ਦੋ ਕੁ ਕਨਾਲਾਂ ਵਿਚ ਸੀਮਤ ਹੋ ਗਈ ਦਿਸਦੀ ਹੈ। ਇਸ ਥਾਂ ਬਹੁਤ ਸੁੰਦਰ ਗੁਰਦੁਆਰਾ ਬਣਨਾ ਚਾਹੀਦਾ ਸੀ, ਪਰ ਨਹੀਂ ਬਣਿਆ। ਇਹ ਇਕ ਆਮ ਸਮਾਧ ਜਿਹੀ ਬਣ ਕੇ ਰਹਿ ਗਿਆ ਹੈ। ਉਸ ਅਹਾਤੇ ਦੇ ਅੰਦਰ ਨਾਲ ਕਾਕੂ ਸ਼ਾਹ ਪੀਰ ਦੀ ਜਗ੍ਹਾ (ਕਬਰ) ਹੋਣ ਕਰ ਕੇ ਇਹ ਵੀ ਵਿਵਾਦ ਦਾ ਮੁੱਦਾ ਬਣਿਆ ਰਹਿੰਦਾ ਹੈ। ਮੁਸਲਮਾਨ ਇੱਥੇ 'ਉਰਸ' ਮਨਾਉਂਦੇ ਕਬਰਾਂ ਨੂੰ ਪੂਜਦੇ ਹਨ, ਜਦੋਂ ਕਿ ਸਿੱਖ ਮੜ੍ਹੀ ਮਸਾਣ ਨੂੰ ਮੱਥਾ ਟੇਕਣਾ ਮਨਮਤ ਸਮਝਦੇ ਹਨ। ਕਾਕੂ ਸ਼ਾਹ ਬਾਬਾ ਫਰੀਦ ਸ਼ਕਰ ਗੰਜ ਦਾ ਪੋਤਰਾ ਸੀ।

ਕੋਰਟ ਦੇ ਸਿੱਖ ਗੁਰਦੁਆਰੇ ਦੇ ਹੱਕ ਵਿਚ ਫੈਸਲਾ ਦੇਣ ਦੇ ਬਾਵਜੂਦ ਕੁਝ ਲੋਕ ਇਸ ਜਗ੍ਹਾ ਨੂੰ ਆਪਣੇ ਧਰਮ ਕਾਰਜਾਂ ਦੇ ਬਹਾਨੇ ਹੜੱਪਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਅਸਲ ਵਿਚ ਜ਼ਮੀਨਾਂ ਦੀਆਂ ਕੀਮਤਾਂ ਦੇ ਵਧਣ ਕਰ ਕੇ ਇਕ ਇਕ ਫੁੱਟ ਦੀ ਕੀਮਤ ਹਜ਼ਾਰਾਂ ਤੋਂ ਲੱਖਾਂ ਤੱਕ ਪਹੁੰਚ ਗਈ ਹੈ। ਧਿੰਗੋਜ਼ੋਰੀ ਕਬਜ਼ੇ ਦੇ ਇਹ ਹੀ ਕਾਰਨ ਹਨ। ਸਿੱਖ ਵਿਰਸੇ ਦੀਆਂ ਹਜ਼ਾਰਾਂ ਏਕੜ ਵਡਮੁੱਲੀਆਂ ਵਿਰਾਸਤਾਂ ਪਾਕਿਸਤਾਨੀ ਹਾਕਮਾਂ ਦੀ ਲਟਕਦੀ ਤਲਵਾਰ ਦੇ ਰਹਿਮੋ-ਕਰਮ 'ਤੇ ਹਨ। ਇਹ ਕਿਸੇ ਵੇਲੇ ਵੀ ਬੁਰੀ ਨਜ਼ਰਾਂ ਵਾਲੇ ਸਮੇਂ ਦੇ ਹਾਕਮਾਂ ਦੇ ਹੁਕਮ 'ਤੇ ਸਰਕਾਰੀ ਕੰਟਰੋਲ ਥੱਲੇ ਆ ਜਾਣੇ ਹਨ।

ਭਾਈ ਤਾਰੂ ਸਿੰਘ ਸ਼ਹੀਦਗੰਜ ਗੁਰਦੁਆਰੇ ਬਾਰੇ ਕਈ ਤਰ੍ਹਾਂ ਦਾ ਵਾਦ-ਵਿਵਾਦ ਖੜਾ ਕੀਤਾ ਜਾਂਦਾ ਰਿਹਾ ਹੈ। ਇੱਥੇ ਮੌਲਵੀ ਕਾਕੂ ਸ਼ਾਹ ਵਾਲੀ ਮਸਜਿਦ ਦੇ ਪੈਰੋਕਾਰਾਂ ਦੀ ਮਿਲੀਭੁਗਤ ਹੈ ਕਿ ਉਹ ਇਸ ਜਗ੍ਹਾ 'ਤੇ ਆਪਣਾ ਹੱਕ ਜਤਾਉਂਦੇ ਇਸ ਨੂੰ ਡੇਗਣ-ਢਾਹੁਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ। ਡਰ ਹੈ ਕਿ ਅਯੁੱਧਿਆ ਤੇ ਚੰਬਲ ਵਾਲੇ ਹਥੌੜੇ ਕਿਸੇ ਵੇਲੇ ਇੱਥੇ ਵੀ ਚੱਲ ਪੈਣਗੇ। ਮਾਮਲਾ ਅਦਾਲਤ ਵਿਚ ਪਹੁੰਚ ਚੁਕਾ ਹੈ। ਅਜਿਹੇ ਗੁਰਦੁਆਰੇ ਦੀ ਮੰਦਹਾਲੀ ਹਾਲਤ ਜਿਉਂ ਦੀ ਤਿਉਂ ਕਾਇਮ ਹੈ। ਗੁੰਬਦ ਵਾਲੀ ਇਸ ਛੋਟੀ ਜਿਹੀ ਕੋਠੜੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਹੈ। ਉਪਰ ਇਕ ਛੋਟਾ ਜਿਹਾ ਕੇਸਰੀ ਨਿਸ਼ਾਨ ਸਾਹਿਬ ਝੁਲ ਰਿਹਾ ਹੈ। ਪਿਛਲੀਆਂ ਕੋਠੜੀਆਂ ਦਾ ਢਾਹੋ-ਵਾੜਾ ਦੱਸਦਾ ਹੈ ਕਿ ਇੱਥੇ ਕਿਸੇ ਵੇਲੇ ਬਹੁਤ ਸਾਰੇ ਸੁੰਦਰ ਮਕਾਨ, ਹਾਲ, ਕਮਰੇ ਪਏ ਹੋਏ ਸਨ, ਜੋ ਸਮੇਂ ਦੇ ਕਰੂਰ ਪੰਜਿਆਂ ਹੇਠ ਇਹ ਅਣਗੌਲੇ ਹੋ ਕੇ ਇਸ ਹਾਲਤ ਵਿਚ ਪਹੁੰਚ ਗਏ। ਇਸ ਦੇ ਨਾਮ ਲੱਗੀ ਜ਼ਮੀਨ ਵਿਚੋਂ ਪਿਛਲੇ ਪਾਸੇ ਦੋ ਕਨਾਲਾਂ ਜ਼ਮੀਨ ਹੁਣ ਜਗ੍ਹਾ ਖਾਲੀ ਪਈ ਹੋਈ ਹੈ। ਉਸ ਵਿਚ ਬਹੁਤ ਸਾਰਾ ਕੂੜਾ ਕਰਕਟ ਸੁੱਟਿਆ ਪਿਆ ਹੈ।

ਭਾਈ ਤਾਰੂ ਸਿੰਘ ਦੀ ਸਮਾਧ ਦੇ ਸਨਮੁੱਖ ਹੁਣ ਸੇਵਾ ਕਰਨ ਵਾਲਾ ਇਕ ਸੇਵਾਦਾਰ ਬੈਠਦਾ ਹੈ। ਬਾਹਰ ਉਸ ਦੀ ਇਕ ਟੁੱਟੀ ਜਿਹੀ ਕੁਰਸੀ ਪਈ ਹੈ। ਉਸ ਉਪਰ ਇਕ ਫੱਟੀ ਤੇ ਬੋਰੀ ਰੱਖੀ ਹੋਈ ਹੈ। ਬੈਠਣ ਵਾਲੀ ਸੀਟ ਟੁੱਟ ਚੁਕੀ ਹੈ। ਉਸ ਦੇ ਲਾਗੇ ਚਾਰ ਇੱਟਾਂ ਰੱਖ ਕੇ ਉਸ ਦੇ ਉਪਰ ਤਾਂਬੀਆ ਰੱਖਿਆ ਹੋਇਆ ਹੈ। ਉਹ ਆਉਂਦੇ-ਜਾਂਦੇ ਦਰਸ਼ਨ ਅਭਿਲਾਸ਼ੀ ਨੂੰ ਚਾਹ ਦੀ ਸੁਲ੍ਹਾ ਮਾਰ ਲੈਂਦਾ ਹੈ। ਇੱਥੇ ਇਹ ਕਹਾਵਤ ਬਿਲਕੁਲ ਠੀਕ ਢੁਕਦੀ ਨਜ਼ਰ ਆਉਂਦੀ ਹੈ ਕਿ ਉਹ ਗੁਰਦੁਆਰੇ ਵਿਚ ਬੈਠ ਕੇ ਮਸਜਿਦ ਦੀ ਪੂਜਾ ਕਰਦਾ ਹੈ। ਨਮਾਜ਼ ਵੇਲੇ ਇੱਥੋਂ ਆਪਣੀ ਕੁਰਸੀ ਛੱਡ ਕੇ ਉਸ ਨੇੜਲੀ ਮਸਜਿਦ ਵਿਚ ਜਾ ਵੜਦਾ ਆਪਣਾ ਅਕੀਦਾ ਉਥੇ ਹੀ ਭੁਗਤਾਉਂਦਾ ਹੈ। ਇੱਥੇ ਪੈਸਿਆਂ ਖਾਤਰ ਹੀ ਡਿਊਟੀ 'ਤੇ ਆ ਬੈਠਦਾ ਹੈ। ਇਕ ਮੁਲਾਜ਼ਮ ਇਸ ਦੀ ਸੇਵਾ ਲਈ ਹਾਜ਼ਰ ਰਹਿੰਦਾ ਹੈ, ਜੋ ਆਉਂਦੇ-ਜਾਂਦੇ ਸ਼ਰਧਾਲੂਆਂ ਕੋਲੋਂ ਟਿੱਪ ਦੀ ਉਮੀਦ ਰੱਖਦਾ ਹੈ। ਉਸ ਦਾ ਦੁਨਿਆਵੀ ਮਕਸਦ ਇਸ ਦੀ ਸੇਵਾ ਤੋਂ ਇਲਾਵਾ ਆਪਣੀ ਰੋਜ਼ੀ ਰੋਟੀ ਵੀ ਜ਼ਿਆਦਾ ਹੈ। ਮੈਂ ਹੋਰ ਵੀ ਗੁਰਦੁਆਰੇ ਦੇਖੇ ਹਨ, ਪਰ ਉਥੇ ਅਜਿਹਾ ਵੇਖਣ ਨੂੰ ਨਹੀਂ ਮਿਲਿਆ। ਇਹ ਸੇਵਾਦਾਰ ਯਾਤਰੀਆਂ ਨੂੰ ਆਪਣੀ ਖੂਬੀ ਦੱਸਦਾ ਇਸ ਮਹਾਨ ਸਥਾਨ ਦੀ ਸੇਵਾ ਕਰਨ ਦਾ ਅਹਿਸਾਨ ਜਤਾਉਂਦਾ ਉਨ੍ਹਾਂ ਕੋਲੋਂ ਮੁਆਵਜ਼ਾ ਮੰਗਣ ਦੀ ਕੋਸ਼ਿਸ਼ ਕਰਦਾ ਹੈ। ਉਸ ਦਾ ਅੰਦਰਲਾ ਮਨ ਤੇ ਮਾਨਸਿਕਤਾ ਮੂਲ ਰੂਪ ਵਿਚ ਮੁਸਲਮਾਨੀ ਅਕੀਦਾ ਹੈ, ਪਰ ਸੈਲਾਨੀਆਂ ਨੂੰ ਵੀ ਇਸ ਅਸਥਾਨ ਦੀ ਸੇਵਾ ਭਾਵਨਾ 'ਤੇ ਆਸਥਾ ਰੱਖਣ ਦੀ ਪੇਸ਼ਕਾਰੀ ਕਰੀ ਰੱਖਦਾ ਹੈ।



ਇਸ ਖਬਰ ਨੇ ਸਰਕਾਰ ਦੇ ਥੰਮ੍ਹ ਖਿੜਕਾ ਦਿੱਤੇ। ਜੰਡਿਆਲੇ ਦੇ ਵਸਨੀਕ ਹਰਭਗਤ ਨਿਰੰਜਨੀਆ, ਜੋ ਸਰਕਾਰੀ ਗੁਪਤਚਰ ਸੀ, ਦੀ ਗੁਪਤ ਸੂਚਨਾ ਨੇ ਵੀ ਭਾਈ ਤਾਰੂ ਸਿੰਘ 'ਤੇ ਇਲਜ਼ਾਮਾਂ ਦੀ ਪੁਸ਼ਟੀ ਕਰ ਦਿੱਤੀ। ਇਸ ਪਰਉਪਕਾਰ ਦੇ ਖਮਿਆਜ਼ੇ ਵਜੋਂ ਕੁਰਾਹੀਆ, ਗੁਮਰਾਹੀਆ ਅਤੇ ਬਾਗੀ ਇਲਜ਼ਾਮ ਲਾ ਕੇ ਹਕੂਮਤ ਨੇ ਉਸ ਦਾ ਪਿੱਛਾ ਸ਼ੁਰੂ ਕਰ ਦਿੱਤਾ। ਅਖੀਰ ਗ੍ਰਿਫਤਾਰ ਕਰਨ ਉਪਰੰਤ ਬੇੜੀਆਂ ਵਿਚ ਜਕੜ ਕੇ ਮੁਗਲ ਦਰਬਾਰ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਜ਼ਕਰੀਆ ਖਾਨ ਨੇ ਉਸ ਨੂੰ ਕੇਸ ਕਟਵਾ ਕੇ ਮੁਸਲਿਮ ਧਰਮ ਕਬੂਲ ਕਰਨ ਜਾਂ ਮੌਤ ਵਿਚੋਂ ਇਕ ਦੀ ਚੋਣ ਕਰਨ ਦਾ ਵਿਕਲਪ ਪੇਸ਼ ਕੀਤਾ। ਗੁਰੂ ਦੇ ਸਿੰਘ ਨੇ ਧਰਮ ਤਬਦੀਲੀ ਤੇ ਕੇਸ ਕਟਵਾਉਣ-ਦੋਹਾਂ ਤੋਂ ਸਾਫ ਇਨਕਾਰ ਕਰ ਦਿੱਤਾ, 'ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।'

ਉਸ ਨੂੰ ਧਮਕਾਉਣ ਤੇ ਯਰਕਾਉਣ ਦਾ ਕੋਈ ਚਾਰਾ ਨਾ ਚੱਲਦਾ ਵੇਖ ਕੇ ਮੋਚੀ ਦੀ ਤਲਾਸ਼ ਕੀਤੀ ਤੇ ਉਸ ਨੂੰ ਭਾਈ ਤਾਰੂ ਸਿੰਘ ਦੇ ਕੇਸ ਕਤਲ ਕਰਨ ਦਾ ਹੁਕਮ ਦਿੱਤਾ। ਭਾਈ ਸਾਹਿਬ ਸ਼ਾਂਤ ਚਿੱਤ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਵਾਲ ਕਟਵਾਉਣ ਤੋਂ ਨਾਂਹ ਕਰਨ ਤੇ ਨਿਕਾਸ ਚੌਂਕ ਵਿਚ ਸ਼ਰੇਆਮ ਰੰਬੀ ਨਾਲ ਭਾਈ ਸਾਹਿਬ ਦੀ ਖੋਪਰੀ ਉਤਾਰ ਦਿੱਤੀ ਗਈ ਤੇ ਨਿਰਜਿੰਦ ਸਮਝ ਕੇ ਕਿਲ੍ਹੇ ਦੇ ਬਾਹਰ ਇਕ ਖਾਈ ਵਿਚ ਸੁੱਟ ਦਿੱਤਾ ਗਿਆ। ਗੁਰੂ ਦੇ ਸਿੱਖ ਉਨ੍ਹਾਂ ਨੂੰ ਉਠਾ ਕੇ ਆਪਣੇ ਕੋਲ ਲੈ ਆਏ ਤੇ ਇਲਾਜ ਸ਼ੁਰੂ ਕਰ ਦਿਤਾ, ਪਰ ਉਨ੍ਹਾਂ ਨੇ ਇਲਾਜ ਕਰਾਉਣ ਤੋਂ ਨਾਂਹ ਕਰ ਦਿੱਤੀ।

ਇਸ ਸਮੇਂ ਇਹ ਕਰੂਰ ਕਾਰਾ ਕਰਨ ਜਾਂ ਕਰਵਾਉਣ ਵਾਲੇ ਜ਼ਕਰੀਆ ਖਾਨ ਦੇ ਢਿੱਡ ਵਿਚ ਸੂਲ ਉਠਿਆ। ਉਸ ਨੂੰ ਪਖਾਨੇ ਦਾ ਬੰਨ੍ਹ ਪੈ ਗਿਆ ਤੇ ਤਰਲੇ ਲੈਣ ਲੱਗਾ। ਉਸ ਨੇ ਆਪਣੇ ਕੀਤੇ ਗੁਨਾਹ ਦੀ ਭੁੱਲ ਬਖਸ਼ਾਉਣ ਲਈ ਅਕਾਲ ਤਖਤ ਤੱਕ ਪਹੁੰਚ ਕੀਤੀ। ਅਕਾਲ ਤਖਤ ਦੇ ਹੁਕਮ ਅਨੁਸਾਰ ਭਾਈ ਤਾਰੂ ਸਿੰਘ ਦੀ ਜੁੱਤੀ ਉਸ ਦੇ ਸਿਰ ਮਾਰਨ ਦੀ ਸਜ਼ਾ ਸੁਣਾਈ ਗਈ, ਜੋ ਉਸ ਨੇ ਸਵੀਕਾਰ ਕਰ ਲਈ। ਇੱਕੀ ਦਿਨ ਉਹ ਇਸ ਜੁੱਤੀ ਦੀ ਮਾਰ ਝੱਲਦਾ ਰਿਹਾ। ਅਖੀਰ ਜੁੱਤੀ ਦੀ ਝਾਲ ਨਾ ਝੱਲਦਾ ਮਾਫੀਆਂ ਮੰਗਦਾ ਪ੍ਰਾਣ ਤਿਆਗ ਗਿਆ। ਉਸ ਦੇ ਵਹਿਸ਼ੀ ਤਸ਼ੱਦਦ ਦੇ ਸ਼ਿਕਾਰ ਭਾਈ ਤਾਰੂ ਸਿੰਘ ਨੂੰ ਉਸ ਦੀ ਫੌਤ ਦੀ ਖਬਰ ਮਿਲ ਗਈ। ਉਹ ਪਰਮੇਸ਼ਰ ਦੇ ਹੁਕਮ ਅਨੁਸਾਰ 23 ਅੱਸੂ ਸੰਮਤ 1802 (1785 ਈ) ਨੂੰ ਗੁਰਬਾਣੀ ਦਾ ਪਾਠ ਕਰਦੇ ਅਕਾਲ ਪੁਰਖ ਦੇ ਚਰਨਾਂ 'ਚ ਲੀਨ ਹੋ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਇਸ ਜਗ੍ਹਾ ਸ਼ਹੀਦੀ ਅਸਥਾਨ ਬਣਿਆ ਹੋਇਆ ਹੈ, ਪਰ ਬੇਗਾਨੀ ਹਕੂਮਤ ਦੀ ਤਾਨਾਸ਼ਾਹੀ ਥੱਲੇ ਇਸ ਮਹਾਨ ਸ਼ਹੀਦ ਦੇ ਸਮਾਰਕ ਨੂੰ ਉਹ ਮਹਾਨਤਾ ਨਹੀਂ ਦਿੱਤੀ ਗਈ, ਜੋ ਲੋੜੀਂਦੀ ਸੀ। ਗੁਰੂ ਘਰ ਦੇ ਪ੍ਰੀਤਵਾਨ ਸਿੱਖਾਂ ਨੇ ਉਨ੍ਹਾਂ ਦਾ ਯਾਦਗਾਰੀ ਸ਼ਹੀਦ ਗੰਜ ਤਿਆਰ ਕੀਤਾ। ਪਿੰਡ ਬੇਲਾ ਬਸਤੀ ਰਾਮ, ਤਹਿਸੀਲ ਲਾਹੌਰ ਤੋਂ 100 ਰੁਪਈਆ ਸਾਲਾਨਾ ਜਾਗੀਰ ਇਸ ਇਮਾਰਤ ਨੂੰ ਦਿੱਤੀ ਗਈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਦੇ ਨਾਂ ਛੇ ਕਨਾਲ ਦੇ ਕਰੀਬ ਜ਼ਮੀਨ ਲਵਾ ਦਿੱਤੀ। ਸ਼ਹੀਦ ਗੰਜ ਨਾਲ ਬਹੁਤ ਸਾਰੀਆਂ ਦੁਕਾਨਾਂ ਹਨ। ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਵਾਲੇ ਮਹਾਨ ਗੁਰਸਿੱਖ ਸ਼ਹੀਦ ਭਾਈ ਤਾਰੂ ਸਿੰਘ ਦੀ ਸ਼ਹੀਦੀ ਬਾਰੇ ਪੜ੍ਹਦਿਆਂ ਸੁਣਦਿਆਂ 'ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ' ਦੀ ਭਾਵਨਾ ਮਨ ਵਿਚ ਪੈਦਾ ਹੁੰਦੀ ਹੈ।

ਇਹ ਯਾਦਗਾਰ ਸ਼ਹੀਦ ਗੰਜ ਸਾਨੂੰ ਅੱਜ ਵੀ ਸਿੱਖੀ ਬਾਣੇ ਵਿਚ ਸਾਬਤ ਸੂਰਤ ਸਿੱਖ ਰਹਿ ਕੇ ਹੱਕ ਸੱਚ ਲਈ ਮਰ ਮਿਟਣ ਦੀ ਪ੍ਰੇਰਨਾ ਦਿੰਦੀ ਹੈ। ਇਸ ਦਾ ਪ੍ਰਬੰਧ 1927 ਤੋਂ 1947 ਤੱਕ ਸ਼੍ਰੋਮਣੀ ਪ੍ਰਬੰਧਕ ਕਮੇਟੀ ਕੋਲ ਰਿਹਾ। ਇਸ ਦੀ ਸੇਵਾ ਸੰਭਾਲ ਭਾਈ ਈਸ਼ਰ ਸਿੰਘ ਨੂੰ ਸੌਂਪੀ ਗਈ, ਜਿਨ੍ਹਾਂ ਨੇ ਆਪਣੀ ਸ਼ਰਧਾ ਭਾਵਨਾ ਨਾਲ ਸਾਂਭ ਸੰਭਾਲ ਕੀਤੀ। ਹੁਣ ਇਸ ਦੀ ਸਪੁਰਦਦਾਰੀ ਮਹਿਕਮਾ ਵਕਫ ਬੋਰਡ ਅਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ।

# ਸੋ ਦਰੁ ਕੇਹਾ ਸੋ ਘਰੁ ਕੇਹਾ

*(ਪਿਛਲੇ ਸਫੇ ਦੀ ਬਾਕੀ)*

ਵੀ ਗਾਉਣ ਲਈ ਅਨੇਕਾਂ ਗਵੱਈਏ ਤੇ ਵਾਵੱਈਏ ਅਤੇ ਨੱਚਣ ਲਈ ਹੂਰਾਂ-ਪਰੀਆਂ ਹੋਣਗੀਆਂ। ਗੁਰੂ ਸਾਹਿਬ ਇਸੇ ਪ੍ਰਚਲਿਤ ਮਾਨਤਾ ਨੂੰ ਆਪਣੇ ਕਟਾਕਸ਼ ਭਰੇ ਉੱਤਰ ਦਾ ਆਧਾਰ ਬਣਾਉਂਦੇ ਹਨ।

ਇਸ ਪਉੜੀ ਵਿਚ ਗੁਰੂ ਸਾਹਿਬ ਜਗਿਆਸੂਆਂ ਨੂੰ ਕੁਝ ਇਸ ਤਰ੍ਹਾਂ ਸੰਬੋਧਨ ਕਰਦੇ ਲਗਦੇ ਹਨ, ਪੁੱਛਦੇ ਹੋ ਉਹ ਕਿਹੋ ਜਿਹਾ ਦਰ ਹੈ ਤੇ ਕਿਹੋ ਜਿਹਾ ਘਰ ਹੈ, ਜਿੱਥੇ ਬੈਠ ਕੇ ਉਹ ਸਭ ਕੁਝ ਨੂੰ ਸੰਭਾਲਦਾ ਹੈ, ਲਓ ਸੁਣੋ। (ਉਸ ਦਾ ਸਥਾਨ ਜਿਹੋ ਜਿਹਾ ਵੀ ਹੋਵੇ) ਉੱਥੇ ਕਿੰਨੇ ਹੀ ਗਵੱਈਏ ਤੇ ਵਾਵੱਈਏ ਅਨੇਕਾਂ ਅਵਾਜ਼ਾਂ ਤੇ ਸਾਜ਼ਾਂ ਨਾਲ ਅਣਗਿਣਤ ਰਾਗ ਵਜਾ ਰਹੇ ਹਨ। ਕਿੰਨੇ ਹੀ ਪਰੀਆਂ ਨੂੰ ਰਾਗ ਦੱਸ ਰਹੇ ਹਨ ਤੇ ਕਿੰਨੇ ਹੀ ਗਾ ਗਾ ਕੇ ਪੱਕੇ ਰਾਗਾਂ ਦਾ ਅਲਾਪ ਕਰ ਰਹੇ ਹਨ। ਇਹ ਇੱਡਾ ਵਿਆਪਕ ਦਰਬਾਰ ਹੈ ਕਿ ਇਸ ਵਿਚ ਸਭ ਕਲਪੇ ਦੇਵੀ-ਦੇਵਤੇ ਭਾਵ ਹਵਾ, ਪਾਣੀ, ਅਗਨੀ ਤੇ ਧਰਮਰਾਜ ਗਾਉਂਦੇ ਹਨ। ਲੇਖੇ ਲਿਖ-ਲਿਖ ਹਿਸਾਬ ਰੱਖਣ ਵਾਲਾ ਤੇ ਧਰਮ ਦੀ ਪਾਲਣਾ ਕਰਨ ਵਾਲਾ ਚਿਤਰ-ਗੁਪਤ ਵੀ ਉੱਥੇ ਗਾਉਂਦਾ ਹੈ। ਉੱਥੇ ਹੀ ਸਦਾ ਸਜੇ-ਧਜੇ ਰੂਪ ਵਿਚ ਖੜ੍ਹੇ ਬ੍ਰਹਮਾ, ਸ਼ਿਵਜੀ ਤੇ ਪਾਰਵਤੀ ਦੇਵੀ ਗਾਉਂਦੇ ਹਨ। ਆਪਣੇ ਆਸਣ 'ਤੇ ਬੈਠਾ ਇੰਦਰ ਦੂਜੇ ਦੇਵਤਿਆਂ ਨਾਲ ਉਸ ਦਰ 'ਤੇ ਗਾਉਂਦਾ ਹੈ। ਸਮਾਧੀਆਂ ਵਿਚ ਮਗਨ ਸਿੱਧ ਤੇ ਸਾਧਾਰਨ ਸਾਧ ਉੱਥੇ ਗਾਉਣ ਦੀ ਸੇਵਾ ਕਰ ਰਹੇ ਹਨ। ਜੁਗਾਂ ਜੁਗਾਂਤਰਾਂ ਤੋਂ ਵੇਦਾਂ ਨੂੰ ਪੜ੍ਹਨ ਵਾਲੇ ਪੰਡਿਤ ਤੇ ਰਿਸ਼ੀ ਮੁਨੀ, ਜਤ-ਸਤ ਵਾਲੇ ਸੰਤੋਖੀ ਤੇ ਬਹਾਦਰ ਯੋਧੇ ਉੱਥੇ ਗਾਉਣ ਦਾ ਫਰਜ਼ ਅਦਾ ਕਰਦੇ ਹਨ। ਇਸ ਨਾਲ ਹੀ ਸੁਰਗਾਂ ਵਿਚ ਰਹਿਣ ਵਾਲੀਆਂ ਮਨ-ਮੋਹਿਕ ਸੁੰਦਰੀਆਂ ਤੇ ਤੁਹਾਡੇ ਬਣਾਏ ਹੋਏ ਅਠਸਠ ਤੀਰਥ ਵੀ ਉਸ ਦੀ ਉਪਾਸਨਾ ਲਈ ਗਾ ਰਹੇ ਹਨ। ਵੱਡੇ ਸੂਰਬੀਰ ਯੋਧੇ, ਚਾਰੇ ਖਾਣੀਆਂ ਤੇ ਯੁਗਾਂ ਯੁਗਾਂਤਰਾਂ ਤੋਂ ਬਣਾ ਕੇ ਰੱਖੇ ਪਏ ਬ੍ਰਹਿਮੰਡ ਦੇ ਖੰਡ ਤੇ ਮੰਡਲ ਵੀ ਉੱਥੇ ਗਾ ਰਹੇ ਹਨ। ਉਸ ਦੀ ਚਾਹ ਵਿਚ ਰੰਗੇ ਉਸ ਦੇ ਰਸੀਏ ਭਗਤ ਵੀ ਉਸ ਦੀ ਸੇਵਾਦਾਰੀ ਵਿਚ ਗਾ ਰਹੇ ਹਨ। ਕਿੰਨੇ ਹੀ ਹੋਰ ਉਸ ਦਰ 'ਤੇ ਬੈਠੇ ਗਾ ਰਹੇ ਹਨ, ਜਿਨ੍ਹਾਂ ਦੇ ਨਾਨਕ ਨੂੰ ਨਾਮ ਵੀ ਯਾਦ ਨਹੀਂ। ਕੁਝ ਇਕ ਦੇਵੀ-ਦੇਵਤੇ ਤੇ ਸ਼ਰਧਾਲੂ-ਗਣ ਤਾਂ ਕੀ, ਸਾਰੀ ਦੁਨੀਆਂ ਹੀ ਉਸ ਦਰ 'ਤੇ ਵਿਛੀ ਪਈ ਹੈ। ਜੋ ਨਿਰਜੀਵ ਨਹੀਂ ਵੀ ਗਾ ਸਕਦੇ, ਉਹ ਵੀ ਉਸ ਦੀ ਮਹਿਮਾ ਗਾ ਰਹੇ ਹਨ।

ਇਹ ਹੈ ਉਸ ਸਦੀਵੀ ਪਰਮ-ਸਤਿ ਦਾ ਰੁਤਬਾ, ਜਿਸ ਨੇ ਇਹ ਬ੍ਰਹਿਮੰਡ ਸਾਜਿਆ ਹੈ ਤੇ ਜੋ ਇਸ ਵਿਚ ਸੱਚਾ ਨਿਆਂ ਵਰਤਾ ਰਿਹਾ ਹੈ। ਭਾਂਤ ਭਾਂਤ ਦੇ ਰੰਗਾਂ ਰੂਪਾਂ ਵਾਲੀ ਪਦਾਰਥੀ ਮਾਇਆ ਦਾ ਉਹ ਘਾੜਤ ਉਸ ਕਲਾਕਾਰ ਦੀ ਨਿਆਈ ਹੈ, ਜੋ ਆਪਣੀ ਕਲਾ ਕ੍ਰਿਤੀ ਨੂੰ ਬਣਾ ਬਣਾ ਕੇ ਆਪ ਹੀ ਦੇਖਣਾ ਚਾਹੁੰਦਾ ਹੈ। ਜੋ ਉਸ ਨੇ ਕਰਨਾ ਹੈ, ਉਹ ਉਹੀ ਕਰਦਾ ਹੈ, ਉਸ ਨੂੰ ਕੋਈ ਹੁਕਮ ਨਹੀਂ ਕਰ ਸਕਦਾ। ਬਾਦਸ਼ਾਹਾਂ ਦੇ ਬਾਦਸ਼ਾਹਾਂ ਦੇ ਬਾਦਸ਼ਾਹ ਵੀ ਉਸ ਦੇ ਨਿਯਮਾਂ ਦੀ ਪਾਲਣਾ ਕਰਦੇ ਹਨ।

ਗੁਰੂ ਸਾਹਿਬ ਦੇ ਕਹਿਣ ਦਾ ਸਾਰ ਹੈ ਕਿ ਉਹ ਘਰ ਬਾਰ ਤਾਂ ਜਦੋਂ ਲੱਭਿਆ ਗਿਆ ਉਦੋਂ ਪਤਾ ਲੱਗ ਹੀ ਜਾਵੇਗਾ ਕਿ ਕਿੱਥੇ ਹੈ ਤੇ ਕਿਹੋ ਜਿਹਾ ਹੈ, ਪਰ ਪਹਿਲਾਂ ਇਹ ਤਾਂ ਜਾਣ ਲਵੋ ਕਿ ਉਹ ਕਿੰਨਾ ਕੁ ਵਿਸ਼ਾਲ ਤੇ ਵਿਰਾਟ ਹੈ। ਉਸ ਦਰ 'ਤੇ ਸਭ ਛੋਟੀਆਂ ਵੱਡੀਆਂ ਕਾਲਪਨਿਕ ਤੇ ਅਰਧ-ਕਾਲਪਨਿਕ ਦੈਵਿਕ ਹਸਤੀਆਂ ਮੱਥੇ ਰਗੜ ਰਹੀਆਂ ਹਨ ਅਤੇ ਸੰਸਾਰਕ ਹੁਕਮਰਾਨਾਂ ਦੇ ਹੁਕਮਰਾਨ ਵੀ ਉੱਥੇ ਪਾਣੀ ਭਰਦੇ ਹਨ। ਪੁੱਛਣ ਤਾਂ ਲੱਗੇ ਹੋ, ਸੋਚ ਵੀ ਸਕੋਗੇ ਉਸ ਬਾਰੇ?

# ਗੁਰੂਦੇਵ ਡਾ. ਹਰਿਭਜਨ ਸਿੰਘ ਦਾ ਸੰਗ-ਸਾਥ-2

## ਸ਼ਖਸੀਅਤਾਂ

***ਪੰਜਾਬੀ ਕਾਵਿ-ਜਗਤ, ਆਲੋਚਨਾ, ਅਨੁਵਾਦ ਅਤੇ ਅਧਿਆਪਨ ਦੇ ਖੇਤਰਾਂ ਵਿਚ ਡਾ. ਹਰਿਭਜਨ ਸਿੰਘ (18 ਅਗਸਤ 1920-21 ਅਕਤੂਬਰ 2002) ਦਾ ਮੁਕਾਮ ਬਹੁਤ ਉਚਾ ਹੈ। ਇਨ੍ਹਾਂ ਚਾਰੇ ਖੇਤਰਾਂ ਵਿਚ ਨਵੀਂ ਪੈੜਾਂ ਪਾਈਆਂ। ਉਨ੍ਹਾਂ ਦੀ ਬੌਧਿਕ ਸਮਰੱਥਾ ਅਤੇ ਸ਼ਖਸੀਅਤ ਸਭ ਨੂੰ ਕਾਇਲ ਕਰ ਜਾਂਦੀ। ਸਾਲ 2020 ਉਨ੍ਹਾਂ ਦਾ ਜਨਮ ਸ਼ਤਾਬਦੀ ਵਰ੍ਹਾ ਹੈ। ਅਸੀਂ ਆਪਣੇ ਪਾਠਕਾਂ ਨੂੰ ਉਨ੍ਹਾਂ ਦੀਆਂ ਕੁਝ ਖਾਸ ਲਿਖਤਾਂ ਦੇ ਰੂਬਰੂ ਕਰਦੇ ਰਹਾਂਗੇ। ਇਸ ਵਾਰ ਅਸੀਂ ਪ੍ਰੋ. ਸੁਹਿੰਦਰ ਬੀਰ ਦੇ ਲੰਮੇ ਲੇਖ ਦੀ ਦੂਜੀ ਤੇ ਆਖਰੀ ਕਿਸ਼ਤ ਛਾਪ ਰਹੇ ਹਾਂ। ਇਸ ਵਿਚੋਂ ਡਾ. ਹਰਿਭਜਨ ਸਿੰਘ ਦੀ ਸ਼ਖਸੀਅਤ ਅਤੇ ਰਚਨਾਵਾਂ ਖੂਬ ਝਾਤੀ ਮਾਰਦੀਆਂ ਹਨ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

**ਪ੍ਰੋ. ਸੁਹਿੰਦਰ ਬੀਰ**

1983 ਤੋਂ 1990 ਤੱਕ ਮੈਂ ਚੰਡੀਗੜ੍ਹ ਰਿਹਾ। 1990 ਵਿਚ ਡਾ. ਜਗਜੀਤ ਸਿੰਘ ਰਿਜ਼ਨਲ ਸੈਂਟਰ ਜਲੰਧਰ ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਆ ਗਏ ਤੇ ਮੇਰਾ ਜਲੰਧਰ ਜਾਣ ਦਾ ਸਬੱਬ ਬਣ ਗਿਆ। ਇਸ ਵਾਰ ਮੈਨੂੰ ਜਲੰਧਰ ਭੇਜਣ ਵਿਚ ਡਾ. ਜਸਵੰਤ ਸਿੰਘ ਨੇਕੀ ਦੀ ਵਿਸ਼ੇਸ਼ ਭੂਮਿਕਾ ਰਹੀ। ਜਲੰਧਰ ਮੀਡੀਏ ਦਾ ਘਰ ਹੈ। ਇਥੇ ਪੁੱਜ ਕੇ ਡਾ. ਬਲਜੀਤ ਕੌਰ, ਡਾ. ਲਖਵਿੰਦਰ ਜੌਹਲ, ਪ੍ਰੋ. ਕੁਲਬੀਰ ਸਿੰਘ, ਡਾ. ਉਮਿੰਦਰ ਜੌਹਲ, ਸੁਰਿੰਦਰ ਸੋਹਲ, ਦਵਿੰਦਰ ਮੰਡ, ਤੇਜਿੰਦਰ ਵਿਰਲੀ ਆਦਿ ਸਾਹਿਤਕਾਰਾਂ ਦੇ ਸਹਿਯੋਗ ਨਾਲ ਅਸੀਂ ਸਭ ਨੇ ਰਲ ਮਿਲ ਕੇ 'ਸੁਖਨਵਰ ਮੰਚ, ਪੰਜਾਬ' ਦੀ ਸਥਾਪਨਾ ਕੀਤੀ। ਮੰਚ ਵੱਲੋਂ ਡਾ. ਸਾਹਿਬ ਨੂੰ ਵੀ ਸੱਦਾ ਦਿੱਤਾ ਗਿਆ। ਸ਼ਹਿਰ ਵਿਚ ਜਦੋਂ ਉਨ੍ਹਾਂ ਦੇ ਆਉਣ ਦੀ ਖਬਰ ਨਸ਼ਰ ਹੁੰਦੀ; ਕਾਲਜ, ਰੇਡੀਓ, ਟੈਲੀਵਿਜ਼ਨ ਵਾਲੇ ਉਨ੍ਹਾਂ ਦੇ ਪ੍ਰੋਗਰਾਮਾਂ ਲਈ ਉਨ੍ਹਾਂ ਦੇ ਰਾਹਾਂ ਵਿਚ ਅੱਖਾਂ ਵਿਛਾ ਬਹਿੰਦੇ। ਉਨ੍ਹਾਂ ਦਾ ਨਾਸ਼ਤਾ ਤੇ ਰਾਤਰੀ ਭੋਜਨ ਮੁਹੱਬਤੀ ਲੋਕਾਂ ਦੇ ਘਰ ਹੁੰਦਾ, ਪਰ ਰਹਿਣ ਦਾ ਟਿਕਾਣਾ ਸਦਾ ਮੇਰਾ ਆਲ੍ਹਣਾ ਹੀ ਬਣਦਾ। ਮੈਂ ਜੇ. ਪੀ. ਨਗਰ ਵਿਚ ਦੋ ਕਮਰਿਆਂ ਦੇ ਘਰ ਵਿਚ ਰਹਿੰਦਾ ਸਾਂ ਪਰ ਉਨ੍ਹਾਂ ਨੇ ਕਦੇ ਮੇਰੇ ਆਲ੍ਹਣੇ ਨੂੰ ਛਿੱਕਾ ਨਾ ਕਿਹਾ। ਮੇਰੇ ਪਾਸ ਗਿਰਨਾਰ ਸਕੂਟਰ ਹੁੰਦਾ ਸੀ ਜੋ ਮੈਂ ਪ੍ਰੋ. ਗੋਸਲ ਦੇ ਲੜਕੇ ਰਵੀ ਪਾਸੋਂ 1984 ਦੇ ਸ਼ੁਰੂ ਵਿਚ ਕਿਸ਼ਤਾਂ ਵਿਚ ਖਰੀਦਿਆ ਸੀ। ਡਾ. ਸਾਹਿਬ ਨੂੰ ਮਿਲਣ ਵਾਲੇ ਤਾਂ ਆਪਣੀਆਂ ਕਾਰਾਂ ਲੈ ਕੇ ਬੇਤਾਬ ਰਹਿੰਦੇ ਸਨ ਪਰ ਉਹ ਮੇਰੇ ਸਕੂਟਰ 'ਤੇ ਬੈਠ ਕੇ ਹੀ ਸੰਤੁਸ਼ਟ ਹੁੰਦੇ। ਡੀ. ਏ. ਵੀ. ਕਾਲਜ, ਜਲੰਧਰ ਵਾਲੇ ਪ੍ਰੋ. ਟੀ. ਡੀ. ਜੋਸ਼ੀ ਸਦਾ ਡਾ. ਹਰਿਭਜਨ ਸਿੰਘ ਨੂੰ ਉਚੇਚ ਨਾਲ ਮਿਲਦੇ ਅਤੇ ਕਾਲਜ ਵਿਚ ਭਾਸ਼ਣ ਕਰਾਉਣ ਲਈ ਉਤਾਵਲੇ ਰਹਿੰਦੇ।


ਇਕ ਦਿਨ ਉਥੋਂ ਭਾਸ਼ਣ ਦੇ ਕੇ ਅਸੀਂ ਆ ਰਹੇ ਸਾਂ ਤੇ ਆਦਰਸ਼ ਨਗਰ ਵਾਲਾ ਮੋੜ ਮੁੜਨ ਹੀ ਲੱਗੇ ਕਿ ਮੇਰੇ ਮਨ ਵਿਚ ਆਇਆ, ਕਿਉਂ ਨਾ ਅੱਜ ਚਿੱਕ ਚਿੱਕ ਤੋਂ ਦੁਪਹਿਰ ਦਾ ਖਾਣਾ ਖਾਧਾ ਜਾਵੇ। ਮੈਂ ਸਕੂਟਰ ਰੋਕ ਕੇ ਡਾ. ਸਾਹਿਬ ਦੀ ਸਹਿਮਤੀ ਲਈ, ਤੇ ਅਸੀਂ ਪੌੜੀਆਂ ਚੜ੍ਹ ਕੇ ਉਪਰ ਚਿੱਕ ਚਿੱਕ ਵਿਚ ਪਹੁੰਚ ਗਏ। ਮੈਂ ਡਾ. ਸਾਹਿਬ ਦੇ ਅੱਗੇ ਮੈਨਯੂ ਕੀਤਾ ਤਾਂ ਕਹਿਣ ਲੱਗੇ ਕਿ ਅੱਜ ਮੇਰਾ ਮਨ ਕਰਦਾ ਬਰਿਆਨੀ ਖਾਧੀ ਜਾਵੇ। ਆਮ ਤੌਰ 'ਤੇ ਉਹ ਵਧੇਰੇ ਘਰ ਦਾ ਖਾਣਾ ਹੀ ਪਸੰਦ ਕਰਦੇ। ਮੈਨੂੰ ਹਮੇਸ਼ਾ ਉਨ੍ਹਾਂ ਦੀ ਸਿਹਤ ਦਾ ਖਿਆਲ ਰਹਿੰਦਾ, ਇਸ ਕਰ ਕੇ ਅਸੀਂ ਬਾਹਰ ਤੋਂ ਖਾਣਾ ਘੱਟ ਹੀ ਖਾਂਦੇ।

ਉਨ੍ਹਾਂ ਦੇ ਕਰੋਲ ਬਾਗ ਵਾਲੇ ਘਰ ਵਾਂਗ ਮੇਰਾ ਘਰ ਤਾਂ ਛੋਟਾ ਜਿਹਾ ਹੀ ਸੀ। ਮੈਂ ਡਰਾਇੰਗ ਰੂਮ ਵਿਚ ਹੀ ਦੀਵਾਨ ਲਾਇਆ ਹੋਇਆ ਸੀ, ਜਿਥੇ ਉਹ ਆਰਾਮ ਕਰਦੇ। ਉਸੇ ਹੀ ਕਮਰੇ ਵਿਚ ਉਹ ਤਿਆਰ ਹੁੰਦੇ। ਉਸ ਕਮਰੇ ਵਿਚ ਕੋਈ ਸ਼ੀਸ਼ਾ ਨਹੀਂ ਸੀ, ਜਿਸ ਨੂੰ ਦੇਖ ਕੇ ਕੋਈ ਪਗੜੀ ਬੰਨ੍ਹ ਲੈਂਦਾ। ਜਦੋਂ ਕੋਈ ਗੈਸਟ ਆਉਂਦਾ ਤਾਂ ਅਸੀਂ ਦੂਜੇ ਕਮਰੇ ਵਿਚੋਂ ਸ਼ੀਸ਼ਾ ਲਿਆ ਕੇ ਦੇ ਦਿੰਦੇ। ਐਵੇਂ ਸ਼ੀਸ਼ਾ ਲਿਆਉਣ ਅਤੇ ਬੇਗਾਨੇ ਘਰ ਵਿਚ ਕਿੱਲ ਠੋਕਣ ਦੀ ਘੌਲ ਹੀ ਸੀ। ਡਾ. ਸਾਹਿਬ ਤਿਆਰ ਹੋ ਗਏ ਤੇ ਅਸੀਂ ਨਾਸ਼ਤਾ ਕਰਨ ਲੱਗੇ ਹੀ ਸਾਂ ਕਿ ਮੈਨੂੰ ਕਹਿਣ ਲੱਗੇ, "ਯਾਰ! ਇਸ ਕਮਰੇ ਵਿਚ ਸ਼ੀਸ਼ਾ ਹੀ ਰੱਖ ਛੱਡ।"

ਮੈਂ ਕਿਹਾ, "ਤੁਸੀਂ ਤਾਂ ਸ਼ੀਸ਼ੇ ਤੋਂ ਬਗੈਰ ਹੀ ਏਨੀ ਵਧੀਆ ਪਗੜੀ ਬੰਨ੍ਹ ਲੈਂਦੇ ਹੋ, ਕਮਾਲ ਹੈ।"

ਉਨ੍ਹਾਂ ਦੀਆਂ ਸਭ ਤੋਂ ਵੱਧ ਜਿਹੜੀਆਂ ਫੋਟੋਆਂ ਲੋਕ-ਪ੍ਰਿਅ ਹੋਈਆਂ, ਉਹ ਇਸੇ ਘਰ ਦੇ ਬਾਹਰ ਖਿੱਚੀਆਂ ਗਈਆਂ ਤੇ ਪਗੜੀਆਂ ਵੀ ਉਨ੍ਹਾਂ ਸ਼ੀਸ਼ਾ ਵੇਖਣ ਤੋਂ ਬਿਨਾ ਹੀ ਬੰਨ੍ਹੀਆਂ। ਪੁਰਾਣੇ ਲੋਕ ਸ਼ੀਸ਼ਿਆਂ ਤੋਂ ਬਿਨਾ ਹੀ ਤਿਆਰ ਹੁੰਦੇ ਸਨ।

ਉਹ ਜਦੋਂ ਵੀ ਇਕੱਲੇ ਹੁੰਦੇ, ਆਪਣੇ ਆਪ ਨਾਲ ਗੱਲਾਂ ਕਰਦੇ। ਅੰਤਰ ਸੰਵਾਦ ਰਚਾਉਂਦੇ ਰਹਿੰਦੇ। ਮੈਂ ਉਨ੍ਹਾਂ ਨੂੰ ਅੰਤਰ ਸੰਵਾਦ ਬਾਰੇ ਕਦੇ ਪੁੱਛਣਾ ਤਾਂ ਉਨ੍ਹਾਂ ਕਹਿਣਾ ਕਿ ਮੈਂ ਬਚਪਨ ਵਿਚ ਬਹੁਤ ਇਕੱਲਾ ਰਿਹਾਂ। ਮੇਰੀ ਖੁਸ਼ੀ-ਗਮੀ ਸੁਣਨ ਵਾਲਾ ਕੋਈ ਨਹੀਂ ਸੀ ਹੁੰਦਾ। ਉਹੀ ਇਕੱਲ ਵਾਲੀ ਮੇਰੀ ਆਦਤ ਪੱਕ ਗਈ ਹੈ ਤੇ ਹੁਣ ਮੈਂ ਆਪਣੇ ਅੰਤਰ ਸੰਵਾਦਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਂਦਾ ਰਹਿੰਦਾ ਹਾਂ। ਮੈਂ ਸੋਚਦਾਂ, ਇਕੱਲ ਵੀ ਕਮਾਲ ਦੀ



ਡਾ. ਹਰਿਭਜਨ ਸਿੰਘ

ਸ਼ੈਅ ਹੈ, ਕਿਸੇ ਲਈ ਵਰ ਤੇ ਕਿਸੇ ਲਈ ਸਰਾਪ।

ਡਾ. ਸਾਹਿਬ ਧੁਰ ਮਨ ਵਿਚ ਕਵੀ ਹਿਰਦਾ ਰੱਖਦੇ ਸਨ। ਮੈਂ ਇਕ ਦਿਨ ਉਨ੍ਹਾਂ ਨੂੰ ਪੁੱਛਿਆ- ਡਾ. ਸਾਹਿਬ ਸਮੀਖਿਆ ਨੇ ਤੁਹਾਡੀ ਕਵਿਤਾ ਨੂੰ ਠੇਸ ਨਹੀਂ ਪਹੁੰਚਾਈ। ਕਹਿਣ ਲੱਗੇ, "ਸਮੀਖਿਆ ਨੇ ਮੇਰੀਆਂ ਬਹੁਤ ਸਾਰੀਆਂ ਕਵਿਤਾਵਾਂ ਖਾ ਲਈਆਂ ਹਨ। ਸਮੀਖਿਆ ਦਾ ਕਵਿਤਾ ਉਪਰ ਅਸਰ ਪੈਂਦਾ ਹੈ।" ਇਸ ਤਰ੍ਹਾਂ ਤੁਰਦਿਆਂ ਤੁਰਦਿਆਂ, ਸਾਡਾ ਨਿੱਕਾ ਨਿੱਕਾ ਸੰਵਾਦ ਚਲਦਾ ਰਹਿੰਦਾ।

ਜਲੰਧਰ ਦੂਰਦਰਸ਼ਨ ਵਿਚ ਪਰਮਜੀਤ ਕੁਮਾਰ ਮੇਰਾ ਸੁਹਿਰਦ ਮਿੱਤਰ ਸੀ, ਉਸ ਨਾਲ ਰਲ ਕੇ ਮੈਂ 'ਦਰਵੇਸ਼ ਸਾਹਿਤਕਾਰ: ਡਾ. ਹਰਿਭਜਨ ਸਿੰਘ' ਦੇ ਨਾਮ ਹੇਠ ਫੀਚਰ ਫਿਲਮ ਵੀ ਦਿੱਲੀ ਜਾ ਕੇ ਤਿਆਰ ਕੀਤੀ। ਇਸ ਦੀ ਸਕਰਿਪਟ ਮੈਂ ਲਿਖੀ ਅਤੇ ਨੀਨਾ ਸਹਿਗਲ ਨੇ ਗੀਤਾਂ ਦਾ ਗਾਇਨ ਕੀਤਾ। ਉਸ ਦੀ ਆਵਾਜ਼ ਏਨੀ ਸੋਜ਼ਮਈ ਹੈ ਕਿ ਅੱਜ ਵੀ ਕੋਈ ਉਨ੍ਹਾਂ ਗੀਤਾਂ ਨੂੰ ਸੁਣੇ ਤਾਂ ਉਸ ਦੀਆਂ ਅੱਖਾਂ ਨਮ ਹੋ ਜਾਂਦੀਆਂ ਨੇ। ਜਦੋਂ ਇਸ ਫਿਲਮ ਦੇ ਗੀਤਾਂ ਦੀ ਰਿਕਾਰਡਿੰਗ ਹੋ ਰਹੀ ਸੀ ਤਾਂ ਮੈਂ ਏਨਾ ਭਾਵੁਕ ਹੋ ਗਿਆ ਸਾਂ ਕਿ ਮੈਨੂੰ ਸਟੂਡੀਓ ਵਿਚੋਂ ਬਾਹਰ ਜਾਣਾ ਪਿਆ। ਚੰਗੀ ਸ਼ਾਇਰੀ ਦਾ ਇਹੀ ਗੁਣ ਹੁੰਦਾ ਹੈ ਕਿ ਉਹ ਧੁਰ ਮਨ ਵਿਚ ਲਹਿ ਜਾਂਦੀ ਹੈ। ਉਹ ਹਿਰਦੇ ਵੇਦਕ ਗੀਤ ਹੇਠ ਲਿਖੇ ਸਨ,

1. ਮਾਏ ਨੀ
ਕਿ ਅੰਬਰਾਂ 'ਚ ਰਹਿਣ ਵਾਲੀਏ
ਸਾਨੂੰ ਚੰਨ ਦੀ ਗਰਾਹੀ ਦੇ ਦੇਹ,
ਸੂਈ 'ਚ ਪਰੋ ਕੇ ਚਾਨਣੀ
ਸਾਡੇ ਗੰਢ ਦੇ ਨਸੀਬ ਲੰਗਾਰੇ।

2. ਬੋਲ ਸੱਜਣ ਤੇਰੇ ਮਿੱਠੜੇ ਮਿੱਠੜੇ

3. ਵੇ ਮੈਂ ਭਰੀ ਸੁਗੰਧੀਆਂ ਪੌਣ,
ਸੱਜਣ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ,
ਸੱਜਣ ਤੇਰੇ ਬੂਹੇ।

ਇਹ ਫੀਚਰ ਫਿਲਮ ਅੱਜ ਵੀ ਜਲੰਧਰ ਦੂਰਦਰਸ਼ਨ ਵਿਚ ਮੌਜੂਦ ਹੈ। ਕਦੇ ਕਦੇ ਉਹ ਇਸ ਦਾ ਪ੍ਰਸਾਰਨ ਕਰਦੇ ਹਨ ਤਾਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ।

---

ਸਾਲ 1994 ਦਾ ਮੱਧ ਸੀ। ਮੈਂ ਜਲੰਧਰ ਵਿਚ ਵਾਰਿਸ ਸ਼ਾਹ ਨਗਰ ਦੀ ਕਾਲੋਨੀ ਵਸਾ ਕੇ ਆਪਣਾ ਨਵਾਂ ਘਰ ਬਣਾ ਲਿਆ ਸੀ। ਇਹ ਘਰ ਡਾ. ਜਗਤਾਰ ਦੇ ਘਰ (ਮਿੱਠਾਪੁਰ) ਤੋਂ ਅੱਧੀ ਕੁ ਫਰਲਾਂਗ ਦੀ ਵਿੱਥ 'ਤੇ ਸੀ। ਆਪਸੀ ਮੇਲ-ਮਿਲਾਪ ਨਾਲ ਸਾਡੀ ਵਾਹਵਾ ਪਰਿਵਾਰਕ ਸਾਂਝ ਬਣ ਗਈ। ਜਦੋਂ ਵੀ ਕਿਸੇ ਕਵੀ ਦਰਬਾਰ 'ਤੇ ਸਾਨੂੰ ਦੋਹਾਂ ਨੂੰ ਬੁਲਾਇਆ ਹੁੰਦਾ ਤਾਂ ਅਸੀਂ ਇਕੱਠੇ ਜਾਂਦੇ। ਡਾ. ਜਗਤਾਰ ਹੋਰਾਂ ਨੂੰ ਸਵਾਰੀ ਦੀ ਇੱਛਾ ਵੀ ਹੁੰਦੀ ਸੀ। ਉਹ ਸਕੂਟਰ ਨਹੀਂ ਸੀ ਚਲਾਉਂਦੇ। ਕਹਿੰਦੇ ਹੁੰਦੇ ਸੀ, "ਇਕ ਵਾਰ ਸਕੂਟਰ ਦੇ ਐਕਸੀਡੈਂਟ ਵਿਚ ਮੇਰੀ ਬਾਂਹ ਟੁੱਟ ਗਈ ਸੀ। ਮੈਂ ਛੇ ਮਹੀਨੇ ਮੰਜੇ 'ਤੇ ਬੈਠਾ ਰਿਹਾ ਸਾਂ, ਕਸਮ ਖਾ ਲਈ ਕਿ ਮੈਂ ਹੁਣ ਸਕੂਟਰ ਨਹੀਂ ਚਲਾਉਣਾ। ਫਿਰ ਮੈਂ ਸਾਰੀ ਉਮਰ ਸਕੂਟਰ ਨਹੀਂ ਚਲਾਇਆ।"

ਪੁਰਾਣੇ ਬੰਦਿਆਂ ਦੇ ਪ੍ਰਣ ਵੀ ਪ੍ਰਾਣਾਂ ਦੇ ਨਾਲ ਹੀ ਨਿਭਦੇ ਸਨ। ਉਹ ਬੰਦੇ ਵੱਡੇ ਦਾਈਏ ਵਾਲੇ ਸਨ। ਮੈਨੂੰ ਯਾਦ ਹੈ ਕਿ ਮੇਰੇ ਦਾਦੀ ਜੀ ਨੇ ਸਾਰੀ ਉਮਰ ਸੇਬ ਨਹੀਂ ਸੀ ਖਾਧਾ। ਜਦੋਂ ਮੈਂ ਇਕ ਵਾਰ ਉਨ੍ਹਾਂ ਨੂੰ ਸੇਬ ਨਾ ਖਾਣ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਦੱਸਿਆ, "ਮੈਂ ਇਕ ਵਾਰ ਬਿਮਾਰ ਹੋ ਗਈ ਸਾਂ ਤੇ ਡਾਕਟਰ ਨੇ ਕਿਹਾ ਸੀ ਕਿ ਕੋਈ ਇਕ ਫਲ ਛੱਡ ਦਿਓ, ਮੈਂ ਸੇਬ ਛੱਡ ਦਿੱਤਾ।"

ਇਸੇ ਸਾਲ ਅਗਸਤ ਵਿਚ ਲਾਲ ਕਿਲ੍ਹੇ 'ਤੇ ਹੋਣ ਵਾਲੇ ਕਵੀ ਦਰਬਾਰ ਤੋਂ ਸਾਨੂੰ ਦੋਹਾਂ ਨੂੰ ਸੱਦਾ-ਪੱਤਰ ਆਇਆ। ਅਸਾਂ ਇਕੱਠਿਆਂ ਦਿੱਲੀ ਜਾਣ ਦਾ ਪ੍ਰੋਗਰਾਮ ਉਲੀਕ ਲਿਆ। ਮੈਂ ਜਦੋਂ ਵੀ ਦਿੱਲੀ ਜਾਂਦਾ ਤਾਂ ਡਾ. ਸਾਹਿਬ ਨੂੰ ਜ਼ਰੂਰ ਮਿਲਣ ਪਹੁੰਚਦਾ। ਜਗਤਾਰ ਦੀ ਸੁਰ ਡਾ. ਸਾਹਿਬ ਨਾਲ ਬਹੁਤੀ ਨਹੀਂ ਸੀ ਮਿਲਦੀ। ਕਿਸੇ ਗੱਲੋਂ ਉਹ ਉਨ੍ਹਾਂ ਨਾਲ ਵਿਟਰਿਆ ਹੋਇਆ ਸੀ। ਡਾ. ਸਾਹਿਬ ਦੀ ਤਬੀਅਤ ਖਰਾਬ ਸੀ, ਇਸ ਲਈ ਮੇਰੇ ਕਹਿਣ 'ਤੇ ਮੇਰੇ ਨਾਲ ਜਾਣ ਲਈ ਤਿਆਰ ਹੋ ਗਿਆ। ਘਰ ਪੁੱਜੇ ਤਾਂ ਦੇਖਿਆ ਕਿ ਡਾ. ਸਾਹਿਬ ਅਜੇ ਵੀ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਸਨ ਹੋਏ। ਸਾਨੂੰ ਦੇਖ ਕੇ ਉਹ ਸਹਿਜੇ ਸਹਿਜੇ ਉਠ ਕੇ ਬੈਠ ਗਏ ਪਰ ਉਨ੍ਹਾਂ ਨੂੰ ਸਰਦੀ ਮਹਿਸੂਸ ਹੋ ਰਹੀ ਸੀ। ਮੈਂ ਕੰਬਲ ਉਨ੍ਹਾਂ ਦੇ ਆਲੇ ਦੁਆਲੇ ਵਲ੍ਹੇਟ ਦਿੱਤਾ। ਬੀਜੀ ਹੋਰਾਂ ਚਾਹ ਦਾ ਕੱਪ ਬਣਾਇਆ। ਗੱਲਾਂ ਕਰਦਿਆਂ ਕਹਿਣ ਲੱਗੇ, "ਯਾਰ ਜਗਤਾਰ! ਤੇਰਾ ਇਕ ਇਕ ਸ਼ਿਅਰ ਬਹੁਤ ਕੀਮਤੀ ਹੁੰਦਾ ਹੈ।"

ਜਗਤਾਰ ਨੇ ਆਪਣਾ ਨਵਾਂ ਗਜ਼ਲ-ਸੰਗ੍ਰਿਹ 'ਜੁਗਨੂੰ, ਦੀਵਾ ਤੇ ਦਰਿਆ' ਡਾ. ਸਾਹਿਬ ਨੂੰ ਭੇਟ ਕੀਤਾ। ਕੁਝ ਚਿਰ ਬੈਠ ਕੇ ਅਸੀਂ ਕਵੀ ਦਰਬਾਰ 'ਤੇ ਜਾਣ ਲਈ ਆਗਿਆ ਲਈ। ਡਾ. ਸਾਹਿਬ ਨੂੰ ਵੀ ਕਵੀ ਦਰਬਾਰ ਵਿਚ ਬੁਲਾਇਆ ਹੋਇਆ ਸੀ ਪਰ ਸਿਹਤ ਠੀਕ ਨਾ ਹੋਣ ਕਾਰਨ ਉਹ ਨਹੀਂ ਸਨ ਜਾ ਸਕਦੇ। ਉਨ੍ਹਾਂ ਮੈਨੂੰ ਇਕ ਕਵਿਤਾ ਦਿੱਤੀ ਕਿ ਅੱਜ ਮੈਂ ਤਾਂ ਨਹੀਂ ਜਾ ਸਕਦਾ ਪਰ ਕਵੀ ਦਰਬਾਰ ਵਿਚ ਤੂੰ ਮੇਰੀ ਕਵਿਤਾ ਪੜ੍ਹ ਦੇਵੀਂ।

ਡਾ. ਸਾਹਿਬ ਦੀ ਉਮਰ ਉਸ ਵੇਲੇ 74 ਸਾਲ ਦੀ ਸੀ ਪਰ ਸਿਹਤ ਦੇ ਰੋਗਾਂ ਨੇ ਉਨ੍ਹਾਂ ਨੂੰ ਬਿਰਧ ਕਰ ਦਿੱਤਾ ਸੀ। ਇਹ ਸਾਰਾ ਬੁਢਾਪੇ ਦਾ ਦ੍ਰਿਸ਼ ਦੇਖ ਕੇ ਸਾਡੇ ਦੋਹਾਂ ਦੇ ਮਨਾਂ 'ਤੇ ਗਹਿਰਾ ਅਸਰ ਹੋਇਆ। ਮੇਰਾ ਗਲਾ ਭਰ ਆਇਆ। ਡਾ. ਜਗਤਾਰ, ਜਿਸ ਨੂੰ ਲੋਕ ਬਹੁਤ ਸਖਤ ਸੁਭਾਅ ਦਾ ਸਮਝਦੇ ਸਨ, ਉਹ ਵੀ ਉਦਾਸ ਸੀ। ਮੈਨੂੰ ਕਹਿਣ ਲੱਗਾ ਕਿ ਤੂੰ ਮੇਰੇ 'ਤੇ ਚੰਗਾ ਕਰਮ ਕੀਤਾ ਹੈ, ਜੋ ਮੈਨੂੰ ਡਾ. ਸਾਹਿਬ ਨਾਲ ਮਿਲਾ ਦਿੱਤਾ ਏ। ਮੈਂ ਦੇਖਿਆ ਕਿ ਡਾ. ਜਗਤਾਰ ਬਾਹਰੋਂ ਭਾਵੇਂ ਬਦਾਮ ਵਾਂਗ ਸਖਤ ਸੀ, ਪਰ ਅੰਦਰੋਂ ਗਿਰੀ ਜਿਹਾ ਨਰਮ ਤੇ ਕੂਲਾ ਸੀ। ਡਾ. ਜਗਤਾਰ ਨੇ ਕੁਝ ਪਲਾਂ ਪਿਛੋਂ ਇਕ ਸ਼ਿਅਰ ਗੁਣਗੁਣਾਇਆ,

ਦੋਸਤੀ ਤੇ ਦੁਸ਼ਮਨੀ ਦੇ
ਸਿਲਸਿਲੇ ਸਭ ਤੋੜ ਕੇ।
ਇਕ ਨਾ ਇਕ ਦਿਨ
ਘੂਕ ਸੌਂ ਜਾਵਾਂਗਾ ਮਿੱਟੀ ਓੜ ਕੇ।

ਰਸਤੇ ਵਿਚ ਅਸੀਂ ਬੰਦੇ ਦੇ ਜੀਵਨ-ਸਫਰ ਦੀਆਂ ਉਚਾਈਆਂ ਤੇ ਨਿਵਾਣਾਂ ਬਾਰੇ ਗੱਲਾਂ ਕਰਦੇ ਰਹੇ। ਬੰਦੇ ਦੀ ਜ਼ਿੰਦਗੀ ਦੇ ਕਿੰਨੇ ਰੰਗ ਨੇ! ਕਈ ਦਿਨਾਂ ਤੱਕ ਮੇਰਾ ਧਿਆਨ ਡਾ. ਸਾਹਿਬ ਵੱਲ ਲੱਗਾ ਰਿਹਾ।

1994 ਵਿਚ ਹੀ ਡਾ. ਸਾਹਿਬ ਨੂੰ ਭਾਰਤ ਦੇ ਵੱਕਾਰੀ ਇਨਾਮ 'ਸਰਸਵਤੀ ਪੁਰਸਕਾਰ' ਨਾਲ ਨਿਵਾਜਿਆ ਗਿਆ। ਭਾਰਤ ਦੇ ਪ੍ਰਧਾਨ ਮੰਤਰੀ ਪੀ. ਵੀ. ਨਰਸਿਮਾ ਰਾਓ ਨੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਮੈਂ ਜਲੰਧਰ ਤੋਂ ਉਚੇਚਾ ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਗਿਆ। 1995 ਦੇ ਆਸ ਪਾਸ ਸਾਹਿਤ ਅਕਾਦਮੀ ਦਿੱਲੀ ਨੇ ਉਨ੍ਹਾਂ ਨੂੰ ਫੈਲੋਸ਼ਿਪ ਦਿੱਤੀ। ਉਨ੍ਹਾਂ ਦੀ ਸਿਹਤ ਨਾਸਾਜ਼ ਹੋਣ ਕਰ ਕੇ ਮਾਣ-ਸਨਮਾਨ ਵਿਚ ਉਨ੍ਹਾਂ ਦੇ ਘਰ ਵਿਚ ਹੀ ਇਹ ਸਮਾਗਮ ਰਚਾਇਆ ਗਿਆ ਜਿਸ ਦੀ ਪ੍ਰਧਾਨਗੀ ਡਾ. ਜਸਵੰਤ ਸਿੰਘ ਨੇਕੀ ਨੇ ਕੀਤੀ। ਮੈਂ ਉਨ੍ਹਾਂ ਦੇ ਮਾਣ ਵਿਚ ਕੁਝ ਕਾਵਿ ਸਤਰਾਂ ਪੇਸ਼ ਕੀਤੀਆਂ:

ਰੱਖਦਾ ਰਿਹਾ ਜੋ ਉਮਰ ਭਰ
ਹਰ ਬਾਤ ਦੀ ਖਬਰ।
ਓਹ ਆਦਮੀ ਮੈਂ ਵੇਖਿਆ
ਆਪਣੇ ਤੋਂ ਬੇ-ਖਬਰ।
ਦੁਨੀਆਂ ਦੇ ਸਾਰੇ ਦਰਦ ਨੂੰ
ਸੀਨੇ 'ਚ ਪਾ ਲਿਆ
ਆਪਣੇ ਜਿਗਰ ਦੀ ਪੀੜ ਨੂੰ
ਰੱਖਿਆ ਲੁਕਾ ਕੇ ਪਰ
ਸਾਰੇ ਜਗਤ ਦੇ ਬੋਧ ਨੂੰ ਮੱਥੇ 'ਚ ਸਾਂਭਿਆ।
ਕੀਤਾ ਮਨੁੱਖ ਦੇ ਰੂਪ ਵਿਚ
ਦਰਵੇਸ਼ ਨੇ ਸਫਰ
ਮੱਥਿਆਂ 'ਚ ਬਾਲੇ ਓਸ ਨੇ
ਦੀਵੇ ਗਿਆਨ ਦੇ
ਬਣ ਕੇ ਰਿਹਾ ਉਹ ਰਾਹਨੁਮਾ
ਚਾਨਣ ਦਾ ਹਮ-ਸਫਰ।
ਜਿਸ ਥਾਂ ਕਦਮ ਉਸ ਨੇ ਧਰੇ
ਛਾਪ ਆਪਣੀ ਲਾ ਗਿਆ
ਰਾਹਾਂ 'ਤੇ ਉਸ ਨੂੰ ਦੂਰ ਤੱਕ
ਵੇਖੇ ਨਜ਼ਰ ਨਜ਼ਰ
ਕਵਿਤਾ ਦੇ ਉਚੇ ਅੰਬਰੀਂ
ਪਰਵਾਜ਼ ਭਰ ਗਿਆ
ਧਰਤੀ ਦੇ ਬਿਖੜੇ ਪੰਧ 'ਤੇ
ਕਰਦਾ ਰਿਹਾ ਸਫਰ
ਸ਼ਬਦਾਂ 'ਚ ਬੰਨ੍ਹਾਂ ਕਿਸ ਤਰ੍ਹਾਂ
ਪ੍ਰਕਾਸ਼ ਦੋਸਤੋ?
ਅੰਬਰ ਦੇ ਤੀਕਰ ਫੈਲਿਆ
ਧਰਤੀ ਦੇ ਹਰ ਨਗਰ।

'ਸੁਖਨਵਰ ਮੰਚ, ਪੰਜਾਬ' ਨੇ ਵੀ ਇਸ ਮੌਕੇ ਉਨ੍ਹਾਂ ਦਾ ਸਨਮਾਨ ਕੀਤਾ। ਡਾ. ਜਸਵੰਤ ਸਿੰਘ ਨੇਕੀ ਅਤੇ ਅਮਰਜੀਤ ਸਿੰਘ ਅਕਸ ਇਸ ਮੌਕੇ ਉਚੇਚਾ ਹਾਜ਼ਰ ਹੋਏ। ਮੈਂ ਦੋ ਦਿਨ ਉਨ੍ਹਾਂ ਦੇ ਪਾਸ ਹੀ ਰਿਹਾ। ਉਨ੍ਹਾਂ ਦਾ ਸਰੀਰ ਭਾਵੇਂ ਨਿਢਾਲ ਹੋ ਚੁਕਾ ਸੀ ਪਰ ਦਿਮਾਗ ਪੂਰੀ ਫੁਰਤੀ ਵਿਚ ਸੀ। ਉਨ੍ਹਾਂ ਦਾ ਸਿਰਫ ਸੱਜਾ ਹੱਥ ਚਲਦਾ ਸੀ। ਉਹ ਆਪਣੇ ਸੱਜੇ ਹੱਥ ਨਾਲ ਭਾਵਪੂਰਤ ਅੱਖਰ ਲਿਖ ਸਕਦੇ ਸਨ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਸਾਹਿਤ ਨਾਲ ਤੁਹਾਡਾ ਰਿਸ਼ਤਾ ਕਿਹੋ ਜਿਹਾ ਰਿਹਾ ਹੈ? ਕਹਿਣ ਲੱਗੇ, "ਸਾਹਿਤ ਮੇਰੇ ਸਵਾਸ ਸਵਾਸ ਵਿਚ ਸਮਾਇਆ ਹੋਇਆ ਹੈ। ਜਦ ਤੱਕ ਮੈਂ ਸਾਹ ਲੈਂਦਾ ਰਹਾਂਗਾ, ਸਾਹਿਤ ਮੇਰੇ ਅੰਗ ਸੰਗ ਰਹੇਗਾ।" ਮੈਂ ਫਿਰ ਕਿਹਾ ਕਿ ਫਲਾਣਾ ਬੰਦਾ ਤੁਹਾਡੇ ਨਾਲ ਵਿਟਰ ਗਿਆ ਹੈ, ਫਲਾਣਾ ਬੰਦਾ ਦੂਰ ਹੋ ਗਿਆ ਹੈ। ਕਹਿਣ ਲੱਗੇ ਕਿ ਮੈਨੂੰ ਕਿਸੇ 'ਤੇ ਕੋਈ ਗਿਲਾ ਨਹੀਂ। ਸਾਰੀ ਦੁਨੀਆਂ ਮੇਰੇ ਲਈ ਇਕੋ ਜਿਹੀ ਹੈ। ਮੈਨੂੰ ਕਿਸੇ ਨਾਲ ਕੋਈ ਰੰਜ ਨਹੀਂ। ਮੈਂ ਰੁੱਖ ਵਾਂਗ ਹਾਂ, ਜਿਸ ਦਾ ਕਰਮ ਆਏ ਮੁਸਾਫਿਰਾਂ ਨੂੰ ਛਾਂ ਦੇਣਾ ਹੈ। ਰੁੱਖ ਇਹ ਨਹੀਂ ਦੇਖਦਾ ਕਿ ਮੇਰੀ ਛਾਂ ਮਾਣਨ ਵਾਲਾ ਕਿਹੜਾ ਵਿਅਕਤੀ ਹੈ? ਮੈਂ ਕਿਹਾ ਕਿ ਗੁਰੂ ਜੀ! ਤੁਸੀਂ ਸਹੀ ਸ਼ਬਦਾਂ ਵਿਚ ਧਰਤੀ ਤੇ ਵਿਚਰਨ ਵਾਲੇ ਰਿਸ਼ੀ ਹੋ। ਉਨ੍ਹਾਂ ਦੇ ਸੁਨੇਹੇ ਦੀ ਉਮਰ ਅਨੰਤਤਾ ਵਾਲੀ ਹੈ। ਜਦ ਤਕ ਮਨੁੱਖ ਧਰਤੀ 'ਤੇ ਰਹੇਗਾ, ਤਦ ਤੱਕ ਉਸ ਦੀ ਮਾਨਵਤਾ ਕਾਇਮ ਰਹੇਗੀ।

---

ਇਹ ਵੇਲਾ ਯਾਦਾਂ ਦੀ ਆਖਰੀ ਲੜੀ ਦਾ ਹੈ, 2001 ਸਾਲ ਚੱਲ ਰਿਹਾ ਸੀ। ਉਹ ਪਰਿਵਾਰ ਸਮੇਤ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਏ। ਇਕ ਦਿਨ ਆਰਾਮ ਕਰਨ ਪਿਛੋਂ ਮੈਂ ਉਨ੍ਹਾਂ ਨੂੰ ਸਵੇਰੇ ਸਵੇਰੇ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਲੈ ਕੇ ਗਿਆ। ਮੇਰੇ ਘਰ ਵਿਚ ਦੋ-ਤਿੰਨ ਦਿਨ ਰਹਿਣ ਦਾ ਪ੍ਰੋਗਰਾਮ ਸੀ। ਮੈਂ ਅੰਦਰੋਂ ਅੰਦਰ ਬਹੁਤ ਖੁਸ਼ ਸਾਂ ਕਿ ਡਾ. ਸਾਹਿਬ ਨੇ ਮੇਰੇ ਘਰ ਵਿਚ ਚਰਨ ਪਾਏ ਹਨ। ਡਾ. ਜੋਗਿੰਦਰ ਸਿੰਘ ਰਾਹੀ ਜੋ ਮੇਰੇ ਗਵਾਂਢੀ ਸਨ, ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਮਿਲਣ ਆਏ। ਜਿਸ ਕਮੇਟੀ ਨੇ ਬਿਰਲਾ ਫਾਊਂਡੇਸ਼ਨ ਵੱਲੋਂ ਸਰਸਵਤੀ ਪੁਰਸਕਾਰ ਲਈ ਡਾ. ਸਾਹਿਬ ਦੇ ਨਾਮ ਦੀ ਸਿਫਾਰਿਸ਼ ਕੀਤੀ ਸੀ, ਡਾ. ਰਾਹੀ ਉਸ ਕਮੇਟੀ ਦੇ ਚੇਅਰਮੈਨ ਸਨ।

ਉਨ੍ਹੀਂ ਦਿਨੀਂ ਡਾ. ਸਾਹਿਬ ਕਮਜ਼ੋਰ ਹੋ ਚੁਕੇ ਸਨ ਅਤੇ ਬਹੁਤ ਹੀ ਸਾਦਾ ਭੋਜਨ ਖਾਂਦੇ ਸਨ। ਬਹੁਤੀਆਂ ਗੱਲਾਂ ਵੀ ਨਹੀਂ ਸਨ ਕਰਦੇ।

ਬੀਜੀ ਮੈਨੂੰ ਕਹਿਣ ਲੱਗੇ ਕਿ ਅਸੀਂ ਕੁਝ ਕੱਪੜੇ ਲੈ ਕੇ ਆਏ ਹਾਂ, ਉਹ ਪਿੰਗਲਵਾੜੇ ਵਿਖੇ ਲੋੜਵੰਦਾਂ ਨੂੰ ਭੇਟ ਕਰਨੇ ਹਨ। ਡਾ. ਸਾਹਿਬ ਨੂੰ ਘਰ ਛੱਡ ਕੇ ਅਸੀਂ ਉਹ ਵਸਤਰ ਅਤੇ ਦਸ ਹਜ਼ਾਰ ਰੁਪਏ ਪਿੰਗਲਵਾੜੇ ਭੇਟ ਕੀਤੇ। ਡਾ. ਸਾਹਿਬ ਦੇ ਮਾਮਾ ਜੀ ਦੀ ਲੜਕੀ ਪਿੰਡ ਫਤਾਹਪੁਰ ਰਹਿੰਦੀ ਸੀ, ਉਸ ਨੂੰ ਵੀ ਮਿਲਣ ਗਏ। ਉਸ ਨੂੰ ਵੀ ਬੀਜੀ ਨੇ ਕੱਪੜੇ ਤੇ ਮਾਇਆ ਭੇਟ ਕੀਤੀ।

2001 ਵਿਚ ਡਾ. ਐਸ. ਪੀ. ਸਿੰਘ ਯੂਨੀਵਰਸਿਟੀ ਦੇ ਕੁਲਪਤੀ ਸਨ। ਮੈਂ ਉਨ੍ਹਾਂ ਨੂੰ ਡਾ. ਹਰਿਭਜਨ ਸਿੰਘ ਦੇ ਆਉਣ ਬਾਰੇ ਸੂਚਨਾ ਦਿੱਤੀ ਤਾਂ ਕਹਿਣ ਲੱਗੇ, "ਡਾ. ਸਾਹਿਬ ਨੂੰ ਵਿਭਾਗ ਵਿਚ ਲੈ ਆਓ। ਵਿਦਿਆਰਥੀ ਉਨ੍ਹਾਂ ਦੇ ਦਰਸ਼ਨ ਕਰ ਲੈਣਗੇ।" ਮੈਂ ਡਾ. ਐਸ. ਪੀ. ਸਿੰਘ ਨੂੰ ਕਿਹਾ ਕਿ ਮੈਂ ਡਾ. ਸਾਹਿਬ ਨਾਲ ਸਲਾਹ ਕਰ ਕੇ ਦੱਸਦਾ ਹਾਂ। ਬੀਜੀ ਤਾਂ ਬਿਲਕੁਲ ਯੂਨੀਵਰਸਿਟੀ ਜਾਣ ਦੇ ਹੱਕ ਵਿਚ ਨਹੀਂ ਸਨ। ਮੈਂ ਬੀਜੀ ਨੂੰ ਵੀ ਮਨਾਇਆ ਅਤੇ ਕੁਝ ਪਲਾਂ ਲਈ ਯੂਨੀਵਰਸਿਟੀ ਜਾਣ ਲਈ ਡਾ. ਸਾਹਿਬ ਨੂੰ ਤਿਆਰ ਕੀਤਾ। ਮਿੱਥੇ ਸਮੇਂ ਅਨੁਸਾਰ ਅਸੀਂ ਕਾਨਫਰੰਸ ਹਾਲ ਵਿਚ

*(ਬਾਕੀ ਅਗਲੇ ਸਫੇ 'ਤੇ)*



ਤਤਕਾਲੀ ਪ੍ਰਧਾਨ ਮੰਤਰੀ ਪੀ. ਵੀ. ਨਰਸਿਮ੍ਹਾ ਰਾਓ ਤੋਂ ਇਨਾਮ ਹਾਸਲ ਕਰਦੇ ਹੋਏ ਡਾ. ਹਰਿਭਜਨ ਸਿੰਘ

***ਮੈਨੂੰ ਮਾਣ ਹੈ ਕਿ ਮੈਂ 1974 ਤੋਂ 2002 ਈ. ਤੱਕ ਪੰਜਾਬੀ ਸਾਹਿਤ ਦੇ ਮਹਾਨ ਚਿੰਤਕ ਡਾ. ਹਰਿਭਜਨ ਸਿੰਘ ਦੇ ਸੰਗ-ਸਾਥ ਵਿਚ ਬਤੀਤ ਕੀਤੇ ਹਨ। ਹੁਣ ਉਨ੍ਹਾਂ ਦੀ ਜਨਮ-ਸ਼ਤਾਬਦੀ ਦੇ ਮੌਕੇ ਮੈਂ ਉਨ੍ਹਾਂ ਦੇ ਜੀਵਨ ਅਤੇ ਸ਼ਖਸੀਅਤ ਬਾਰੇ ਦੋ ਪੁਸਤਕਾਂ ਵੀ ਸੰਪਾਦਿਤ ਕਰ ਰਿਹਾ ਹਾਂ। ਪਾਠਕਾਂ ਲਈ ਪੇਸ਼ ਹਨ, ਉਨ੍ਹਾਂ ਦੀਆਂ ਕੁਝ ਚੋਣਵੀਂਆਂ ਕਵਿਤਾਵਾਂ। -ਸੁਹਿੰਦਰ ਬੀਰ***

# ਡਾ. ਹਰਿਭਜਨ ਸਿੰਘ ਦੀ ਚੋਣਵੀਂ ਕਵਿਤਾ

(1)

ਮੈਂ ਰਾਹਾਂ ਦੀ ਮੰਗਦਾ ਹਾਂ ਖੈਰ
ਰਾਹ ਅਨਾਦੀ ਰਾਹ ਅਨੰਤਾ
ਰਾਹ ਨਿਰਭਉ ਨਿਰਵੈਰ
ਰਾਹ ਸਤਿਗੁਰ ਜੋ ਮੱਤਾਂ ਦੇਂਦਾ
ਕਿਸੇ ਪੜਾਅ ਨਾ ਠਹਿਰ

ਠਹਿਰ ਨਾ ਜਾਈਂ ਤਖਤ ਹਜ਼ਾਰੇ
ਭਾਈ ਕਰਨਗੇ ਵੈਰ
ਝੰਗ ਸਿਆਲੀਂ ਹੀਰ ਤੇਰੀ ਨੂੰ
ਅੱਜ ਵੀ, ਕੱਲ ਵੀ ਜ਼ਹਿਰ

ਜੁਗ ਜੀਵਨ ਡੰਡੀਆਂ ਪਗਡੰਡੀਆਂ
ਤੁਰਨ ਜੋ ਪੈਰੋ ਪੈਰ
ਨਾ ਕੋਈ ਏਥੇ ਸਾਕ-ਸਰੀਕਾ
ਨਾ ਆਪਣਾ, ਨਾ ਗੈਰ

ਤੋੜ ਲਟਾਕੇ ਛੱਡ ਛੁਡਾ ਕੇ
ਨਿਕਲੀਂ ਪਹਿਲੇ ਪਹਿਰ
ਸੰਗ ਤੇਰੇ ਨਿਤ ਚਿੜੀਆਂ ਚੂਕਣ
ਸ਼ਾਮ ਸਵੇਰ ਦੁਪਹਿਰ

ਪੈੜ ਤੇਰੀ 'ਤੇ ਤੁਰਦੀ ਆਊ
ਇਸ਼ਕ ਝਨਾਂ ਦੀ ਲਹਿਰ
ਆਸੇ ਪਾਸੇ ਸਦਾ ਨਿਥਾਂਵੇਂ
ਦਰਵੇਸ਼ਾਂ ਦਾ ਸ਼ਹਿਰ।

(2)

ਨੀ ਮੋਈਏ ਭੁੰਨ ਦੇ ਫਕੀਰਾਂ ਦੇ ਦਾਣੇ!
ਫੱਕਰਾਂ ਨਾਲ ਨਾ ਝੇੜਾਂ ਕਰੀਏ
ਫੱਕਰ ਤਾਂ ਆਉਣੇ ਜਾਣੇ

ਅਹਿ ਜਿਹੜੇ ਵਾਰੀਓ ਵਾਰੀ ਬੈਠੇ
ਇਨ੍ਹਾਂ ਤਾਂ ਘਰੀਂ ਲਿਜਾਣੇ
ਅਸਾਂ ਫਕੀਰਾਂ ਹੁਣੇ ਭੁਨਾ ਕੇ
ਏਥੇ ਵੰਡ ਵੰੁਡ ਖਾਣੇ

ਸੁੰਨ ਸਰਾਂ ਤਕ ਸਾਡੇ ਪੈਂਡੇ
ਰਸਤੇ ਨੀ ਬਹੁਤ ਬਿਗਾਨੇ
ਵਕਤ ਨ ਸਾਡਾ ਕੋਲ ਨ ਸਾਡੇ
ਬੈਠਣ ਜੋਗ ਬਹਾਨੇ

ਵਸਦੇ ਰਹਿਣ ਤੇਰੇ ਮਹਿਲ ਮੁਹੱਲੇ
ਨਾਲੇ ਗਾਹਕ ਪੁਰਾਣੇ
ਤੋਰ ਫਕੀਰਾਂ ਇਨ੍ਹਾਂ ਹਕੀਰਾਂ
ਅਉਸਰ ਜਿਨ੍ਹਾਂ ਵਿਹਾਣੇ

ਨਾ ਮੋਈਏ ਅਸੀਂ ਸੁਘੜ ਸਿਆਣੇ!
ਨਾ ਅਸੀਂ ਨਿਪਟ ਅਵਾਣੇ
ਨਾ ਅਸੀਂ ਜੋਗ ਅਜੋਗ ਵੀ ਨਾਹੀਂ
ਲੋਕ ਦੇਣਗੇ ਤਾਅਨੇ।

(3)

ਮਾਏ ਨੀ, ਕਿ ਅੰਬਰਾਂ 'ਚ ਰਹਿਣ ਵਾਲੀਏ
ਸਾਨੂੰ ਚੰਨ ਦੀ ਗਰਾਹੀ ਦੇ ਦੇ

ਮਾਏ ਨੀ, ਕਿ ਅੰਬਰਾਂ 'ਚ ਰਹਿਣ ਵਾਲੀਏ
ਸਾਡੇ ਲਿਖ ਦੇ ਨਸੀਬੀਂ ਤਾਰੇ

ਮਾਏ ਨੀ, ਜੇ ਪੁੱਤ ਨੂੰ ਜਗਾਇਆ ਨੀਂਦ ਤੋਂ
ਚੰਨ ਖੋਰ ਕੇ ਪਿਆ ਦੇ ਛੰਨਾ ਦੁੱਧ ਦਾ

ਮਾਏ ਨੀ, ਕਿ ਸੂਈ 'ਚ ਪਰੋ ਕੇ ਚਾਨਣੀ
ਸਾਡੇ ਗੰਢ ਦੇ ਨਸੀਬ ਲੰਗਾਰੇ

ਮਾਏ ਨੀ, ਕਿ ਪੁੱਤ ਤੇਰਾ ਡੌਰ-ਬੌਰੀਆ
ਚੰਨ ਮੰਗਦਾ ਨ ਕੁਝ ਸ਼ਰਮਾਵੇ।

(4)

ਵੇ ਮੈਂ ਭਰੀ ਸੁਗੰਧੀਆਂ ਪੌਣ
ਸਜਨ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤਕ ਲੈ ਕੌਣ
ਸਜਨ ਤੇਰੇ ਬੂਹੇ

ਮੇਰੀ ਕਚੜੀ ਪਹਿਲ ਵਰੇਸ
ਸੰਗ ਤੇਰਾ ਚਾਹੇ
ਮੇਰੇ ਸੁਚੜੇ ਸੁਚੜੇ ਅੰਗ
ਕੇਸ ਅਣਵਾਹੇ
ਹਿਕ ਧੁਖੇ ਪਹਿਲੜੀ ਰੀਝ
ਵੇਸ ਮੇਰੇ ਸੂਹੇ

ਮੇਰੀ ਸੁਫਨੇ ਵਰਗੀ ਜਿੰਦ
ਆਸ ਜਿਹੀ ਸੋਹਣੀ
ਵੇ ਮੈਂ ਉਹ ਸਰ ਆਈ ਨ੍ਹਾ
ਨਾਉਂ ਜਿਹਦਾ ਹੋਣੀ
ਮੈਨੂੰ ਭਲਕੇ ਦੀ ਪਰਭਾਤ
ਸਜਨ ਅੱਜ ਛੂਹੇ

ਮੈਂ ਖੜੀ ਸਜਨ ਤੇਰੇ ਦੁਆਰ
ਝੋਲ ਤਕਦੀਰਾਂ
ਮੇਰੀ ਰੁਸ ਨਾ ਜਾਏ ਸੁਗੰਧ
ਉਡੀਕ ਅਖੀਰਾਂ
ਕਹੀ ਤਤੜੀ ਤਤੜੀ 'ਵਾ
ਮੇਰਾ ਤਨ ਲੂਹੇ।

(5)

ਧਰਤੀ ਦੇ ਹੇਠਾਂ
ਧੌਲ ਹੈ ਧਰਮ ਹੈ
ਇਕ ਮੇਰੀ ਧੀ ਹੈ

ਧਰਤੀ ਤਾਂ ਬੋਝ ਹੈ
ਦੁਖ ਹੈ ਕੋਝ ਹੈ
ਸਹਿੰਦੀ ਹੈ ਧੀ
ਪਰ ਕਹਿੰਦੀ ਨਾ ਸੀ ਹੈ

ਧੌਲ ਵੀ ਥਕਿਆ
ਥਕ ਕੇ ਬਹਿ ਗਿਆ
ਧਰਮ ਵੀ ਹਾਰਿਆ
ਪੰਖ ਲਾ ਉਡਰਿਆ
ਧੀਆਂ ਨੂੰ ਥੱਕਣ ਦੀ
ਪੰਖ ਲਾ ਉੱਡਣ ਦੀ
ਜਾਚ ਹੀ ਨਹੀਂ ਹੈ

ਚਤਰਮੁਖ ਬ੍ਰਹਮਾ ਨੇ
ਦੁਖ ਸਾਜੇ ਸਹਿਸਭੁਜ
ਉਨ੍ਹਾਂ ਸੰਗ ਲੜਨ ਲਈ
ਦੇਵੀ ਅਸ਼ਟਭੁਜੀ ਹੈ
ਪਰ ਧੀ ਤਾਂ ਹੈ ਮਨੁੱਖ
ਉਹ ਵੀ ਅੱਧੀ ਮਸਾਂ ਪੌਣੀ
ਦੁੱਖਾਂ ਸੰਗ ਲੜਦੀ ਨਹੀਂ
ਦੁੱਖ ਚੁੱਕਦੀ ਹੈ

ਧਰਤੀ ਦੇ ਹੇਠਾਂ
ਧੌਲ ਸੀ ਧਰਮ ਸੀ
ਹੁਣ ਮੇਰੀ ਧੀ ਹੈ।

(6)

ਮਾਏ ਮੈਨੂੰ ਅੰਬਰਸਰ ਲਗਦਾ ਪਿਆਰਾ
ਸੋਨੇ ਦੀਆਂ ਜਿੱਥੇ ਇੱਟਾਂ ਲੱਗੀਆਂ
ਚਾਂਦੀ ਦਾ ਲੱਗਿਆ ਏ ਗਾਰਾ

ਉੱਚੇ ਮਹਲ ਮੇਰਾ ਸਤਿਗੁਰ ਬੈਠਾ
ਬਿਜਲੀ ਦਾ ਲਿਸ਼ਕਾਰਾ

ਆਸੇ ਪਾਸੇ ਸਰਵਰ ਲਹਿਰੇ
ਭਉਜਲ ਕੱਟਣਹਾਰਾ

ਹਰਿਮੰਦਰ ਇਕ ਸੰਤ ਸੁਣੀਂਦਾ
ਉੱਜਲ ਰੂਪ ਦੀਦਾਰਾ

ਸੁਣਿਆ ਉਨ੍ਹਾਂ ਗੁਰਸੰਗਤ ਦਾ
ਕੀਤਾ ਵੰਡ-ਵੰਡਾਰਾ

ਸਿੱਖ ਸਿੱਖ ਇਕ ਪਾਸੇ ਕੀਤਾ
ਹਿੰਦੂ ਹਿੰਦੂ ਬਾਹਰਾ

ਜੋ ਨਾ ਸਿੱਖ ਤੇ ਨਾ ਹੀ ਹਿੰਦੂ
ਉਹ ਨਾ ਪਾਰ ਉਰਾਰਾ

ਹਰਿ ਕੇ ਮੰਦਿਰ ਕਦੇ ਨ ਸੁਣਿਆ
ਐਸਾ ਵਰਤ-ਵਿਹਾਰਾ

ਹਰਿਮੰਦਿਰ ਤਾਂ ਸਭ ਦਾ ਸਾਂਝਾ
ਸਮਤਾ ਦਾ ਭੰਡਾਰਾ

ਹਰਿਮੰਦਿਰ ਵਲ ਤੁਰਦੀ ਜਾਵਾਂ
ਜੀ ਵਿਚ ਸਹਿੰਸਾ ਭਾਰਾ

ਹਿੰਦੂ ਪੇਕੇ ਸਿੱਖ ਸਹੁਰੇ
ਮੇਰਾ ਕਿੱਥੇ ਸ਼ੁਮਾਰਾ

ਤੈਂ ਦਰ ਛੱਡ ਕੇ ਮੈਂ ਕੈਂ ਦਰ ਜਾਵਾਂ
ਕੌਣ ਕਰੇ ਨਿਸਤਾਰਾ।

(7)

ਬੋਲ ਸੱਜਨ ਤੇਰੇ ਖੁਸ਼ਬੋਈਆਂ
ਫੁੱਲ ਪੱਤੀਆਂ ਨੇ ਗੱਲਾਂ ਛੋਹੀਆਂ
ਸਾਹ ਸਾਡੇ ਦਾ ਸੁਆਦ ਸੰਵਰਿਆ
ਸਵਾਦ ਬਦਲ ਗਏ ਕੌੜੇ ਰਿਠੜੇ
ਬੋਲ ਸੱਜਨ ਤੇਰੇ ਮਿਠੜੇ ਮਿਠੜੇ

ਤੈਂਡੀਆਂ ਜੀ ਸੱਜਨਾਂ ਗਲ-ਕਥੀਆਂ
ਝੀਲ ਕੰਢੇ ਜਿਉਂ ਫਜਰਾਂ ਲੱਥੀਆਂ
ਤੁਸੀਂ ਤਾਂ ਤੁਰ ਗਏ ਰੰਗ ਕੇ ਪਾਣੀ
ਇਕ ਵਾਰੀ ਵਿਛੜੇ ਫੇਰ ਨਾ ਡਿਠੜੇ

ਬੋਲ ਤੇਰੇ ਦੇ ਅਸੀਂ ਵਿਜੋਗੀ
ਬਿੜਕਾਂ ਲੈ ਲੈ ਉਮਰਾ ਭੋਗੀ
ਗੀਤ ਦੀਆਂ ਲਿਸ਼ਕੋਰਾਂ ਫੜਦੇ
ਕਦੀ ਨਾ ਬੈਠੇ ਹੋ ਕੇ ਨਿਠੜੇ

ਇਹ ਜੋ ਸੱਜਨ ਤੇਰੀ ਬਿਰ੍ਹੋਂ ਨਿਸ਼ਾਨੀ
ਅੱਜ ਨਿਬੜੀ ਕੁਝ ਕਲ ਨਿਭ ਜਾਣੀ
ਜੋ ਮਨ ਨੂੰ ਦਿਤੜੇ ਧਰਵਾਸੇ
ਉਹ ਨਾ ਕਿਸੇ ਬਿਧ ਜਾਣ ਨਿਜਿੱਠੜੇ।

(8)

ਅਸਾਂ ਤਾਂ ਰਹਿਣਾ ਏਂ ਪਿੰਜਰੇ ਪਿੰਜਰੇ
ਮਾਰ ਤੇ ਭਾਵੇਂ ਮਾਰ ਨ ਜਿੰਦਰੇ

ਚਿੜੀਆਂ ਦਾ ਚੰਬਾ ਉਡਣਾ ਚਾਹੇ
ਉਡੀਏ ਤਾਂ ਉਡੀਏ ਕਿਹੜੀ ਰਾਹੇ
ਬਾਬਲ ਹੱਥੀਂ ਆਪ ਉਡਾਏ
ਤਾੜ ਕੇ ਪਿੰਜਰੇ
ਮਾਰ ਕੇ ਜਿੰਦਰੇ

ਪਲ ਭਰ ਉਡਦੇ ਆਂ ਟਾਹਣੀਉਂ ਟਾਹਣੀ
ਟਾਹਣੀਉਂ ਟਾਹਣੀ ਹਾਣੀਉਂ ਹਾਣੀ
ਓਥੇ ਵੀ ਆਖਰ ਗੱਲ ਪੁਰਾਣੀ
ਹਾਣ ਨੂੰ ਪਿੰਜਰੇ
ਜਾਨ ਨੂੰ ਜਿੰਦਰੇ

ਆਪਣੇ 'ਚੋਂ ਆਪਣੀਆਂ ਅੱਖੀਆਂ ਪੁਟੀਆਂ
ਪਿੰਜਰੇ 'ਚੋਂ ਬਾਹਰ ਵਗਾਹ ਕੇ ਸੁਟੀਆਂ
ਚੁਕ ਲਈਆਂ ਲੋਕਾਂ ਡਿਗੀਆਂ ਤੇ ਟੁੱਟੀਆਂ
ਰਖ ਲਈਆਂ ਪਿੰਜਰੇ
ਡਕ ਲਈਆਂ ਜਿੰਦਰੇ

ਪਿੰਜਰੇ ਤੋਂ ਬਾਹਰ ਪੈਰ ਜਾਂ ਪਾਇਆ
ਪਿੰਜਰਾ ਹੀ ਸਾਨੂੰ ਲੈਣ ਨੂੰ ਆਇਆ
ਪਿੰਜਰੇ ਸੰਗ ਪਿੰਜਰਾ ਟਕਰਾਇਆ
ਰੰਗ ਵੀ ਪਿੰਜਰੇ
ਜੰਗ ਵੀ ਜਿੰਦਰੇ।

(9)

ਮੈਂ ਜਾਂ ਤੁਰਾਂ ਮੇਰੇ ਗੀਤ ਨੂੰ ਕਹਿਣਾ
ਹੌਲੀ ਹੌਲੀ ਗਾਏ
ਚਾਰ ਕਦਮ ਮੇਰੇ ਨਾਲ ਤੁਰੇ
ਤੇ ਫਿਰ ਭਾਵੇਂ ਮੁੜ ਜਾਏ

ਸਾਰੀ ਉਮਰ ਉਸ ਸਾਥ ਨਿਭਾਇਆ
ਓੜਕ ਵਾਰ ਨਿਭਾਏ
ਲੋਕ ਕਹੇ ਉਹ ਗੀਤਾਂ ਵਾਲਾ
ਤੁਰਿਆ ਧੁਰ ਦਰਗਾਹੇ

ਸਉਲੀ ਗੱਲ੍ਹ 'ਤੇ ਗੋਰਾ ਹੰਝੂ
ਤੁਰਦਾ ਤਾਂ ਰੁਕ ਜਾਏ
ਪੀੜ ਦੇ ਪਿੰਡੇ ਛਿਲਤਰ ਵਿਲਕੇ
ਆਖੋ ਨਾ ਕੁਰਲਾਏ

ਮੈਂ ਅੱਜ ਦਰਦ ਵਿਹੂਣਾ ਹੋਇਆ
ਦੁਨੀਆਂ ਕਿਉਂ ਦੁਖ ਪਾਏ।

(10)

### ਕਿੱਥੇ ਗਈਆਂ ਭੈਣਾਂ

ਕਿੱਥੇ ਗਈਆਂ ਭੈਣਾਂ
ਕਿੱਥੇ ਗਈਆਂ ਮਾਵਾਂ?

ਥਲ ਵਿਚ ਸੱਸੀਆਂ, ਝਲ ਵਿਚ ਹੀਰਾਂ
ਸੋਹਣੀਆਂ ਪਈਆਂ ਵਿਚ ਦਰਿਆਵਾਂ

ਕਿੱਥੇ ਗਈਆਂ ਗਲੀਆਂ
ਉਹ ਭਲੀਆਂ ਭਲੀਆਂ
ਜਿਸ ਘਰ ਚਾਹਾਂ ਆਵਾਂ ਜਾਵਾਂ

ਹਰ ਇਕ ਘਰ ਦੀ ਖਾਸ ਨਿਸ਼ਾਨੀ
ਹਰ ਇਕ ਜੀ ਦਾ ਆਪਣਾ ਨਾਵਾਂ

ਹੁਣ ਤਾਂ ਇੱਕੋ ਜਿਹੀਆਂ
ਸਜੀਆਂ ਨੇ ਸ਼ਕਲਾਂ
ਪਤਾ ਨ ਕਿਹੜੇ ਨਾਉਂ ਬੁਲਾਵਾਂ

ਭੈਣ ਕਹਾਂ ਤਾਂ ਦੱਸਣਾ ਪੈਂਦੈ
ਆਪਣੀ ਨੀਅਤ ਦਾ ਸਿਰਨਾਵਾਂ

ਸਭ ਜਗ ਹੋਇਆ ਮਰਦ ਜਨਾਨੀ
ਬਾਕੀ ਸਭ ਛਾਂਵਾਂ ਪਰਛਾਵਾਂ।

(11)

### ਰੁੱਖ ਤੇ ਰਿਸ਼ੀ

ਹੇ ਪਰਮ ਦੇਸ
ਹੇ ਪਰਮ ਕਾਲ
ਰੁੱਖ ਦੀ ਸਮਾਧੀ
ਹੋ ਜਾਏ ਮੇਰਾ ਜੀਵਨ
ਮਿੱਟੀ ਮੇਰੀ ਮਾਂ, ਪਾਣੀ ਪਿਤਾ

ਹਵਾ ਦੇ ਵਰਕਿਆਂ 'ਤੇ
ਖੁਸ਼ਬੋ ਦੇ ਵਾਕ ਲਿਖਾਂ
ਹਰੇ ਹਰੇ ਪੱਤੇ ਮੇਰੇ ਬੋਲ
ਹੇ ਮਹਾਮੌਨ
ਦੇਵੋ ਮੈਨੂੰ ਚੁੱਪ ਦੀ ਜ਼ਬਾਨ
ਕੰਨਾਂ ਤਕ ਪਹੁੰਚਣ ਤੋਂ ਪਹਿਲਾਂ
ਬਹੁਤ ਪਹਿਲਾਂ
ਰੂਹ ਜਿਹਨੂੰ ਲਏ ਪਹਿਚਾਨ

ਧਰਤੀ 'ਚ ਥੋੜ੍ਹਾ ਕੁ ਡੂੰਘਾ
ਰਤਾ ਕੁ ਉੱਚਾ ਵਿਚ ਆਕਾਸ਼
ਏਨਾ ਕੁ ਹੋਵੇ ਮੇਰਾ ਵਾਸ
ਲਿਖੋ ਨਾ ਰਬ ਜੀ ਮੈਨੂੰ ਭੂਗੋਲ ਵਿਚ
ਲਿਖੋ ਨਾ ਵਿਚ ਇਤਿਹਾਸ

ਨਕਸ਼ਿਆਂ 'ਚ ਪੋਥੀਆਂ 'ਚ
ਜੀਵਨ ਦੀ ਲਾਲਸਾ
ਪੱਤਿਆਂ ਤੇ ਪਈ
ਗਰਦ ਵਾਂਗ ਦਿਓ ਝਾੜ
ਦੁਨੀਆ ਨੇ ਮੇਰੀ
ਗਿਰਦ ਵਲੀ ਜੋ ਤੜਾਗੀ
ਉਹਨੂੰ ਤੋੜ ਜਾਣ ਦਿਓ ਬਾਹਰ

ਕੁਝ ਦੇਰ ਹੋਰ ਪ੍ਰਭੂ ਬਖਸ਼ੋ ਸਮਾਧੀ
ਨਿੱਕੀ ਨਿੱਕੀ ਰਿਵੀ ਜਿਹੇ ਸਾਹ
ਫੇਰ ਮਿਹਰਬਾਨ
ਜਿਥੇ ਚਾਹੋ
ਹੁੰਮਸ ਦੇ ਵਾਂਗ ਮੈਨੂੰ ਦੇਵਣਾ ਮੁਕਾ।

# ਗੁਰੂਦੇਵ ਡਾ. ਹਰਿਭਜਨ ਸਿੰਘ ਦਾ ਸੰਗ-ਸਾਥ

***(ਪਿਛਲੇ ਸਫੇ ਦੀ ਬਾਕੀ)***

ਦਾਖਲ ਹੋਏ ਤਾਂ ਹਾਲ ਖਚਾਖਚ ਭਰਿਆ ਹੋਇਆ ਸੀ।

ਡਾ. ਰਣਜੀਤ ਸਿੰਘ ਬਾਜਵਾ ਜੋ ਪ੍ਰੋਫੈਸਰ ਤੇ ਮੁਖੀ ਸਨ, ਨੇ ਡਾ. ਸਾਹਿਬ ਦਾ ਬੜੇ ਤਪਾਕ ਨਾਲ ਸਵਾਗਤ ਕੀਤਾ। ਡਾ. ਸਾਹਿਬ ਤਾਂ ਕੁਝ ਬੋਲਣ ਲਈ ਦੀ ਸਥਿਤੀ ਵਿਚ ਨਹੀਂ ਸਨ, ਮੈਂ ਹੀ ਉਨ੍ਹਾਂ ਦੀਆਂ ਇਕ-ਦੋ ਕਵਿਤਾਵਾਂ ਪੜ੍ਹੀਆਂ। ਡਾ. ਐਸ. ਪੀ. ਸਿੰਘ ਨੇ ਪ੍ਰੋ. ਹਰਿਭਜਨ ਸਿੰਘ ਦੀ ਸਾਹਿਤਕ ਘਾਲਣਾ ਦੀ ਪੁਰਜ਼ੋਰ ਸ਼ਬਦਾਂ ਵਿਚ ਤਾਰੀਫ ਕੀਤੀ। ਉਥੇ ਹੀ ਐਲਾਨ ਕੀਤਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਉਨ੍ਹਾਂ ਦੀਆਂ ਸਾਰੀਆਂ ਸਮੀਖਿਆ ਪੁਸਤਕਾਂ ਦਾ ਸੈੱਟ ਪ੍ਰਕਾਸ਼ਿਤ ਕਰੇਗੀ। ਮੌਕੇ 'ਤੇ ਹੀ ਡਾ. ਸਾਹਿਬ ਨੂੰ ਪੰਜਾਹ ਹਜ਼ਾਰ ਰੁਪਏ ਦਾ ਚੈੱਕ ਭੇਟ ਕੀਤਾ। ਇਹ ਇਕ ਤਰ੍ਹਾਂ ਨਾਲ ਪੰਜਾਬੀ ਸਾਹਿਤ ਦੇ ਢਲਦੇ ਸੂਰਜ ਨੂੰ ਪ੍ਰਣਾਮ ਅਤੇ ਉਨ੍ਹਾਂ ਦਾ ਮਾਣ-ਸਨਮਾਨ ਸੀ। ਮੇਰੇ ਘਰ ਵਿਚ ਉਹ ਇਕ ਦਿਨ ਹੋਰ ਰਹੇ, ਮਿਲਣ ਵਾਲਿਆਂ ਦਾ ਤਾਂਤਾ ਲੱਗਾ ਰਿਹਾ। ਅਗਲੀ ਸਵੇਰ ਮੈਂ ਉਨ੍ਹਾਂ ਨੂੰ ਸ਼ਤਾਬਦੀ ਵਿਚ ਬਿਠਾ ਆਇਆ। ਖਾਲੀ ਖਾਲੀ ਵਾਪਿਸ ਆ ਰਿਹਾ ਸਾਂ। ਰਸਤੇ ਵਿਚ ਮੈਂ ਡਾ. ਸਾਹਿਬ ਦਾ ਅਤੀਤ ਫੋਲ ਰਿਹਾ ਸਾਂ। ਡਾ. ਸਾਹਿਬ ਦੀਆਂ ਲਿਖਤਾਂ ਨੇ ਸੈਂਕੜੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਮਾਰਗ ਰੌਸ਼ਨ ਕੀਤਾ। ਉਨ੍ਹਾਂ ਦੀਆਂ ਲਿਖਤਾਂ ਬਿਨਾ ਪੰਜਾਬੀ ਸਾਹਿਤ ਦੀ ਸਪੇਸ ਬੜੀ ਅਧੂਰੀ ਹੈ।

21 ਅਕਤੂਬਰ 2002 ਦੇ ਦਿਨ ਮੈਨੂੰ ਬੀਜੀ ਦਾ ਫੋਨ ਆਇਆ, ਜਿਸ ਵਿਚ ਪੰਜਾਬੀ ਸਾਹਿਤ ਦੇ ਸੂਰਜ ਦੇ ਅਸਤ ਹੋ ਜਾਣ ਦੀ ਮਨਹੂਸ ਖਬਰ ਸੀ। ਮੈਂ ਸੋਚਦਾਂ ਕਿ ਕੀ ਉਹ ਸਚੁਮੱਚ ਅਸਤ ਹੋ ਗਏ ਹਨ? ਆਦਮੀ ਦਾ ਸਰੀਰ ਮਾਂ ਧਰਤੀ ਵਿਚ ਸਮਾ ਜਾਂਦਾ ਹੈ ਪਰ ਉਹ ਆਪਣੇ ਵਿਚਾਰਾਂ ਕਰਕੇ ਹਮੇਸ਼ਾ ਸਾਡੇ ਅੰਗ-ਸੰਗ ਰਹਿੰਦਾ ਹੈ। ਫਿਲਾਸਫਰ ਕਦੇ ਨਹੀਂ ਮਰਦੇ, ਸਦਾ ਜੀਵਿਤ ਰਹਿੰਦੇ ਹਨ। ਪੰਜਾਬੀ ਪਾਠਕ ਸਦਾ ਉਨ੍ਹਾਂ ਦੇ ਦਰਸਾਏ ਮਾਰਗ ਦਾ ਅਨੁਸਰਨ ਕਰਦੇ ਰਹਿਣਗੇ। ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਨੂੰ ਉਨ੍ਹਾਂ ਦੇ ਸੰਗ-ਸਾਥ ਵਿਚ ਵਿਚਰਨ ਦਾ ਮੌਕਾ ਮਿਲਦਾ ਰਿਹਾ। ਮੈਂ ਸੋਚ ਰਿਹਾ ਸਾਂ, ਇਸ ਦਾ ਸਿਹਰਾ ਕੁਲਵਿੰਦਰ ਨੂੰ ਜਾਂਦਾ ਹੈ, ਜਿਸ ਨੇ ਮੇਰੀ ਉਨ੍ਹਾਂ ਨਾਲ ਪਹਿਲੀ ਮਿਲਣੀ ਕਰਵਾਈ ਸੀ।


***(ਸਮਾਪਤ)***



**ਡਾ. ਹਰਿਭਜਨ ਸਿੰਘ ਨਾਲ ਗੱਲਬਾਤ ਕਰਦੇ ਹੋਏ ਪ੍ਰੋ. ਸੁਹਿੰਦਰ ਬੀਰ**

# ਮੇਰੇ ਨਾਵਲਾਂ ਦਾ ਧਰਾਤਲ ਤੇ ਨਵਾਂ ਨਾਵਲ 'ਪਰੀ ਸੁਲਤਾਨਾ'

ਹਾਲ ਹੀ ਵਿਚ ਪ੍ਰਕਾਸ਼ਿਤ ਹੋਏ ਮੇਰੇ ਨਾਵਲ 'ਪਰੀ ਸੁਲਤਾਨਾ' (ਲੋਕਗੀਤ ਪ੍ਰਕਾਸ਼ਨ, ਪੰਨੇ 184, ਮੁੱਲ 250 ਰੁਪਏ) ਦੇ ਸਰਵਕ ਉਤੇ ਨੂਰ ਜਹਾਂ, ਅਰੁਣਾ ਆਸਫ ਅਲੀ ਤੇ ਉਸ਼ਿਮਾ ਰੇਖੀ ਦੀ ਤਸਵੀਰ ਵੇਖ ਕੇ ਮੇਰੇ ਪਾਠਕ ਤੇ ਮਿੱਤਰ ਪਿਆਰੇ ਪੁੱਛਦੇ ਹਨ ਕਿ ਕੀ ਮੇਰਾ ਇਹ ਨਾਵਲ ਵੀ ਪੰਜਾਬ ਦੀ ਧਰਾਤਲ ਤੋਂ ਬਾਹਰ ਦਾ ਹੈ? ਮੈਂ ਉਨ੍ਹਾਂ ਦਾ ਧਿਆਨ ਆਪਣੇ ਵੱਲੋਂ ਮੁੱਢ ਵਿਚ ਲਿਖੇ ਸ਼ਬਦਾਂ ਵੱਲ ਦਿਵਾਉਂਦਾ ਹਾਂ। ਇਹ ਸ਼ਬਦ ਦਸਦੇ ਹਨ ਕਿ ਨਾਵਲ ਦੀ ਨਾਇਕਾ ਈਰਾਨੀ ਮੁਸਲਮਾਨਾਂ ਦੇ ਘਰ ਜੰਮੀ, ਪੇਸ਼ਾਵਰ ਦੇ ਬਹਾਈ ਸਿੱਖਾਂ ਨੇ ਗੋਦ ਲਈ ਤੇ ਪਾਣੀਪਤ ਦੇ ਬੇਦੀ ਹਿੰਦੂਆਂ ਦੇ ਘਰ ਵਿਆਹੀ ਗਈ।




ਮੇਰੇ ਪਾਠਕ ਜਾਣਦੇ ਹਨ ਕਿ ਮੇਰੇ ਪਹਿਲੇ ਦੋ ਨਾਵਲਾਂ 'ਧਰੂ ਤਾਰੇ' ਅਤੇ 'ਗੋਰੀ ਹਿਰਨੀ' ਦਾ ਧਰਾਤਲ ਵੀ ਪੰਜਾਬ ਦਾ ਨਹੀਂ ਹੈ। 'ਧਰੂ ਤਾਰੇ' ਗਾਂਧੀ ਗ੍ਰਾਮ (ਦੱਖਣੀ ਭਾਰਤ) ਦੇ ਇੱਕ ਅਨਾਥਾਲਿਆ ਵਿਚ ਪਲੇ ਬੱਚਿਆਂ ਵਲੋਂ ਆਪੋ-ਆਪਣੇ ਜੀਵਨ ਵਿਚ ਮਾਰੀਆਂ ਮੱਲਾਂ ਦੀ ਬਾਤ ਪਾਉਂਦਾ ਹੈ ਅਤੇ 'ਗੋਰੀ ਹਿਰਨੀ' ਨਾਜ਼ੀ ਹਿਟਲਰ ਦੀ ਧਾਰਨਾ ਦਾ ਸ਼ਿਕਾਰ ਹੋਈ ਉਸ ਯੁਵਤੀ ਦੀ ਗਾਥਾ ਹੈ, ਜਿਸ ਨੂੰ ਆਪਣੀ ਗਲਤੀ ਦਾ ਅਹਿਸਾਸ ਉਦੋਂ ਹੁੰਦਾ ਹੈ, ਜਦ ਉਹ ਮਰਨ ਕਿਨਾਰੇ ਪਹੁੰਚ ਜਾਂਦੀ ਹੈ। ਇਹ ਸਬੱਬ ਦੀ ਗੱਲ ਹੈ ਕਿ ਮੈਨੂੰ ਆਪਣੇ ਨਾਵਲਾਂ ਦੇ ਪਾਤਰਾਂ ਦੀਆਂ ਗਤੀਵਿਧੀਆਂ ਨੂੰ ਬਹੁਤ ਨੇੜਿਓਂ ਜਾਣਨ ਦਾ ਮੌਕਾ ਮਿਲਿਆ ਹੈ, ਜਿਸ ਨੂੰ ਪੰਜਾਬ ਦੇ ਹੋਰ ਕਿਸੇ ਲੇਖਕ ਲਈ ਜਾਣਨਾ ਸੌਖਾ ਨਹੀਂ ਸੀ। ਇਹੋ ਕਾਰਨ ਹੈ ਕਿ ਮੇਰੇ ਪਹਿਲੇ ਦੋ ਨਾਵਲਾਂ ਦਾ ਅੰਗਰੇਜ਼ੀ ਤੇ ਹਿੰਦੀ ਅਨੁਵਾਦ ਵੀ ਪ੍ਰਵਾਨ ਕੀਤਾ ਗਿਆ ਹੈ।

ਜਿੱਥੋਂ ਤੱਕ 'ਪਰੀ ਸੁਲਤਾਨਾ' ਦਾ ਸਬੰਧ ਹੈ, ਇਸ ਦੀ ਨਾਇਕਾ ਨਾਲ ਮੇਰੀ ਪਤਨੀ ਸੁਰਜੀਤ ਕੌਰ ਬਹੁਤ ਨੇੜਿਉਂ ਵਿਚਰਦੀ ਰਹੀ ਹੈ ਤੇ ਮੈਨੂੰ ਵੀ ਉਸ ਨੂੰ ਜਾਣਨ ਦੇ ਅਨੇਕ ਮੌਕੇ ਮਿਲੇ ਹਨ। ਉਹ ਇਸੇ ਤਰ੍ਹਾਂ ਦੀ ਸੀ, ਜਿਸ ਤਰ੍ਹਾਂ ਦੀ ਮੈਂ ਚਿਤਰੀ ਹੈ। ਸਮਾਂ ਤੇ ਸਥਾਨ ਅਸਲ ਦੇ ਨੇੜੇ ਹਨ ਤੇ ਨਹੀਂ ਵੀ। ਜੇ ਫਰਕ ਹੈ ਤਾਂ ਸਿਰਫ ਓਨਾ ਹੀ, ਜਿੰਨਾ ਕਿਸੇ ਵੀ ਸੱਚ ਨੂੰ ਨਾਵਲ ਵਿਚ ਢਾਲਦੇ ਸਮੇਂ ਹੋਣਾ ਕੁਦਰਤੀ ਹੈ। ਪਹੁੰਚ ਤੋਲਾ-ਮਾਸਾ ਏਧਰ ਓਧਰ ਹੋ ਗਈ ਹੋਵੇ ਤਾਂ ਕਹਿ ਨਹੀਂ ਸਕਦਾ। ਮੈਂ ਆਪਣੇ ਵਲੋਂ ਨਾਇਕਾ ਦੀ ਰੂਹ ਨੂੰ ਫੜਨ ਦਾ ਸੱਚਾ ਯਤਨ ਕੀਤਾ ਹੈ।

ਏਨਾ ਜ਼ਰੂਰ ਹੈ ਕਿ ਮੈਂ ਉਸ ਦੇ ਸਾਰੇ ਦੇ ਸਾਰੇ ਜੀਵਨ ਨੂੰ ਆਪਣੇ ਨਾਵਲ ਦਾ ਵਿਸ਼ਾ ਨਹੀਂ ਬਣਾਇਆ। ਉਸ ਦੀ ਕਹਾਣੀ ਨੂੰ ਉਸ ਪੜਾਅ ਉਤੇ ਖਤਮ ਕਰ ਦਿੰਦਾ ਹਾਂ, ਜਦੋਂ ਮੈਨੂੰ ਜਾਪਦਾ ਹੈ ਕਿ ਮੈਂ ਉਸ ਨੂੰ ਉਸ ਮਾਰਗ ਉਤੇ ਤੋਰਨ ਵਿਚ ਸਫਲ ਹੋ ਗਿਆ ਹਾਂ, ਜਿਸ ਉਤੇ ਉਹ ਤੁਰਨਾ ਚਾਹੁੰਦੀ ਸੀ ਤੇ ਮਰਦੇ ਦਮ ਤੱਕ ਤੁਰੀ। ਭਾਵਨਾ ਕੀ ਸੀ, ਇਹ ਜਾਣਨ ਲਈ ਪਾਠਕਾਂ ਨੂੰ ਨਾਵਲ ਪੜ੍ਹਨਾ ਪਵੇਗਾ।

ਮੇਰੇ ਨਾਵਲਾਂ ਵਿਚ ਮੇਰਾ ਪੰਜਾਬੀ ਕਿਉਂ ਨਹੀਂ ਬੋਲਦਾ? ਇਸ ਦਾ ਮੂਲ ਕਾਰਨ ਇਹ ਕਿ ਮੈਂ ਆਪਣੇ ਪੰਜਾਬ ਵਿਚ ਆਪਣੀ ਉਮਰ ਦੇ ਸਿਰਫ ਪਹਿਲੇ 18 ਸਾਲ ਰਿਹਾ ਹਾਂ, ਬਾਕੀ ਦੇ ਸੱਤ ਦਹਾਕੇ ਇਸ ਤੋਂ ਬਾਹਰ। ਨਿਸ਼ਚੇ ਹੀ ਮੇਰੀ ਆਪਣੇ ਪੰਜਾਬ ਉਤੇ ਪਕੜ ਉਨੀ ਨਹੀਂ, ਜਿੰਨੀ ਜਸਵੰਤ ਸਿੰਘ ਕੰਵਲ, ਦਲੀਪ ਕੌਰ ਟਿਵਾਣਾ, ਗੁਰਦਿਆਲ ਸਿੰਘ (ਮੜ੍ਹੀ ਦਾ ਦੀਵਾ) ਅਵਤਾਰ ਸਿੰਘ ਬਿਲਿੰਗ, ਜਤਿੰਦਰ ਹਾਂਸ ਵਰਗਿਆਂ ਦੀ ਸੀ ਤੇ ਹੈ। ਮੈਂ ਉਨ੍ਹਾਂ ਵਾਲਾ ਮਾਰਗ ਅਪਨਾਉਂਦਾ ਤਾਂ ਨਿਸ਼ਚੇ ਹੀ ਸਫਲ ਨਹੀਂ ਸਾਂ ਹੋ ਸਕਦਾ। ਕੁਝ ਇਸੇ ਤਰ੍ਹਾਂ, ਜਿਵੇਂ ਉਹ ਮੇਰੇ ਵਾਲੀ ਧਰਾਤਲ ਪੇਸ਼ ਕਰਨ ਦਾ ਯਤਨ ਕਰਦੇ ਤਾਂ ਉਨ੍ਹਾਂ ਨੇ ਵੀ ਸਫਲ ਨਹੀਂ ਸੀ ਹੋਣਾ।

ਮੈਂ ਆਪਣੇ ਲਿਖਣ ਕਾਲ ਵਿਚ ਆਪਣੇ ਨਾਨਕੇ-ਦਾਦਕੇ ਪਿੰਡ ਦੋ-ਚਾਰ ਦਿਨ ਤੋਂ ਵੱਧ ਕਦੀ ਨਹੀਂ ਗਿਆ। ਇਹ ਵਾਲੀ ਨਿੱਕੀ ਮੇਰੀ ਫੇਰੀ ਮੈਨੂੰ ਕਹਾਣੀਆਂ ਦੇ ਪਲਾਟ ਤਾਂ ਦਿੰਦੀ ਰਹੀ, ਨਾਵਲਾਂ ਦੇ ਨਹੀਂ। ਮੇਰੀਆਂ ਕਹਾਣੀਆਂ ਦਾ ਕਥਾ ਸੰਸਾਰ ਕਿਹੋ ਜਿਹਾ ਹੈ, ਮੈਨੂੰ ਦੱਸਣ ਦੀ ਲੋੜ ਨਹੀਂ। ਵਡੇਰੀ ਕਥਾਕਾਰੀ ਕਿਹੋ ਜਿਹੀ ਹੈ, ਉਹ ਵੀ ਨਹੀਂ। ਆਪਣੇ ਵਲੋਂ ਇਹੀਓ ਕਹਾਂਗਾ ਕਿ ਮੈਂ ਹਵਾਈ ਕਿਲੇ ਉਸਾਰਨ ਵਿਚ ਯਕੀਨ ਨਹੀਂ ਰੱਖਦਾ। ਉਹੀਓ ਲਿਖਦਾ ਹਾਂ, ਜਿਸ ਦੀ ਰਗ ਰਗ ਤੋਂ ਜਾਣੂ ਹੋਵਾਂ। ਮੈਂ ਬੜੀ ਦੁਨੀਆਂ ਦੇਖੀ ਹੈ। ਮੇਰੀ ਰਚਨਾਕਾਰੀ, ਮੇਰੀ ਦੁਨੀਆਂ ਦੀ ਦੇਣ ਹੈ।

ਘੜਕਾ ਚੰਬਾ, ਮੈਂ ਤੇ ਮੇਰੇ ਪੁਰਖੇ: ਤਰਨਤਾਰਨ ਤਹਿਸੀਲ ਵਿਚ ਪੈਂਦੇ ਪਿੰਡ ਘੜਕਾ ਦੇ ਨੌਜਵਾਨ ਜੁਗਰਾਜ ਸਿੰਘ ਦੇ ਵਹਿਸ਼ੀ ਲੁਟੇਰਿਆਂ ਵਲੋਂ ਨਿਗੁਣੇ ਮੋਬਾਈਲ ਖੋਹਣ ਲਈ ਕੀਤੇ ਹਿਰਦੇਵੇਧਕ ਕਤਲ ਨੇ ਮੈਨੂੰ ਆਪਣੇ ਬਚਪਨ ਵਿਚ ਮਰਾਸੀਆ ਵਲੋਂ ਕੀਤੀ ਕੁੱਲਿਆਣ ਚੇਤੇ ਕਰਵਾ ਦਿੱਤੀ ਹੈ। ਸਾਡੇ ਪੁਰਖਿਆਂ ਦਾ ਪਿਛੋਕੜ ਦੱਸਦੇ ਸਮੇਂ ਉਹ ਸਾਨੂੰ ਚੇਤੇ ਕਰਾਉਂਦੇ ਸਨ ਕਿ ਸਾਡੇ ਪਿੰਡ (ਸੂਨੀ, ਹੁਸ਼ਿਆਰਪੁਰ) ਦੀ ਮੂਹੜੀ ਗੱਡਣ ਵਾਲਾ ਬਾਬਾ ਕਰੋੜਾ ਸਿੰਘ ਘੜਕਾ ਚੰਬਾ ਖੇਤਰ ਤੋਂ ਆਇਆ ਸੀ। ਕਦੋਂ ਤੇ ਕਿਉਂ ਬਾਰੇ ਵੀ ਦੱਸਦੇ ਸਨ, ਜਿਹੜਾ ਮੈਨੂੰ ਚੇਤੇ ਨਹੀਂ। ਖਾਲਸਾ ਰਾਜ ਦੀ ਸਮਾਪਤੀ ਵੇਲੇ ਦਾ ਸਮਾਂ ਹੋਵੇਗਾ, 18ਵੀਂ ਸਦੀ ਦਾ। ਮੇਰਾ ਜੱਦੀ ਪਿੰਡ ਦੁਆਬੇ ਵਿਚ ਪੈਂਦਾ ਹੈ। ਮੇਰੇ ਵਿਆਹ ਸਮੇਂ ਨੌਸ਼ਹਿਰਾ ਪੰਨੂੰਆਂ (ਤਰਨਤਾਰਨ) ਵਾਲੇ ਮੇਰੇ ਸਹੁਰਾ ਪਰਿਵਾਰ ਨੇ ਮੇਰੇ ਜਾਂਜੀਆਂ ਨੂੰ ਪ੍ਰੀਤੀ ਭੋਜਨ ਵਰਤਾਉਣ ਸਮੇਂ ਦੋ-ਤਿੰਨ ਥਾਲੀਆਂ ਪਿੰਡ ਨੌਸ਼ਹਿਰਾ ਪੰਨੂੰਆਂ ਦੀਆਂ ਉਨ੍ਹਾਂ ਨੂੰਹਾਂ ਲਈ ਕੱਢੀਆਂ ਸਨ, ਜਿਨ੍ਹਾਂ ਦਾ ਪੇਕਾ ਘਰ ਘੜਕਾ ਦਾ ਚੰਬਾ ਪਿੰਡ ਸੀ। ਕਿਹੜਾ ਪਿੰਡ ਸੀ, ਮੈਨੂੰ ਨਹੀਂ ਪਤਾ। ਨਿਸ਼ਚੇ ਹੀ ਉਹ ਪਿੰਡ ਹੋਵੇਗਾ, ਜਿਸ ਵਿਚ ਸੰਧੂ ਗੋਤ ਵਾਲੇ ਸਿੱਖ ਵਸਦੇ ਹਨ। ਜੇ ਉਸ ਪਿੰਡ ਦਾ ਕੋਈ ਵਸਨੀਕ ਇਹ ਸਤਰਾਂ ਪੜ੍ਹ ਕੇ ਮੈਨੂੰ ਆਪਣੇ ਬਾਰੇ ਦੱਸ ਸਕੇ ਤਾਂ ਮੈਂ ਉਹਦੇ ਨਾਲ ਗੱਲਾਂ ਕਰਨ ਦੀ ਖੁਸ਼ੀ ਲੈਣਾ ਚਾਹਾਂਗਾ। ਮੈਂ ਕੌਣ ਹਾਂ, ਪਾਠਕ ਜਾਣਦੇ ਹਨ ਤੇ ਰਹਿੰਦਾ ਚੰਡੀਗੜ੍ਹ ਹਾਂ।

ਜਿੱਥੋਂ ਤੱਕ ਜੁਗਰਾਜ ਸਿੰਘ ਦੇ ਵਹਿਸ਼ੀ ਕਤਲ ਦਾ ਸਬੰਧ ਹੈ, ਮੈਨੂੰ ਉਸ ਦੇ ਮਾਪਿਆਂ ਨਾਲ ਹਮਦਰਦੀ ਹੈ। ਉਨ੍ਹਾਂ ਦਾ ਦੁੱਖ ਵੰਡਾਉਣ ਲਈ ਸ਼ਬਦ ਮੇਰਾ ਸਾਥ ਨਹੀਂ ਦੇ ਰਹੇ। ਭਾਣਾ ਮੰਨਣ ਵਾਲੇ ਸ਼ਬਦ ਸਿਰਫ ਰਸਮੀ ਹਨ। ਮੈਂ ਚਾਹਾਂਗਾ ਕਿ ਪੰਜਾਬ ਪੁਲਿਸ ਉਨ੍ਹਾਂ ਕਾਤਲਾਂ ਨੂੰ ਫੜੇ ਤੇ ਸਜ਼ਾ ਦੇਵੇ। ਮੇਰੀ ਜਾਚੇ ਉਹ ਨਸ਼ੇੜੀ ਹੋਣਗੇ, ਜਿਨ੍ਹਾਂ ਨੇ ਮੋਬਾਈਲ ਦੇ ਪੈਸਿਆਂ ਨਾਲ ਉਹ ਲਾਹਣ ਪੀਣੀ ਸੀ, ਜੋ ਅੱਜ ਕੱਲ ਅਖਬਾਰਾਂ ਦੀ ਸੁਰਖੀ ਬਣੀ ਹੋਈ ਹੈ। ਮੈਂ ਉਨ੍ਹਾਂ ਨੂੰ ਲਾਹਣ ਦੀ ਥਾਂ ਪੁਲਿਸ ਦਾ ਸ਼ਿਕਾਰ ਹੋਇਆ ਦੇਖਣ ਦਾ ਚਾਹਵਾਨ ਹਾਂ, ਪੁਲਿਸ ਵਲੋਂ ਦਿੱਤੇ ਜਾਣ ਵਾਲੇ ਤਸੀਹੇ ਦੇਖਣ ਦਾ!

**ਅੰਤਿਕਾ: ਸ਼ਫਦਰ ਮਿਰਜ਼ਾਪੁਰੀ**

ਘਰ ਤੋਂ ਘਰ, ਘਰ ਕਾ ਨਿਸ਼ਾਂ ਭੀ
ਨਹੀਂ ਬਾਕੀ ਸਫਦਰ,
ਅਬ ਵਤਨ ਮੇਂ ਕਭੀ ਜਾਏਂ ਭੀ
ਤੋ ਮਹਿਮਾਨ ਹੋਂਗੇ।

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

# 'ਸਾਹਿਤਕ ਚਰਚਾ ਦੇ ਪੰਨੇ' ਦੀ ਚਰਚਾ

**ਕਿਤਾਬ: ਸਾਹਿਤਕ ਚਰਚਾ ਦੇ ਪੰਨੇ**
**ਲੇਖਕ: ਪ੍ਰੋ. ਮੇਵਾ ਸਿੰਘ ਤੁੰਗ**
**ਪੰਨੇ: 288, ਕੀਮਤ: 350 ਰੁਪਏ**
**ਪ੍ਰਕਾਸ਼ਕ: ਸੰਗਮ, ਸਮਾਣਾ।**

**ਡਾ. ਹਰਪਾਲ ਸਿੰਘ ਪੰਨੂ**

ਇਸ ਕਿਤਾਬ ਸਣੇ ਪ੍ਰੋ. ਤੁੰਗ ਦੀਆਂ ਹੁਣ ਤੱਕ ਪੰਦਰਾਂ ਕਿਤਾਬਾਂ ਛਪ ਚੁਕੀਆਂ ਹਨ, ਪਰ ਪੰਜਾਬੀ ਸਾਹਿਤ ਦੇ ਪਾਠਕਾਂ ਦਾ ਵੱਡਾ ਵਰਗ ਉਨ੍ਹਾਂ ਦੀ ਰਚਨਾ ਤੋਂ ਵਾਕਫ ਨਹੀਂ, ਕਿਉਂਕਿ ਨਾ ਉਨ੍ਹਾਂ ਨੇ ਕਦੀ ਸਾਹਿਤਕ ਮਜਲਿਸ ਭਖਾਈ, ਨਾ ਘੁੰਡ ਚੁਕਾਈ ਕੀਤੀ ਅਤੇ ਨਾ ਅਖਬਾਰਾਂ-ਰਸਾਲਿਆਂ ਦੇ ਕਾਲਮਾਂ ਵਿਚ ਦਸਤਕ ਦਿੱਤੀ,

ਹਮ ਤੋ ਪੁਰਾਨੀ ਕਿਤਾਬੇਂ ਹੈਂ ਯਾਰੋ,
ਹਮ ਕਹਾਂ ਬਿਕਤੇ ਹੈਂ ਰਿਸਾਲੋਂ ਕੀ ਤਰਹ।

ਉਕਤ ਕਥਨ ਹੋਰ ਕਿਸੇ 'ਤੇ ਢੁਕੇ ਨਾ ਢੁਕੇ, ਪ੍ਰੋ. ਤੁੰਗ ਦੇ ਸੁਭਾਅ 'ਤੇ ਪੂਰਾ ਉਤਰਦਾ ਹੈ। ਉਸ ਦੀਆਂ ਰਚਨਾਵਾਂ ਵਿਚ ਕਵਿਤਾ, ਕਹਾਣੀ, ਵਾਰਤਕ ਅਤੇ ਆਲੋਚਨਾ ਆਦਿਕ ਵਿਧਾਵਾਂ ਦੀਆਂ ਵੰਨਗੀਆਂ ਹਨ।

ਅੱਸੀਵਿਆਂ ਵਿਚ ਵਿਚਰਦਾ ਪ੍ਰੋ. ਤੁੰਗ, ਖਾਲਸਾ ਕਾਲਜ ਪਟਿਆਲਾ ਵਿਚੋਂ ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਵਜੋਂ ਰਿਟਾਇਰ ਹੋ ਕੇ ਹੁਣ ਗੁਮਨਾਮ ਜ਼ਿੰਦਗੀ ਬਤੀਤ ਕਰ ਰਿਹਾ ਹੈ। ਜਿਹੜੇ ਸ਼ਖਸ ਉਸ ਨੂੰ ਜਾਣਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਉਹ ਸੂਚਨਾਵਾਂ ਦਾ ਅਥਾਹ ਗਹਿਰਾ ਸਾਗਰ ਹੈ। ਦੇਸ-ਵੰਡ ਤੋਂ ਸ਼ੁਰੂ ਕਰ ਲਵੋ, ਹੁਣ ਤੱਕ ਅਣਵੰਡਿਆ ਪੰਜਾਬ, ਇਸ ਦੇ ਬਹੁਰੰਗੀ ਨੇਤਾ, ਸਿਆਸੀ ਪਾਰਟੀਆਂ ਦੇ ਆਚਾਰ, ਵਿਹਾਰ, ਕਿਰਦਾਰ ਉਸ ਦੇ ਪੋਟਿਆਂ ਉਪਰ ਹਨ। ਪਿਛਲੇ ਦੋ ਦਹਾਕਿਆਂ ਤੋਂ ਸਰੀਰ ਉਸ ਦੇ ਕਾਬੂ ਵਿਚ ਨਾ ਹੋਣ ਕਾਰਨ ਲਿਖਣ ਵਿਚ ਦਿੱਕਤ ਆਉਂਦੀ ਹੈ, ਟਾਈਪਿਸਟ ਤੋਂ ਲਿਖਤ ਪੜ੍ਹੀ ਨਹੀਂ ਜਾਂਦੀ। ਕੋਈ ਅਦਾਰਾ ਲਿਖਾਰੀ ਦੇ ਦਏ ਤਾਂ ਉਹ 'ਤਾਰੇ ਜ਼ਮੀਂ ਪੇ' ਉਤਾਰਨ ਦੇ ਸਮਰੱਥ ਹੈ।

ਉਮਰ ਅਤੇ ਲਿਖਤ ਵਜੋਂ ਵਰਗੀਕਰਣ ਕਰੀਏ ਤਾਂ ਉਹ ਮੈਥੋਂ ਪਹਿਲੀ ਪੀੜ੍ਹੀ ਦਾ ਦਾਨਿਸ਼ਵਰ ਹੈ। ਇਸ ਕਿਤਾਬ ਵਿਚ ਉਸ ਨੇ ਆਪਣੇ ਤੋਂ ਪਹਿਲੀ ਪੀੜ੍ਹੀ ਦੇ ਸਾਹਿਤਕਾਰਾਂ ਨਾਲ ਜਾਣ-ਪਛਾਣ ਕਰਵਾਈ ਹੈ। ਗੁਰਬਾਣੀ, ਸੂਫੀ ਪਰੰਪਰਾ, ਕਿੱਸਾ ਕਾਵਿ ਤੋਂ ਲੈ ਕੇ ਵਰਤਮਾਨ ਲੇਖਕਾਂ ਦਾ ਸਾਹਿਤਕ ਪਰਿਚੈ ਕਰਵਾਇਆ ਹੈ। ਪੂਰਨ ਸਿੰਘ, ਮੋਹਨ ਸਿੰਘ, ਪ੍ਰੀਤਮ ਸਿੰਘ ਸਫੀਰ, ਪ੍ਰਭਜੋਤ ਕੌਰ, ਮਹਿੰਦਰ ਸਿੰਘ ਸਰਨਾ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਨਾਨਕ ਸਿੰਘ, ਰਾਜਿੰਦਰ ਸਿੰਘ ਬੇਦੀ ਵਰਗੇ ਨਾਮਵਰ ਲੇਖਕਾਂ ਨਾਲ ਜਾਣ-ਪਛਾਣ ਤਾਂ ਕਰਵਾਈ ਹੀ, ਕੁਝ ਕੁ ਅਜਿਹੇ ਕਲਮਕਾਰ ਵੀ ਪਾਠਕਾਂ ਦੇ ਸਨਮੁਖ ਕੀਤੇ ਹਨ, ਜਿਨ੍ਹਾਂ ਨੂੰ ਪੰਜਾਬੀ ਜਾਣਦੇ ਨਹੀਂ-ਜਿਵੇਂ ਸੁਰਜੀਤ ਸਰਨਾ, ਮਾਨ ਸਿੰਘ ਹਕੀਰ, ਗੁਰਦੀਪ ਅਤੇ ਸੁਲਤਾਨਾ ਬੇਗਮ।




ਪੰਜਾਬੀ ਸਾਹਿਤ ਉਪਰ ਕਲਮ ਚਲਾਉਂਦਾ ਪ੍ਰੋ. ਤੁੰਗ ਵਿਸ਼ਵ-ਸਾਹਿਤ ਨੂੰ ਆਪਣੀਆਂ ਨਜ਼ਰਾਂ ਤੋਂ ਉਹਲੇ ਨਹੀਂ ਕਰਦਾ। ਜ਼ਿਕਰ ਬਾਬਾ ਫਰੀਦ ਦਾ ਹੋ ਰਿਹਾ ਹੈ, ਲਿਖਦਾ ਹੈ, ਫਰੀਦ ਦੀ ਨਿਰਾਸ਼ਾ ਦਾ ਰੰਗ ਬੜਾ ਗੂੜ੍ਹਾ ਹੈ। ਇਸ ਵਿਚੋਂ ਹੀ ਬਲਵਾਨ ਆਸ਼ਾ ਅਖੀਰ ਨੂੰ ਜਨਮ ਧਾਰਦੀ ਹੈ। ਉਨ੍ਹਾਂ ਦੁਆਰਾ ਪ੍ਰਸਤੁਤ ਕੀਤਾ ਗਿਆ ਮੌਤ ਦਾ ਸੰਕਲਪ ਬੜਾ ਬਲੀ ਅਤੇ ਆਪਣੇ ਵਿਚਲੇ ਅਧਿਆਤਮਕ ਅਤੇ ਸਮਾਜਕ ਅਰਥਾਂ ਕਾਰਨ ਢੇਰ ਸ਼ਕਤੀਵਰ ਹੈ। ਫਰੀਦ ਨੇ ਮੌਤ ਦਾ ਭੈਅ ਅਤੇ ਆਪਣੇ ਕੁਕਰਮਾਂ ਕਾਰਨ ਦੰਡ ਸਹਿ ਰਹੇ ਜੀਵਾਂ ਦੇ ਭਿਆਨਕ ਚਿੱਤਰ ਉਸੇ ਮਨੋਰਥ ਹਿਤ ਖਿੱਚੇ ਹਨ, ਜਿਸ ਅਧੀਨ ਜਗਤ-ਪ੍ਰਸਿੱਧ ਕਵੀ ਦਾਂਤੇ ਅਤੇ ਮਿਲਟਨ ਨੇ ਨਰਕ ਦੀ ਅੱਗ ਵਿਚ ਸੜ ਰਹੇ ਦੋਸ਼ੀ ਦਿਖਾਏ ਹਨ।

ਦਮੋਦਰ ਅਤੇ ਵਾਰਿਸ ਬਾਬਤ ਟਿੱਪਣੀ ਦੇਖੋ, ਹੀਰ ਕਾਵਿ ਦੇ ਦੋ ਸ਼ਾਇਰ ਸਭ ਤੋਂ ਵੱਧ ਮੌਲਿਕ ਹਨ। ਪਹਿਲਾ ਦਮੋਦਰ ਹੈ ਅਤੇ ਦੂਜਾ ਸੱਯਦ ਮੀਆਂ ਵਾਰਿਸ ਸ਼ਾਹ। ਦੋਹਾਂ ਨੇ ਹੀਰ-ਕਥਾ ਵਿਚ ਮਰਜ਼ੀ ਅਨੁਸਾਰ ਵਾਧੇ-ਘਾਟੇ ਕੀਤੇ ਹਨ। ਦਮੋਦਰ ਨੇ ਸੰਖੇਪ, ਸੰਜਮੀ ਅਤੇ ਸੁਝਾਊ ਤਰੀਕੇ ਨਾਲ ਗੱਲ ਕਰਨੀ ਸੀ, ਇਸ ਲਈ ਉਸ ਦਵੱਈਆ ਛੰਦ ਚੁਣਿਆ ਹੈ। ਵਾਰਿਸ ਨੇ ਲੰਮੀਆਂ ਲੋੜਾਂ ਵਿਚ ਪੈਣਾ ਸੀ ਅਤੇ ਲੋੜ ਤੋਂ ਵੀ ਵਧੀਕ ਵਿਸਤਾਰ ਦੇਣਾ ਸੀ, ਇਸ ਲਈ ਉਸ ਬੈਂਤ ਚੁਣਿਆ ਹੈ। ਦੋਵੇਂ ਕਾਵਿ-ਨਾਇਕ ਹਨ ਅਤੇ ਐਮਰਸਨ ਦੇ ਕਵੀ-ਨਾਇਕ ਦੇ ਤੌਰ 'ਤੇ ਵਿਚਰਦੇ ਵਿਚਰਦੇ ਬਾਦਸ਼ਾਹ ਬਣ ਕੇ ਸਾਹਮਣੇ ਆਉਂਦੇ ਹਨ। ਬਾਦਸ਼ਾਹ ਹਮੇਸ਼ਾ ਆਪਣੇ ਹੁਕਮ ਸਾਦਰ ਕਰਦੇ ਹਨ। ਇਹੋ ਕੁਝ ਇਨ੍ਹਾਂ ਸ਼ਾਇਰੀ ਦੇ ਸ਼ਾਹ ਨਾਇਕਾਂ ਨੇ ਕੀਤਾ ਹੈ।



ਪ੍ਰੋ. ਮੇਵਾ ਸਿੰਘ ਤੁੰਗ

ਸ਼ਾਹ ਹੁਸੈਨ ਉਪਰ ਟਿੱਪਣੀ ਦੇਖੋ, ਸ਼ਿਵ ਕੁਮਾਰ ਤੋਂ ਲੈ ਕੇ ਕੀਟਸ ਤਕ ਛੋਟੇ-ਵੱਡੇ ਸੋਗੀ ਤੇ ਕਲੇਸ਼-ਮੂਲਕ ਕਵੀਆਂ ਦੀ ਇਕ ਲੰਮੀ ਲਾਈਨ ਹੈ, ਪਰ ਇਸ ਵਿਚ ਇਕ ਵੀ ਕਵੀ ਅਜਿਹਾ ਨਹੀਂ, ਜਿਸ ਵਿਚ ਸ਼ਾਹ ਹੁਸੈਨੀ ਹੂਕ ਅਤੇ ਵੈਰਾਗ ਦੀ ਛੁਹ ਜਾਂ ਮੱਸ ਹੋਵੇ। ਇਹ ਸੂਫੀ ਦੇ ਵੈਰਾਗ ਤੋਂ ਸੱਖਣੇ ਹੋਣ ਕਾਰਨ ਊਣੇ ਅਤੇ ਨੀਵੇਂ ਹਨ। ਉਹ ਸਿਰਫ ਫਨਾਹ ਹੁੰਦੇ ਹਨ, ਜਦੋਂ ਕਿ ਸੂਫੀ ਫਨਾਹ-ਫੀ-ਅਲ੍ਹਾ ਹੁੰਦਾ ਹੈ।

ਸੱਠਵਿਆਂ ਵਿਚ ਖੱਬੇ-ਪੱਖੀ ਪ੍ਰਗਤੀਧਾਰਾ ਸਾਹਿਤ ਵਿਚ ਖੂਬ ਪ੍ਰਚਲਿਤ ਹੋਈ। ਇਸ ਲਹਿਰ ਦੇ ਲੇਖਕਾਂ ਬਾਰੇ ਪ੍ਰੋ. ਤੁੰਗ ਦਾ ਕਥਨ ਹੈ, ਘਾਟੇਵੰਦੀ ਗੱਲ ਇਹ ਹੋਈ ਕਿ ਲੇਖਕਾਂ ਨੇ ਪ੍ਰਗਤੀਵਾਦੀ ਸਿਧਾਂਤ ਅਤੇ ਪ੍ਰਗਤੀਵਾਦੀ ਸਾਹਿਤ ਤੋਂ ਅਗਵਾਈ ਲੈਣ ਦੀ ਥਾਂ ਰਾਜਨੀਤਕ ਦਲਾਂ ਦੀ ਅਗਵਾਈ ਲਈ, ਰਾਜਨੀਤਕਾਂ ਵਾਲੇ ਨਾਹਰੇ ਅਪਨਾ ਲਏ। ਸੰਤ ਸਿੰਘ ਸੇਖੋਂ ਤੇ ਮੋਹਨ ਸਿੰਘ ਤੋਂ ਲੈ ਕੇ ਜਸਵੰਤ ਸਿੰਘ ਕੰਵਲ ਅਤੇ ਸੰਤੋਖ ਸਿੰਘ ਧੀਰ ਤੱਕ ਇਸ ਧਾਰਾ ਦੇ ਜਿੰਨੇ ਵੀ ਸਾਹਿਤਕਾਰ ਹਨ, ਸਭ ਦੀ ਪ੍ਰਾਪਤੀ ਉਪਰ ਕਥਿਤ ਅਨੁਸਾਰ ਹੀ ਹੈ।

ਕੱਦਾਵਰ ਲੇਖਕਾਂ ਦੀ ਈਰਖਾ, ਹੰਕਾਰ ਅਤੇ ਮੂਰਖਤਾਈਆਂ ਸਭ ਰੰਗ ਇਸ ਕਿਤਾਬ ਵਿਚੋਂ ਮਿਲ ਜਾਣਗੇ। ਪਰੂਫ ਰੀਡਿੰਗ ਧਿਆਨ ਨਾਲ ਹੋ ਜਾਂਦੀ ਤਾਂ ਕਿਤਾਬ ਬੇਮਿਸਾਲ ਹੋ ਜਾਣੀ ਸੀ।

## ਮਿਨੀ ਕਹਾਣੀ

### ਮੋਹ-ਮਾਇਆ

ਅੱਸੀ-ਬਿਆਸੀ ਸਾਲ ਦਾ ਬਜ਼ੁਰਗ ਨਵੰਬਰ ਵਿਚ ਹੀ ਮਿੱਟੀ ਦੇ ਮੋਹ ਕਾਰਨ ਹਰ ਸਾਲ ਇੰਡੀਆ ਜਾਣ ਲਈ ਸਿੰਗ ਮਿੱਟੀ ਚੁੱਕ ਲੈਂਦਾ। ਘਰ ਵਾਲੀ ਵੀ ਸਾਹ ਦੀ ਮਰੀਜ਼। ਬਹੁਤ ਨਾਂਹ-ਨਾਂਹ ਕਰਨ ਦੇ ਬਾਵਜੂਦ ਜਾਣ ਲਈ ਮਜਬੂਰ ਹੋ ਜਾਂਦੀ। ਐਤਕੀਂ ਕਰੋਨਾ ਕਾਰਨ ਇੰਡੀਆ ਗਏ ਫਸ ਗਏ। ਫਲਾਈਟਾਂ ਬੰਦ ਅਤੇ ਬਿਨਾ ਕਿਸੇ ਸਾਥ ਤੋਂ ਆਉਣਾ ਵੀ ਮੁਸ਼ਕਿਲ। ਨੂੰਹ-ਪੁੱਤ ਨੇ ਵੀ ਸੋਚ ਲਿਆ ਕਿ ਹੁਣ ਜਾ ਕੇ ਲਿਆ ਨਹੀਂ ਹੋਣੇ, ਆਪ ਆ ਨਹੀਂ ਸਕਦੇ, ਬੱਚਿਆਂ ਦੀ ਕੁੱਤਾ ਰੱਖਣ ਦੀ ਡਿਮਾਂਡ ਪੂਰੀ ਕਰ ਦਿਓ। ਬੱਚੇ ਵੱਡੇ ਹੋ ਚੁਕੇ ਹਨ।

ਪਤਾ ਨਹੀਂ ਕਦੋਂ ਆਉਣ। ਆ ਵੀ ਸਕਣ ਜਾਂ ਨਾ। ਕੱਲ੍ਹ ਉਨ੍ਹਾਂ ਨੂੰ ਫੋਨ ਆਇਆ ਕਿ ਅਸੀਂ ਲੱਖ ਵਾਲੀ ਟਿਕਟ ਕਿਸੇ ਰਾਹੀਂ ਬੁੱਕ ਕਰਾ ਲਈ ਅਤੇ ਮਹੀਨੇ ਦੇ ਅਖੀਰ ਵਿਚ ਆ ਰਹੇ ਹਾਂ।

ਸੁਣ ਕੇ ਸਾਰੇ ਟੱਬਰ ਦੇ ਸਿਰ ਵਿਚ ਸੌ ਘੜਾ ਪਾਣੀ ਦਾ ਪੈ ਗਿਆ ਕਿ ਅਸੀਂ ਕੁੱਤਾ ਤਾਂ ਰੱਖਣਾ ਹੀ ਰੱਖਣਾ ਹੈ, ਇਨ੍ਹਾਂ ਨੂੰ ਹੁਣ ਕਿਵੇਂ ਰੱਖਾਂਗੇ?

**-ਦਵਿੰਦਰ ਕੌਰ**

## ਮਸ਼ਹੂਰ ਲੇਖਕਾਂ ਦੀਆਂ ਦਿਲਚਸਪ ਗੱਲਾਂ ਦਾ ਗੁਲਦਸਤਾ

ਪੁਸਤਕ ਚਰਚਾ

# 'ਅਸਾਂ ਮਰਨਾ ਨਾਹੀਂ'

ਪ੍ਰਿੰ. ਸਰਵਣ ਸਿੰਘ

ਇਹ ਨਵੇਕਲੀ ਵਿਧਾ ਵਿਚ ਲਿਖੀ ਪੁਸਤਕ ਹੈ। ਇਸ ਦਾ ਨਾਂ ਹੈ, 'ਅਸਾਂ ਮਰਨਾ ਨਾਹੀਂ', ਜੋ ਬੁੱਲ੍ਹੇ ਸ਼ਾਹ ਦੀਆਂ ਕਾਫੀਆਂ 'ਚੋਂ ਲਿਆ ਗਿਆ ਹੈ, 'ਬੁੱਲ੍ਹੇ ਸ਼ਾਹ ਅਸਾਂ ਮਰਨਾ ਨਾਹੀਂ, ਗੋਰ ਪਿਆ ਕੋਈ ਹੋਰ।' ਮਤਲਬ ਲੇਖਕ ਨਹੀਂ ਮਰਦਾ, ਉਹਦੀ ਕਬਰ 'ਚ ਕੋਈ ਹੋਰ ਪੈਂਦਾ ਹੈ। ਲੇਖਕ ਅਮਰ ਰਹਿੰਦਾ ਹੈ। ਪੁਸਤਕ ਲਿਖਣ ਵਾਲਾ ਹੈ, ਸਿਰ-ਮੈਦਾਨ ਦੌੜ ਰਿਹਾ ਸਮੱਧਰ ਕੱਦ ਦਾ ਸਾਡਾ ਕੱਦਾਵਰ ਲੇਖਕ ਗੁਰਬਚਨ ਸਿੰਘ ਭੁੱਲਰ। ਉਹਦੀ ਕਿਤਾਬਾਂ ਲਿਖਣ ਤੇ ਛਪਾਉਣ ਦੀ ਰਫਤਾਰ ਵਿਸ਼ਵ ਰਿਕਾਰਡ ਰੱਖਣ ਵਾਲੇ ਦੌੜਾਕ ਉਸੈਨ ਬੋਲਟ ਨੂੰ ਮਾਤ ਪਾ ਰਹੀ ਹੈ। ਸਿਰਫ ਸਵਾ ਸਾਲ 'ਚ 8 ਪ੍ਰਕਾਸ਼ਕਾਂ ਵੱਲੋਂ ਪ੍ਰਕਾਸ਼ਿਤ ਕੀਤੀਆਂ ਉਹਦੀਆਂ ਕਿਤਾਬਾਂ ਦੀ ਗਿਣਤੀ 15 ਹੋ ਗਈ ਹੈ, ਜਿਨ੍ਹਾਂ ਵਿਚ ਹਥਲੀ ਪੁਸਤਕ ਦਾ ਨੰਬਰ 8ਵਾਂ ਹੈ, ਜੋ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਛਾਪੀ ਹੈ।

'ਅਸਾਂ ਮਰਨਾ ਨਾਹੀਂ' ਨਾਂ ਦੇ ਗੁਲਦਸਤੇ 'ਚ ਪਰੋਏ ਲੇਖਕ ਹਨ: ਬਹੁਰੰਗੇ ਫੁੱਲਾਂ ਨਾਲ ਲੱਦਿਆ ਗੁਲਮੋਹਰ ਦੇਵਿੰਦਰ ਸਤਿਆਰਥੀ, ਖੱਲ ਉਤਰਵਾ ਕੇ ਲੂਣ ਵਿਚੋਂ ਲੰਘਿਆ ਕਹਾਣੀਕਾਰ ਰਾਜਿੰਦਰ ਸਿੰਘ ਬੇਦੀ, ਡਾਕਟਰ ਪਲਟਾ ਦਾ ਉਮਰ-ਭਰ ਦਾ ਸ਼ਾਗਿਰਦ ਬਲਵੰਤ ਗਾਰਗੀ ਅਤੇ ਮਨਚਾਹਿਆ ਜੀਵਨ ਜਿਉਣ ਤੇ ਅਣਚਾਹੀਆਂ ਮੁਸ਼ਕਿਲਾਂ ਸਹੇੜਨ ਵਾਲੀ ਅੰਮ੍ਰਿਤਾ ਪ੍ਰੀਤਮ। ਸਰੀਰਕ ਤੌਰ 'ਤੇ ਭਾਵੇਂ ਇਹ ਚਾਰੇ ਮਰ ਚੁਕੇ ਹਨ, ਪਰ ਪਾਠਕ ਦੇ ਮਨਾਂ ਵਿਚ ਅਮਰ ਹਨ। ਉਨ੍ਹਾਂ ਨੂੰ ਹੋਰ ਚਿਰਜੀਵੀ ਬਣਾਈ ਰੱਖਣ ਦੀ ਰਹਿੰਦੀ ਕਸਰ ਭੁੱਲਰ ਨੇ ਇਹ ਕਿਤਾਬ ਲਿਖ ਕੇ ਕੱਢ ਦਿੱਤੀ ਹੈ।

ਭੁੱਲਰ ਵੇਖਣ ਨੂੰ ਭਲਾਮਾਣਸ ਲੱਗਦੈ, ਹੈ ਵੀ ਭਲਾਮਾਣਸ, ਪਰ ਜਿਵੇਂ ਇਸ ਭਲੇਮਾਣਸ ਨੇ ਚਾਰ ਚੰਗੇ ਭਲੇ ਲੇਖਕਾਂ ਦੀਆਂ ਧੁਰ ਅੰਦਰਲੀਆਂ ਅਤੇ ਗੁੱਝੀਆਂ ਗੱਲਾਂ ਨਸ਼ਰ ਕੀਤੀਆਂ ਹਨ, ਉਹਨੇ ਕਹਿੰਦੇ-ਕਹਾਉਂਦੇ ਭਾਨੀਮਾਰ ਤੇ ਮੁਖਬਰ ਵੀ ਮਾਤ ਪਾ ਦਿੱਤੇ ਹਨ। ਉਹਦੀ ਕਥਾ ਵਾਰਤਾ ਚੁਗਲੀਆਂ ਕਰਦੀ ਲੱਗਦੀ ਹੈ। ਚੁਗਲੀਆਂ ਕਿਹਨੂੰ ਚੰਗੀਆਂ ਨਹੀਂ ਲੱਗਦੀਆਂ? ਜਿਵੇਂ ਜਿਵੇਂ ਪੁਸਤਕ ਪੜ੍ਹਦੇ ਜਾਈਦਾ, ਖੁਸ਼ ਹੁੰਦੇ ਜਾਈਦਾ ਬਈ 'ਮਹਾਨ' ਲੇਖਕ ਹੈਨ ਤਾਂ ਆਪਣੇ ਵਰਗੇ ਈ। ਆਮ ਲੋਕਾਂ ਵਰਗਾ ਈ ਐ ਉਨ੍ਹਾਂ ਦਾ ਸੱਚ-ਝੂਠ ਤੇ ਇਸ਼ਕ-ਮੁਸ਼ਕ!

'ਟਾਕੀਆਂ ਵਾਲਾ ਚੋਲਾ' ਵਾਲਾ ਡਾ. ਹਰਿਭਜਨ ਸਿੰਘ ਸੀਗਾ ਤਾਂ ਭੁੱਲਰ ਜਿਹਾ ਹੀ ਭਲਾਮਾਣਸ, ਭਜਨਵਾਣੀ ਲਿਖਣ ਤੇ ਸੁਣਾਉਣ ਵਾਲਾ। ਉਹਦੀ ਭਜਨਬੰਦਗੀ ਦੀ 'ਚੋਲੇ ਵਾਲੇ ਫੱਕਰ' ਦੇਵਿੰਦਰ ਸਤਿਆਰਥੀ ਬਾਰੇ ਕੀਤੀ ਭਜਨਵਾਣੀ ਵੀ ਸੁਣ ਲਓ: ਬੜਾ ਚਤੁਰ ਚਲਾਕ ਹੈ ਇਹ ਬੰਦਾ! ਆਪਣੇ ਮਨ ਉਤੇ ਦਾੜ੍ਹੀ ਦੀ ਚਾਦਰ ਤਾਣੀ ਰੱਖਦਾ ਹੈ। ਇਹ ਸਭ ਦੇ ਮਨ ਵਿਚ ਝਾਕ ਜਾਂਦਾ ਏ, ਪਰ ਆਪ ਕਿਸੇ ਨੂੰ ਆਪਣੇ ਮਨ ਵਿਚ ਝਾਕਣ ਹੀ ਨਹੀਂ ਦਿੰਦਾ!


'ਕੇਰਾਂ ਭੁੱਲਰ ਨੂੰ ਸਤਿਆਰਥੀ ਜੀ ਪੁਰਾਣਾ ਕਿੱਸਾ ਨਵੇਂ ਵਾਂਗ ਸੁਣਾਉਣ ਲੱਗੇ, "ਕੁਦਰਤ ਦੀ ਖੇਡ ਦੇਖੋ, ਚਿੱਤ ਵਿਚ ਕੀ ਆਈ, ਸਬਜ਼ੀ ਖਰੀਦਣ ਗਿਆ ਮੈਂ ਮਿੱਤਰਾਂ ਨੂੰ ਮਿਲਣ ਪਾਕਿਸਤਾਨ ਪਹੁੰਚ ਗਿਆ। ਲੋਕਮਾਤਾ ਨੇ ਨਹਿਰੂ ਨੂੰ ਚਿੱਠੀ ਲਿਖ ਦਿੱਤੀ, ਤੁਸੀਂ 'ਡਿਸਕਵਰੀ ਆਫ ਇੰਡੀਆ' ਲਿਖ ਕੇ ਇੰਡੀਆ ਤਾਂ ਲੱਭ ਲਿਆ, ਹੁਣ ਮੇਰਾ ਪਤੀ ਲੱਭੋ ਤਾਂ ਜਾਣਾਂ! ਉਨ੍ਹਾਂ ਨੇ ਪਾਕਿਸਤਾਨ ਵਿਚ ਭਾਰਤੀ ਦੂਤਾਵਾਸ ਨੂੰ ਹੁਕਮ ਚਾੜ੍ਹਿਆ। ਭਾਰਤੀ ਹਾਈ ਕਮਿਸ਼ਨਰ ਦੀ ਪਤਨੀ ਨੇ ਮੈਨੂੰ ਲੱਭ-ਲਭਾ ਕੇ ਸਮੁੱਚੀ ਇਸਤਰੀ ਜਾਤੀ ਦਾ ਵਾਸਤਾ ਪਾਉਂਦਿਆਂ ਹੱਥ ਜੋੜੇ ਕਿ ਮੈਂ ਘਰ ਪਰਤ ਜਾਵਾਂ...।"

ਸਤਿਆਰਥੀ ਦੇ ਕਿੱਸੇ ਉਹਦੀ ਦਾੜ੍ਹੀ ਵਾਂਗ ਹੀ ਲੰਮੇ ਹਨ। ਉਹ ਮਾਲਵੇ ਦੇ ਮਸ਼ਹੂਰ ਪਿੰਡ ਭਦੌੜ 'ਚ ਜੰਮਿਆ। ਜਗਰਾਵੀਂ ਵਿਆਹਿਆ ਗਿਆ, ਜਿਥੇ ਰੌਸ਼ਨੀ ਦਾ ਬੜਾ ਭਾਰੀ ਮੇਲਾ ਲੱਗਦਾ, ਜਿਸ ਵਿਚ ਵੈਲੀਆਂ ਦਾ 'ਕੱਠ ਹੁੰਦਾ। ਆਰੀ ਆਰੀ ਆਰੀ, ਵਿਚ ਜਗਰਾਵਾਂ ਦੇ...। ਲੋਕ ਗੀਤ 'ਕੱਠੇ ਕਰਨ ਦੇ ਗੇੜ ਵਿਚ ਉਸ ਨੇ ਚਾਲੀ ਸਾਲ ਦੀ ਉਮਰ ਤਕ ਚਾਲੀ ਬੂਟ ਘਸਾ ਮਾਰੇ। ਗੋਤ ਉਹਦਾ ਸਤਿਆਰਥੀ ਨਹੀਂ, ਬੱਤਾ ਸੀ। ਘਰਦਿਆਂ ਨੇ ਉਹਦਾ ਪਲੇਠਾ ਨਾਂ ਯੁਧਿਸ਼ਠਰ ਰੱਖਿਆ ਸੀ, ਫਿਰ ਦੇਵਿੰਦਰ ਕਰ ਦਿੱਤਾ। 1929 ਵਿਚ ਅਜਮੇਰ ਦੇ ਛਾਪੇਖਾਨੇ 'ਚ 'ਸਤਿਆਰਥ ਪ੍ਰਕਾਸ਼' ਦੀ ਛਪਾਈ ਕਰਨ ਵੇਲੇ ਦੇਵਿੰਦਰ ਨੇ ਆਪਣੇ ਨਾਂ ਨਾਲ ਸਤਿਆਰਥੀ ਜੋੜ ਲਿਆ।

ਭਾਰਤ ਦੀ ਬੁਲਬੁਲ ਸਰੋਜਨੀ ਨਾਇਡੂ ਨੇ ਭੇਤ ਖੋਲ੍ਹਿਆ, "ਸਤਿਆਰਥੀ ਓਨਾ ਬੁੱਢਾ ਨਹੀਂ, ਜਿੰਨਾ ਦਾੜ੍ਹੀ ਕਰਕੇ ਲਗਦੈ।" ਭੁੱਲਰ ਲਿਖਦੈ, "ਉਹ ਗਾਂਧੀ ਜੀ ਤੋਂ ਲੈ ਕੇ ਹੀਰਾ ਸਿੰਘ ਦਰਦ ਤਕ ਕੀਤੀ ਹੋਈ ਪ੍ਰਸ਼ੰਸਾ ਨੂੰ ਖੁਸ਼ਬੂਦਾਰ ਫੁੱਲਾਂ ਵਾਂਗ ਝੋਲੀ ਵਿਚ ਸਾਂਭਦੇ ਸਨ, ਪਰ ਆਨੰਦ-ਪ੍ਰਸੰਨ ਸਰੋਜਨੀ ਦੀ ਟਿੱਪਣੀ ਨਾਲ ਹੁੰਦੇ ਸਨ, 'ਦੇਖੋ ਨਾ ਜੀ, ਆਖਰ ਕਵਿੱਤਰੀ ਹੋਈ, ਉਹ ਵੀ ਵੱਡੀ ਕਵਿੱਤਰੀ! ਉਹਦੇ ਹਰ ਲਫਜ਼ ਵਿਚੋਂ ਤਾਂ ਕਵਿਤਾ ਦੀ ਕਿਣਮਿਣ ਹੋਣੀ ਹੀ ਹੋਈ।' ਫੇਰ ਉਹ ਅਵਾਜ਼ ਕੁਝ ਨੀਵੀਂ ਤੇ ਭੇਤ ਭਰੀ ਬਣਾ ਕੇ ਆਖਦੇ ਸਨ: ਗੱਲ ਇਹ ਹੈ, ਭੁੱਲਰ ਜੀ, ਮੈਂ ਇਸ ਉਮਰ ਨੂੰ ਪਹੁੰਚ ਕੇ ਵੀ ਜੇ ਬੁੱਢਾ ਨਹੀਂ ਹੋਇਆ, ਕੀ ਜਾਣੀਏਂ, ਇਹ ਸਰੋਜਨੀ ਦੇ ਪਵਿੱਤਰ ਬੋਲ ਹੀ ਮੇਰੇ ਵਾਸਤੇ ਅਮਰ-ਫਲ ਸਿੱਧ ਹੋਏ ਹੋਣ!"

ਬੜਾ ਕੁਛ ਹੈ 'ਅਸਾਂ ਮਰਨਾ ਨਾਹੀਂ' ਵਿਚ ਸਤਿਆਰਥੀ ਤੇ ਹੋਰਨਾਂ ਲੇਖਕਾਂ ਬਾਰੇ ਪੜ੍ਹਨ ਵਾਲਾ।

ਮਹਾਕਵੀ ਟੈਗੋਰ ਨੇ ਕਿਹਾ ਸੀ, ਦੁਨੀਆਂ ਵਿਚ ਹਰ ਰੋਜ਼ ਏਨੇ ਮਨੁੱਖਾਂ ਦੇ ਜੰਮਣ ਤੋਂ ਪਤਾ ਲੱਗਦਾ ਹੈ ਕਿ ਪਰਮਾਤਮਾ ਮਨੁੱਖ ਬਣਾਉਂਦਾ ਥੱਕਿਆ ਨਹੀਂ। ਰਾਜਿੰਦਰ ਸਿੰਘ ਬੇਦੀ ਦਾ ਕਹਿਣਾ ਸੀ ਕਿ ਮੈਂ ਸਿਰਫ ਟੈਗੋਰ ਦੇ ਇਸ ਕਥਨ ਦਾ ਸਬੂਤ ਬਣਨ ਵਾਸਤੇ ਪਹਿਲੀ ਸਤੰਬਰ 1915 ਨੂੰ ਲਾਹੌਰ ਵਿਚ ਅੰਮ੍ਰਿਤ ਵੇਲੇ ਤਿੰਨ ਵਜ ਕੇ ਸੰਤਾਲੀ ਮਿੰਟ 'ਤੇ ਪਧਾਰਿਆ।




ਹਾਸ-ਵਿਅੰਗ ਦੇ ਛੱਟੇ ਦੇਣ ਵਿਚ ਬੇਦੀ ਭੁੱਲਰ ਤੋਂ ਵੀ ਅਗਾਂਹ ਸੀ। ਬੰਬਈ ਵਿਖੇ ਸੰਤ ਸਿੰਘ ਸੇਖੋਂ ਦੇ ਮਾਣ ਵਿਚ ਦਿੱਤੀ ਪਾਰਟੀ ਮਗਰੋਂ ਕੁਝ ਲੇਖਕ ਬੇਦੀ ਦੀ ਕਾਰ ਵਿਚ ਜਾ ਰਹੇ ਸਨ। ਨਵੀਂ ਕਾਰ ਦੇਖ ਕੇ ਸੁਖਬੀਰ ਨੇ ਕਿਹਾ, "ਬੇਦੀ ਸਾਹਿਬ, ਇਹ ਗੱਡੀ ਤੁਹਾਡੇ ਪ੍ਰੋਡਿਊਸਰ ਬਣਨ ਦੀ ਗਵਾਹੀ ਭਰਦੀ ਹੈ।" ਹਰਨਾਮ ਸਿੰਘ ਨਾਜ਼ ਬੋਲਿਆ, "ਗੱਡੀ ਕਾਹਦੀ, ਪੂਰਾ ਗੱਡਾ ਹੈ ਇਹ ਤਾਂ!" ਗੱਡੇ ਵਾਹੁਣ ਵਾਲਿਆਂ 'ਚੋਂ ਆਏ ਸੇਖੋਂ ਨੇ ਸੰਤਵਾਣੀ ਉਚਾਰੀ, "ਇਸ ਵਿਚ ਤਾਂ ਭਾਵੇਂ ਆਲੂਆਂ ਦੀਆਂ ਬੋਰੀਆਂ ਲੱਦ ਲਵੋ।" ਬੇਦੀ ਨੇ ਸੁਖਨ ਅਲਾਇਆ, "ਆਲੂ ਹੀ ਤਾਂ ਲੱਦੀ ਜਾ ਰਿਹਾਂ!"

ਜਿਥੋਂ ਤਕ ਇਸ਼ਕ ਦਾ ਸਬੰਧ ਹੈ, ਬੇਦੀ ਸਾਹਿਬ ਕਹਿੰਦੇ ਸਨ, "ਮੇਰੇ ਸਾਹਮਣੇ ਕੋਈ ਮਾਸ਼ੂਕ ਨਹੀਂ ਸੀ। ਜੇ ਸੀ ਤਾਂ ਮੈਨੂੰ ਬੱਚਾ ਸਮਝ ਕੇ ਟਾਲ ਜਾਂਦੀ ਸੀ। ਜੇ ਕਦੀ ਭੁੱਲ-ਭੁਲੇਖੇ ਮੇਰੇ ਕੋਲ ਅਟਕ ਜਾਂਦੀ ਤਾਂ ਮੇਰੀ ਘਰ ਵਾਲੀ ਜੁੱਤੀ ਫੜ ਲੈਂਦੀ ਸੀ।" ਉਹ ਇਹ ਵੀ ਕਹਿੰਦੇ ਸਨ, "ਮੈਂ ਸਿਆਣਾ ਹੋਣ ਕਰਕੇ ਕਿਸੇ ਔਰਤ ਨੂੰ ਪਿਆਰ ਨਹੀਂ ਸੀ ਕਰਦਾ ਅਤੇ ਔਰਤ ਬੇਵਕੂਫ ਹੋਣ ਕਰਕੇ ਮੈਨੂੰ ਪਿਆਰ ਨਹੀਂ ਸੀ ਕਰਦੀ।"

ਬੇਦੀ ਸਾਹਿਬ ਆਪਣੇ ਆਪ ਨੂੰ ਸਾਹਿਤਕਾਰ ਮੰਨਦੇ ਸਨ, ਫਿਲਮੀ ਬੰਦਾ ਨਹੀਂ। ਸਾਹਿਤ ਉਨ੍ਹਾਂ ਦਾ ਇਸ਼ਕ ਸੀ ਤੇ ਫਿਲਮਾਂ ਦੀ ਥਾਂ ਰਖੇਲ ਵਾਲੀ ਸੀ। ਰੱਬ ਬਾਰੇ ਉਨ੍ਹਾਂ ਦਾ ਨਜ਼ਰੀਆ ਸੀ: ਜੇ ਭਗਵਾਨ ਮਨੁੱਖ ਬਣਾਉਣ ਦੀ ਉਜੱਡਤਾ ਕਰਦਾ ਹੈ ਤਾਂ ਮੈਂ ਮਨੁੱਖ ਹੋ ਕੇ ਭਗਵਾਨ ਬਣਾਉਂਦੇ ਰਹਿਣ ਦੀ ਬੇਵਕੂਫੀ ਕਿਉਂ ਕਰਾਂ?

ਸੰਤੋਖ ਸਿੰਘ ਧੀਰ ਨੂੰ 'ਸੁਰਮੇ ਵਾਲੀ ਅੱਖ', ਹਰਨਾਮ ਸਿੰਘ ਸ਼ਾਨ ਨੂੰ 'ਦੁੱਧ ਵਿਚ ਬਰਾਂਡੀ', ਪ੍ਰੋ. ਪ੍ਰੀਤਮ ਸਿੰਘ ਨੂੰ 'ਨਾਨਕਸ਼ਾਹੀ ਇੱਟ', ਨੋਰਾ ਰਿਚਰਡ ਨੂੰ 'ਨਾਟਕ ਦੀ ਨਕੜਦਾਦੀ', ਸ਼ਿਵ ਕੁਮਾਰ ਨੂੰ 'ਕੌਡੀਆਂ ਵਾਲਾ ਸੱਪ' ਤੇ ਅਜੀਤ ਕੌਰ ਨੂੰ 'ਕਾੜ੍ਹਨੀ' ਲਿਖਣ ਵਾਲਾ ਬਲਵੰਤ ਗਾਰਗੀ ਤਾਂ ਸੀ ਹੀ ਉਹਦੇ ਨਾਟਕ ਦੇ ਪਾਤਰ ਡਾਕਟਰ ਪਲਟੇ ਵਰਗਾ ਪਲਟਾ। ਨਾਟਕਕਾਰੀ ਦਾ ਨਿਰਾ ਡਰਾਮਾ। ਉਸ ਨੇ ਆਪਣੇ ਗੋਤ ਗਰਗ ਨੂੰ ਗਾਰਗੀ ਬਣਾ ਕੇ ਆਪਣੇ ਨਾਂ ਨਾਲ ਜੋੜ ਲਿਆ, ਬਈ ਮੁੰਡਾ ਨਹੀਂ, ਕੁੜੀ ਲੱਗੇ। ਫਿਰ ਕੀ ਸੀ, ਕੁੜੀਆਂ ਗਾਰਗੀ 'ਤੇ ਮਰਨ ਲੱਗੀਆਂ। ਸਿਆਟਲ ਦੀ ਜੀਨੀ ਗਾਰਗੀ ਦਾ ਪੱਲਾ ਫੜ ਕੇ ਚੰਡੀਗੜ੍ਹ ਆ ਵਸੀ। ਇਹ ਵੱਖਰੀ ਗੱਲ ਹੈ ਕਿ ਦੋ ਨਿਆਣੇ ਜੰਮ ਕੇ ਮੁੜ ਅਮਰੀਕਾ ਉਡਾਰੀ ਮਾਰ ਗਈ। ਗਾਰਗੀ ਦੇ ਪੱਲੇ ਰਹਿ ਗਿਆ ਉਹੀ 'ਕਾਸ਼ਨੀ ਵਿਹੜਾ' ਤੇ ਉਹੀ 'ਨੰਗੀ ਧੁੱਪ'!

ਭੁੱਲਰ ਲਿਖਦੈ, "ਗਾਰਗੀ ਨੂੰ ਗੁਰਮੁਖੀ ਚੱਜ ਨਾਲ ਨਹੀਂ ਸੀ ਲਿਖਣੀ ਆਉਂਦੀ ਤੇ ਨਾ ਉਹਨੇ ਅੰਤ ਤਕ ਗੁਰਮੁਖੀ ਸਿੱਖਣ ਦਾ ਕੋਈ ਯਤਨ ਹੀ ਕੀਤਾ। ਪਹਿਲੇ ਦੋ ਕੁ ਨਾਟਕ ਉਹਨੇ ਸ਼ਾਹਮੁਖੀ ਲਿਪੀ ਵਿਚ ਲਿਖੇ ਤੇ ਕਿਸੇ ਹੋਰ ਤੋਂ ਗੁਰਮੁਖੀ ਵਿਚ ਲਿਖਵਾਏ। ਫੇਰ ਉਹਨੇ ਬੋਲ ਕੇ ਲਿਖਵਾਉਣ ਦਾ ਅਭਿਆਸ ਕਰ ਲਿਆ। ਇਹ ਉਹਦਾ ਕਮਾਲ ਹੀ ਕਿਹਾ ਜਾ ਸਕਦਾ ਹੈ ਕਿ ਉਹ ਇਸ ਕਲਾ ਵਿਚ ਪੂਰਾ ਤਾਕ ਹੋ ਗਿਆ ਸੀ। ਪਹਿਲਾਂ ਕ੍ਰਿਸ਼ਨਜੀਤ ਤੇ ਫਿਰ ਅਮਰੀਕ ਗਿੱਲ ਉਹਦਾ ਬੋਲਿਆ ਲਿਖਦੇ ਰਹੇ।"

ਅਮਰੀਕ ਗਿੱਲ ਲਿਖਦੈ, "ਅਸੀਂ ਤੜਕੇ ਉਠ ਕੇ ਕੰਮ ਕਰਦੇ। ਪਹਿਲੀ ਚਾਹ ਦੀ ਟ੍ਰੇਅ ਮੈਂ ਤਿਆਰ ਕਰਦਾ ਤੇ ਦੂਜੀ ਗਾਰਗੀ ਸਾਹਿਬ। ਗਾਰਗੀ ਸਾਹਿਬ ਤਖਤਪੋਸ਼ 'ਤੇ ਚੌਕੜੀ ਮਾਰ ਕੇ ਮੇਜ਼ ਸਾਹਮਣੇ ਬੈਠ ਜਾਂਦੇ ਤੇ ਦੂਜੇ ਪਾਸੇ ਮੈਂ। ਉਹ ਲਿਖਣ ਲਈ ਮਹਿੰਗੇ ਸਫੈਦ ਕਾਗਜ਼ ਤੇ ਅਮਰੀਕਨ ਬਾਲ-ਪੈੱਨ ਹੀ ਵਰਤਦੇ। ਉਹ ਮੰਨਦੇ ਸਨ ਕਿ ਸਸਤੀ ਸਟੇਸ਼ਨਰੀ ਨਾਲ ਸਸਤਾ ਸਾਹਿਤ ਹੀ ਲਿਖਿਆ ਜਾ ਸਕਦਾ ਹੈ। ਉਹ ਸਾਹਿਤ ਦੀ ਧੂਣੀ ਧੁਖਾਉਂਦੇ ਤਾਂ ਵਿਚਾਰਾਂ ਦਾ ਹੜ੍ਹ ਵਗ ਤੁਰਦਾ, ਸਿਰਜਣਾ ਦੀ ਨਦੀ ਸੂਕਦੀ।"

ਮਨਚਾਹਿਆ ਜੀਵਨ ਜਿਉਣ ਤੇ ਅਣਚਾਹੀਆਂ ਮੁਸ਼ਕਿਲਾਂ ਸਹਿਣ ਵਾਲੀ ਅੰਮ੍ਰਿਤਾ ਪ੍ਰੀਤਮ ਦਾ ਸ਼ਬਦ ਚਿੱਤਰ ਵੀ ਭੁੱਲਰ ਨੇ ਕਮਾਲ ਦਾ ਚਿਤਰਿਆ ਹੈ। ਉਹਦੇ ਪ੍ਰਸੰਗ 'ਚੋਂ ਹੀ ਉਹਦਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਿਕਲਿਆ। ਉਸ ਬਾਰੇ ਗੁਰਦਿਆਲ ਬੱਲ ਦੀ ਟਿੱਪਣੀ ਸੀ, ਪਈ ਭੁੱਲਰ ਨੇ ਘੁੱਗੀ ਰਗੜ ਘੱਤੀ! ਮੈਂ ਲਿਖਿਆ ਸੀ, "ਭੁੱਲਰ ਨੇ ਸੂਲੀ ਦੀ ਛਾਲ ਲਾਈ ਐ!"

ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕੇਵਲ ਪੰਜਾਬ ਵਿਚ ਹੀ ਨਹੀਂ, ਬਹੁਤ ਥਾਂਵਾਂ 'ਤੇ, ਬੰਬਈ, ਕਲਕੱਤੇ ਤੇ ਦਿੱਲੀ ਵਿਚ ਗਾਈ ਗਈ। ਜਿਥੇ ਜਿਥੇ ਵੀ ਇਹ ਕਵਿਤਾ ਗਾਈ, ਭਰਪੂਰ ਹੁੰਗਾਰਾ ਮਿਲਿਆ। ਸਰੋਤਿਆਂ ਦੀਆਂ ਅੱਖਾਂ ਸੇਜਲ ਹੁੰਦੀਆਂ ਰਹਿੰਦੀਆਂ। ਇਹ ਕਵਿਤਾ ਅਮਰ ਹੈ! ਹੋ ਕਣਕਾਂ ਜੰਮੀਆਂ, ਸਾਨੂੰ ਮਿਲੀ ਜਾਣਾ ਹੋ, ਕਿੱਕਰਾ ਵੇ ਕੰਡਿਆਲਿਆ ਉਤੋਂ ਚੜ੍ਹਿਆ ਪੋਹ, ਹੱਕ ਜਿਨ੍ਹਾਂ ਦੇ ਆਪਣੇ ਆਪੇ ਲੈਣਗੇ ਖੋਹ, ਸਦਾਬਹਾਰ ਕਵਿਤਾਵਾਂ ਹਨ।

ਅਖੀਰ ਵਿਚ ਘੱਲ ਕਲਾਂ ਵਾਲੇ ਬੀਰਬਲ ਦੇ ਕਿੱਸੇ 'ਭਾਨੀਮਾਰਾਂ ਦੀ ਕਰਤੂਤ' ਵਰਗੀ ਗੱਲ ਵੀ ਸੁਣ ਲਓ। ਬਕੌਲ ਭੁੱਲਰ ਇਕ ਘਟਨਾ ਵਾਪਰੀ, ਜਿਸ ਦੇ ਪਾਤਰ ਪਰਦੇਸੋਂ ਛੁੱਟੀ ਆਇਆ ਸਤੀ, ਅੰਮ੍ਰਿਤਾ ਤੇ ਡਾ. ਹਰਿਭਜਨ ਸਿੰਘ ਸਨ। ਉਹ ਬਣੀ-ਬਣਾਈ ਕਹਾਣੀ ਸੀ। ਕਹਾਣੀ ਦਾ ਨਾਂ 'ਕਸਵੱਟੀ' ਰੱਖ ਕੇ ਭੁੱਲਰ ਨੇ 'ਪ੍ਰੀਤਲੜੀ' ਨੂੰ ਭੇਜ ਦਿੱਤੀ। ਛਪੀ ਤਾਂ ਅੰਮ੍ਰਿਤਾ ਨੇ ਵੀ ਪੜ੍ਹੀ। ਕਹਾਣੀ ਦੇ ਪਾਤਰਾਂ ਦਾ ਹੋਰ ਤਾਂ ਕਿਸੇ ਨੂੰ ਪਤਾ ਨਾ ਲੱਗਾ, ਪਰ ਅੰਮ੍ਰਿਤਾ ਨੂੰ ਲੱਗ ਗਿਆ। ਚੰਗੀ ਭਲੀ ਮਿਲਦੀ ਗਿਲਦੀ ਅੰਮ੍ਰਿਤਾ ਭੁੱਲਰ ਨਾਲ ਨਾਰਾਜ਼ ਹੋ ਗਈ। ਭੁੱਲਰ ਨੇ 'ਨਾਗਮਣੀ ਸ਼ਾਮ' ਵਿਚ ਜਾਣਾ ਤੇ ਉਸ ਘਰ ਦੀਆਂ ਪੌੜੀਆਂ ਚੜ੍ਹਨਾ ਛੱਡ ਦਿੱਤਾ। ਇੰਜ ਹੀ ਕੁਝ ਸਮਾਂ ਪਹਿਲਾਂ ਦੇਵਿੰਦਰ ਸਤਿਆਰਥੀ ਤੋਂ ਕਿਸੇ ਲਿਖਤ ਵਿਚ ਅੰਮ੍ਰਿਤਾ ਦਾ ਪਾਤਰ ਪੇਸ਼ ਹੋ ਗਿਆ ਸੀ। ਨਤੀਜੇ ਵਜੋਂ ਟੈਗੋਰ ਰੂਪੀ ਸਤਿਆਰਥੀ ਨੂੰ ਅੰਮ੍ਰਿਤਾ ਦੇ ਘਰ ਦੀਆਂ ਪੌੜੀਆਂ ਚੜ੍ਹਨੋਂ ਰੋਕ ਦਿੱਤਾ ਗਿਆ ਸੀ। ਸਤਿਆਰਥੀ ਦਾ ਪਿੰਡ ਭਦੌੜ ਤੇ ਭੁੱਲਰ ਦਾ ਪਿੰਡ ਪਿੱਥੋ ਇਕੋ ਇਲਾਕੇ 'ਚ ਹੋਣ ਕਰਕੇ ਸਤਿਆਰਥੀ ਤੇ ਭੁੱਲਰ ਦਾ ਰਿਸ਼ਤਾ ਬਣਦਾ ਤਾਂ ਚਾਚੇ-ਭਤੀਜੇ ਦਾ ਸੀ, ਪਰ ਸਤਿਆਰਥੀ ਕਹਿਣ ਮੂਜਬ ਬਣ ਗਿਆ 'ਪੌੜੀ-ਸਾਂਢੂ' ਬਣਨ ਦਾ। ਸਤਿਆਰਥੀ ਭੁੱਲਰ ਨੂੰ ਜਦੋਂ ਵੀ ਮਿਲਦਾ, ਆ ਬਈ 'ਪੌੜੀ-ਸਾਂਢੂਆ' ਕਹਿ ਕੇ ਬੁਲਾਉਂਦਾ!

ਇਹ ਕੁਝ ਕੁ ਗੱਲਾਂ ਤਾਂ ਦਾਲ ਦੀ ਤੌੜੀ 'ਚੋਂ ਕੁਝ ਦਾਣਿਆਂ ਵਾਂਗ ਹਨ। ਜਿਨ੍ਹਾਂ ਨੇ ਦਾਲ ਦੀ ਪੂਰੀ ਬਾਟੀ ਛਕਣੀ ਹੈ, ਉਹ ਪੂਰੀ ਕਿਤਾਬ ਪੜ੍ਹਨ ਦੀ ਖੇਚਲ ਕਰਨ। ਇਹ ਹਰਮਨ ਪਿਆਰੇ ਚਾਰ ਚੋਟੀ ਦੇ ਲੇਖਕਾਂ ਦੀਆਂ ਕੈਮਰੇ ਨਾਲ ਲਾਹੀਆਂ ਹੋਈਆਂ ਤਸਵੀਰਾਂ ਨਹੀਂ, ਉਨ੍ਹਾਂ ਦੇ ਅੰਦਰਲੇ ਨੂੰ ਦਿਖਾਉਣ ਵਾਲੇ ਸਜੀਵ ਸ਼ਬਦ-ਚਿੱਤਰ ਹਨ। ਆਮ ਪ੍ਰਚਲਿਤ 'ਰੇਖਾ-ਚਿੱਤਰਾਂ' ਤੋਂ ਵੱਖਰੇ ਤੇ ਆਮ 'ਜੀਵਨੀਆਂ' ਤੋਂ ਵੀ ਵੱਖਰੇ। ਹੋ ਸਕਦੈ, ਕਦੇ ਸਾਹਿਤ ਦੀ ਨਵੀਂ ਵਿਧਾ ਬਣ ਜਾਣ!

# ਸੱਚ ਹਮੇਸ਼ਾ ਕੌੜਾ ਨਹੀਂ ਹੁੰਦਾ

ਅੰਮ੍ਰਿਤ ਕੌਰ ਬਡਰੁੱਖਾਂ (ਸੰਗਰੂਰ)
ਫੋਨ: 91-98767-14004

ਅਸੀਂ ਆਮ ਕਰਕੇ ਅਣਜਾਣੇ ਹੀ ਆਖ ਦਿੰਦੇ ਹਾਂ ਕਿ ਸੱਚ ਹਮੇਸ਼ਾ ਕੌੜਾ ਹੁੰਦਾ ਹੈ, ਪਰ ਜੇ ਅਸੀਂ ਸ਼ਾਂਤ ਮਨ ਨਾਲ ਸੋਚੀਏ ਤਾਂ ਸੱਚ ਹਮੇਸ਼ਾ ਕੌੜਾ ਨਹੀਂ ਹੁੰਦਾ। ਸੱਚ ਤਾਂ ਬੜਾ ਪਿਆਰਾ ਤੇ ਮਿੱਠਾ ਵੀ ਹੁੰਦਾ ਹੈ ਜਾਂ ਫਿਰ ਇਹ ਆਖ ਲਈਏ ਕਿ ਸੱਚ ਕੌੜਾ ਵੀ ਤੇ ਮਿੱਠਾ ਵੀ।

ਕਾਦਰ ਨੇ ਕਿੰਨੀ ਸੋਹਣੀ ਕੁਦਰਤ ਦੀ ਸਿਰਜਣਾ ਕੀਤੀ ਹੈ। ਇਹ ਸੱਚ ਹੈ, ਕੁਦਰਤ ਕਿੰਨੀ ਸੋਹਣੀ ਤੇ ਪਿਆਰੀ ਹੈ। ਰੁੱਖ, ਵੇਲ-ਬੂਟੇ, ਫੁੱਲ-ਪੱਤੀਆਂ, ਫੁੱਲਾਂ ਵਿਚ ਕੁਦਰਤ ਦੇ ਭਰੇ ਸੋਹਣੇ ਸੋਹਣੇ ਰੰਗ, ਹਵਾ ਨਾਲ ਝੂਮਦੇ ਰੁੱਖ ਤੇ ਵੇਲ-ਬੂਟੇ, ਬਾਰਿਸ਼ ਦੇ ਪਾਣੀ ਨਾਲ ਧੋਤੇ ਇਨ੍ਹਾਂ ਦੇ ਮੁਖੜੇ, ਨਿੱਖਰੇ-ਨਿੱਖਰੇ, ਪਿਆਰੇ-ਪਿਆਰੇ ਦੇਖ ਕੇ ਰੂਹ ਰੱਜਦੀ ਹੈ। ਇਹ ਸਭ ਅੱਖੀਂ ਦਿਸਦਾ ਸੱਚ ਹੈ, ਪਰ ਕਿੰਨਾ ਮਿੱਠਾ ਤੇ ਪਿਆਰਾ!

ਪ੍ਰੋ. ਪੂਰਨ ਸਿੰਘ ਆਖਦੇ ਨੇ, "ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਂ ਉਤੇ।"

ਇਸ ਲਈ ਗੱਲ ਕਰਨੀ ਬਣਦੀ ਹੈ, ਸਭ ਦੇ ਸਾਂਝੇ ਗੁਰੂ ਨਾਨਕ ਸਾਹਿਬ ਦੀ, ਜਿਨ੍ਹਾਂ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਵਿਚ ਹੀ ਸਾਰੀ ਜ਼ਿੰਦਗੀ ਦਾ ਫਲਸਫਾ ਸਮਝਾ ਦਿੱਤਾ। ਭਟਕਿਆਂ ਨੂੰ ਸਿੱਧੇ ਰਾਹ ਪਾਉਣ ਲਈ ਪੈਦਲ ਯਾਤਰਾਵਾਂ ਕੀਤੀਆਂ। ਵਹਿਮ ਭਰਮਾਂ ਵਿਚੋਂ ਕੱਢਿਆ। 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ' ਆਖ ਕੇ ਪਰਾਇਆ ਹੱਕ ਖਾਣ ਤੋਂ ਵਰਜਿਆ। 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਆਖ ਕੇ ਆਚਰਨ ਦੀ ਪਵਿੱਤਰਤਾ ਨੂੰ ਮਹਾਨ ਦੱਸਿਆ। ਗੱਲ ਕੀ, ਬਾਣੀ ਦੀ ਇੱਕ ਇੱਕ ਤੁਕ ਗਾਗਰ ਵਿਚ ਸਾਗਰ ਭਰਨ ਵਾਂਗ ਹੈ। ਇਹ ਸਭ ਸੱਚ ਹੀ ਤਾਂ ਹੈ। ਬਹੁਤ ਸਾਰੇ ਪੀਰ ਪੈਗੰਬਰ ਇਸ ਧਰਤੀ 'ਤੇ ਆਏ, ਜਿਨ੍ਹਾਂ ਆਪਣਾ ਸਾਰਾ ਜੀਵਨ ਲੋਕਾਈ ਦੇ ਲੇਖੇ ਲਾਇਆ ਅਤੇ ਸੱਚ ਦਾ ਪਾਠ ਪੜ੍ਹਾਇਆ ਤੇ ਲੋਕਾਂ ਨੂੰ ਬੁਰਾਈਆਂ ਤੋਂ ਮੋੜ ਕੇ ਚੰਗੇ ਪਾਸੀਂ ਲਾਇਆ। ਮਹਾਨ ਪੁਰਸ਼ਾਂ ਨੇ ਆਤਮਾ ਦੀ ਭੁੱਖ ਨੂੰ ਸ਼ਾਂਤ ਕਰਨ ਲਈ ਮਨੁੱਖ ਨੂੰ ਸੁਚੱਜੇ ਢੰਗ ਨਾਲ ਜੀਵਨ ਬਿਤਾਉਣ ਲਈ ਬੇ-ਮਿਸਾਲ ਸੁਨੇਹੇ ਦਿੱਤੇ। ਇਹ ਸਭ ਪਿਆਰਾ ਹੀ ਤਾਂ ਹੈ।

ਪਰ ਕੁੜੱਤਣ ਤਾਂ ਸਾਡੀ ਨਾ-ਸਮਝੀ ਕਾਰਨ ਆਈ ਹੈ। ਅਸੀਂ ਆਪਣੇ ਪੈਗੰਬਰਾਂ ਦੇ ਸੁਨੇਹੇ ਪੜ੍ਹਦੇ ਹਾਂ, ਰਟਦੇ ਹਾਂ, ਪਰ ਅਮਲਾਂ ਬਾਝ ਖੁਆਰ ਹੁੰਦੇ ਹਾਂ ਜਾਂ ਫਿਰ ਪੜ੍ਹਦੇ ਹੀ ਨਹੀਂ। ਇੱਥੋਂ ਹੀ ਇਹ ਸਭ ਬੁਰਾਈਆਂ ਸ਼ੁਰੂ ਹੁੰਦੀਆਂ ਹਨ।

ਅਸੀਂ ਧਰਮ ਨਿਰਪੱਖ ਦੇਸ਼ ਦੇ ਵਾਸੀ, ਆਪਣਾ ਆਪਣਾ ਧਰਮ ਮੰਨਣ ਲਈ ਆਜ਼ਾਦ, ਪਰ ਦੂਜੇ ਧਰਮਾਂ ਦਾ ਸਤਿਕਾਰ ਵੀ ਜ਼ਰੂਰੀ ਹੈ। ਕੋਈ ਵੀ ਧਰਮ ਨਹੀਂ ਸਿਖਾਉਂਦਾ ਕਿ ਦੂਜੇ ਧਰਮਾਂ ਦੀ ਨਿੰਦਿਆ ਕੀਤੀ ਜਾਵੇ। ਫਿਰ ਵੀ ਧਰਮ ਦੇ ਨਾਂ 'ਤੇ ਸਭ ਤੋਂ ਵੱਧ ਦੰਗੇ ਫਸਾਦ ਹੁੰਦੇ ਨੇ। ਪਤਾ ਨਹੀਂ ਕਿਉਂ ਭੁੱਲ ਜਾਂਦੇ ਹਾਂ ਕਿ ਰੱਬ ਤਾਂ ਇੱਕ ਹੀ ਹੈ। ਇਨਸਾਨਾਂ ਨੇ ਹੀ ਵੱਖ ਵੱਖ ਨਾਂ ਰੱਖ ਲਏ। ਇੱਥੇ ਬਾਬਾ ਨਜ਼ਮੀ ਦੀਆਂ ਸਤਰਾਂ ਚੇਤੇ ਆ ਰਹੀਆਂ ਹਨ,

ਮਸਜਿਦ ਮੇਰੀ ਤੂੰ ਕਿਉਂ ਢਾਵੇਂ
ਮੈਂ ਕਿਉਂ ਤੋੜਾਂ ਮੰਦਿਰ ਨੂੰ।
ਆ ਜਾ ਦੋਵੇਂ ਬਹਿ ਕੇ ਪੜ੍ਹੀਏ
ਇੱਕ ਦੂਜੇ ਦੇ ਅੰਦਰ ਨੂੰ।

ਸਦੀਆਂ ਵਾਂਗੂ ਅੱਜ ਵੀ
ਕੁਝ ਨਈਂ ਜਾਣਾ ਮਸਜਿਦ-ਮੰਦਿਰ ਦਾ,
ਲਹੂ ਤੇ ਤੇਰਾ ਮੇਰਾ ਲੱਗਣਾ
ਤੇਰੇ ਮੇਰੇ ਖੰਜਰ ਨੂੰ।

ਰੱਬ ਕਰੇ ਤੂੰ ਮੰਦਿਰ ਵਾਂਗੂ
ਵੇਖੇਂ ਮੇਰੀ ਮਸਜਿਦ ਨੂੰ,
ਰਾਮ ਕਰੇ ਮੈਂ ਮਸਜਿਦ ਵਾਂਗੂ
ਵੇਖਾਂ ਤੇਰੇ ਮੰਦਿਰ ਨੂੰ।

ਧਰਮ ਦੇ ਨਾਂ 'ਤੇ ਲੜਨਾ ਹੀ ਕੌੜਾ ਸੱਚ ਹੈ। ਆਪਣੇ ਧਰਮ ਦੀ ਸਮਝ ਨਹੀਂ ਹੁੰਦੀ, ਦੂਜੇ ਧਰਮਾਂ ਨੂੰ ਨਿੰਦਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਕੋਈ ਵੀ ਇਨਸਾਨ, ਜਿਸ ਨੇ ਆਪਣੇ ਧਰਮ ਨੂੰ ਚੰਗੀ ਤਰ੍ਹਾਂ ਨਹੀਂ ਸਮਝਿਆ ਹੁੰਦਾ, ਉਹ ਹੀ ਸਿਰਫ ਆਪਣੇ ਧਰਮ ਨੂੰ ਮਹਾਨ ਅਤੇ ਦੂਜਿਆਂ ਨੂੰ ਤੁੱਛ ਸਮਝਦੇ ਹਨ। ਧਰਮ ਨੂੰ ਸਮਝ ਲੈਣ ਵਾਲਾ ਤਾਂ ਕਬੀਰ ਸਾਹਿਬ ਵਾਂਗ ਆਖੇਗਾ,

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥

ਜਾਂ ਗੁਰੂ ਅਰਜਨ ਸਾਹਿਬ ਵਾਂਗ ਆਖੇਗਾ,

ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥

ਕਹਿਣੀ ਤੇ ਕਰਨੀ ਦੇ ਪੂਰੇ ਮਹਾਪੁਰਖਾਂ ਦੀ ਬਾਣੀ ਵਿਚੋਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਅੱਜ ਵੀ ਬਹੁਤ ਸਾਰੇ ਚੰਗੇ ਇਨਸਾਨ ਲੋੜਵੰਦਾਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ। ਜਿੱਥੇ ਵੀ ਮੁਸੀਬਤ ਮਾਰਿਆਂ ਨੂੰ ਉਨ੍ਹਾਂ ਦੀ ਲੋੜ ਹੁੰਦੀ ਹੈ, ਉਥੇ ਹੀ ਹਾਜ਼ਰ ਹੋ ਜਾਂਦੇ ਹਨ।

ਬੇਈਮਾਨੀ, ਭ੍ਰਿਸ਼ਟਾਚਾਰੀ, ਮਿਲਾਵਟਖੋਰੀ, ਔਰਤ ਜਾਤ ਨਾਲ ਦਰਿੰਦਗੀ, ਰਿਸ਼ਤਿਆਂ ਦਾ ਟੁੱਟਣਾ, ਗੱਲ ਕੀ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ ਆਦਿ ਔਗੁਣਾਂ ਦਾ ਹੱਦਾਂ ਬੰਨੇ ਟੱਪ ਜਾਣਾ ਹੀ ਅੱਜ ਦੇ ਸਮੇਂ ਵਿਚ ਭਾਰੂ ਹੋ ਗਿਆ ਅਤੇ ਇਹ ਸਭ ਸੱਚ ਹੈ, ਕੌੜਾ ਜ਼ਹਿਰ ਵਰਗਾ ਸੱਚ; ਪਰ ਦੁਨੀਆਂ ਦੀ ਚੰਗਿਆਈ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਇਸ ਲਈ ਸੱਚ ਮਿੱਠਾ ਵੀ ਐ, ਮਨੁੱਖ ਦੀਆਂ ਆਪਣੀਆਂ ਭੁੱਲਾਂ ਕਰਕੇ, 'ਸੱਚ' ਜਿਹੇ ਪਿਆਰੇ ਸ਼ਬਦ ਨਾਲ ਵੀ ਕੌੜਾ ਲਾਉਣਾ ਪੈਂਦਾ ਹੈ।

# ਕੁਸ਼ਤੀ ਦਾ ਧਰੂ ਤਾਰਾ ਕਰਤਾਰ: ਵਰਿਆਮ ਸਿੰਘ ਸੰਧੂ

ਪੰਜਾਬੀ ਖੇਡ ਸਾਹਿਤ

2



ਪ੍ਰਿੰ. ਸਰਵਣ ਸਿੰਘ
ਫੋਨ: 91-94651-01651

ਵਰਿਆਮ ਸਿੰਘ ਸੰਧੂ ਕਹਾਣੀਆਂ ਦਾ ਕੋਹਿਨੂਰ ਹੈ। ਕਹਿਣੀ ਤੇ ਕਰਨੀ ਦਾ ਕੱਦਾਵਰ ਲੇਖਕ। ਲੰਮੀਆਂ ਕਹਾਣੀਆਂ ਦਾ ਕੌਮੀ ਚੈਂਪੀਅਨ। ਉਹਦੀ ਕਹਾਣੀ 'ਚੌਥੀ ਕੂਟ' ਭਾਰਤੀ ਭਾਸ਼ਾਵਾਂ 'ਚੋਂ ਚੋਟੀ ਦੀਆਂ ਬਾਰਾਂ ਕਹਾਣੀਆਂ ਦੇ ਅੰਗਰੇਜ਼ੀ ਸੰਗ੍ਰਿਹ 'ਮੈਮੋਰੇਬਲ ਸਟੋਰੀਜ਼ ਆਫ ਇੰਡੀਆ: ਟੈੱਲ ਮੀ ਏ ਲੌਂਗ ਸਟੋਰੀ' ਵਿਚ ਪ੍ਰਕਾਸ਼ਿਤ ਹੈ। ਉਹ ਰਣ-ਤੱਤੇ ਵਿਚ ਜੂਝਿਆ ਤੇ ਰਚਨਾਵਾਂ ਵਿਚ ਵੀ ਜੂਝ ਰਿਹੈ। ਪੰਜਾਬੀ ਦਾ ਉਹ ਸ਼ਾਨਾਂਮੱਤਾ ਲੇਖਕ ਹੈ। ਉਸ ਨੇ ਪੰਜਾਬੀ ਖੇਡ ਸਾਹਿਤ ਨੂੰ ਅਮੀਰ ਕਰਨ ਵਿਚ ਵੀ ਯੋਗਦਾਨ ਪਾਇਆ। ਉਸ ਦੀ ਪੁਸਤਕ 'ਕੁਸ਼ਤੀ ਦਾ ਧਰੂ ਤਾਰਾ ਕਰਤਾਰ' ਸੱਤ ਲੱਖ ਰੁਪਏ ਤੋਂ ਵੱਧ ਰਾਇਲਟੀ (ਮਾਣ ਭੇਟਾ) ਕਮਾ ਚੁਕੀ ਹੈ। ਪੇਸ਼ ਹੈ, ਉਸ ਪੁਸਤਕ ਦੇ ਮੁੱਖ ਬੰਦ ਦਾ ਸੰਖੇਪ ਸਾਰ:

ਕਰਤਾਰ ਭਲਵਾਨ ਮੇਰਾ ਗਰਾਈਂ ਹੈ। ਅੰਮ੍ਰਿਤਸਰ ਜਿਲੇ ਦੇ ਇਤਿਹਾਸਕ ਪਿੰਡ ਸੁਰ ਸਿੰਘ ਦਾ ਜੰਮਪਲ। ਸਿੱਖ ਗੁਰੂਆਂ, ਸਿੱਖ ਸੂਰਮਿਆਂ ਅਤੇ ਗਦਰੀ ਯੋਧਿਆਂ ਦੀਆਂ ਇਤਿਹਾਸਕ ਯਾਦਾਂ ਸੰਭਾਲੀ ਬੈਠਾ ਪਿੰਡ। ਭਲਵਾਨੀ ਦੇ ਖੇਤਰ ਵਿਚ ਕਰਤਾਰ ਨੇ ਇਸ ਦੇ ਇਤਿਹਾਸ ਨੂੰ ਇਕ ਹੋਰ ਨਵੀਂ ਦਿਸ਼ਾ ਦਿੱਤੀ ਹੈ।

ਉੱਚਾ-ਲੰਮਾ, ਗੋਰਾ-ਚਿੱਟਾ, ਫੱਬਵੇਂ ਨਕਸ਼, ਮਰਮਰੀ ਬੁੱਤ ਵਾਂਗ ਤਰਾਸ਼ਿਆ ਸੁਡੌਲ ਜਿਸਮ। ਮੰਦ ਮੰਦ ਮੁਸਕਰਾਉਣ ਵਾਲਾ। ਮੇਲ-ਮੁਲਾਕਾਤਾਂ ਵਿਚ ਧੀਮੇ ਬੋਲ, ਪਰ ਅਖਾੜੇ ਵਿਚ ਸ਼ੇਰ ਵਰਗੀ ਦਹਾੜ। ਤਾਕਤ ਦਾ ਪਹਾੜ, ਏਸ਼ੀਆ ਦਾ ਸਰਦਾਰ। ਰੁਸਤਮੇ-ਜਮਾਂ। ਜਗਤ-ਜੇਤੂ ਭਲਵਾਨ।

ਅੱਜ-ਕੱਲ ਉਹ ਜਲੰਧਰ ਦੇ ਚੀਮਾ ਨਗਰ ਵਿਚ ਰਹਿੰਦਾ ਹੈ। ਉਸ ਕੋਲ ਕੋਠੀਆਂ ਹਨ, ਕਾਰਾਂ ਹਨ, ਉਹ ਭਾਰਤ ਕੁਮਾਰ ਹੈ, ਭਾਰਤ ਕੇਸਰੀ ਹੈ, ਭਾਰਤ ਮੱਲ-ਸਮਰਾਟ ਹੈ, ਕਾਮਨਵੈਲਥ ਚੈਂਪੀਅਨ, ਏਸ਼ੀਆ ਚੈਂਪੀਅਨ, ਵਿਸ਼ਵ ਵੈਟਰਨ ਚੈਂਪੀਅਨ, ਅਰਜਨ ਅਵਾਰਡੀ ਅਤੇ ਪਦਮਸ੍ਰੀ ਹੈ। ਖੇਡ ਵਿਭਾਗ ਦਾ ਡਾਇਰੈਕਟਰ ਰਿਹੈ। ਆਈ. ਪੀ. ਐਸ. ਹੈ ਅਤੇ ਆਈ. ਜੀ. ਦੇ ਅਹੁਦੇ ਤੋਂ ਰਿਟਾਇਰ ਹੋਇਐ। ਉਹ ਏਨਾ ਕੁਝ ਹੈ ਕਿ ਗਿਣਨਾ ਔਖਾ ਹੈ। ਪਰ ਏਨਾ ਕੁਝ ਹੁੰਦਿਆਂ ਵੀ ਉਹ 'ਕੁਝ ਨਾ ਹੋਣ' ਵਿਚ ਯਕੀਨ ਰੱਖਦਾ ਹੈ। ਮਿੱਠਾ ਪਿਆਰਾ, ਨਿਮਰ ਅਤੇ ਨਿਰਮਾਣ ਪਹਿਲਵਾਨ।

ਮੈਂ ਕਰਤਾਰ ਨੂੰ ਬਚਪਨ ਤੋਂ ਜਾਣਦਾ ਹਾਂ। ਜਦੋਂ ਉਹ ਛੋਟਾ ਜਿਹਾ ਸੀ, ਸਕੂਲ ਪੜ੍ਹਨ ਜਾਂਦਾ ਬੱਚਾ। ਉਹ ਥੋੜ੍ਹਾ ਵੱਡਾ ਹੋਇਆ ਤਾਂ ਆਸਾ ਸਿੰਘ ਸ਼ਾਹ ਦੀ ਹਵੇਲੀ ਵਿਚ ਅਸੀਂ ਗੋਲਾ ਵੀ ਸੁੱਟਦੇ ਰਹੇ। ਪਿੱਛੋਂ ਸੁਰ ਸਿੰਘ ਦੇ ਹਾਈ ਸਕੂਲ ਵਿਚ ਕਈ ਸਾਲ ਪੜ੍ਹਾਉਂਦਾ ਰਿਹਾ ਹੋਣ ਕਰਕੇ ਪਰਿਵਾਰ ਦੇ ਬਾਕੀ ਜੀਆਂ ਦਾ ਵੀ ਮੇਰੇ ਨਾਲ ਮੇਲ-ਮਿਲਾਪ ਤੇ ਪਿਆਰ ਵਧਦਾ ਗਿਆ। ਫਿਰ ਜਦੋਂ ਕਰਤਾਰ ਨੇ ਭਲਵਾਨੀ ਵਿਚ ਆਪਣਾ ਨਾਮ ਬਣਾਉਣਾ ਸ਼ੁਰੂ ਕੀਤਾ ਤਾਂ ਪਿੰਡ ਦੇ ਹਮਦਰਦ ਤੇ ਹਿਤਾਇਸ਼ੀ ਲੋਕਾਂ ਵਾਂਗ ਕਰਤਾਰ ਦੀਆਂ ਪ੍ਰਾਪਤੀਆਂ ਮੈਨੂੰ ਆਪਣੇ ਪਿੰਡ ਦੀਆਂ ਪ੍ਰਾਪਤੀਆਂ ਲੱਗਣ ਲੱਗੀਆਂ। ਸਮੇਂ ਸਮੇਂ ਵੱਡੀਆਂ ਜਿੱਤਾਂ ਲਈ ਜਾਣ ਤੋਂ ਪਹਿਲਾਂ ਜਾਂ ਜਿੱਤ ਕੇ ਆਉਣ ਤੋਂ ਪਿੱਛੋਂ ਮੈਂ ਕਰਤਾਰ ਬਾਰੇ ਅਖਬਾਰਾਂ ਵਿਚ ਲਿਖਦਾ ਵੀ ਰਿਹਾ। ਕਰਤਾਰ ਦੀ ਤਾਰੀਫ ਕਰਨਾ, ਮੈਨੂੰ ਆਪਣੀ ਤਾਰੀਫ ਕਰਨ ਵਾਂਗ ਲੱਗਦਾ। ਖੇਡਾਂ ਬਾਰੇ ਜਾਂ ਖਿਡਾਰੀਆਂ ਬਾਰੇ ਲਿਖਣਾ ਮੇਰਾ ਬੁਨਿਆਦੀ ਸ਼ੌਕ ਨਹੀਂ ਸੀ। ਕਰਤਾਰ ਬਾਰੇ ਹੋਰ ਲੇਖਕ ਭਾਵੇਂ ਜੰਮ ਜੰਮ ਲਿਖਦੇ, ਪਰ ਮੈਨੂੰ ਲੱਗਦਾ ਕਿ ਆਪਣੇ ਪਿੰਡ ਦੇ ਇਸ ਛਿੰਦੇ ਤੇ ਲਾਡਲੇ ਪੁੱਤ ਬਾਰੇ ਮੈਂ ਕਿਉਂ ਨਾ ਲਿਖਾਂ!

ਕਰਤਾਰ ਬਾਰੇ ਲਿਖ ਕੇ ਮੈਂ ਆਪਣਾ ਫਰਜ਼ ਪੂਰਾ ਕਰਦਾ ਰਿਹਾ ਸਾਂ। ਜਦੋਂ 1986 ਦੀਆਂ ਸਿਓਲ ਏਸ਼ੀਅਨ ਖੇਡਾਂ ਵਿਚੋਂ ਪੀ. ਟੀ. ਊਸ਼ਾ ਤੋਂ ਬਿਨਾ ਇਕੋ ਇਕ ਭਾਰਤੀ ਮਰਦ, ਕਰਤਾਰ ਨੇ ਹੀ ਸੋਨ ਤਮਗਾ ਜਿਤ ਕੇ ਲਿਆਂਦਾ ਤਾਂ ਉਹਦੀ ਚਾਰੇ ਪਾਸੇ ਜੈ ਜੈ ਕਾਰ ਹੋ ਉੱਠੀ। ਉਹਦੇ ਮਾਣ-ਸਨਮਾਨ ਹੋਣ ਲੱਗੇ। ਬੱਚੇ ਬੱਚੇ ਨੂੰ ਉਹਦੇ ਨਾਂ ਦਾ ਪਤਾ ਚੱਲ ਗਿਆ। ਉਹ ਦਿਨ ਸਨ, ਜਦੋਂ ਉਹਦੀ ਪ੍ਰਸਿੱਧੀ ਸਿਖਰ 'ਤੇ ਪਹੁੰਚ ਗਈ ਸੀ।

ਉਨ੍ਹੀਂ ਦਿਨੀਂ 'ਪੰਜਾਬੀ ਟ੍ਰਿਬਿਊਨ' ਦੇ ਤਤਕਾਲੀ ਸੰਪਾਦਕ ਗੁਲਜ਼ਾਰ ਸਿੰਘ ਸੰਧੂ ਨੇ ਵਿਸ਼ੇਸ਼ ਵਿਅਕਤੀਆਂ ਨਾਲ ਕੀਤੀਆਂ ਜਾਂਦੀਆਂ ਮੁਲਾਕਾਤਾਂ ਵਾਲੇ ਕਾਲਮ 'ਖੁੱਲ੍ਹੀਆਂ ਗੱਲਾਂ' ਲਈ ਮੈਨੂੰ ਕਰਤਾਰ ਨਾਲ ਲੰਮੀ ਮੁਲਾਕਾਤ ਕਰ ਕੇ 'ਪੰਜਾਬੀ ਟ੍ਰਿਬਿਊਨ' ਲਈ ਭੇਜਣ ਵਾਸਤੇ ਆਖਿਆ। 25 ਜਨਵਰੀ 1987 ਦੇ ਅਖਬਾਰ ਵਿਚ ਉਹ ਮੁਲਾਕਾਤ ਛਪੀ ਤਾਂ ਪਾਠਕਾਂ ਤੇ ਖੇਡ-ਪ੍ਰੇਮੀਆਂ ਦੇ ਨਾਲ ਕਰਤਾਰ ਹੁਰਾਂ ਨੂੰ ਵੀ ਬਹੁਤ ਪਸੰਦ ਆਈ। ਉਹਦੇ ਵੱਡੇ ਭਰਾ ਗੁਰਚਰਨ ਨੇ ਕਰਤਾਰ ਨਾਲ ਸਬੰਧਤ ਅਖਬਾਰਾਂ ਵਿਚ ਛਪੀਆਂ ਖਬਰਾਂ ਤੇ ਲੇਖਾਂ ਦੀਆਂ ਕਾਤਰਾਂ ਨਾਲ ਭਰੇ ਚਾਰ ਰਜਿਸਟਰ ਮੈਨੂੰ ਮੇਰੇ ਘਰ ਫੜਾਉਂਦਿਆਂ ਕਿਹਾ, "ਭਾ ਜੀ! ਤੁਹਾਡਾ ਲਿਖਿਆ ਪੜ੍ਹ ਕੇ ਖੇਡ-ਹਲਕਿਆਂ ਨਾਲ ਜੁੜੇ ਲੋਕ ਚਾਹੁੰਦੇ ਹਨ ਕਿ ਤੁਸੀਂ ਹੀ ਕਰਤਾਰ ਦੀ ਜੀਵਨੀ ਲਿਖ ਸਕਦੇ ਹੋ। ਕਰਤਾਰ ਤੁਹਾਡਾ ਵੀ ਛੋਟਾ ਭਰਾ ਹੈ...।"

ਗੁਰਚਰਨ ਲੱਖ ਠੀਕ ਕਹਿੰਦਾ ਸੀ, ਪਰ ਫਿਰ ਵੀ ਮੈਂ ਇਹ ਜੀਵਨੀ ਲਿਖਣ ਲਈ ਆਪਣੇ ਮਨ ਨੂੰ ਤਿਆਰ ਨਾ ਕਰ ਸਕਿਆ। ਪਹਿਲਾ ਕਾਰਨ ਤਾਂ ਇਹ ਸੀ ਕਿ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣਾ ਮੇਰਾ ਸ਼ੌਕ ਨਹੀਂ ਸੀ। ਦੂਜਾ ਮੇਰੇ ਮਨ ਵਿਚ ਅਚੇਤ ਹੀ ਇਹ ਅਹਿਸਾਸ ਵੀ ਹੁੰਦਾ ਕਿ ਜਿੰਨਾ ਸਮਾਂ ਮੈਂ ਜੀਵਨੀ ਲਿਖਣ ਲਈ ਲਾਉਣਾ ਹੈ, ਓਨੇ ਚਿਰ ਵਿਚ ਮੈਂ ਆਪਣੀ ਕੋਈ ਸਿਰਜਣਾਤਮਕ ਲਿਖਤ ਕਿਉਂ ਨਾ ਲਿਖਾਂ! ਤੀਜਾ ਤੇ ਮਹੱਤਵਪੂਰਨ ਪਹਿਲੂ ਇਹ ਵੀ ਸੀ ਕਿ ਖੇਡ ਜਗਤ ਕੋਲ ਸਰਵਣ ਸਿੰਘ ਵਰਗੇ ਖੇਡ ਖੇਤਰ ਦੇ ਸ਼ਾਹਸਵਾਰ ਤੇ ਮਾਣਯੋਗ ਲੇਖਕ ਵੀ ਸਨ। ਮੇਰੀ ਇੱਛਾ ਸੀ ਕਿ ਕਰਤਾਰ ਦੀ ਜੀਵਨੀ ਸਰਵਣ ਸਿੰਘ ਹੀ ਲਿਖੇ। ਜਿੱਡਾ ਵੱਡਾ ਭਲਵਾਨ, ਓਡੇ ਉੱਚੇ ਪਾਏ ਦਾ ਹੀ ਖੇਡ ਲੇਖਕ।

ਇੰਜ ਇਹ ਜੀਵਨੀ ਲਿਖਣੀ ਦਸ ਸਾਲ ਪਿੱਛੇ ਪੈ ਗਈ। ਉਧਰੋਂ ਸਰਵਣ ਸਿੰਘ ਹੁਰਾਂ ਵੀ ਉਨ੍ਹਾਂ ਨੂੰ ਕਹਿ ਦਿੱਤਾ ਕਿ ਜੇ ਕਰਤਾਰ ਦੀ ਜੀਵਨੀ ਵਰਿਆਮ ਲਿਖੇ ਤਾਂ ਕਮਾਲ ਹੋ ਜਾਵੇ। ਭਾਵੇਂ ਭਲਵਾਨੀ ਜ਼ੋਰ ਨਾਲ ਲਿਖਵਾਓ। ਤੇ ਫਿਰ ਪਿਛਲੇ ਕਈ ਮਹੀਨਿਆਂ ਤੋਂ ਗੁਰਚਰਨ ਜਦੋਂ ਮਿਲਦਾ ਤਾਂ ਮੋਹ ਭਰੀ ਜ਼ਿਦ ਨਾਲ ਆਖਦਾ, "ਭਾ ਜੀ ਕੱਢੋ ਹੁਣ ਟੈਮ...।"

"ਭਲਵਾਨੋ। ਟੈਮ ਤੁਹਾਡੇ ਕੋਲ ਆਪ ਨਹੀਂ ਹੈਗਾ ਤੇ ਮੇਰੇ 'ਤੇ ਐਵੇਂ ਸੁਹਾਗਾ ਫੇਰੀ ਜਾਂਦੇ ਓ...।" ਮੈਂ ਉੱਤੋਂ ਦੀ ਵਲਿਆ, ਪਰ ਉਨ੍ਹਾਂ ਨੂੰ ਉੱਤੋਂ 'ਵਲਣ' ਵਾਲਾ ਇਕ ਦਿਨ ਮੈਂ ਆਪ ਹੀ ਵਲਿਆ ਗਿਆ। ਗੁਰਚਰਨ ਫਿਰ ਕਹਿਣ ਲੱਗਾ, "ਭਾ ਜੀ, ਕਿਤੇ ਕੱਢੋ ਟੈਮ...।" ਮੈਂ ਹੱਸ ਪਿਆ।

ਕਰਤਾਰ ਵੀ ਕਹਿਣ ਲੱਗਾ, "ਜੇ ਅਗਲੇ ਦਿਨੀਂ ਵਿਹਲੇ ਹੋਵੋ ਤਾਂ ਅਸੀਂ ਤੁਹਾਡੇ ਘਰ ਆ ਜਾਇਆ ਕਰਾਂਗੇ। ਤੁਸੀਂ ਪੁੱਛ ਪੁਛਾ ਲੌ ਗੱਲਾਂ ਬਾਤਾਂ। ਹੁਣ ਇਹ ਕੰਡਾ ਕੱਢ ਈ ਦਈਏ...।"

ਹੁਣ ਮੈਂ ਕੁਝ ਕਹਿਣ ਜੋਗਾ ਵੀ ਨਹੀਂ ਸਾਂ! ਮੈਂ ਹਥਿਆਰ ਸੁੱਟ ਦਿੱਤੇ। ਕਰਤਾਰ ਨੂੰ ਵੱਧ ਤੋਂ ਵੱਧ ਜਾਣਨ ਤੇ ਉਹਦੇ ਬਾਰੇ ਚੰਗੀ ਕਿਤਾਬ ਲਿਖਣ ਲਈ ਮੈਨੂੰ ਸਖਤ ਮਿਹਨਤ ਕਰਨੀ ਪੈਣੀ ਸੀ। ਮੈਂ ਰੋਜ਼ ਸ਼ਾਮ ਨੂੰ ਤਿੰਨ-ਚਾਰ ਘੰਟੇ ਕਰਤਾਰ, ਗੁਰਚਰਨ ਤੇ ਪਰਿਵਾਰ ਦੇ ਜੀਆਂ ਕੋਲ ਬੈਠਦਾ। ਉਸ ਦੇ ਬਚਪਨ ਤੋਂ ਲੈ ਕੇ ਹੁਣ ਤੱਕ ਉਹਦਾ ਪੂਰਾ ਜੀਵਨ ਛਾਣਨ-ਪੁਣਨ ਲਈ ਮੈਂ ਲਗਭਗ ਤਿੰਨ ਮਹੀਨੇ ਰੋਜ਼ ਹੀ ਉਨ੍ਹਾਂ ਕੋਲ ਜਾਂਦਾ ਰਿਹਾ। ਕੁਸ਼ਤੀ-ਖੇਤਰ ਵਿਚ ਸ਼ੁਰੂ ਤੋਂ ਹੁਣ ਤੱਕ ਉਸ ਨਾਲ ਜੁੜੇ ਭਲਵਾਨਾਂ ਤੇ ਕੋਚਾਂ ਨਾਲ ਲੰਮੀਆਂ ਮੁਲਾਕਾਤਾਂ ਕੀਤੀਆਂ। ਦਿੱਲੀ ਗੁਰੂ ਹਨੂਮਾਨ ਦੇ ਅਖਾੜੇ ਤੱਕ ਵੀ ਚੱਕਰ ਮਾਰੇ। ਕਰਤਾਰ ਬਾਰੇ ਹੁਣ ਤੱਕ ਜੋ ਕੁਝ ਪੁੱਛਿਆ ਗਿਆ, ਉਹ ਮੈਂ ਨਾਲ ਦੇ ਨਾਲ 'ਟੇਪ ਰਿਕਾਰਡ' ਕਰੀ ਜਾਂਦਾ। ਜਦੋਂ ਕੱਚੇ ਖਰੜੇ ਦੇ ਰੂਪ ਵਿਚ ਮੈਂ ਉਹ ਕੈਸਿਟਾਂ ਕਾਗਜ਼ਾਂ 'ਤੇ ਉਤਾਰੀਆਂ ਤਾਂ ਛੇ ਸੱਤ ਸੌ ਪੁਸਤਕੀ ਪੰਨੇ ਬਣ ਗਏ। ਹੁਣ, ਮਿਲੀ ਜਾਣਕਾਰੀ ਨੂੰ ਸੋਧਣਾ, ਛਾਂਟਣਾ ਤੇ ਤਰਤੀਬ ਦੇਣੀ ਸੀ। ਇਹ ਕੁਝ ਕਰਨ ਲਈ ਮੈਨੂੰ ਰੋਜ਼ਾਨਾ ਦਸ ਤੋਂ ਬਾਰਾਂ ਤੇ ਕਈ ਵਾਰ ਚੌਦਾਂ ਚੌਦਾਂ ਘੰਟੇ ਕੰਮ ਕਰਨਾ ਪਿਆ...।

ਮੈਂ ਭਲਵਾਨ ਤਾਂ ਨਹੀਂ ਸਾਂ ਬਣ ਸਕਦਾ, ਪਰ ਇਨ੍ਹਾਂ ਦਿਨਾਂ ਵਿਚ ਸਾਧਨਾ ਮੈਂ ਭਲਵਾਨਾਂ ਵਾਂਗ ਹੀ ਕੀਤੀ। ਮੈਂ ਚਾਹੁੰਦਾ ਸਾਂ ਕਿ ਮੇਰੀ ਲਿਖਤ 'ਭਲਵਾਨੀ ਸਪਿਰਟ' ਵਾਲੀ ਬਣ ਸਕੇ। ਮੈਂ ਇਹ ਵੀ ਚਾਹੁੰਦਾ ਸਾਂ ਕਿ ਇਸ ਜੀਵਨੀ ਵਿਚੋਂ ਕਰਤਾਰ ਦਾ ਪਰਿਵਾਰ, ਉਸ ਦਾ ਪਿਛੋਕੜ, ਉਸ ਦਾ ਚੌਗਿਰਦਾ, ਉਸ ਦੀ ਸਾਧਨਾ, ਉਸ ਅੰਦਰਲਾ ਭਲਵਾਨ ਅਤੇ ਇਨਸਾਨ ਸੰਪੂਰਨ ਰੂਪ ਵਿਚ ਨਜ਼ਰ ਆਵੇ; ਪਰ ਕਦੀ ਸੰਪੂਰਨ ਵੀ ਕੁਝ ਹੋਇਆ ਹੈ!

ਮੈਂ ਸਿਰਫ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਮੈਂ ਇਸ ਜੀਵਨੀ ਨੂੰ ਮੁਕੰਮਲ ਕਰਨ ਲਈ ਹਰ ਹੀਲਾ ਕੀਤਾ ਹੈ। ਇਸ ਲਈ ਨਹੀਂ ਕਿ ਇਹ ਕਰਤਾਰ ਬਾਰੇ ਹੈ, ਸਗੋਂ ਇਸ ਲਈ ਵੀ ਕਿ ਇਸ ਉਤੇ ਲੇਖਕ ਦੇ ਤੌਰ 'ਤੇ ਮੇਰਾ ਨਾਂ ਵੀ ਛਪਣਾ ਹੈ। ਮੇਰੇ ਨਾਂ 'ਤੇ ਮਾੜੀ ਲਿਖਤ ਛਪਣੀ ਮੈਨੂੰ ਕਦੀ ਵੀ ਪਰਵਾਨ ਨਹੀਂ ਹੋਈ! ਕਿਸੇ ਖਿਡਾਰੀ ਬਾਰੇ ਲਿਖਣਾ ਮੇਰੇ ਆਪਣੇ ਖੇਤਰ ਤੋਂ ਬਾਹਰ ਜਾਣ ਵਾਲੀ ਗੱਲ ਸੀ। ਇਸ ਖੇਤਰ ਵਿਚ ਵੀ ਮੇਰੀ ਕਲਮ ਕੁਝ ਕਰ ਸਕਣ ਦੇ ਸਮਰੱਥ ਹੋਈ ਹੈ ਜਾਂ ਨਹੀਂ, ਇਹ ਦੱਸਣਾ ਇਸ ਪੁਸਤਕ ਦੇ ਪਾਠਕਾਂ ਦਾ ਕੰਮ ਹੈ।

ਧੰਨਵਾਦ ਹੈ ਗੁਰਚਰਨ ਸਿੰਘ ਦਾ, ਜਿਸ ਨੇ ਆਪਣੇ ਪਿਆਰ ਦੇ ਮਾਣ ਸਦਕਾ ਦਸਾਂ ਸਾਲਾਂ ਦੀ ਜੱਦੋਜਹਿਦ ਪਿੱਛੋਂ ਮੈਨੂੰ ਜੀਵਨੀ ਲਿਖਣ ਲਈ ਤਿਆਰ ਕਰ ਹੀ ਲਿਆ। ਉਸ ਤੋਂ ਵੀ ਵੱਧ ਆਪਣੀ ਪਤਨੀ ਰਜਵੰਤ ਦਾ ਤੇ ਮੇਰੇ ਪਰਿਵਾਰ ਦਾ, ਜਿਨ੍ਹਾਂ ਨੇ ਮੈਨੂੰ ਵਿਹਲ, ਸੁਖਾਵਾਂ ਮਾਹੌਲ ਤੇ ਮਾਨਸਿਕ ਬਲ ਦੇ ਕੇ ਇਹ ਬਿਖਮ-ਕਾਰਜ ਨੇਪਰੇ ਚੜ੍ਹਾਉਣ ਵਿਚ ਮੇਰੀ ਮਦਦ ਕੀਤੀ।

1978 ਵਿਚ ਜਦੋਂ ਕਰਤਾਰ ਪਹਿਲੀ ਵਾਰ ਏਸ਼ੀਅਨ ਖੇਡਾਂ ਬੈਂਕਾਕ ਤੋਂ ਸੋਨ ਤਮਗਾ ਜਿਤ ਕੇ ਲਿਆਇਆ ਸੀ ਤਾਂ ਕਰਤਾਰ ਦਾ ਪੂਰੇ ਪਿੰਡ ਵੱਲੋਂ ਭਰਪੂਰ ਆਦਰ ਮਾਣ ਕੀਤਾ ਗਿਆ। ਉਹਦੇ ਸਤਿਕਾਰ ਵਿਚ ਸਮਾਗਮ ਕੀਤਾ ਗਿਆ। ਕਰਤਾਰ ਤੇ ਉਹਦੇ ਨਾਲ ਆਏ ਭਲਵਾਨਾਂ ਤੇ ਕੋਚਾਂ ਨੂੰ ਸਵਾਗਤੀ ਕਮੇਟੀ ਵੱਲੋਂ ਤੁਛ ਭੇਟਾ ਦਿੰਦਿਆਂ ਮੈਂ ਇਕ ਗੱਲ ਸੁਣਾਈ:

ਮੇਰਾ ਇਕ ਮਾਮਾ ਆਪਣੇ ਵੇਲਿਆਂ ਦਾ ਚੰਗਾ ਭਲਵਾਨ ਸੀ। ਇਕ ਵਾਰ ਉਹ ਆਪਣੇ ਪਿੰਡੋਂ ਵੀਹ ਤੀਹ ਕੋਹ ਦੂਰ ਕਿਸੇ ਦੂਸਰੇ ਪਿੰਡ ਛਿੰਝ 'ਤੇ ਘੁਲਣ ਲਈ ਗਿਆ। ਉਹਦੇ ਹੀ ਪਿੰਡ ਦਾ ਕੋਈ ਹੋਰ ਬੰਦਾ, ਜਿਹੜਾ ਛਿੰਝ ਵਾਲੇ ਪਿੰਡ ਦੇ ਨੇੜੇ ਕਿਸੇ ਰਿਸ਼ਤੇਦਾਰੀ 'ਚ ਮਿਲਣ-ਗਿਲਣ ਗਿਆ ਸੀ, ਘੋਲ ਵੇਖਣ ਲਈ ਉਥੇ ਆਇਆ। ਜਦੋਂ ਮੇਰਾ ਮਾਮਾ ਦੂਜੇ ਭਲਵਾਨ ਨਾਲ ਘੁਲ ਰਿਹਾ ਸੀ ਤਾਂ ਉਹਦੇ ਪਿੰਡ ਦਾ ਵਸਨੀਕ ਵੀ ਆਪਣੇ ਮਨ ਵਿਚ ਨਾਲ ਨਾਲ ਹੀ ਘੁਲ ਰਿਹਾ ਸੀ। ਆਪਣੇ ਭਲਵਾਨ ਦੇ ਵੱਜਦੇ ਦਾਅ ਨਾਲ ਹੀ ਉਹ ਉਛਲਦਾ ਤੇ ਦੂਜੇ ਭਲਵਾਨ ਦੇ ਵੱਜਦੇ ਦਾਅ ਨਾਲ ਉਹਦਾ ਸਾਹ ਸੂਤਿਆ ਜਾਂਦਾ। ਆਖਰ ਜਦੋਂ ਮੇਰੇ ਮਾਮੇ ਨੇ ਵਿਰੋਧੀ ਭਲਵਾਨ ਨੂੰ ਧਰਤੀ 'ਤੇ ਪਿਠ ਪਰਨੇ ਸੁਟ ਲਿਆ ਤਾਂ ਉਹਦੇ ਗਰਾਈਂ ਨੇ ਧਰਤੀ ਤੋਂ ਤਿੰਨ ਫੁੱਟ ਉੱਚੀ ਛਾਲ ਮਾਰੀ ਤੇ ਸੰਤੋੜ ਮੇਰੇ ਮਾਮੇ ਵੱਲ ਭੱਜ ਉੱਠਾ। ਜਾ ਕੇ ਮੇਰੇ ਮਾਮੇ ਨੂੰ ਹਿੱਕ ਨਾਲ ਘੁੱਟ ਕੇ ਧਰਤੀ ਤੋਂ ਉੱਚਾ ਚੁੱਕ ਲਿਆ। ਪਿੱਛੋਂ ਆਪਣੀ ਜੇਬ ਵਿਚ ਹੱਥ ਮਾਰਿਆ। ਗਰੀਬ ਜੱਟ ਸੀ। ਉਦੋਂ ਲੋਕਾਂ ਕੋਲ ਪੈਸੇ ਹੁੰਦੇ ਵੀ ਕਿਥੇ ਸਨ! ਜੇਬ ਵਿਚੋਂ ਸਿਰਫ ਇਕ ਅਠਿਆਨੀ ਨਿਕਲੀ। ਉਸ ਨੇ ਉਹ ਅਠਿਆਨੀ ਮੇਰੇ ਮਾਮੇ ਦੀ ਮੁੱਠ ਵਿਚ ਦਿੱਤੀ ਤੇ ਫਿਰ ਉਹਦੀ ਮੁੱਠ ਮੀਚਦਿਆਂ ਕਹਿਣ ਲੱਗਾ, "ਬਘੇਲ ਸਿਆਂ! ਇਹ ਮੁੱਠ ਤੂੰ ਮੀਟੀ ਰੱਖ! ਇਹ ਨਾ ਵੇਖ! ਇਹਦੇ ਵਿਚ ਹੈ ਕੀ? ਮੇਰੇ ਕੋਲ ਹੈ ਈ ਇਹੋ ਕੁਝ ਸੀ ਵੀਰ ਮੇਰਿਆ। ਮੇਰੇ ਕੋਲੋਂ ਤੇਰੇ ਜਿੱਤਣ ਦਾ ਚਾਅ ਠੱਲ੍ਹਿਆ ਈ ਨਹੀਂ ਗਿਆ। ਬੱਸ ਇਸ ਚਾਅ 'ਚ ਈ ਭੱਜਾ ਆਇਆਂ! ਤੂੰ ਸਾਡਾ ਖੂਨ ਐਂ, ਸਾਡੀ ਆਪਣੀ ਦੇਹ ਜਾਨ। ਤੈਨੂੰ ਦੇਣ ਲਈ ਮੇਰੇ ਕੋਲ ਖੁੱਲ੍ਹੀਆਂ ਬਾਹਵਾਂ ਦਾ ਢੇਰਾਂ ਦਾ ਢੇਰ ਪਿਆਰ ਹੈ, ਇਸ ਲਈ ਤੂੰ ਇਹ ਮੁੱਠੀ ਬੰਦ ਹੀ ਰੱਖ ਤੇ ਮੇਰੇ ਖੁੱਲ੍ਹੇ ਦਿਲ ਵੱਲ ਵੇਖ...।"



ਵਰਿਆਮ ਸਿੰਘ ਸੰਧੂ



ਪਹਿਲਵਾਨ ਕਰਤਾਰ ਸਿੰਘ

ਬਘੇਲ ਸਿੰਘ ਨੇ ਉਸ ਨੂੰ ਆਪਣੇ ਗਲ ਨਾਲ ਲਾ ਲਿਆ। ਆਪਣੇ ਗਰਾਈਂ ਨੂੰ, ਜੋ ਪਿੰਡੋਂ ਵੀਹ ਕੋਹ ਦੂਰ, ਉਹਦਾ ਸਭ ਤੋਂ ਪਹਿਲਾਂ ਆਪਣਾ ਬਣ ਕੇ ਉਹਦੀ ਜਿੱਤ ਦੀ ਖੁਸ਼ੀ ਵਿਚ ਉਛਲਿਆ ਸੀ। ਇਸ ਭਰੱਪਣ 'ਚ ਭਿੱਜ ਕੇ ਦੋਹਾਂ ਸ਼ਰੀਕ ਭਰਾਵਾਂ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ...।

ਇਹ ਕਹਾਣੀ ਸੁਣਾ ਕੇ ਮੈਂ ਕਰਤਾਰ ਨੂੰ ਕਿਹਾ ਸੀ, "ਭਲਵਾਨ ਜੀ, ਮੈਂ ਅਤੇ ਮੇਰੇ ਪਿੰਡ ਵਾਲੇ ਤੁਹਾਡੀ ਏਡੀ ਮਹਾਨ ਜਿੱਤ ਦੀ ਖੁਸ਼ੀ ਵਿਚ ਮਾਣ-ਸਨਮਾਨ ਵਜੋਂ ਜੋ ਕੁਝ ਤੁਹਾਨੂੰ ਭੇਟ ਕਰ ਰਹੇ ਹਾਂ, ਉਹ ਤਾਂ ਤੁਸੀਂ ਮੁੱਠੀ ਵਿਚ ਬੰਦ ਹੀ ਰੱਖੋ। ਉਹਨੂੰ ਖੋਲ੍ਹ ਕੇ ਨਾ ਵੇਖੋ ਕਿ ਇਸ ਵਿਚ ਕੀ ਹੈ! ਵੇਖਣਾ ਹੈ ਤਾਂ ਸਾਡੇ ਪਿਆਰ ਨਾਲ ਨੱਕੋ-ਨੱਕ ਭਰੇ ਦਿਲ ਵੇਖੋ, ਸਾਡਾ ਚਾਅ ਵੇਖੋ, ਸਾਡਾ ਮਾਣ ਵੇਖੋ...।"

ਅੱਜ ਉਸੇ ਹੀ ਪਿਆਰ ਤੇ ਮਾਣ ਵਿਚ ਭਰ ਕੇ ਮੈਂ ਇਹ ਪੁਸਤਕ ਕਰਤਾਰ ਦੇ ਹੱਥਾਂ ਵਿਚ ਦੇ ਕੇ ਕਹਿਣਾ ਚਾਹੁੰਦਾ ਹਾਂ, "ਭਲਵਾਨ ਜੀ! ਅੱਜ ਆਪਣੀਆਂ ਉਨ੍ਹਾਂ ਬੰਦ ਮੁੱਠਾਂ ਨੂੰ ਖੋਲ੍ਹੋ ਤੇ ਇਸ ਪੁਸਤਕ ਨੂੰ ਵੇਖੋ ਤੇ ਵਿਖਾਓ ਵੀ, ਜਿਸ ਵਿਚ ਤੁਹਾਡੇ ਗਰਾਈਂ, ਤੁਹਾਡੇ ਵੱਡੇ ਭਰਾ ਦਾ ਪਿਆਰ ਉਲੱਦਿਆ ਪਿਆ ਹੈ!

ਅਖੀਰ ਵਿਚ ਮੈਂ ਆਪਣੇ ਮਹਾਨ ਪਿੰਡ ਸੁਰ ਸਿੰਘ ਅੱਗੇ ਆਪਣਾ ਸੀਸ ਨਿਵਾਉਂਦਾ ਹਾਂ, ਜਿਸ ਦੀ ਮੁਹੱਬਤ ਨੇ ਆਪਣੇ ਇਸ ਮਹਾਨ ਪੁੱਤ ਬਾਰੇ ਆਪਣੇ ਇਸ ਲੇਖਕ ਪੁੱਤ ਕੋਲੋਂ ਕੁਝ ਸ਼ਬਦ ਲਿਖਵਾਏ ਹਨ।

ਮੇਰੇ ਪਿਆਰੇ ਤੇ ਮਾਣ-ਮੱਤੇ ਪਿੰਡ!

ਮੇਰੇ ਪਿੰਡ ਦੇ ਪਿਆਰੇ ਤੇ ਮੋਹ-ਭਿੱਜੇ ਲੋਕੋ!

ਇਤਿਹਾਸ ਬਣਾਉਣ ਵਾਲੇ ਤੇ ਇਤਿਹਾਸ ਲਿਖਣ ਵਾਲੇ ਤੁਹਾਡੇ ਬੱਚੇ ਤੁਹਾਡੇ ਵਿਹੜਿਆਂ ਵਿਚ ਪਲਦੇ ਅਤੇ ਖੇਡਦੇ ਰਹਿਣ, ਤੇ ਫਿਰ ਇਕ ਦਿਨ ਇੰਜ ਹੀ ਚਮਕ ਉੱਠਣ, ਉੱਚੇ ਨੀਲੇ ਅੰਬਰਾਂ ਵਿਚ ਧਰੂ ਤਾਰਾ ਬਣ ਕੇ, ਤੁਹਾਡੇ ਕਰਤਾਰ ਵਾਂਗ।

## ਪੁਸਤਕ ਦੇ ਕੁਝ ਅੰਸ਼

ਅੰਮ੍ਰਿਤਸਰ ਤੋਂ ਦੱਖਣ-ਪੱਛਮ ਨੂੰ ਪਾਕਿਸਤਾਨ ਸਰਹੱਦ ਦੇ ਸਮਾਨੰਤਰ ਜਾਂਦੀ ਭਿੱਖੀਵਿੰਡ-ਖੇਮਕਰਨ ਸੜਕ ਦੇ ਐਨ ਵੀਹਵੇਂ ਮੀਲ ਉਪਰ ਸੱਜੇ ਹੱਥ ਉੱਚੇ ਥੇਹ 'ਤੇ ਵਸਿਆ ਅਤੇ ਥੇਹ ਉਤੇ ਬਣੇ ਮਕਾਨਾਂ ਦੇ ਸੱਜੇ-ਖੱਬੇ ਦੂਰ ਨੀਵਾਣਾਂ ਤੱਕ ਆਪਣੇ ਖੰਭ ਫੈਲਾਈ ਬੈਠਾ ਪਿੰਡ ਸੁਰ ਸਿੰਘ ਕਿਸੇ ਉਸ ਵੱਡੇ ਪੰਛੀ ਵਰਗਾ ਲੱਗਦਾ ਹੈ, ਜੋ ਆਪਣੇ ਬੱਚਿਆਂ ਨੂੰ ਆਪਣੇ ਖੰਭਾਂ ਹੇਠ ਲੁਕੋਈ ਬੈਠਾ ਹੋਵੇ ਤਾਂ ਕਿ ਕਿਸੇ ਖੂੰਖਾਰ ਜਾਨਵਰ ਦੀ ਨਜ਼ਰ ਉਸ ਦੇ ਮਾਸੂਮ ਬੱਚਿਆਂ ਉੱਪਰ ਨਾ ਪੈ ਸਕੇ।

ਸੁਰ ਸਿੰਘ ਪਿੰਡ ਦਾ ਜਾਨਦਾਰ ਅਤੇ ਸ਼ਾਨਾਂਮੱਤਾ ਇਤਿਹਾਸ ਇਸ ਤੱਥ ਦੀ ਪੁਸ਼ਟੀ ਕਰਦਾ ਹੈ ਕਿ ਇਸ ਧਰਤੀ ਨੇ ਬਹੁਤ ਸਾਰੇ ਸ਼ਹੀਦ-ਸੂਰਮੇ, ਵਿਦਵਾਨ, ਕਲਾਕਾਰ, ਖਿਡਾਰੀ ਅਤੇ ਲੇਖਕ ਪੈਦਾ ਕਰਨ ਦਾ ਮਾਣ ਹੀ ਪ੍ਰਾਪਤ ਨਹੀਂ ਕੀਤਾ, ਸਗੋਂ ਕਈ ਖੇਤਰਾਂ ਵਿਚ ਤਾਂ ਭਾਰਤ ਭਰ ਵਿਚੋਂ ਸਭ ਤੋਂ 'ਪਹਿਲ' ਕਰਨ ਦਾ ਸਿਹਰਾ ਵੀ ਇਸੇ ਪਿੰਡ ਨੂੰ ਜਾਂਦਾ ਹੈ। ਛੋਟੇ ਹੁੰਦਿਆਂ ਕਿਸੇ ਕਵੀਸ਼ਰੀ ਵਿਚੋਂ ਪੜ੍ਹਿਆ ਸੀ-ਸੁਰ ਸਿੰਘ ਪਿੰਡ ਹੈ ਖਾਲਸਿਓ! ਜਿਲੇ ਲਾਹੌਰ ਦਾ, ਉਥੋਂ ਦਾ ਬਿਧੀ ਚੰਦ ਸੀ, ਸ਼ੇਰਾਂ ਦੇ ਤੌਰ ਦਾ...। ਕੁੱਜਾ ਭਰਿਆ ਲੀਰਾਂ ਦਾ, ਸੁਰ ਸਿੰਘ ਪਿੰਡ ਫਕੀਰਾਂ ਦਾ, 'ਚੜ੍ਹੀ ਆਵੇ ਤੇ ਲੱਥੀ ਜਾਵੇ, ਲੱਥੀ ਆਵੇ ਤੇ ਚੜ੍ਹੀ ਜਾਵੇ।'

ਪੇਂਡੂ ਭਾਈਚਾਰੇ ਤੇ ਖਾਸ ਤੌਰ 'ਤੇ ਜੱਟਾਂ ਵਿਚ ਉਦੋਂ ਬੱਚੇ ਦੀ ਜਨਮ ਤਾਰੀਖ ਤੇ ਸੰਨ ਦਾ ਕੌਣ ਹਿਸਾਬ ਕਿਤਾਬ ਰੱਖਦਾ ਸੀ! ਮੌਸਮਾਂ, ਘਟਨਾਵਾਂ ਜਾਂ ਤਿਓਹਾਰਾਂ ਦਾ ਚੇਤਾ ਕਰਕੇ ਹੀ ਮਾਂ-ਬਾਪ ਵੱਲੋਂ ਬੱਚੇ ਦੇ ਜਨਮ ਦਿਨ ਦਾ ਅਟਾ-ਸਟਾ ਲਾਇਆ ਜਾਂਦਾ ਸੀ। ਪ੍ਰਸਿੱਧ ਪਾਕਿਸਤਾਨੀ ਲੋਕ ਗਾਇਕਾ ਰੇਸ਼ਮਾ ਨੂੰ ਜਦੋਂ ਉਸ ਦੀ ਪਹਿਲੀ ਔਲਾਦ ਦੀ ਪੈਦਾਇਸ਼ ਬਾਰੇ ਪੁੱਛਿਆ ਗਿਆ ਤਾਂ ਉਹ ਹੱਸ ਕੇ ਆਖਣ ਲੱਗੀ, "ਜਦੋਂ ਖਰਬੂਜ਼ੇ ਪੱਕਦੇ ਨੇ, ਓਸ ਰੁੱਤੇ।"

ਕਰਤਾਰ ਦੀ ਜਨਮ ਤਾਰੀਖ ਸਰਕਾਰੀ ਕਾਗਜ਼ਾਂ ਵਿਚ 7 ਅਕਤੂਬਰ 1953 ਹੈ, ਪਰ ਮਾਤਾ ਦੱਸਦੀ ਹੈ: ਸੰਨ-ਸੁੰਨ ਤਾਂ ਵੀਰਾ ਮੈਨੂੰ ਪਤਾ ਨ੍ਹੀਂ, ਪਰ ਐਨਾ ਯਾਦ ਹੈ ਕਿ ਲੋਹੜੀ ਹੁੰਦੀ ਆ ਨਾ-ਤੇ ਅਗਲੇ ਦਿਨ ਹੁੰਦੀ ਆ ਮਾਘੀ। ਤੇ ਇਹ ਮਾਘੀ ਤੋਂ ਦੋ ਦਿਨ ਪਿੱਛੋਂ ਜੰਮਿਆ ਤਿੰਨ ਮਾਘ ਨੂੰ, ਟੈਮ ਹੋਊ ਇਹੋ ਸਵੇਰੇ 9-10 ਦਾ।

ਸਾਲ 1953 ਦਾ ਤਾਂ ਕਰਤਾਰ ਨੂੰ ਪੱਕ ਹੈ। ਉਸ ਨੇ ਚੌਕੀਦਾਰ ਵੱਲੋਂ ਭੇਜੇ ਰਿਕਾਰਡ ਦੀ ਅੰਮ੍ਰਿਤਸਰ ਜਿਲਾ ਹੈੱਡਕੁਆਟਰ ਤੋਂ ਪੜਤਾਲ ਕਰਵਾਈ ਹੈ, ਪਰ ਲੋਹੜੀ ਤਾਂ ਜਨਵਰੀ ਵਿਚ ਆਉਂਦੀ ਹੈ। ਚੌਕੀਦਾਰ ਦੇ ਕਾਗਜ਼ਾਂ ਤਕ ਪਹੁੰਚਦੀ-ਪਹੁੰਚਦੀ ਜਨਵਰੀ, ਅਕਤੂਬਰ ਕਿਵੇਂ ਬਣ ਗਈ? ਇਸ ਹਿਸਾਬ ਨਾਲ ਤਾਂ ਕਰਤਾਰ ਦਾ ਜਨਮ 15 ਜਨਵਰੀ ਵੀਰਵਾਰ ਵਾਲੇ ਦਿਨ ਹੋਇਆ...।

---

ਵਿਸਾਖੀ ਦਾ ਮੇਲਾ ਸੀ। ਅਗਲਿਆਂ ਪਤਾ ਨਹੀਂ ਤਾਰੇ ਨੂੰ ਕਿਵੇਂ ਭੁਚਲਾ ਫੁਸਲਾ ਲਿਆ। ਉਹ ਰੋਡੇ ਨਾਲ ਅਸਾਵਾਂ ਘੋਲ ਘੁਲਣ ਲਈ ਤਿਆਰ

(ਬਾਕੀ ਅਗਲੇ ਸਫੇ 'ਤੇ)

# ਚਿੜੀਓ-ਤੋਤਿਓ ਹੁਣ ਨਾ ਜਾਇਓ...

ਡਾਇਰੀ ਦੇ ਪੰਨੇ



ਨਿੰਦਰ ਘੁਗਿਆਣਵੀ
ਫੋਨ: 91-94174-21700

ਹੁਣ ਚਿੜੀਆਂ ਨਹੀਂ ਆਉਂਦੀਆਂ! ਚਿੜੀਆਂ ਕਿਉਂ ਨਹੀਂ ਆਉਂਦੀਆਂ? ਵਾਰ-ਵਾਰ ਬੁਲਾਈਆਂ ਨੇ। ਚਿੜੀਆਂ ਸਾਥੋਂ ਚਿੜ ਗਈਆਂ ਨੇ ਬੁਰੀ ਤਰ੍ਹਾਂ। ਅਸਾਂ ਆਪ ਚਿੜਾਈਆਂ ਨੇ ਚਿੜੀਆਂ! ਚਿੜੀਆਂ ਆਪੇ ਨਹੀਂ ਚਿੜਦੀਆਂ, ਉਹ ਤਾਂ ਚਹਿਚਹਾਉਂਦੀਆਂ ਰਹੀਆਂ ਨੇ ਤੇ ਗੀਤ ਗਾਉਂਦੀਆਂ ਰਹੀਆਂ ਨੇ। ਫਰਰ...ਫਰਰ ਕਰਦੀਆਂ ਫੜਫੜਾਉਂਦੀਆਂ ਰਹੀਆਂ ਨੇ, ਧੀਆਂ ਦੀ ਯਾਦ ਦਿਵਾਉਂਦੀਆਂ ਸਾਡੇ ਲਾਗੇ-ਲਾਗੇ ਹੀ ਫਿਰਦੀਆਂ ਨੇ ਚਿੜੀਆਂ!

ਅਸੀਂ ਹੀ ਹੰਕਾਰੀ ਹਾਂ, ਹੋਕਰੇ ਮਾਰ-ਮਾਰ ਉਡਾਈਆਂ ਅਸਾਂ ਆਪੇ ਚਿੜੀਆਂ, ਇਸੇ ਲਈ ਉਹ ਹੁਣ ਨਹੀਂ ਆਉਂਦੀਆਂ ਸਾਡੇ ਘਰਾਂ ਵਿਚ।

---

ਵਿਰਲੀ ਟਾਂਵੀਂ ਚਿੜੀ ਉਡਦੀ ਦਿਖਦੀ ਹੈ ਤੇ ਅਛੋਪਲੇ ਜਿਹੇ ਅੱਖੋਂ ਉਹਲੇ ਹੋ ਜਾਂਦੀ ਹੈ। ਚਿੜੀਆਂ ਦੇ ਖੰਭਾਂ ਦੀ 'ਫੁਰਰ ਫੁਰਰ' ਤੇ 'ਚੀਂ ਚੀਂ ਚੀਂ' ਕਰ ਕੇ ਚਹਿਕਣੇ ਦੀ ਅਵਾਜ਼ ਸੁਣਨ ਨੂੰ ਕੰਨ ਤਰਸ ਗਏ ਨੇ। (ਬੰਦਾ ਹੁਣ 'ਬੰਦਾ' ਬਣਨਾ ਚਾਹੁੰਦਾ ਹੈ)।

ਚਿੜੀਆਂ ਉਡਦੀਆਂ ਰਹਿਣਗੀਆਂ ਹਮੇਸ਼ਾ ਦੂਰ ਪਰਾਏ ਦੇਸ਼...ਨੀਂ ਮਾਏਂ ਤੈਂ ਕੈਸੇ ਕਰਮ ਲਿਖਾਏ, ਇਨ੍ਹਾਂ ਚਿੜੀਆਂ ਦੇ? ਕਦੀ ਵਾਪਸ ਦੇਸ਼ ਨਹੀਂ ਪਰਤਣਾ ਪਰਦੇਸਣ ਚਿੜੀਆਂ ਨੇ, ਅਸੀਂ ਅਵਾਜ਼ਾਂ ਮਾਰਾਂਗੇ, ਪਰ ਇਹ ਨਹੀਂ ਸੁਣਨਗੀਆਂ ਸਾਡੀਆਂ ਅਵਾਜ਼ਾਂ।

ਸੱਚੀਓਂ, ਚਿੜੀਆਂ ਸਾਥੋਂ ਖਿਝੀਆਂ ਹੋਈਆਂ ਨੇ, ਖਪੀਆਂ ਹੋਈਆਂ ਨੇ, ਕਿਉਂਕਿ ਅਸੀਂ ਅੱਜ ਕਲ ਵੱਡੀਆਂ ਤੇ ਸ਼ਾਨਦਾਰ ਕੋਠੀਆਂ ਵਿਚ ਰੌਸ਼ਨਦਾਨ ਨਹੀਂ ਰੱਖਦੇ, ਜੋ ਘਰ ਨੂੰ ਰੋਸ਼ਨੀ ਦਿੰਦੇ ਸਨ ਜਾਂ ਚਿੜੀਆਂ ਨੂੰ ਆਲ੍ਹਣੇ ਪਾਉਣ ਵਾਸਤੇ ਨੁੱਕਰ ਦੇ ਦਿੰਦੇ ਸਨ ਭੋਰਾ ਭਰ! ਅਸੀਂ ਤਾਂ ਹਨੇਰੇ ਵਿਚ ਗੁਆਚ ਜਾਣਾ ਚਾਹੁੰਦੇ ਹਾਂ। ਅਸੀਂ ਇਨ੍ਹਾਂ ਦੇ ਆਲ੍ਹਣੇ ਪਾਉਣ ਨੂੰ ਵੀ ਥਾਂ ਨਹੀਂ ਛੱਡੀ ਰਤਾ ਵੀ। ਇਸੇ ਕਰ ਕੇ ਇਹ ਹੁਣ ਤੀਲਾ ਤੀਲਾ ਨਹੀਂ ਚੁਗਦੀਆਂ ਤੇ ਆਲ੍ਹਣਾ ਨਹੀਂ ਬਣਾਉਂਦੀਆਂ, ਪਰਦੇਸ ਦਾ ਮੂੰਹ ਤਕਦੀਆਂ ਨੇ ਸਾਡੀਆਂ ਚਿੜੀਆਂ। ਇਹ ਆਖਦੀਆਂ ਜਹਾਜੇ ਚੜ੍ਹ ਗਈਆਂ ਨੇ ਕਿ ਤੁਸੀਂ ਤਾਂ ਆਪ 'ਤੀਲਾ ਤੀਲਾ' ਹੋ ਗਏ ਓ, ਅਸੀਂ ਕਿਵੇਂ ਇਕੱਠੇ ਕਰੀਏ ਖਿਲਰੇ-ਪੁਲਰੇ ਤੁਹਾਡੇ ਤੀਲੇ! ਤੁਸੀਂ ਤਿਲਮਿਲਾਉਂਦੇ ਰਹਿ ਜਾਉਗੇ ਬੰਦਿਓ!

---

ਕੁਝ ਰੰਗੀਨ ਚਿੜੀਆਂ ਸਾਡੇ ਘਰ ਨਿੱਕੇ-ਵੱਡੇ ਬੂਟਿਆ ਉਤੇ ਆਣ ਕੇ ਬਹਿਣ ਲੱਗੀਆਂ ਨੇ। ਗਾਉਂਦੀਆਂ ਨੇ। ਫੁਰਰ...ਫੁਰਰ ਕਰਕੇ ਖੰਭ ਫੜਫੜਾਉਂਦੀਆਂ ਨੇ ਤੇ ਖੁਸ਼ੀ ਭਰੇ ਸ਼ੋਰ ਪਾਉਣ ਦੇ ਰੌਂਅ ਵਿਚ ਨੇ। ਸਾਰਾ ਟੱਬਰ ਖੁਸ਼ ਹੈ-ਨੀਲੀਆਂ, ਕਾਲੀਆਂ ਤੇ ਹਰੀਆਂ ਰੰਗੀਨ ਚਿੜੀਆਂ ਆਈਆਂ ਦੇਖ ਕੇ! ਸਾਡੇ ਨਿੱਕੇ ਹੁੰਦਿਆਂ ਸਮੇਂ ਦੀਆਂ ਇਕੋ ਰੰਗੀਆਂ ਹੀ ਦਿਖਦੀਆਂ ਸਨ। ਕੋਈ ਟਾਂਵੀਂ ਟਾਂਵੀਂ ਤੇ ਕਾਲੀ ਚੁੰਝ ਵਾਲਾ ਚਿੜਾ, (ਜੋ ਅਸੀਂ ਬਚਪਨ ਵਿਚ ਚਿੜੀਆਂ ਨਾਲ ਚੁੰਝਾਂ ਭਿੜਾਉਂਦਾ ਦੇਖਦੇ ਸਾਂ, ਹੁਣ ਨਹੀਂ ਦਿਖਦਾ! ਕੀ ਚਿੜੀਆਂ ਰੰਡੀਆਂ ਹੋ ਗਈਆਂ? ਚਿੜੇ ਕਿਥੇ ਹਨ? ਮੈਂ ਆਪਣੇ ਆਪ ਨੂੰ ਪੁੱਛਿਆ ਹੈ, ਕਮਲਾ ਰਮਲਾ ਜਿਹਾ ਸਵਾਲ।)

---

ਘੁਮਿਆਰ ਮਿੱਟੀ ਪਕਾ ਕੇ ਭਾਂਡੇ ਵੇਚ ਰਹੇ ਨੇ, ਆਪਣੇ ਦਰਾਂ ਮੂਹਰੇ ਰੱਖ ਕੇ। ਕਿਸੇ ਨੂੰ ਬਹਿਣ ਦੀ ਲੋੜ ਨਹੀਂ ਇਸ ਪੱਕੀ ਹੋਈ ਮਿੱਟੀ ਦੀ ਰਾਖੀ! ਜਦ ਕੋਈ ਗਾਹਕ ਆਵੇਗਾ, ਘੁਮਿਆਰਨਾਂ ਜਾਂ ਘਰ ਦਾ ਕੋਈ ਬੁੱਢਾ ਜੀਅ ਆਣ ਕੇ ਭਾਂਡਾ ਵੇਚ ਦੇਵੇਗਾ। ਇੱਕ ਦਿਨ ਮਾਂ ਨੇ ਆਖਿਆ ਕਿ ਦਹੀਂ ਜਮਾਉਣ ਵਾਸਤੇ ਛੋਟਾ ਜਿਹਾ ਕੁੱਜਾ ਲੈ ਆਵੀਂ। ਕੁੱਜਾ ਲੈਣ ਗਿਆ ਤਾਂ ਉਥੇ ਟੰਗੇ ਪਏ ਆਲ੍ਹਣੇ ਦਿਸ ਗਏ। ਇਹ ਆਲ੍ਹਣੇ ਪੰਛੀਆਂ ਨੇ ਨਹੀਂ ਬਣਾਏ, ਸਗੋਂ ਬੰਦੇ ਨੇ ਬਣਾਏ ਨੇ ਪੰਛੀਆਂ ਨੂੰ 'ਭੁਲੇਖਾ' ਦੇਣ ਲਈ।

ਸੋਚਦਾ ਹਾਂ, ਖੌਰੇ ਇਹ ਆਲ੍ਹਣੇ ਲਿਜਾ ਟੰਗਾਂਗਾ ਘਰੇ, ਹਰੇ-ਭਰੇ ਬੂਟਿਆਂ ਤੇ ਰੁੱਖਾਂ ਵਿਚ ਤਾਂ ਕੋਈ-ਕੋਈ ਚਿੜੀ ਆਣ ਕੇ ਤੀਲੇ ਰੱਖਣ ਲੱਗ ਜਾਵੇਗੀ। ਹੋਰ ਚੰਗੀ ਰੌਣਕ ਹੋ ਜਾਵੇਗੀ। ਇਕ ਚਿੜੀ ਆਈ ਦੇਖ ਹੋਰ ਚਿੜੀਆਂ ਉਡੀਆਂ ਆਉਣਗੀਆਂ 'ਚੀਂ...ਚੀਂ' ਤੇ 'ਫਰਰ...ਫਰਰ' ਕਰਦੀਆਂ!





ਬੜੇ ਚਾਅ ਨਾਲ ਆਲ੍ਹਣੇ ਟੰਗੇ ਸਨ। ਅਫਸੋਸ! ਬੜੇ ਦਿਨ ਆਲ੍ਹਣਿਆਂ ਦੇ ਖਾਲੀ-ਖਾਲੀ ਮੂੰਹ ਦੇਖੇ। ਆਲਣਿਆਂ ਦੇ ਮੂੰਹ ਭੀੜੇ-ਭੀੜੇ ਮਹਿਸੂਸ ਹੋਏ, ਤਾਂ ਚਾਕੂ ਚੁੱਕਿਆ, ਛਾਂਗ ਕੇ ਖੁੱਲ੍ਹੇ ਕਰ ਦਿੱਤੇ ਆਲਣਿਆਂ ਦੇ ਮੂੰਹ।

ਆਥਣ ਸਵੇਰ ਘਰ ਆਉਣ-ਜਾਣ ਵੇਲੇ ਪੁੱਛਿਆ ਕਿ ਕੋਈ ਚਿੜੀ ਆਈ ਸੀ ਅੱਜ? ਕੋਈ ਜੁਆਬ ਨਹੀਂ ਮਿਲਿਆ। ਜਿਵੇਂ ਸਾਡਾ ਸਾਰਾ ਟੱਬਰ ਗੂੰਗਾ ਹੈ! ਚਿੜੀਆਂ ਆਲ੍ਹਣਿਆਂ ਵੱਲ ਨਹੀਂ ਆਈਆਂ। ਵਾਰ-ਵਾਰ ਬੁਲਾਈਆਂ!

ਇਕ ਦਿਨ ਮਾਂ ਆਖਣ ਲੱਗੀ, "ਤੂੰ ਲੱਖ ਆਲ੍ਹਣੇ ਟੰਗ ਲੈ ਤੇ ਮਣਾਂ ਮੂੰਹੀ ਜ਼ੋਰ ਲਾ ਲੈ ਪੁੱਤ! ਇਨ੍ਹਾਂ ਚਿੜੀਆਂ ਨੇ ਓਪਰੇ ਆਲ੍ਹਣਿਆਂ ਵਿਚ ਨਹੀਂ ਬਹਿਣਾ, ਇਹ ਆਪਣੇ ਤੀਲਾ-ਤੀਲਾ ਜੋੜ ਕੇ ਬਣਾਏ ਆਲਣਿਆਂ ਵਿਚ ਈ ਬਹਿੰਦੀਆਂ ਨੇ।"

ਮਾਂ ਦੀ ਆਖੀ ਗੱਲ ਸੱਚੀ ਸੀ। ਬੰਦੇ ਦੇ ਬਣਾਏ ਆਲ੍ਹਣਿਆਂ ਦੇ ਮੂੰਹ ਅੱਡੇ ਹੋਏ ਹਨ, ਕੋਈ ਚਿੜੀ ਨਹੀਂ ਆਈ ਇਨ੍ਹਾਂ ਦੇ ਲਾਗੇ। ਆਲ੍ਹਣੇ ਖਾਲੀ ਮੂੰਹ ਅੱਡੀ ਸਾਡਾ ਵਿਹੜਾ ਦੇਖ ਰਹੇ ਨੇ। ਮੈਂ ਉਦਾਸ ਹਾਂ।

---

**ਤੋਤਿਆਂ ਦੀ ਵਾਪਸੀ:** ਤੋਤੇ ਆ ਗਏ ਨੇ ਫਿਰ! ਬਚਪਨ ਵਿਚ ਵੇਖੇ ਤੋਤੇ ਅਚਾਨਕ ਅਲੋਪ ਹੋ ਗਏ ਸਨ। ਨਿਆਣੀ ਉਮਰੇ ਤੋਤਿਆਂ ਨਾਲ ਖੇਲ੍ਹਦਿਆਂ ਤੇ ਕਲੋਲਾਂ ਕਰਦਿਆਂ ਬਿਤਾਇਆ ਵੇਲਾ ਯਾਦਾਂ ਦੀ ਗੱਠ ਮਾਰੀ ਬੈਠਾ ਹੈ। ਰਮਣੀਕ ਵੇਲਾ ਸੀ ਉਹ। ਕੱਚੀਆਂ ਕੰਧਾਂ ਅੱਧ-ਢੱਠੀਆਂ, ਵਿਚ ਤੋਤੇ ਮੋਘਰੇ ਕਰਦੇ। ਘਰ ਪੱਕੇ ਹੋਏ। ਕੋਠੀਆਂ ਉਸਰੀਆਂ, ਰੁੱਖ ਵਢੀਜੇ, ਬਿਜਲੀ ਤੇ ਫੋਨ ਟਾਵਰਾਂ ਦੀਆਂ ਤਾਰਾਂ ਦੇ ਜਮਘਟੇ ਵੱਜੇ। ਖੇਤੀਂ ਜ਼ਹਿਰ ਛਿੜਕੀ ਜਾਣ ਲੱਗੀ। ਫੈਕਟਰੀਆਂ ਦਾ ਅੰਨ੍ਹਾ ਧੂੰਆਂ ਧੂਅ ਕੇ ਲੈ ਗਿਆ ਵੰਨ ਸੁਵੰਨੜੇ ਪੰਛੀਆਂ ਨੂੰ ਸਾਥੋਂ ਬੜੀ ਦੂਰ। ਬੰਦਾ ਤਾਂ ਮਰਨਾ ਸੀ ਪੰਛੀ ਵੀ ਕੈਂਸਰ ਦੇ ਕਹਿਰ ਤੋਂ ਬਚ ਨਾ ਸਕੇ। ਅਜਿਹੇ ਵਿਚ ਤੋਤੇ ਕੀ ਕਰਦੇ? ਤੋਤੇ ਤੁਰ'ਗੇ ਦੂਰ ਕਿਧਰੇ ਅਣਦੱਸੀ ਥਾਂਵੇਂ!

ਹੁਣ ਕਰੋਨਾ ਆਈ। ਤੋਤੇ ਲਿਆਈ। ਮੁੱਦਤਾਂ ਮਗਰੋਂ ਹਰੇ-ਹਰੇ ਲਾਲ ਚੁੰਝਾਂ ਵਾਲੇ ਤੋਤੇ ਤੱਕੇ ਸਾਡੇ ਖੇਤਾਂ ਬੰਨੇ ਉਡਦੇ ਤੇ ਗਾਉਂਦੇ। ਮਨ ਹੁਲਾਰ ਵਿਚ ਆ ਗਿਆ। ਬਚਪਨ ਵੀ ਚੇਤੇ ਆਇਆ। ਪੁਰਾਣੇ ਘਰ ਦੀ ਹਵੇਲੀ। ਲੰਮੀਆਂ ਗਾਰੇ ਦੀਆਂ ਕੰਧਾਂ। ਮਾੜਚੂ ਜਿਹਾ ਜੰਡ। ਅੱਧ ਸੁੱਕੀ ਪੁਰਾਣੀ ਕਿੱਕਰ ਤੇ ਬੁੱਢੀ ਬੇਰੀ! ਏਨਾ ਕੁਝ ਚੇਤੇ ਕਰਵਾ ਦਿੱਤੈ, ਤੋਤਿਓ ਤੁਹਾਡਾ ਸਵਾਗਤ ਹੈ! ਹੁਣ ਤੁਹਾਨੂੰ ਜਾਣ ਨਹੀਂ ਦੇਣਾ ਅਸਾਂ। ਪਿੰਜਰੇ ਵੀ ਨਹੀਂ ਪਾਉਣਾ ਤੁਹਾਨੂੰ, ਬਸ ਆਸ-ਪਾਸ ਉਡਦੇ-ਗਾਉਂਦੇ ਦੇਖਣਾ ਹੈ। ਏਨਾ ਈ ਬਹੁਤ ਹੈ, ਬੰਦਾ ਤਾਂ ਰੱਜਦਾ ਈ ਨਹੀਂ ਕਿਤੇ!

# ਕੁਸ਼ਤੀ ਦਾ ਧਰੂ ਤਾਰਾ ਕਰਤਾਰ: ਵਰਿਆਮ ਸਿੰਘ ਸੰਧੂ

*(ਪਿਛਲੇ ਸਫੇ ਦੀ ਬਾਕੀ)*

ਹੋ ਗਿਆ। ਤੇ ਫੇਰ ਦੋਹਾਂ ਦੀ ਪਕੜ ਸ਼ੁਰੂ ਹੋਈ। ਇਸ ਤੋਂ ਪਹਿਲਾਂ ਕਿ ਰੋਡਾ ਉਸ ਨੂੰ ਕੋਈ ਹੁਝਕਾ ਮਾਰਦਾ, ਧਰਤੀ 'ਤੇ ਪਟਕਾਅ ਮਾਰਦਾ, ਬਿਜਲੀ ਵਰਗੀ ਫੁਰਤੀ ਨਾਲ ਤਾਰੇ ਨੇ ਰੋਡੇ ਦੇ ਪੱਟੀਂ ਲੱਗ ਕੇ ਉਸ ਨੂੰ ਥੱਲੇ ਸੁੱਟ ਲਿਆ। ਜਿਵੇਂ ਰੇਤ ਦਾ ਪਹਾੜ ਇਕੋ ਝਟਕੇ ਨਾਲ ਢੇਰੀ ਹੋ ਗਿਆ ਹੋਵੇ। ਭੀੜ ਉਨ੍ਹਾਂ ਉਪਰ ਉਲਰ ਗਈ। ਲਾਕੜੀ 'ਪਾਸੇ ਹੋ ਜੋ' ਦਾ ਰੌਲਾ ਪਾਉਂਦੇ ਪਰਨੇ ਹਿਲਾ ਰਹੇ ਸਨ। ਰੋਡਾ ਘੋੜੀ ਬਣਿਆ ਹੋਇਆ ਸੀ ਤੇ ਤਾਰਾ ਉਸ ਦੀ ਪਿੱਠ 'ਤੇ ਸਵਾਰ। ਉਹ ਉਹਦੇ ਅੱਗੇ-ਪਿੱਛੇ ਟਪੂਸਣੀਆਂ ਲਾਉਂਦਾ। ਕਦੀ ਮਿੱਟੀ ਵਿਚ ਉਸ ਦਾ ਹਦਵਾਣੇ ਵਰਗਾ ਸਿਰ ਗੋਡਾ ਦੇ ਕੇ ਨੱਪ ਦਿੰਦਾ, ਕਦੀ ਗੋਡੇ ਮਾਰਦਾ ਏਧਰੋਂ ਓਧਰ ਤੇ ਓਧਰੋਂ ਏਧਰ ਰੋਲਣ ਲੱਗਾ। ਭੀੜ 'ਚੋਂ 'ਬੱਲੇ! ਸਾਬਾਸ਼ੇ!!' ਦੀਆਂ ਚੀਕਾਂ ਉਠ ਰਹੀਆਂ ਸਨ। ਰੋਡੇ ਦਾ ਭਾਰਾ ਸਰੀਰ ਕਿਸੇ ਕੰਮ ਨਾ ਆਇਆ। ਤਾਰੇ ਦਾ ਕੀਤਾ ਜਾਂਦਾ 'ਜ਼ੋਰ' 'ਜੁਗਤ' ਉਹਦੇ ਕੰਮ ਆ ਰਹੀ ਸੀ। ਉਹਨੇ ਰੋਡੇ ਨੂੰ ਦੱਗੂਲ ਕਰ ਕੇ ਢਾਹ ਲਿਆ ਸੀ ਤੇ ਹਿੱਕ 'ਤੇ ਸ਼ੇਰ ਵਾਂਗ ਬੈਠਾ ਤਾਰਾ ਤੇਜ਼ ਤਰਾਰ ਚੀਤੇ ਵਰਗਾ ਲਗਦਾ ਪਿਆ ਸੀ।

ਲੋਕਾਂ ਨੇ ਤਾਰੇ ਨੂੰ ਅਸਮਾਨ ਵਿਚ ਉਛਾਲਿਆ। ਉਹਦੀ ਮੁੱਠ ਨੋਟਾਂ ਨਾਲ ਭਰ ਦਿੱਤੀ। ਇਹ ਪਹਿਲੀ ਵਾਰ ਸੀ ਜਦੋਂ ਮੈਂ 'ਤਾਰੇ' ਨੂੰ ਅਸਮਾਨ ਵੱਲ ਉਛਲਦਿਆਂ ਵੇਖਿਆ ਸੀ। ਤੇ ਫਿਰ ਜਿਉਂ-ਜਿਉਂ ਸਾਲ ਬੀਤਦੇ ਗਏ, ਤਾਰਾ ਅਸਮਾਨ ਵਿਚ ਹੋਰ ਗੂੜ੍ਹਾ ਹੋਇਆ, ਹੋਰ ਚਮਕਦਾਰ ਬਣਿਆ, ਹੋਰ ਤੇਜੱਸਵੀ ਬਣਿਆ, ਹੋਰ ਉੱਚਾ ਹੋਇਆ, ਏਨਾ ਉੱਚਾ ਕਿ ਆਪਣੇ ਨਾਲ ਆਪਣੇ ਪਰਿਵਾਰ, ਪਿੰਡ, ਪ੍ਰਾਂਤ ਤੇ ਦੇਸ਼ ਨੂੰ ਵੀ ਉਚਾਣਾਂ ਵਿਚ ਉੱਡਣ ਲਾ ਦਿੱਤਾ...।

ਭਲਵਾਨ ਪਿੰਡ ਦਾ ਮਾਣ ਹੁੰਦੇ ਸਨ। ਭਲਵਾਨਾਂ ਲਈ ਖੁਰਾਕ ਦੀ ਲੋੜ ਹੁੰਦੀ ਸੀ ਤਾਂ ਪਿੰਡ ਵਾਲੇ ਉਸ ਲਈ ਘਿਉ ਦੇ ਪੀਪੇ 'ਕੱਠੇ ਕਰਦੇ। ਪੈਸੇ ਅਤੇ ਬਦਾਮ ਦਿੰਦੇ ਤੇ ਫਿਰ ਢਾਣੀਆਂ ਬੰਨ੍ਹ ਕੇ ਉਸ ਦੇ ਪਿੱਛੇ ਛਿੰਝਾਂ 'ਤੇ ਜਾਂਦੇ। ਕਈ ਕਈ ਪਿੰਡਾਂ ਦੀਆਂ ਸਾਲਾਨਾ ਛਿੰਝਾਂ ਬਹੁਤ ਮਸ਼ਹੂਰ ਸਨ, ਜਿਨ੍ਹਾਂ ਵਿਚ ਹਰ ਸਾਲ ਦੂਰੋਂ-ਨੇੜਿਓਂ ਵੱਡੇ ਤੇ ਛੋਟੇ ਭਲਵਾਨ ਆ ਕੇ ਜ਼ੋਰ ਅਜ਼ਮਾਈ ਕਰਦੇ। ਹਰੇਕ ਪਿੰਡ ਦੇ ਸਾਲਾਨਾ ਜੋੜ ਮੇਲਿਆਂ ਦੇ ਆਖਰੀ ਦਿਨ ਘੋਲ ਤੇ ਕਬੱਡੀ, ਦੋ ਪੱਕੀਆਂ ਖੇਡਾਂ ਸਨ, ਜੋ ਖੇਡੀਆਂ ਜਾਂਦੀਆਂ। ਇਨ੍ਹਾਂ ਕੁਸ਼ਤੀਆਂ ਵਿਚ ਨਾ ਕੋਈ ਵਜ਼ਨ ਦੀ ਬਰਾਬਰੀ ਦਾ ਮਸਲਾ ਸੀ, ਨਾ ਉਮਰ ਦਾ ਤੇ ਨਾ ਹੀ ਨਿਸ਼ਚਿਤ ਸਮੇਂ ਦੀ ਹੱਦ ਦਾ। ਕੁਸ਼ਤੀ ਭਲਵਾਨਾਂ ਅਤੇ ਲੋਕਾਂ ਦੀ ਤਸੱਲੀ ਨਾਲ ਹੀ ਛੁੱਟਦੀ ਸੀ। ਲੋਕਾਂ ਨੂੰ ਵੀ ਕੁਸ਼ਤੀ ਦਾ ਮਜ਼ਾ ਤਦ ਹੀ ਆਉਂਦਾ ਸੀ, ਜੇ ਕੁਸ਼ਤੀ ਕਾਂਟੇ ਦੀ ਹੋਵੇ। ਰਲ ਕੇ ਘੁਲਣ ਵਾਲਿਆਂ ਨੂੰ ਲੋਕ ਝੱਟ ਤਾੜ ਜਾਂਦੇ ਸਨ ਤੇ ਉਨ੍ਹਾਂ ਦੇ ਪੱਲੇ ਫਿਟਕਾਰਾਂ ਹੀ ਪੈਂਦੀਆਂ ਸਨ...।

ਇਕ ਵਾਰ ਦੀ ਗੱਲ ਹੈ, ਕਰਤਾਰ ਨਵਾਂ-ਨਵਾਂ ਹੀ ਸਬਜ਼ੀ ਮੰਡੀ ਦਿੱਲੀ ਗੁਰੂ ਹਨੂਮਾਨ ਦੇ ਅਖਾੜੇ ਵਿਚ ਗਿਆ ਸੀ। ਇਕ ਦਿਨ ਗੁਰੂ ਜੀ ਦੀ ਗੈਰ-ਹਾਜ਼ਰੀ ਦਾ ਲਾਭ ਲੈ ਕੇ ਸੁਖਚੈਨ ਅਤੇ ਕਰਤਾਰ ਹੋਰਾਂ ਨੇ ਫਿਲਮ ਵੇਖਣ ਦਾ ਪ੍ਰੋਗਰਾਮ ਬਣਾਇਆ ਤੇ ਛੇਤੀ-ਛੇਤੀ ਕਰਤਾਰ ਨੂੰ ਟਿਕਟਾਂ ਖਰੀਦ ਕੇ ਲਿਆਉਣ ਦਾ ਆਦੇਸ਼ ਦਿੱਤਾ। ਕਰਤਾਰ ਗਿਆ ਤੇ ਜਾ ਕੇ ਲਾਈਨ ਵਿਚ ਲੱਗ ਗਿਆ। ਵਾਰੀ ਆਉਣ 'ਤੇ ਉਸ ਨੇ ਪੈਸਿਆਂ ਸਮੇਤ ਬਾਂਹ ਖਿੜਕੀ ਦੇ ਅੰਦਰ ਕੀਤੀ ਅਤੇ ਬਾਲਕੋਨੀ ਦੀਆਂ ਪੰਜ ਟਿਕਟਾਂ ਮੰਗੀਆਂ।

"ਭਾਈ ਸਾਹਿਬ ਯਹਾਂ ਪਰ ਅੰਮ੍ਰਿਤਸਰ ਕੀ ਟਿਕਟੇਂ ਮਿਲਤੀ ਹੈਂ, ਬਾਲਕੋਨੀ ਕੀ ਨਹੀਂ" ਅੰਦਰੋਂ ਅਵਾਜ਼ ਦੇ ਨਾਲ ਹੀ ਪੈਸੇ ਬਾਹਰ ਮੁੜ ਆਏ। ਅਸਲ ਵਿਚ ਕਰਤਾਰ ਸਬਜ਼ੀ ਮੰਡੀ ਰੇਲਵੇ ਸਟੇਸ਼ਨ 'ਤੇ ਟਿਕਟਾਂ ਲੈਣ ਲਈ ਲੱਗੀ ਲਾਈਨ ਵਿਚ ਆ ਖੜੋਤਾ ਸੀ...!

ਇਕ ਵਾਰ ਗੁਰੂ ਜੀ ਨੂੰ ਕਿਸੇ ਨੇ ਸ਼ੱਕ ਪਾ ਦਿੱਤਾ ਕਿ ਕਰਤਾਰ ਰਾਤ ਨੂੰ ਚੁੱਪ ਚਾਪ 'ਕਿਧਰੇ' ਖਿਸਕ ਜਾਂਦਾ ਹੈ। ਗੁਰੂ ਜੀ, ਜੋ ਸ਼ਿਸ਼ਾਂ ਦਾ ਹਰੇਕ ਪੱਖੋਂ ਧਿਆਨ ਰੱਖਦੇ ਸਨ ਅਤੇ ਉਨ੍ਹਾਂ ਨੂੰ ਕਰਤਾਰ ਦੇ 'ਕਿਧਰੇ' ਖਿਸਕਣ ਦੀ ਉਮੀਦ ਨਹੀਂ ਸੀ, ਅੰਦਰੇ-ਅੰਦਰ ਬੜੇ ਪ੍ਰੇਸ਼ਾਨ ਹੋਏ। ਉਨ੍ਹਾਂ ਕਰਤਾਰ ਨੂੰ ਕੁਝ ਨਹੀਂ ਕਿਹਾ, ਪਰ ਉਹਦੀ 'ਰਾਖੀ' ਰੱਖਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੀ ਪ੍ਰੇਸ਼ਾਨੀ ਹੋਰ ਵਧ ਗਈ, ਜਦੋਂ ਉਨ੍ਹਾਂ ਨੇ ਸੱਚੀਂ ਹੀ ਕਰਤਾਰ ਨੂੰ ਅੱਖ ਬਚਾ ਕੇ ਖਿਸਕਦਿਆਂ ਵੇਖਿਆ। ਉਹ ਵੀ ਦੱਬੇ ਪੈਰੀਂ, ਥੋੜ੍ਹੀ ਵਿੱਥ ਰੱਖ ਕੇ, ਉਹਦੇ ਪਿੱਛੇ-ਪਿੱਛੇ ਤੁਰ ਪਏ। ਕਰਤਾਰ ਰੋਜ਼ ਜਾਂਦਾ ਤੇ ਗੁਰੂ ਜੀ ਹਰ ਰੋਜ਼ ਹੀ ਪਿੱਛੇ-ਪਿੱਛੇ ਪੈੜ ਨੱਪਦੇ ਸੂਹ ਲਾਉਣ ਜਾਂਦੇ।

ਲਗਾਤਾਰ ਤਿੰਨ ਰਾਤਾਂ ਗੁਰੂ ਜੀ ਨੇ ਪਿੱਛੇ ਜਾ ਕੇ ਜਦੋਂ ਕਰਤਾਰ ਨੂੰ 'ਪੱਕੀ ਚੋਰੀ' ਕਰਦਿਆਂ ਵੇਖ ਲਿਆ ਤਾਂ ਉਨ੍ਹਾਂ ਨੇ ਦੂਜੇ ਮੁੰਡਿਆਂ ਨੂੰ ਕਿਹਾ ਕਿ ਅੱਜ ਉਹ ਉਨ੍ਹਾਂ ਦੇ ਨਾਲ ਜਾਣ। ਉਨ੍ਹਾਂ ਨੂੰ ਪਤਾ ਹੈ ਕਿ ਕਰਤਾਰ ਹਰ ਰੋਜ਼ ਕਿਥੇ ਜਾਂਦਾ ਹੈ! ਉਹ ਸਾਰੇ ਰਲ ਕੇ ਉਹਨੂੰ ਰੰਗੇ ਹੱਥੀਂ ਫੜਨਗੇ। ਮੁੰਡੇ ਬੜੇ ਉਤਸ਼ਾਹ ਨਾਲ ਗੁਰੂ ਜੀ ਦੇ ਪਿੱਛੇ-ਪਿੱਛੇ ਤੁਰ ਪਏ। ਅਜੀਬ ਖੁਤਖੁਤੀ ਤੇ ਜਗਿਆਸਾ ਸੀ ਦਿਲਾਂ ਵਿਚ। ਗੁਰੂ ਜੀ ਉਨ੍ਹਾਂ ਨੂੰ ਅਖਾੜੇ ਤੋਂ ਥੋੜ੍ਹੀ ਹੀ ਦੂਰ ਸਥਿਤ ਸਿੰਘ ਸਭਾ ਗੁਰਦੁਆਰੇ ਲੈ ਗਏ। ਮੱਥਾ ਟੇਕਿਆ ਤੇ ਫਿਰ ਗੁਰੂ ਦੀ ਹਜ਼ੂਰੀ ਵਿਚ ਅੱਖਾਂ ਮੀਚੀ ਬੈਠੇ ਕਰਤਾਰ ਨੂੰ ਕੀਰਤਨ ਸੁਣਦਿਆਂ ਵਿਖਾਇਆ। ਕਰਤਾਰ ਰੋਜ਼ ਇਥੇ ਹੀ ਆਉਂਦਾ ਸੀ...।

ਲਾਹੌਰ ਵਿਖੇ ਕੁਸ਼ਤੀਆਂ ਲੜਨ ਅਤੇ ਲਾਹੌਰ ਵੇਖਣ ਨਾਲੋਂ ਵੀ ਇਕ ਹੋਰ ਡੂੰਘੀ ਤਲਬ ਸੀ ਕਰਤਾਰ ਦੇ ਮਨ ਵਿਚ। ਪੰਜਾਬੀ ਕਿੱਸਾ-ਕਾਵਿ ਅਤੇ ਲੋਕ-ਕਹਾਣੀਆਂ ਵਿਚ ਪਹਿਲੀ ਨਜ਼ਰ ਦੀ ਮੁਹੱਬਤ ਦਾ ਜ਼ਿਕਰ ਵਾਰ-ਵਾਰ ਹੋਇਆ ਹੈ, ਪਰ ਕਈ ਕਹਾਣੀਆਂ ਅਜਿਹੀਆਂ ਵੀ ਹਨ, ਜਿਨ੍ਹਾਂ ਵਿਚ ਇਕ ਦੂਜੇ ਨੂੰ ਬਿਨਾ ਵੇਖਿਆਂ, ਇਕ ਦੂਜੇ ਦੀਆਂ ਗੱਲਾਂ ਸੁਣਦਿਆਂ ਹੀ ਮੁਹੱਬਤ ਭਰੇ ਦਿਲ ਇਕ-ਦੂਜੇ ਨੂੰ ਮਿਲਣ ਦੀ ਤਾਂਘ ਲਈ ਅੰਗੜਾਈਆਂ ਭਰਦੇ ਰਹਿੰਦੇ ਹਨ। ਅਜਿਹੀ ਮੁਹੱਬਤ ਦਾ ਰਿਸ਼ਤਾ ਆਮ ਤੌਰ ਉਤੇ ਬਹਾਦਰ ਤੇ ਸੋਹਣੇ ਨੌਜੁਆਨ ਅਤੇ ਸੋਹਣੀ ਮੁਟਿਆਰ ਦਰਮਿਆਨ ਹੁੰਦਾ ਸੀ।

ਕਰਤਾਰ ਦੇ ਸਬੰਧ ਵਿਚ ਵੀ ਗੱਲ ਤਾਂ ਕੁਝ ਇਸ ਤਰ੍ਹਾਂ ਦੀ ਹੀ ਸੀ। ਉਹ ਵੀ ਲਾਹੌਰ ਵਿਚ ਰਹਿੰਦੇ ਆਪਣੇ ਅਣਦੇਖੇ ਸੱਜਣ ਨੂੰ ਮਿਲਣ ਲਈ ਕਾਹਲਾ ਸੀ, ਪਰ ਉਹ ਸੱਜਣ ਕੋਈ ਖੂਬਸੂਰਤ ਮੁਟਿਆਰ ਨਹੀਂ ਸੀ, ਉਹ ਤਾਂ ਲਾਹੌਰ ਸ਼ਹਿਰ ਦਾ ਪ੍ਰਸਿੱਧ ਟਰਾਂਸਪੋਰਟਰ ਅਤੇ ਭਲਵਾਨ ਸੀ। ਜਿਸ ਨੂੰ ਲੋਕ 'ਵਹੀ ਭਲਵਾਨ' ਆਖ ਕੇ ਬੁਲਾਉਂਦੇ ਸਨ। ਕਰਤਾਰ ਦਾ ਇਕ ਦੋਸਤ ਬਲਬੀਰ ਇੰਗਲੈਂਡ ਵਿਚ ਰਹਿੰਦਾ ਸੀ। ਉਥੇ ਹੀ ਉਸ ਦਾ ਵਹੀ ਭਲਵਾਨ ਨਾਲ ਮੇਲ ਹੋਇਆ। 'ਵਹੀ ਭਲਵਾਨ' ਨੂੰ ਵੇਖਦਿਆਂ ਹੀ ਬਲਬੀਰ ਹੈਰਾਨ ਹੋ ਗਿਆ। ਉਹ ਤਾਂ ਨਿਰਾ-ਪੁਰਾ ਕਰਤਾਰ ਸੀ। ਉਸ ਤਰ੍ਹਾਂ ਹੀ ਸੋਹਣਾ ਸੁਤਰਿਆ ਮਨ ਮੋਹਦਾ ਜਾਨਦਾਰ ਜੁੱਸਾ। ਓਨਾ ਹੀ ਉੱਚਾ-ਲੰਮਾ ਕੱਦ-ਬੁੱਤ। ਉਂਜ ਹੀ ਇਕ ਦੂਜੇ ਨਾਲ ਮਿਲਦਾ-ਜੁਲਦਾ ਚਿਹਰਾ ਅਤੇ ਨੈਣ-ਨਕਸ਼। ਬਿਲਕੁਲ ਕਰਤਾਰ ਦੀ ਕਾਰਬਨ ਕਾਪੀ...।

ਕਰਤਾਰ ਸਿੰਘ ਬਚਪਨ ਦੇ ਦਿਨਾਂ ਵਿਚ ਗਾਉਣ ਦਾ ਸ਼ੌਕੀਨ ਵੀ ਸੀ। ਕਦੀ ਸਾਥੀਆਂ ਦੇ ਇਕੱਠ ਵਿਚ, ਕਦੀ ਪਿੰਡ ਦੇ 'ਚੰਡੀਗੜ੍ਹ' ਵਿਚ ਬਜੁਰਗਾਂ ਦੀ ਹੱਲਾਸ਼ੇਰੀ ਨਾਲ ਤੇ ਕਦੀ ਡੰਗਰ ਚਾਰਦਿਆਂ ਮੋੜੇ ਲਾਉਣ ਤੋਂ ਮਿਲੀ ਵਿਹਲ ਵਿਚ। ਜਿਹੜੀ ਕਵਿਤਾ ਉਹ ਪੂਰੀ ਤਰੰਗ ਵਿਚ ਗਾਇਆ ਕਰਦਾ ਸੀ, ਉਹੋ ਕਵਿਤਾ ਅੱਜ ਇਸ ਪੁਸਤਕ ਦੇ ਪੰਨਿਆਂ ਉਤੇ ਵੀ ਗੂੰਜਣਾ ਚਾਹੁੰਦੀ ਹੈ। ਲਓ ਸੁਣੋ,

ਰੂੜੀ ਮਾਰਕਾ ਗਟਾ-ਗਟ ਪੀ ਕੇ
ਆ ਗਿਆ ਸਰੂਰ ਵਿਚ ਜੀ,
ਵਿਚ ਸੱਥ ਦੇ ਚਾਂਗਰਾਂ ਮਾਰੇ
ਵੈਰੀਆਂ ਨੂੰ ਕੱਢੇ ਗਾਲ੍ਹੀਆਂ,
ਅੱਗੋਂ ਵੈਰੀਆਂ ਬਰਛੀਆਂ ਲਾਈਆਂ
ਖੂਨ ਇਕ ਝੱਟ ਹੋ ਗਿਆ,
ਨੰਬਰਦਾਰ ਨੇ ਥਾਣੇ ਜਾ ਦੱਸਿਆ
ਥਾਣੇਦਾਰ ਝੱਟ ਆ ਗਿਆ,
ਪੈਰੀਂ ਬੇੜੀਆਂ ਹੱਥੀਂ ਹੱਥਕੜੀਆਂ
ਜੇਲ੍ਹ ਵਿਚ ਜਾ ਸੁੱਟਿਆ,
ਵਿਚ ਜੇਲ੍ਹ ਦੇ ਹੋਸ਼ ਫਿਰ ਕੀਤੀ
ਕੈਦ ਬੋਲੀ ਦਸ ਸਾਲ ਦੀ,
ਪੈਲੀ ਵੇਚ ਕੇ ਮੁਕੱਦਮਾ ਕੀਤਾ
ਥਾਂ ਸਾਰਾ ਗਹਿਣੇ ਪੈ ਗਿਆ,
ਧੀਆਂ-ਪੁੱਤ ਗਲੀਆਂ ਵਿਚ ਰੁਲ ਗਏ
ਨਾਰ ਤੇਰੀ ਰੋਂਦੀ ਫਿਰੇ।
ਤਾਰਿਆ! ਤਾਰਿਆ!!
ਤੇਰੀਆਂ ਸ਼ਰਾਬਾਂ ਨੇ ਚੰਦ ਚਾੜ੍ਹਿਆ...।

ਕਰਤਾਰ ਭਲਵਾਨ ਦੀ ਜੀਵਨੀ ਦੱਸਦੀ ਹੈ ਕਿ ਕਿਵੇਂ ਦ੍ਰਿੜ ਇਰਾਦੇ ਨਾਲ ਮੰਜ਼ਿਲ ਵੱਲ ਵਧਦੇ ਹੋਏ ਆਮ ਘਰਾਂ ਦੇ ਬੱਚੇ ਵੀ ਲਾਸਾਨੀ ਪ੍ਰਾਪਤੀਆਂ ਕਰ ਸਕਦੇ ਹਨ। ਆਮ ਜੱਟਾਂ ਦੇ ਪੁੱਤ ਨੇ ਆਪਣੀ ਮਿਹਨਤ, ਲਗਨ, ਸਿਰੜ, ਸਿਦਕ ਤੇ ਸਾਧਨਾ ਨਾਲ ਇਹ ਸਾਬਤ ਕੀਤਾ ਹੈ ਕਿ ਬੰਦਾ ਤਨੋਂ, ਮਨੋਂ ਦ੍ਰਿੜ ਸੰਕਲਪ ਕਰ ਕੇ ਤੁਰ ਪਵੇ ਤਾਂ ਰਾਹ ਵਿਚਲੀ ਕੋਈ ਵੀ 'ਅਟਕ' ਉਸ ਨੂੰ ਅਟਕਾ ਨਹੀਂ ਸਕਦੀ। ਉਸ ਲਈ ਕੁਝ ਵੀ ਅਪਹੁੰਚ ਨਹੀਂ ਹੁੰਦਾ। ਨਸ਼ਿਆਂ ਵਿਚ ਗਰਕਦੀ ਜਾ ਰਹੀ ਜਵਾਨੀ ਲਈ ਇਸ ਕਿਤਾਬ ਦਾ ਪਾਠ ਚਾਨਣ-ਮੁਨਾਰੇ ਦਾ ਕੰਮ ਕਰੇਗਾ। ਨਵੇਂ ਉਭਰਦੇ ਖਿਡਾਰੀਆਂ ਲਈ ਤਾਂ ਕਰਤਾਰ ਦਾ ਜੀਵਨ ਪ੍ਰੇਰਨਾ ਦੀ ਮਿਸਾਲ ਹੈ ਹੀ। ਇਸ ਜੀਵਨੀ ਨੂੰ ਪੜ੍ਹਦਿਆਂ ਆਮ ਪੰਜਾਬੀ ਪਾਠਕ ਇਸ ਵਿਚੋਂ ਪੰਜਾਬੀ ਸਭਿਆਚਾਰ ਦੀਆਂ ਰਸਦਾਇਕ ਤੇ ਪ੍ਰੇਰਨਾਦਾਇਕ ਝਾਕੀਆਂ ਦਾ ਵੀ ਅਨੰਦ ਲੈ ਸਕਣਗੇ।

ਇਹ ਪੁਸਤਕ ਲਿਖ ਕੇ ਕਹਾਣੀਆਂ ਦੇ ਚੈਂਪੀਅਨ ਵਰਿਆਮ ਸਿੰਘ ਸੰਧੂ ਨੇ ਖੇਡ ਸਾਹਿਤ ਵਿਚ ਵੀ ਝੰਡੀ ਕਰ ਦਿੱਤੀ ਹੈ, ਪਈ ਆਵੇ ਕੋਈ ਨਿੱਤਰੇ!

*ਇਕ ਵਾਰ ਦੀ ਗੱਲ ਹੈ, ਕਰਤਾਰ ਨਵਾਂ-ਨਵਾਂ ਹੀ ਸਬਜ਼ੀ ਮੰਡੀ ਦਿੱਲੀ ਗੁਰੂ ਹਨੂਮਾਨ ਦੇ ਅਖਾੜੇ ਵਿਚ ਗਿਆ ਸੀ। ਇਕ ਦਿਨ ਗੁਰੂ ਜੀ ਦੀ ਗੈਰ-ਹਾਜ਼ਰੀ ਦਾ ਲਾਭ ਲੈ ਕੇ ਸੁਖਚੈਨ ਅਤੇ ਕਰਤਾਰ ਹੋਰਾਂ ਨੇ ਫਿਲਮ ਵੇਖਣ ਦਾ ਪ੍ਰੋਗਰਾਮ ਬਣਾਇਆ ਤੇ ਛੇਤੀ-ਛੇਤੀ ਕਰਤਾਰ ਨੂੰ ਟਿਕਟਾਂ ਖਰੀਦ ਕੇ ਲਿਆਉਣ ਦਾ ਆਦੇਸ਼ ਦਿੱਤਾ। ਕਰਤਾਰ ਗਿਆ ਤੇ ਜਾ ਕੇ ਲਾਈਨ ਵਿਚ ਲੱਗ ਗਿਆ। ਵਾਰੀ ਆਉਣ 'ਤੇ ਉਸ ਨੇ ਪੈਸਿਆਂ ਸਮੇਤ ਬਾਂਹ ਖਿੜਕੀ ਦੇ ਅੰਦਰ ਕੀਤੀ ਅਤੇ ਬਾਲਕੋਨੀ ਦੀਆਂ ਪੰਜ ਟਿਕਟਾਂ ਮੰਗੀਆਂ। "ਭਾਈ ਸਾਹਿਬ ਯਹਾਂ ਪਰ ਅੰਮ੍ਰਿਤਸਰ ਕੀ ਟਿਕਟੇਂ ਮਿਲਤੀ ਹੈਂ, ਬਾਲਕੋਨੀ ਕੀ ਨਹੀਂ" ਅੰਦਰੋਂ ਅਵਾਜ਼ ਦੇ ਨਾਲ ਹੀ ਪੈਸੇ ਬਾਹਰ ਮੁੜ ਆਏ। ਅਸਲ ਵਿਚ ਕਰਤਾਰ ਸਬਜ਼ੀ ਮੰਡੀ ਰੇਲਵੇ ਸਟੇਸ਼ਨ 'ਤੇ ਟਿਕਟਾਂ ਲੈਣ ਲਈ ਲੱਗੀ ਲਾਈਨ ਵਿਚ ਆ ਖੜੋਤਾ ਸੀ... !*

## ਰਾਜਸਥਾਨੀ ਲੋਕ ਕਹਾਣੀਆਂ-7




**ਵਿਜੇਦਾਨ ਦੇਥਾ**
ਅਨੁਵਾਦ: ਡਾ. ਹਰਪਾਲ ਸਿੰਘ ਪੰਨੂ
ਫੋਨ: +91-94642 51454

# ਕੀੜੀ ਦੀ ਕਰਾਮਾਤ

***ਵਿਜੇਦਾਨ ਦੇਥਾ (ਪਹਿਲੀ ਸਤੰਬਰ 1926-10 ਨਵੰਬਰ 2013) ਰਾਜਸਥਾਨੀ ਲੋਕਧਾਰਾ ਦਾ ਬੜਾ ਅਹਿਮ ਨਾਂ ਹੈ। ਉਹਨੇ ਰਾਜਸਥਾਨੀ ਲੋਕ ਕਹਾਣੀਆਂ ਇਕੱਠੀਆਂ ਕੀਤੀਆਂ। ਇਸ ਤੋਂ ਇਲਾਵਾ ਮੌਲਿਕ ਕਹਾਣੀ ਦੀ ਰਚਨਾ ਵੀ ਕੀਤੀ। ਡਾ. ਹਰਪਾਲ ਸਿੰਘ ਪੰਨੂ ਨੇ ਉਸ ਦੀਆਂ ਇਕੱਠੀਆਂ ਕੀਤੀਆਂ ਰਾਜਸਥਾਨੀ ਲੋਕ ਕਹਾਣੀਆਂ ਨੂੰ ਪੰਜਾਬੀ ਰੂਪ ਦਿੱਤਾ ਹੈ। ਇਸ ਵਾਰ 'ਕੀੜੀ ਦੀ ਕਰਾਮਾਤ' ਨਾਂ ਦੀ ਲੋਕ ਕਹਾਣੀ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। -ਸੰਪਾਦਕ***

ਇੱਕ ਸੀ ਚਿੜੀ ਤੇ ਇੱਕ ਸੀ ਕਾਂ। ਇੱਕ ਦਿਨ ਦੋਵੇਂ ਚੋਗਾ ਚੁਗਣ ਵਾਸਤੇ ਇਕੱਠੇ ਉਡੇ। ਉਡਦੇ-ਉਡਦੇ ਸਮੁੰਦਰ ਕਿਨਾਰੇ ਅੱਪੜੇ। ਉਥੇ ਚਿੜੀ ਨੂੰ ਲੱਭ ਗਿਆ ਮੋਤੀ ਅਤੇ ਕਾਂ ਨੂੰ ਲੱਭ ਗਿਆ ਲਾਲ। ਚਿੜੀ ਕਹਿੰਦੀ, ਮੇਰਾ ਮੋਤੀ ਵੱਧ ਕੀਮਤੀ ਹੈ; ਕਾਂ ਕਹਿੰਦਾ, ਮੇਰਾ ਲਾਲ ਵੱਧ ਮਹਿੰਗਾ ਹੈ। ਦੋਵੇਂ ਜਣੇ ਜੌਹਰੀ ਕੋਲ ਪਰਖ ਕਰਵਾਉਣ ਵਾਸਤੇ ਗਏ। ਜੌਹਰੀ ਨੇ ਪਹਿਲਾਂ ਲਾਲ ਪਰਖਿਆ, ਫਿਰ ਮੋਤੀ। ਲਾਲ ਦੀ ਕੀਮਤ ਦੱਸੀ ਲੱਖ ਰੁਪਿਆ ਅਤੇ ਮੋਤੀ ਦੀ ਸਵਾ ਲੱਖ। ਕਾਂ ਦੇ ਮਨ ਵਿਚ ਬੇਈਮਾਨੀ ਆ ਗਈ; ਬੋਲਿਆ-ਚਿੜੀ ਭੈਣ ਆਪਣਾ ਮੋਤੀ ਤਾਂ ਦਿਖਾ ਜ਼ਰਾ! ਚਿੜੀ ਸੀ ਵਿਚਾਰੀ ਆਲੀ ਭੋਲੀ, ਮਾਸੂਮ। ਮੋਤੀ ਝੱਟ ਕਾਂ ਸਾਹਮਣੇ ਰੱਖ ਦਿੱਤਾ। ਕਾਂ ਨੇ ਕੜੱਕ ਚੁੰਜ ਵਿਚ ਮੋਤੀ ਫੜਿਆ ਤੇ ਉਡ ਗਿਆ। ਉਡਦਾ-ਉਡਦਾ ਪਿੱਪਲ ਦੇ ਦਰਖਤ ਉਪਰ ਜਾ ਬੈਠਿਆ। ਚਿੜੀ ਵੀ ਪਿੱਛੇ-ਪਿੱਛੇ ਉਡ ਕੇ ਆ ਗਈ। ਆ ਕੇ ਕਿਹਾ-ਕਾਂ ਭਾਈ, ਮੇਰਾ ਮੋਤੀ ਮੈਨੂੰ ਦੇ ਦੇ। ਕਾਂ ਕਹਿੰਦਾ-ਦਫਾ ਹੋ ਇਥੋਂ। ਮੈਂ ਤੇਰਾ ਮੋਤੀ ਕਦ ਲਿਐ? ਚਿੜੀ ਨੇ ਕਾਂ ਦੀਆਂ ਬੜੀਆਂ ਮਿੰਨਤਾਂ ਕੀਤੀਆਂ, ਹੱਥ ਬੰਨ੍ਹੇ ਪਰ ਕਾਂ ਨੇ ਕਿੱਥੇ ਮੰਨਣਾ ਸੀ? ਨਾ ਮੋਤੀ ਦੇਣਾ ਸੀ, ਨਾ ਦਿੱਤਾ। ਦੁਖੀ ਹੋ ਕੇ ਚਿੜੀ ਨੇ ਪਿੱਪਲ ਨੂੰ ਕਿਹਾ-ਪਿੱਪਲ ਓ ਪਿੱਪਲ, ਇਹੋ ਜਿਹੇ ਮਾੜੇ ਕਾਂ ਨੂੰ ਤੂੰ ਆਪਣੇ ਉਪਰ ਕਿਉਂ ਬੈਠਣ ਦਿੰਨੈਂ? ਉਡਾ ਦੇ ਇਸ ਨੂੰ।

ਪਿੱਪਲ ਨੇ ਪੱਤਿਆਂ ਦੀ ਖੜ-ਖੜ ਵਿਚ ਜਵਾਬ ਦਿੱਤਾ-ਮੈਂ ਕਿਉਂ ਉਡਾਵਾਂ ਕਾਂ ਨੂੰ ਭਲਾ? ਮੇਰਾ ਕੀ ਵਿਗਾੜਿਆ ਹੈ ਇਸ ਨੇ? ਦੁਖੀ ਹੋ ਕੇ ਉਡਦੀ-ਉਡਦੀ ਚਿੜੀ ਤਰਖਾਣ ਕੋਲ ਗਈ। ਜਾ ਕੇ ਕਹਿੰਦੀ-ਮਿਸਤਰੀ ਜੀ, ਪਿੱਪਲ ਮੇਰੀ ਗੱਲ ਨੀ ਮੰਨਦਾ, ਪਿੱਪਲ ਵੱਢ ਦੇ।

ਤਰਖਾਣ ਕਹਿੰਦਾ-ਪਿੱਪਲ ਨੇ ਮੇਰਾ ਕੀ ਵਿਗਾੜਿਆ ਹੈ ਜੋ ਮੈਂ ਪਿੱਪਲ ਵੱਢਾਂ? ਮੈਂ ਕੋਈ ਵਿਹਲਾ ਬੈਠਾਂ?

ਚਿੜੀ ਰਾਜੇ ਦੇ ਮਹਿਲ ਪੁੱਜੀ ਤੇ ਰਾਜੇ ਨੂੰ ਕਿਹਾ-ਮਿਸਤਰੀ ਮੇਰਾ ਕੰਮ ਨਹੀਂ ਕਰਦਾ ਮਹਾਰਾਜ! ਉਸ ਨੂੰ ਸਜ਼ਾ ਦਿਓ। ਰਾਜੇ ਨੇ ਕਿਹਾ-ਕੋਈ ਸ਼ਿਕਾਇਤ ਨਹੀਂ ਆਈ ਮੇਰੇ ਕੋਲ ਮਿਸਤਰੀ ਦੀ, ਕੇਵਲ ਤੇਰੀ ਗੱਲ ਸੁਣ ਕੇ ਸਜ਼ਾ ਦੇ ਦਿਆਂ, ਇਹ ਕੀ ਇਨਸਾਫ ਹੋਇਆ? ਦਫਾ ਹੋ, ਸਮਾਂ ਜ਼ਾਇਆ ਨਾ ਕਰ।

ਉਡਦੀ-ਉਡਦੀ ਚਿੜੀ ਰਾਣੀ ਦੇ ਮਹਿਲ ਵਿਚ ਗਈ। ਰਾਣੀ ਨੂੰ ਕਿਹਾ-ਮਹਾਰਾਣੀ ਜੀ! ਰਾਜਾ ਮੇਰਾ ਆਖਾ ਨਹੀਂ ਮੰਨਦਾ। ਤੁਸੀਂ ਰਾਜੇ ਨਾਲ ਰੁੱਸ ਜਾਉ।

ਰਾਣੀ ਨੇ ਕਿਹਾ-ਕਿਉਂ ਰੁੱਸਾਂ? ਰਾਜੇ ਨੇ ਮੇਰਾ ਕੀ ਵਿਗਾੜਿਆ ਹੈ?

ਉਡਦੀ-ਉਡਦੀ ਚਿੜੀ ਚੂਹਿਆਂ ਕੋਲ ਗਈ। ਚੂਹਿਆਂ ਨੂੰ ਕਿਹਾ-ਚੂਹੇ ਭਾਈਓ! ਮੇਰਾ ਕਹਿਣਾ ਮੰਨ ਕੇ ਰਾਣੀ ਦੀਆਂ ਪੁਸ਼ਾਕਾਂ ਕੁਤਰ ਦਿਉ!

ਚੂਹਿਆਂ ਨੇ ਕਿਹਾ-ਰਾਣੀ ਨੇ ਸਾਡਾ ਕੀ ਨੁਕਸਾਨ ਕੀਤਾ ਕਿ ਅਸੀਂ ਉਸ ਦੇ ਲਿਬਾਸ ਕੁਤਰੀਏ?

ਚਿੜੀ ਉਡਦੀ-ਉਡਦੀ ਬਿੱਲੀ ਕੋਲ ਗਈ! ਬਿੱਲੀ ਨੂੰ ਕਿਹਾ-ਬਿੱਲੀ ਮਾਸੀ! ਥੋੜ੍ਹੀ ਖੇਚਲ ਕਰ ਤੇ ਚੂਹਿਆਂ ਨੂੰ ਖਾ ਜਾ!

ਬਿੱਲੀ ਨੇ ਕਿਹਾ-ਮੇਰਾ ਕੀ ਨੁਕਸਾਨ ਕੀਤਾ ਚੂਹਿਆਂ ਨੇ ਜੋ ਮੈਂ ਖਾਵਾਂ? ਚਲੀ ਜਾਹ।

ਉਡਦੀ-ਉਡਦੀ ਚਿੜੀ ਕੁੱਤਿਆਂ ਕੋਲ ਗਈ। ਕਿਹਾ-ਕੁੱਤਿਓ ਭਾਈਓ! ਬਿੱਲੀ ਨੂੰ ਵੱਢੋ।

ਕੁੱਤੇ ਕਹਿੰਦੇ-ਅਸੀਂ ਬਿੱਲੀ ਨੂੰ ਕਿਉਂ ਵੱਢੀਏ? ਸਾਡੀ ਕਾਹਦੀ ਦੁਸ਼ਮਣੀ?

ਚਿੜੀ ਉਡਦੀ-ਉਡਦੀ ਸੋਟੀਆਂ ਕੋਲ ਗਈ। ਕਹਿੰਦੀ-ਸੋਟੀਓ! ਤੁਸੀਂ ਕੁੱਤਿਆਂ ਨੂੰ ਕੁੱਟੋ।

ਸੋਟੀਆਂ ਕਹਿੰਦੀਆਂ-ਅਸੀਂ ਕੁੱਤਿਆਂ ਨੂੰ ਕਿਉਂ ਕੁੱਟੀਏ? ਸਾਡੀ ਉਨ੍ਹਾਂ ਨਾਲ ਕੀ ਦੁਸ਼ਮਣੀ?

ਫਿਰ ਚਿੜੀ ਅੱਗ ਕੋਲ ਗਈ, ਬੇਨਤੀ ਕੀਤੀ-ਅਗਨੀ ਦੇਵ! ਸੋਟੀਆਂ ਮੇਰਾ ਕਿਹਾ ਨਹੀਂ ਮੰਨਦੀਆਂ, ਤੂੰ ਸੋਟੀਆਂ ਨੂੰ ਜਲਾ ਦੇ!



ਅੱਗ ਨੇ ਕਿਹਾ-ਕਿਉਂ, ਸੋਟੀਆਂ ਨਾਲ ਮੇਰਾ ਕੀ ਵੈਰ? ਮੈਂ ਕਿਉਂ ਜਲਾਵਾਂ?

ਚਿੜੀ ਉਡਦੀ-ਉਡਦੀ ਫਿਰ ਤਲਾਬ ਕੋਲ ਗਈ। ਕਿਹਾ-ਤਲਾਬ ਵੀਰ! ਮੇਰਾ ਆਖਾ ਮੰਨ ਕੇ ਅੱਗ ਬੁਝਾ ਦੇ ਇੱਕ ਵਾਰ?

ਤਲਾਬ ਨੇ ਕਿਹਾ-ਅੱਗ ਨਾਲ ਮੇਰਾ ਕੀ ਵੈਰ, ਤੇ ਤੇਰੇ ਨਾਲ ਮੇਰਾ ਕੀ ਲਾਗਾ-ਦੇਗਾ? ਮੈਂ ਕਿਉਂ ਅੱਗ ਬੁਝਾਵਾਂ?

ਚਿੜੀ ਫਿਰ ਉਡਦੀ-ਉਡਦੀ ਹਾਥੀਆਂ ਕੋਲ ਗਈ। ਕਿਹਾ-ਹਾਥੀਓ! ਤਲਾਬ ਵਿਚ ਵੜ ਕੇ ਤਲਾਬ ਦਾ ਪਾਣੀ ਗੰਧਲਾ ਕਰ ਦਿਉ।

ਹਾਥੀਆਂ ਨੇ ਕਿਹਾ-ਕਿਉਂ, ਅਸੀਂ ਕਿਉਂ ਗੰਧਲਾਈਏ ਤਲਾਬ ਦਾ ਪਾਣੀ?

ਉਡਦੀ-ਉਡਦੀ ਚਿੜੀ ਥੱਕ ਗਈ। ਆਖਰ ਕੀੜੀ ਕੋਲ ਗਈ। ਕੀੜੀ ਨੂੰ ਆਪਣੀ ਸਾਰੀ ਦਰਦ ਭਰੀ ਕਹਾਣੀ ਸੁਣਾਈ ਤੇ ਕਿਹਾ-ਜੇ ਤੂੰ ਹਾਥੀ ਦੇ ਕੰਨ ਵਿਚ ਵੜ ਕੇ ਦੰਦੀ ਵੱਢੇਂ ਤਾਂ ਹਾਥੀ ਮੇਰੀ ਗੱਲ ਮੰਨੇਗਾ, ਨਹੀਂ ਤਾਂ ਮੇਰੀ ਕਿਤੇ ਸੁਣਵਾਈ ਨਹੀਂ।

ਕੀੜੀ ਮੰਨ ਗਈ, ਕਹਿੰਦੀ-ਹੋਰ ਤੇਰੇ ਕਦ ਕੰਮ ਆਊਂਗੀ? ਦੁਖੀ ਦੀ ਬਾਂਹ ਫੜਨੀ ਤਾਂ ਮੇਰਾ ਧਰਮ ਹੈ। ਫਿਰ ਕਦ ਮੌਕਾ ਮਿਲੇਗਾ?

ਚਿੜੀ ਕਹਿੰਦੀ-ਫਿਰ ਦੇਰ ਕਿਸ ਗੱਲ ਦੀ? ਜਲਦੀ ਕਰ।

ਕੀੜੀ ਨੇ ਤਿਆਰ ਹੋਣ ਵਾਸਤੇ ਪਾਣੀ ਵਿਚ ਡੁਬਕੀ ਲਾ ਕੇ ਇਸ਼ਨਾਨ ਕੀਤਾ। ਕੇਸ ਧੋਤੇ। ਗੁੱਤ ਕੀਤੀ। ਮੱਥੇ ਉਪਰ ਬਿੰਦੀ ਲਾਈ। ਸੁਰਮਾ ਪਾਇਆ ਤੇ ਸੋਲਾਂ ਸ਼ਿੰਗਾਰ ਕਰ ਕੇ ਛਮਛਮ ਕਰਦੀ ਹਾਥੀ ਦੇ ਕੰਨ 'ਚ ਵੜ ਕੇ ਦੰਦੀ ਵੱਢਣ ਵਾਸਤੇ ਤੁਰ ਪਈ।

ਕੀੜੀ ਨੂੰ ਆਪਣੇ ਵੱਲ ਆਉਂਦੀ ਦੇਖ ਕੇ ਹਾਥੀ ਥਰਥਰ ਕੰਬਣ ਲੱਗਾ।

ਮਿੰਨਤਾਂ ਕਰਨ ਲੱਗਾ, ਨਾ ਕੀੜੀ ਭੈਣ! ਮੇਰੇ ਕੰਨ ਵੱਲ ਨਾ ਆ। ਦੱਸ ਮੈਂ ਤੇਰੀ ਕੀ ਸੇਵਾ ਕਰ ਸਕਦਾਂ?

ਕੀੜੀ ਨੇ ਕਿਹਾ-ਜਦੋਂ ਤੈਨੂੰ ਚਿੜੀ ਨੇ ਪਾਣੀ ਗੰਧਲਾਣ ਲਈ ਕਿਹਾ ਸੀ, ਜਵਾਬ ਕਿਉਂ ਦਿੱਤਾ?

ਹਾਥੀ ਨੇ ਹੱਥ ਬੰਨ੍ਹ ਲਏ। ਕਿਹਾ-ਗਲਤੀ ਹੋ ਗਈ। ਹੁਣੇ ਜਾਨਾ, ਪਾਣੀ ਗੰਧਲਾ ਕਰ ਦਿੰਨਾ।

ਹਾਥੀ ਸਰੋਵਰ ਕਿਨਾਰੇ ਗਿਆ, ਸਰੋਵਰ ਲੱਗਾ ਮਿੰਨਤਾਂ ਕਰਨ। ਹਾਥੀ ਭਾਈ! ਮੈਨੂੰ ਗੰਧਲਾ ਨਾ ਕਰ। ਮੈਂ ਹੁਣੇ ਅੱਗ ਬੁਝਾ ਦਿੰਨਾ।

ਅੱਗ ਬੋਲੀ-ਲਿਆਉ ਲਾਠੀਆਂ, ਹੁਣੇ ਜਲਾ ਦਿੰਨੀ ਆਂ, ਮੈਨੂੰ ਕਾਹਨੂੰ ਬੁਝਾਉਂਦੇ ਹੋ? ਮੈਂ ਕਹਿਣਾ ਮੰਨ ਤਾਂ ਰਹੀ ਆਂ।

ਲਾਠੀਆਂ ਕਹਿਣ ਲੱਗੀਆਂ-ਦਿਖਾਓ ਕੁੱਤੇ ਕਿੱਥੇ ਨੇ, ਹੁਣੇ ਝੰਬ ਦਿੰਦੀਆਂ ਹਾਂ।

ਕੁੱਤੇ ਭੌਂਕਣ ਲੱਗੇ-ਬਿੱਲੀਆਂ ਸਾਡੀਆਂ ਕੋਈ ਮਾਸੀਆਂ ਲਗਦੀਆਂ ਨੇ? ਲਿਆਉ ਹੁਣੇ ਵੱਢਣ ਨੂੰ ਤਿਆਰ ਹਾਂ।

ਬਿੱਲੀਆਂ ਚੂਹੇ ਖਾਣ ਲਈ ਤਿਆਰ ਹੋ ਗਈਆਂ।

ਚੂਹਿਆਂ ਨੇ ਰਾਣੀ ਦੇ ਲਿਬਾਸ ਕੱਟਣ ਲਈ ਹਾਂ ਕਰ ਦਿੱਤੀ।

ਰਾਣੀ ਬੋਲੀ-ਕੱਪੜੇ ਕੁਤਰਵਾ ਕੇ ਰੁੱਸਣਾ ਕੋਈ ਰੁੱਸਣਾ ਹੋਇਆ? ਇੱਕ ਵਾਰ ਕਿਉਂ, ਹਜ਼ਾਰ ਵਾਰ ਰੁੱਸ ਜਾਨੀ ਆਂ।

ਰਾਜੇ ਨੇ ਕਿਹਾ-ਇਸ ਮਿਸਤਰੀ ਦੀਆਂ ਸ਼ਿਕਾਇਤਾਂ ਪਹਿਲਾਂ ਵੀ ਆਈਆਂ ਹੋਈਆਂ ਹਨ, ਹੁਣ ਤਾਂ ਸਜ਼ਾ ਦੇਣੀ ਹੀ ਦੇਣੀ ਹੈ।

ਮਿਸਤਰੀ ਨੇ ਕਿਹਾ-ਮੈਨੂੰ ਤਾਂ ਆਪ ਲੱਕੜ ਦੀ ਲੋੜ ਹੈ, ਦਿਖਾਉ ਕਿਹੜਾ ਹੰਕਾਰਿਆ ਹੋਇਆ ਪਿੱਪਲ ਹੈ ਤੇ ਕਿੱਥੇ ਹੈ।

ਪਿੱਪਲ ਨੇ ਕਿਹਾ-ਕਾਣਾ ਕਾਂ ਮੇਰਾ ਕੀ ਲਗਦੈ, ਕਦੀ ਨੀ ਬੈਠਣ ਦਿੰਦਾ ਅੱਗੇ ਤੋਂ।

ਕਾਂ ਫਿਰ ਕਾਂ-ਕਾਂ ਕਰ ਕੇ ਲੱਗਾ ਰੌਲਾ ਪਾਉਣ। ਮੈਂ ਆਲ੍ਹਣਾ ਪਾ ਕੇ ਕਿੱਥੇ ਆਰਾਮ ਕਰਿਆ ਕਰਾਂਗਾ? ਬੁਲਾਓ ਚਿੜੀ ਨੂੰ, ਉਸ ਦਾ ਮੋਤੀ ਮੇਰੇ ਕੋਲ ਹੈ, ਹੁਣੇ ਦੇ ਦਿੰਨਾ।

ਚਿੜੀ ਆ ਗਈ। ਗੁੱਸੇ ਨਾਲ ਕਾਂ ਨੂੰ ਕਿਹਾ-ਦੇ ਦੇ ਮੇਰਾ ਮੋਤੀ।

ਹੱਥ ਬੰਨ੍ਹ ਕੇ ਕਾਂ ਨੇ ਮੋਤੀ ਦੇ ਦਿੱਤਾ। ਸਵਾ ਲੱਖ ਦਾ ਮੋਤੀ ਲੈ ਕੇ ਚਿੜੀ ਆਲ੍ਹਣੇ ਵਿਚ ਆਪਣੇ ਬੱਚਿਆਂ ਕੋਲ ਗਈ। ਬੱਚੇ ਮੋਤੀ ਦੇਖ ਕੇ ਬੜੇ ਖੁਸ਼ ਹੋਏ। ਚਿੜੀ ਨੇ ਸਵਾ ਲੱਖ ਰੁਪਏ ਲੈ ਕੇ ਮੋਤੀ ਰਾਣੀ ਨੂੰ ਵੇਚ ਦਿੱਤਾ। ਇਨ੍ਹਾਂ ਪੈਸਿਆਂ ਨਾਲ ਪਿੱਪਲ ਉਪਰ ਸੋਨੇ ਦਾ ਮਹਿਲ ਬਣਵਾ ਕੇ ਚਿੜੀ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਵਿਚ ਰਹਿਣ ਲੱਗੀ।

ਇਸ ਰੌਲੇ-ਗੌਲੇ ਵਿਚ ਕਾਂ ਦਾ ਲਾਲ ਪਤਾ ਨਹੀਂ ਕਿਧਰ ਗੁੰਮ ਹੋ ਗਿਆ। ਉਸ ਨੇ ਧਿਆਨ ਤਾਂ ਮੋਤੀ ਵੱਲ ਕੀਤਾ ਹੋਇਆ ਸੀ। ਰੋਂਦਾ-ਰੋਂਦਾ ਥਾਂ-ਥਾਂ ਪੁਛਦਾ ਫਿਰੇ-ਕਿਸੇ ਨੇ ਮੇਰਾ ਲਾਲ ਦੇਖਿਆ ਹੋਵੇ, ਕਿਸੇ ਨੇ ਕਿਤੇ ਲਾਲ ਦੇਖਿਆ ਹੋਵੇ। ਕਿਸੇ ਨੇ ਗੱਲ ਨਹੀਂ ਸੁਣੀ। ਰੋਂਦਾ-ਰੋਂਦਾ ਕਾਣਾ ਕਾਂ ਮਰ ਗਿਆ।

---

# ਸਰਹੱਦਾਂ 'ਤੇ ਰੌਸ਼ਨੀ




**ਸੁਰਿੰਦਰ ਸਿੰਘ ਤੇਜ**

ਦੱਖਣ ਏਸ਼ਿਆਈ ਮਾਮਲਿਆਂ ਦੇ ਮਾਹਿਰ ਫਰਾਂਸੀਸੀ ਵਿਦਵਾਨ ਅਤੇ ਸਮਾਜ ਸ਼ਾਸਤਰੀ ਕ੍ਰਿਸਟੌਫ ਯਫਰਲੂ ਦੀ ਸੰਪਾਦਿਤ ਕਿਤਾਬ 'ਪਾਕਿਸਤਾਨ ਐਟ ਦਿ ਕਰੌਸਰੋਡਜ਼' (ਪਾਕਿਸਤਾਨ ਚੌਰਾਹੇ 'ਤੇ) ਪੜ੍ਹਦਿਆਂ ਪਾਕਿਸਤਾਨ ਦਾ ਮੌਜੂਦਾ ਸਰੂਪ ਵਿਗੜਨ ਜਾਂ ਮੁਲਕ ਦੀ ਨਵੀਂ ਟੁੱਟ-ਭੱਜ ਹੋਣ ਬਾਰੇ ਭਰਮ ਤੇ ਪ੍ਰਭਾਵ ਸਹਿਜੇ ਹੀ ਦੂਰ ਹੋ ਜਾਂਦੇ ਹਨ। ਪਾਕਿਸਤਾਨ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਦਾ ਇਸ ਕਿਤਾਬ ਵਿਚ ਖੁੱਲ੍ਹ ਕੇ ਜ਼ਿਕਰ ਕੀਤਾ ਗਿਆ ਹੈ, ਪਰ ਇਹ ਵੀ ਦਰਸਾਇਆ ਗਿਆ ਹੈ ਕਿ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਇਹ ਮੁਲਕ, ਆਲਮੀ ਪੱਧਰ 'ਤੇ ਆਪਣੀ ਵੁੱਕਤ ਬਰਕਰਾਰ ਰੱਖਣ ਦੇ ਸਮਰੱਥ ਹੈ। ਪਾਕਿਸਤਾਨੀ ਅਰਥਚਾਰੇ ਦੀਆਂ ਖੂਬੀਆਂ ਅਤੇ ਖਾਮੀਆਂ ਦਾ ਸਾਬਕਾ ਖਜ਼ਾਨਾ ਮੰਤਰੀ ਤੇ ਵਿਸ਼ਵ ਬੈਂਕ ਦੇ ਸਾਬਕਾ ਮੀਤ ਪ੍ਰਧਾਨ ਸ਼ਾਹਿਦ ਜਾਵੇਦ ਬਰਕੀ ਨੇ ਜੋ ਜਾਇਜ਼ਾ ਪੇਸ਼ ਕੀਤਾ ਹੈ, ਉਸ ਤੋਂ ਜ਼ਾਹਿਰ ਹੈ ਕਿ ਕੌਮੀ ਅਰਥਚਾਰਾ ਸੁਰਜੀਤੀ ਦੇ ਦੌਰ ਵਿਚ ਦਾਖਲ ਹੋ ਰਿਹਾ ਹੈ ਅਤੇ ਮੁਲਕ ਵਿਚ ਵਿਦੇਸ਼ੀ ਸਰਮਾਇਆਸਾਜ਼ੀ ਵੀ ਵਧ ਰਹੀ ਹੈ।

ਇਹ ਕਿਤਾਬ ਅਸਲ ਵਿਚ ਕੋਲੰਬੀਆ ਯੂਨੀਵਰਸਿਟੀ (ਅਮਰੀਕਾ) ਵਿਚ ਕਰਵਾਈਆਂ ਦੋ ਕਾਨਫਰੰਸਾਂ ਦੇ ਪਰਚਿਆਂ ਉਤੇ ਆਧਾਰਿਤ ਹੈ। ਇਸ ਵਿਚਲੇ ਲੇਖ ਬੁਨਿਆਦੀ ਤੌਰ 'ਤੇ ਪਾਕਿਸਤਾਨ ਦੇ ਆਰਥਿਕ, ਸਮਾਜਿਕ, ਸਿਆਸੀ ਅਤੇ ਅੰਦਰੂਨੀ-ਬਹਿਰੂਨੀ ਹਾਲਾਤ ਉਪਰ ਰੌਸ਼ਨੀ ਪਾਉਂਦੇ ਹਨ, ਫਿਰ ਵੀ ਇਨ੍ਹਾਂ ਵਿਚ ਭਾਰਤ-ਪਾਕਿਸਤਾਨ ਸਬੰਧਾਂ ਦੀਆਂ ਪੇਚੀਦਗੀਆਂ ਬਾਰੇ ਟਿੱਪਣੀਆਂ, ਟੋਟਕੇ ਤੇ ਹੋਰ ਬਹੁਤ ਕੁਝ ਮੌਜੂਦ ਹੈ। ਬਹੁਤੇ ਲੇਖ ਪਾਕਿਸਤਾਨੀ ਲੇਖਕਾਂ, ਅਕਾਦਮੀਸ਼ਨਾਂ ਅਤੇ ਸਮਾਲੋਚਕਾਂ ਦੇ ਹਨ, ਇਸ ਲਈ ਪਾਕਿਸਤਾਨੀ ਨਜ਼ਰੀਆ ਬਿਹਤਰ ਢੰਗ ਨਾਲ ਸਾਹਮਣੇ ਆਉਂਦਾ ਹੈ।

ਉਂਜ, ਇੱਕ ਪ੍ਰਭਾਵ ਜੋ ਵਾਰ-ਵਾਰ ਉਭਰਦਾ ਹੈ, ਉਹ ਹੈ ਕਿ ਕਿਸੇ ਨਵੀਂ ਟੁੱਟ-ਭੱਜ ਦਾ ਖਤਰਾ ਨਾ ਹੋਣ ਦੇ ਬਾਵਜੂਦ ਪਾਕਿਸਤਾਨ ਖੁਦ ਨੂੰ ਘਿਰਿਆ ਮਹਿਸੂਸ ਕਰਦਾ ਹੈ। ਇਹੋ ਮਾਨਸਿਕਤਾ ਦੋ ਗੁਆਂਢੀ ਮੁਲਕਾਂ-ਭਾਰਤ ਤੇ ਅਫਗਾਨਿਸਤਾਨ ਨਾਲ ਇਸ ਦੇ ਰਿਸ਼ਤੇ ਨੂੰ ਨਾਸਾਜ਼ ਬਣਾਉਣ ਵਿਚ ਮੁੱਖ ਭੂਮਿਕਾ ਨਿਭਾਉਂਦੀ ਆਈ ਹੈ ਅਤੇ ਹੁਣ ਵੀ ਨਿਭਾਅ ਰਹੀ ਹੈ। ਆਲਮੀ ਮਾਹਿਰ ਮੰਨਦੇ ਹਨ ਕਿ ਪਾਕਿਸਤਾਨ ਵਲੋਂ ਦਹਿਸ਼ਤਵਾਦੀ ਗੁੱਟਾਂ ਦੀ ਪਰਵਰਿਸ਼ ਬੰਦ ਨਾ ਕਰਨ ਪਿੱਛੇ ਇਹੀ ਮਾਨਸਿਕਤਾ ਕੰਮ ਕਰ ਰਹੀ ਹੈ; ਉਹ ਵੀ ਇਸ ਅਸਲੀਅਤ ਦੇ ਬਾਵਜੂਦ ਕਿ ਪਿਛਲੇ 9 ਸਾਲਾਂ ਦੌਰਾਨ ਉਸ ਨੂੰ ਖੁਦ ਇਨ੍ਹਾਂ ਦਹਿਸ਼ਤੀ ਗੁੱਟਾਂ ਹੱਥੋਂ ਭਾਰਤ ਦੀ ਬਨਿਸਬਤ ਕਿਤੇ ਵੱਧ ਜਾਨੀ ਤੇ ਮਾਲੀ ਨੁਕਸਾਨ ਉਠਾਉਣਾ ਪਿਆ ਹੈ। ਅਫਗਾਨਿਸਤਾਨ ਦੀ ਸਰਹੱਦ ਨਾਲ ਜੁੜੇ ਨੀਮ-ਖੁਦਮੁਖਤਾਰ ਕਬਾਇਲੀ ਖਿੱਤੇ (ਫਾਟਾ) ਤੇ ਵਜ਼ੀਰਿਸਤਾਨ ਵਿਚ ਪਾਕਿਸਤਾਨੀ ਫੌਜ ਵਲੋਂ ਜ਼ਰਬ-ਏ-ਅਜ਼ਬ ਨਾਂ ਹੇਠ ਸਫਾਇਆ ਮੁਹਿੰਮ ਚਲਾਉਣ ਅਤੇ ਕਰਾਚੀ ਮਹਾਂਨਗਰ ਵਿਚ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ.ਟੀ.ਪੀ.) ਅਤੇ ਹੋਰ ਇੰਤਹਾਪਸੰਦ ਗੁੱਟਾਂ ਖਿਲਾਫ ਪਾਕਿਸਤਾਨ ਰੇਂਜਰਜ਼ ਵੱਲੋਂ ਚਲਾਏ ਅਪਰੇਸ਼ਨ ਰਾਹ-ਏ-ਨਿਜਾਤ ਦੇ ਬਾਵਜੂਦ ਪਾਕਿਸਤਾਨੀ ਫੌਜ ਤੇ ਸਿਵਲੀਅਨ ਸਰਕਾਰ ਲਸ਼ਕਰ ਜਾਂ ਜੈਸ਼ ਵਰਗੇ ਦਹਿਸ਼ਤੀ ਸੰਗਠਨਾਂ ਦੀ ਪੁਸ਼ਤਪਨਾਹੀ ਤਿਆਗਣ ਲਈ ਤਿਆਰ ਨਹੀਂ।

ਯਫਰਲੂ ਅਨੁਸਾਰ ਪਾਕਿਸਤਾਨ, ਅਫਗਾਨਿਸਤਾਨ ਨੂੰ ਭਾਰਤ ਦਾ ਪਿੱਠੂ ਸਮਝਦਾ ਹੈ ਅਤੇ ਅਫਗਾਨ ਸਦਰ ਅਬਦੁੱਲ ਗਨੀ ਵਲੋਂ ਢਾਈ ਸਾਲ ਪਾਕਿਸਤਾਨ-ਪੱਖੀ ਪਹੁੰਚ ਅਪਣਾਏ ਜਾਣ ਦੇ ਬਾਵਜੂਦ ਉਸ ਨੂੰ 'ਭਾਰਤੀ ਕਠਪੁਤਲੀ' ਹੀ ਮੰਨਦਾ ਆ ਰਿਹਾ ਹੈ। ਇਹੀ ਕਾਰਨ ਹੈ ਕਿ ਉਹ ਦੋਵਾਂ ਗੁਆਂਢੀ ਮੁਲਕਾਂ, ਖਾਸ ਕਰ ਕੇ ਭਾਰਤ ਨੂੰ ਮਾਅਰਕੇਬਾਜ਼ੀ ਦੀ ਖੇਡ ਵਿਚ ਫਸਾਉਂਦਾ ਰਿਹਾ ਹੈ। ਭਾਰਤ ਵਿਚ ਹਿੰਦੂਤਵੀ ਉਭਾਰ ਅਤੇ ਨਵੀਂ ਦਿੱਲੀ ਵਿਚਲੇ ਨਵੇਂ ਹੁਕਮਰਾਨਾਂ ਦੀ 'ਚੌੜੇ ਸੀਨੇ' ਵਾਲੀ ਚੌੜਵਾਦੀ ਪਹੁੰਚ ਵੀ ਪਾਕਿਸਤਾਨ ਨੂੰ ਇਸ ਪੱਖੋਂ ਚੋਖੇ ਰਾਸ ਆ ਰਹੇ ਹਨ। ਪਾਕਿਸਤਾਨ ਨਾਲ ਕਰੜੇ ਹੱਥੀਂ ਸਿੱਝਣ ਦੀ ਲਾਲਸਾ ਭਾਰਤੀ ਹੁੱਕਾਮ ਨੂੰ ਪੇਤਲੀ ਕਿਸਮ ਦੀ ਮਾਅਰਕੇਬਾਜ਼ੀ ਦੇ ਰਾਹ ਪਾ ਦਿੰਦੀ ਹੈ। ਅਜਿਹੀ ਪਹੁੰਚ ਆਲਮੀ ਪੱਧਰ 'ਤੇ ਭਾਰਤੀ ਅਕਸ ਨੂੰ ਢਾਹ ਲਾ ਰਹੀ ਹੈ। ਅਜਿਹੇ ਹਾਲਾਤ ਵਿਚ ਕੀ ਹਿੰਦ-ਪਾਕਿ ਸਬੰਧ ਛੇਤੀ ਲੀਹ 'ਤੇ ਆਉਣ ਦੀ ਗੁੰਜਾਇਸ਼ ਬਚੀ ਹੈ?


***ਫਰਾਂਸੀਸੀ ਵਿਦਵਾਨ ਕ੍ਰਿਸਟੌਫ ਯਫਰਲੂ ਅਤੇ ਉਸ ਦੀ ਕਿਤਾਬ ਦਾ ਮੁਖੜਾ।***

ਪਾਕਿਸਤਾਨੀ ਅਖਬਾਰ 'ਦਿ ਨਿਊਜ਼' ਵਲੋਂ ਹਾਲ ਹੀ ਵਿਚ ਕਰਵਾਇਆ ਸਰਵੇਖਣ ਦਰਸਾਉਂਦਾ ਹੈ ਕਿ ਮੌਜੂਦਾ ਮੁਸ਼ਕਿਲਾਂ ਦੇ ਬਾਵਜੂਦ ਪੜ੍ਹੇ-ਲਿਖੇ ਪਾਕਿਸਤਾਨੀਆਂ ਦਾ ਵੱਡਾ ਵਰਗ ਭਾਰਤ ਨਾਲ ਸਬੰਧ ਲੀਹ 'ਤੇ ਲਿਆਉਣ ਦਾ ਚਾਹਵਾਨ ਹੈ। ਖੁਦ ਸ਼ਾਹਿਦ ਜਾਵੇਦ ਬਰਕੀ ਨੇ ਹਾਲ ਹੀ ਵਿਚ ਇੱਕ ਟੈਲੀਵਿਜ਼ਨ ਇੰਟਰਵਿਊ ਵਿਚ ਕਿਹਾ ਕਿ ਦੁਵੱਲੇ ਵਿਵਾਦਾਂ ਨਾਲ ਜੁੜੇ ਸਾਰੇ ਮੁੱਦੇ ਜੇ ਦਸ ਕੁ ਸਾਲਾਂ ਲਈ 'ਫਰੀਜ਼' ਕਰ ਦਿੱਤੇ ਜਾਣ ਤਾਂ 'ਬਹੁਤ ਸਾਰੀਆਂ ਤਨਜ਼ਾਂ ਤੇ ਤਨਾਜ਼ਾ ਖੁਦ-ਬਖੁਦ ਖਤਮ ਹੋ ਜਾਵੇਗਾ।' ਪਰ ਤਨਜ਼ਾਂ ਤੇ ਤਨਾਜ਼ੇ ਦੀ ਅੱਗ ਉਤੇ ਰੋਟੀਆਂ ਸੇਕਦੇ ਆ ਰਹੇ ਅਨਸਰ ਕੀ ਅਜਿਹਾ ਹੋਣ ਦੇਣਗੇ? ਇਸ ਸਵਾਲ ਦੇ ਜਵਾਬ ਵਿਚ ਬਰਕੀ ਨੇ ਮਖਦੂਮ ਫਿਲੌਰੀ ਦੀ ਨਜ਼ਮ ਦਾ ਹਵਾਲਾ ਦਿੱਤਾ:

ਸਰਹਦੇਂ ਬਟੀ ਹੂਈ ਹੈਂ
ਭਵੇਂ ਭੀ ਤਨੀ ਹੂਈ ਹੈਂ
ਖੁੱਦਦਾਰੀ ਉਧਰ ਭੀ ਹੈ,
ਖੁੱਦਦਾਰੀ ਇਧਰ ਭੀ ਹੈ
ਫਿਰ ਭੀ ਚੇਹਰੇ ਤੋ ਅਪਨੋਂ ਜੈਸੇ ਹੈਂ
ਉਨਹੇਂ ਛੂਨੇ ਕੋ ਮਨ ਹੋਤਾ ਹੈ
ਹਾਥ ਬੜ੍ਹਾਨੇ ਕੋ ਮਨ ਹੋਤਾ ਹੈ।

ਸ਼ਾਹਿਦ ਜਾਵੇਦ ਬਰਕੀ ਦੀ ਇਸ ਇੰਟਰਵਿਊ ਤੋਂ ਅਗਲੇ ਹੀ ਦਿਨ ਸ਼ਾਇਰ ਅਤੇ ਫਿਲਮਸਾਜ਼ ਗੁਲਜ਼ਾਰ ਨੇ ਪੰਜਾਬ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨਾਲ ਰੂਬਰੂ ਦੌਰਾਨ ਪਾਕਿਸਤਾਨ ਨਾਲ ਸਬੰਧਾਂ ਦੇ ਪ੍ਰਸੰਗ ਵਿਚ ਇੱਕ ਪਾਕਿਸਤਾਨੀ ਸ਼ਾਇਰ ਦੇ ਹਵਾਲੇ ਨਾਲ ਕਿਹਾ:

ਉਮੀਦ ਕੀ ਕਿਰਨ ਕੇ ਸਿਵਾ
ਔਰ ਕੁਛ ਨਹੀਂ ਯਹਾਂ
ਇਸ ਘਰ ਮੇਂ
ਰੌਸ਼ਨੀ ਕਾ ਯਹੀ ਇੰਤਜ਼ਾਮ ਹੈ।

ਜਦੋਂ ਤਕ ਵਾਹਗੇ-ਅਟਾਰੀ ਦੇ ਦੋਵੇਂ ਪਾਸੇ ਅਜਿਹੀਆਂ ਸੰਵੇਦਨਾਵਾਂ ਮੌਜੂਦ ਹਨ, 'ਰੌਸ਼ਨੀ ਕਾ ਯਹੀ ਇੰਤਜ਼ਾਮ' ਰਿਸ਼ਤਾ-ਚਾਕ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਬਣਾਉਂਦਾ ਰਹੇਗਾ।

# ਜ਼ਿੰਦਗੀ ਦਾ ਸੁਰੀਲਾ ਗੀਤ: ਸੌਂਗ ਆਫ ਸਪੈਰੋ

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ, ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਇਰਾਨ ਦੇ ਸਰਕਰਦਾ ਫਿਲਮਸਾਜ਼ ਮਾਜਿਦ ਮਾਜੀਦੀ ਦੀ ਫਿਲਮ 'ਸੌਂਗ ਆਫ ਸਪੈਰੋ' ਬਾਰੇ ਚਰਚਾ ਕੀਤੀ ਗਈ ਹੈ। ਇਹ ਫਿਲਮ ਜ਼ਿੰਦਗੀ ਦੇ ਸੁਰੀਲੇ ਗੀਤ ਵਰਗੀ ਹੈ। -ਸੰਪਾਦਕ***



ਭਾਰਤ ਵਿਚ ਮਾਜਿਦ ਮਾਜੀਦੀ ਦੀ ਚਰਚਾ ਫਿਲਮ 'ਬੀਔਂਡ ਦਿ ਕਲਾਊਡਜ਼' ਨਾਲ ਸ਼ੁਰੂ ਹੋਈ। ਇਸ ਫਿਲਮ ਦੀ ਸ਼ੂਟਿੰਗ ਦੌਰਾਨ ਉਨ੍ਹਾਂ ਨੇ ਅਖਬਾਰ 'ਹਿੰਦੋਸਤਾਨ ਟਾਈਮਜ਼' ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਕਿਸੇ ਖਿੱਤੇ ਜਾਂ ਮੁਲਕ ਨੂੰ ਜਾਨਣ ਦਾ ਬਿਹਤਰ ਤਰੀਕਾ ਉਸ ਜਗ੍ਹਾ ਦੇ ਸਭਿਆਚਾਰ,ਰਸਮਾਂ-ਰਿਵਾਜਾਂ ਅਤੇ ਜੀਵਨ ਜਾਚ ਨੂੰ ਜਾਨਣਾ ਹੈ। ਉਸ ਲਈ ਬੰਬਈ ਵਿਲੱਖਣ ਸ਼ਹਿਰ ਸੀ। ਉਸ ਨੇ ਮੰਨਿਆ ਕਿ ਇਥੋਂ ਦੀ ਗਰੀਬੀ ਵਿਚ ਖਾਸ ਤਰ੍ਹਾਂ ਦੀ ਕਰੂਰਤਾ ਹੈ। ਇਥੇ ਗਰੀਬੀ ਅਤੇ ਜੁਰਮ, ਦੋਵੇਂ ਇਕੋ ਸਿੱਕੇ ਦੇ ਦੋ ਪਾਸੇ ਹਨ; ਜਿਵੇਂ ਇਹ ਮੰਨ ਹੀ ਲਿਆ ਜਾਂਦਾ ਹੈ ਕਿ ਜੇ ਕੋਈ ਬੰਦਾ ਗਰੀਬ ਹੈ ਤਾਂ ਉਹ ਮੁਜਰਿਮ ਤਾਂ ਜ਼ਰੂਰ ਹੀ ਹੋਵੇਗਾ। ਦੂਜੇ ਪਾਸੇ ਜੁਰਮ ਦੀ ਅਨੰਤ ਦੁਨੀਆ ਵਿਚ ਹਰ ਦੂਜਾ ਮੁਜਰਿਮ ਗਰੀਬੀ ਦੀ ਦਲਦਲ ਵਿਚ ਪਲ ਕੇ ਜਵਾਨ ਹੋਇਆ ਹੈ। ਗਰੀਬ ਜੁਰਮਾਂ ਦੀ ਚੱਕੀ ਦਾ ਕੱਚਾ ਚਾਰਾ ਹੈ।

ਮਾਜਿਦ ਮਾਜੀਦੀ ਦੀ ਇਸ ਫਿਲਮ ਦੇ ਭੈਣ-ਭਰਾ ਬਿਨਾ ਕਿਸੇ ਕਸੂਰ ਤੋਂ ਜਿਸ ਤਰ੍ਹਾਂ ਨਾਲ ਲਗਾਤਾਰ ਸ਼ੋਸ਼ਣ ਦੀ ਚੱਕੀ ਵਿਚ ਪਿਸਦੇ ਹਨ, ਉਸ ਦਾ ਖਾਕਾ ਤੇ ਖਾਸਾ ਬਹੁਤ ਤਰੀਕਿਆਂ ਨਾਲ ਉਸ ਦੀ ਫਿਲਮ 'ਦਿ ਚਿਲਡਰਨ ਆਫ ਹੈਵਨ' ਨਾਲੋਂ ਵੱਖਰਾ ਹੈ। ਜਿਥੇ ਇਰਾਨ ਵਰਗੇ ਮੁਲਕਾਂ ਵਿਚ ਦਿਹਾਤੀ ਸੂਝ-ਬੂਝ ਅਤੇ ਪੁਰਾਤਨ ਦਿਆਨਤਦਾਰੀ ਗਰੀਬੀ ਵਿਚ ਫਸੇ ਜੀਆਂ ਦੇ ਜ਼ਖਮਾਂ 'ਤੇ ਮੱਲ੍ਹਮ ਦਾ ਕੰਮ ਕਰਦੀ ਹੈ, ਬੰਬਈ, ਦਿੱਲੀ ਜਾਂ ਲੁਧਿਆਣਾ ਵਰਗੇ ਸ਼ਹਿਰਾਂ ਵਿਚਲਾ ਖੋਖਲਾਪਣ, ਇਕੱਲਾਪਣ ਅਤੇ ਬੇਗਾਨਗੀ ਗਰੀਬਾਂ ਨਾਲ ਹੋਰ ਵੀ ਜ਼ਿਆਦਾ ਬਰਬਰ ਤਰੀਕੇ ਨਾਲ ਪੇਸ਼ ਆਉਂਦੀ ਹੈ।

ਮਾਜਿਦ ਦੀ ਇਸ ਫਿਲਮ ਦੀ ਸਮੀਖਿਆ ਕਰਨ ਵਾਲੇ ਆਲੋਚਕਾਂ ਦਾ ਮੰਨਣਾ ਸੀ ਕਿ ਇਹ ਫਿਲਮ ਅਲੀ ਅਤੇ ਜ਼ਾਇਰਾ ਦੀ ਕਹਾਣੀ 'ਦਿ ਚਿਲਡਰਨ ਆਫ ਹੈਵਨ' ਤੋਂ ਅਗਾਂਹ ਦੀ, ਪਰ ਬਿਲਕੁੱਲ ਵੱਖਰੀ ਧਰਾਤਲ 'ਤੇ ਬਣੀ ਫਿਲਮ ਹੈ। ਕੌਮਾਂਤਰੀ ਹਲਕਿਆਂ ਵਿਚ ਇਸ ਫਿਲਮ ਦੀ ਬਹੁਤ ਚਰਚਾ ਹੋਈ ਪਰ ਇਹ ਫਿਲਮ ਬਾਕਸ ਆਫਿਸ 'ਤੇ ਅਸਫਲ ਹੋ ਗਈ। ਮਾਜਿਦ ਅਨੁਸਾਰ ਇਸ ਫਿਲਮ ਦੇ ਅਸਫਲ ਹੋਣ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ ਪਰ ਜਿਹੜਾ ਸਭ ਤੋਂ ਵੱਡਾ ਅਤੇ ਦੁਖਦਾਈ ਕਾਰਨ ਇਹ ਹੈ ਕਿ ਬਾਲੀਵੁੱਡ ਨੇ ਦਰਸ਼ਕਾਂ ਨੂੰ ਅਜਿਹੀਆਂ ਖੋਖਲੀਆਂ ਅਤੇ ਸੁਹਜ-ਸੁਆਦ ਤੋਂ ਖਾਲੀ ਤੇ ਕਲਾ ਤੋਂ ਵਿਰਵੀਆਂ ਕਹਾਣੀਆਂ ਦੀ ਆਦਤ ਪਾ ਦਿੱਤੀ ਗਈ ਹੈ ਕਿ ਉਨ੍ਹਾਂ ਲਈ ਫਿਲਮ ਮਹਿਜ਼ ਮਨੋਰੰਜਨ ਤੇ ਦਿਲ-ਪ੍ਰਚਾਵੇ ਦਾ ਸੰਦ ਬਣ ਕੇ ਰਹਿ ਗਈ ਹੈ। ਇਸ ਦਾ ਦੂਜਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਸ਼ਾਇਦ ਦੋਵਾਂ ਮੁਲਕਾਂ (ਭਾਰਤ ਤੇ ਇਰਾਨ) ਦੀ ਸਿਨੇਮਾ ਅਤੇ ਕਲਾਵਾਂ ਬਾਰੇ ਸਮਝ ਅਤੇ ਦੇਖਣ ਦੀ ਜਾਚ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ।

ਮਾਜਿਦ ਮਾਜੀਦੀ ਦਾ ਇਸ ਫਿਲਮ ਨੂੰ ਬਣਾਉਣ ਦਾ ਤਜਰਬਾ ਬਹੁਤ ਵਿਲੱਖਣ ਰਿਹਾ। ਉਸ ਅਨੁਸਾਰ ਕਿਸੇ ਵੀ ਫਿਲਮ ਦਾ ਦਾਰਸ਼ਨਿਕ ਅਤੇ ਰੂਹਾਨੀ ਪੱਖ ਬਹੁਤ ਮਹਤੱਵਪੂਰਨ ਹੈ। ਫਿਲਮ ਦੇਖਣ ਨਾਲੋਂ ਮਹਿਸੂਸ ਕਰਨ ਵਾਲੀ ਕਲਾ ਵੱਧ ਹੈ। ਉਸ ਦੀ ਇਸ ਟਿੱਪਣੀ ਦਾ ਝਲਕਾਰਾ ਵਾਰ-ਵਾਰ ਉਸ ਦੀ ਫਿਲਮ 'ਦਿ ਸੌਂਗ ਆਫ ਸਪੈਰੋਜ਼' ਵਿਚੋਂ ਪੈਂਦਾ ਹੈ ਜਿਸ ਵਿਚ ਉਹ ਅਜਿਹੇ ਕਿਰਦਾਰ ਦੀ ਸਿਰਜਣਾ ਕਰਦਾ ਹੈ ਜਿਹੜਾ ਰੋਜ਼-ਮੱਰਾ ਦੀ ਜ਼ਿੰਦਗੀ ਦੇ ਝਮੇਲਿਆਂ ਅਤੇ ਕਸ਼ਮਕਸ਼ ਵਿਚ ਆਪਣੀ ਆਤਮਾ ਗੁਆ ਬੈਠਦਾ ਹੈ। ਫਿਲਮ ਦੇ ਅੰਤ ਤੱਕ ਪਹੁੰਚਦਿਆਂ ਉਹ ਕਿਵੇਂ ਆਪਣੀ ਚੇਤਨਾ ਅਤੇ ਆਤਮਿਕ ਸ਼ਾਤੀ ਲਈ ਜੱਦੋ-ਜਹਿਦ ਕਰਦਾ ਹੈ, ਇਹੀ ਇਸ ਫਿਲਮ ਦਾ ਮੁੱਖ ਨੁਕਤਾ ਹੈ।

ਫਿਲਮ 'ਦਿ ਸੌਂਗ ਆਫ ਸੈਪਰੋਜ਼' ਦੀ ਕਹਾਣੀ ਵਿਚ ਮੁੱਖ ਕਿਰਦਾਰ ਕਰੀਮ ਹੈ ਜਿਹੜਾ ਤਹਿਰਾਨ ਦੇ ਇਕ ਪਿੰਡ ਵਿਚ ਆਪਣੇ ਪਰਿਵਾਰ ਨਾਲ ਰਹਿੰਦਾ ਹੈ ਅਤੇ ਸ਼ੁਤਰਮੁਰਗਾਂ ਦੀ ਦੇਖਭਾਲ ਕਰਨ ਵਾਲੇ ਫਾਰਮ ਵਿਚ ਨੌਕਰੀ ਕਰਦਾ ਹੈ। ਇਕ ਦਿਨ ਉਸ ਨੂੰ ਘਰੋਂ ਫੋਨ ਆਉਂਦਾ ਹੈ ਕਿ ਉਸ ਦੀ ਵੱਡੀ ਧੀ (ਜਿਸ ਨੂੰ ਕੰਨਾਂ ਤੋਂ ਨਹੀਂ ਸੁਣਦਾ) ਦਾ ਸੁਣਨ ਵਾਲਾ ਯੰਤਰ ਗੁਆਚ ਗਿਆ ਹੈ। ਪੂਰਾ ਟੱਬਰ ਪ੍ਰੇਸ਼ਾਨ ਹੈ। ਉਹ ਜਦੋਂ ਘਰ ਜਾਂਦਾ ਹੈ ਤਾਂ ਉਸ ਦੇ ਪੁੱਤਰ ਆਪਣੇ ਦੋਸਤਾਂ ਨਾਲ ਮਿਲ ਕੇ ਘਰ ਵਿਚ ਬਣੇ ਖੂਹ ਵਿਚੋਂ ਉਹ ਯੰਤਰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਵੀ ਉਨ੍ਹਾਂ ਨਾਲ ਮਿਲ ਕੇ ਯੰਤਰ ਲੱਭਣ ਲਗਦਾ ਹੈ। ਉਧਰ, ਉਸ ਦੇ ਫਾਰਮ ਵਿਚੋਂ ਇਕ ਸ਼ੁਤਰਮੁਰਗ ਭੱਜ ਜਾਂਦਾ ਹੈ। ਫਾਰਮ ਦਾ ਮਾਲਕ ਕਰੀਮ ਨੂੰ ਜ਼ਿੰਮੇਵਾਰ ਕਰਾਰ ਦਿੰਦਿਆਂ ਉਸ ਨੂੰ ਨੌਕਰੀ ਤੋਂ ਜਵਾਬ ਦੇ ਦਿੰਦਾ ਹੈ। ਕਰੀਮ ਲਈ ਇਹ ਅਸਮਾਨੀ ਬਿਜਲੀ ਡਿੱਗਣ ਵਾਂਗ ਹੈ। ਦਿਹਾੜੀ ਨਾ ਮਿਲਣ ਤੋਂ ਪ੍ਰੇਸ਼ਾਨ ਉਹ ਤਹਿਰਾਨ ਦਾ ਰੁਖ ਕਰਦਾ ਹੈ। ਉਹ ਜਦੋਂ ਆਪਣੇ ਮੋਟਰਸਾਈਕਲ ਉਪਰ ਕੰਮ ਦੀ ਤਲਾਸ਼ ਵਿਚ ਘੁੰਮ ਰਿਹਾ ਹੈ ਤਾਂ ਉਸ ਨੂੰ ਕਿਰਾਏ ਲਈ ਮੋਟਰਸਾਈਕਲ ਵਾਲਾ ਮੰਨਦਿਆਂ ਉਸ ਤੋਂ ਸਮਾਨ ਅਤੇ ਬੰਦਿਆਂ ਦੀ ਢੋਹ-ਢੁਆਈ ਦਾ ਕੰਮ ਕਰਵਾਉਣ ਲੱਗਦੇ ਹਨ। ਪਹਿਲਾਂ-ਪਹਿਲ ਉਸ ਨੂੰ ਇਹ ਕੰਮ ਚੰਗਾ ਵੀ ਲੱਗਦਾ ਹੈ। ਸਮਾਨ ਦੀ ਢੋਆ-ਢੁਆਈ ਕਰਦਿਆਂ ਅਤੇ ਸ਼ਹਿਰ ਦੀ ਬੇਕਿਰਕੀ ਵਿਚ ਜਿਊਂਦਿਆਂ ਹੌਲੀ-ਹੌਲੀ ਉਸ ਅੰਦਰ ਲਾਲਚ ਅਤੇ ਲਾਲਸਾ ਪਨਪਣ ਲੱਗਦੀ ਹੈ। ਉਹ ਸ਼ਹਿਰੋਂ ਰੱਦੀ ਅਤੇ ਕਬਾੜ ਹੋਈਆਂ ਚੀਜ਼ਾਂ ਨਾਲ ਆਪਣਾ ਘਰ ਭਰਨ ਲੱਗ ਜਾਂਦਾ ਹੈ। ਉਸ ਦਾ ਆਪਣੇ ਬੱਚਿਆਂ ਅਤੇ ਪਤਨੀ ਨਾਲ ਵਿਹਾਰ ਵੀ ਬਦਲ ਜਾਂਦਾ ਹੈ। ਉਹ ਜ਼ਿੱਦੀ, ਲਾਲਚੀ ਤੇ ਗੁੱਸੇਖੋਰ ਆਦਮੀ ਵਿਚ ਵਟ ਜਾਂਦਾ ਹੈ। ਉਸ ਦਾ ਲਾਲਚ ਇੰਨਾ ਵਧ ਜਾਂਦਾ ਹੈ ਕਿ ਉਹ ਫਾਲਤੂ ਸਾਮਾਨ ਨਾਲ ਆਪਣਾ ਘਰ ਭਰ ਲੈਂਦਾ ਹੈ। ਚੀਜ਼ਾਂ ਦਾ ਮੋਹ ਉਸ ਨੂੰ ਅੰਦਰੋਂ ਦਿਨੋ-ਦਿਨ ਖਤਮ ਕਰਦਾ ਜਾਂਦਾ ਹੈ। ਆਖਿਰ ਇਕ ਦਿਨ ਉਹ ਇਸ ਕਬਾੜ ਦੇ ਢੇਰ ਹੇਠ ਆ ਜਾਂਦਾ ਹੈ ਤੇ ਉਸ ਦੀ ਲੱਤ ਟੁੱਟ ਜਾਂਦੀ ਹੈ। ਹੁਣ ਉਹ ਬਿਸਤਰ 'ਤੇ ਪਿਆ ਆਪਣੇ ਪਰਿਵਾਰ ਦੇ ਮੋਹ ਅਤੇ ਸਾਂਭ-ਸੰਭਾਲ 'ਤੇ ਹੈਰਾਨ ਅਤੇ ਸ਼ਰਮਿੰਦਾ ਹੁੰਦਾ ਹੈ। ਉਹ ਆਪਣੇ ਪਰਿਵਾਰ ਨਾਲ ਮਿਲ ਕੇ ਖੂਹ ਵਿਚ ਗੋਲਡਨ ਮੱਛੀਆਂ ਪਾਲਣ ਦਾ ਫੈਸਲਾ ਕਰਦਾ ਹੈ। ਉਹ ਜਦੋਂ ਠੀਕ ਹੋ ਕੇ ਮੱਛੀਆਂ ਅਤੇ ਹੋਰ ਸਾਮਾਨ ਖਰੀਦਣ ਸ਼ਹਿਰ ਜਾਂਦੇ ਹਨ ਤਾਂ ਰਸਤੇ ਵਿਚ ਮੱਛੀਆਂ ਵਾਲਾ ਬਕਸਾ ਬੱਚਿਆਂ ਤੋਂ ਧਰਤੀ 'ਤੇ ਢੇਰ ਹੋ ਜਾਂਦਾ ਹੈ। ਪੂਰੇ ਪਰਿਵਾਰ ਦੇ ਸੁਪਨੇ ਵੀ ਇਸ ਦੇ ਨਾਲ ਹੀ ਬਿਖਰ ਜਾਂਦੇ ਹਨ ਪਰ ਕੁਦਰਤ ਦੇ ਰਾਹ ਬਹੁਤ ਅਜੀਬ ਹਨ। ਬੱਚੇ ਆਪਣੇ ਦੋਸਤਾਂ ਨਾਲ ਮਿਲ ਕੇ ਸਾਰੀਆਂ ਮੱਛੀਆਂ ਨੂੰ ਪਾਣੀ ਵਾਲੀਆਂ ਨਾਲੀਆਂ ਵਿਚ ਜਿਊਣ ਲਈ ਖੁੱਲ੍ਹਾ ਛੱਡ ਦਿੰਦੇ ਹਨ। ਕਰੀਮ ਬੱਚਿਆਂ ਦੀ ਇਸ ਦਿਆਨਤਦਾਰੀ ਅਤੇ ਇਮਾਨਦਾਰੀ 'ਤੇ ਬੇਹੱਦ ਖੁਸ਼ ਹੁੰਦਾ ਹੈ; ਜਿੱਦਾਂ ਉਸ ਨੂੰ ਆਪਣੀ ਆਤਮਾ ਹੀ ਵਾਪਿਸ ਮਿਲਦੀ ਨਜ਼ਰ ਆਉਂਦੀ ਹੈ।




***ਫਿਲਮ 'ਦਿ ਸੌਂਗ ਆਫ ਸੈਪਰੋਜ਼' ਦੀ ਕਹਾਣੀ ਵਿਚ ਮੁੱਖ ਕਿਰਦਾਰ ਕਰੀਮ ਹੈ ਜਿਹੜਾ ਤਹਿਰਾਨ ਦੇ ਇਕ ਪਿੰਡ ਵਿਚ ਆਪਣੇ ਪਰਿਵਾਰ ਨਾਲ ਰਹਿੰਦਾ ਹੈ ਅਤੇ ਸ਼ੁਤਰਮੁਰਗਾਂ ਦੀ ਦੇਖਭਾਲ ਕਰਨ ਵਾਲੇ ਫਾਰਮ ਵਿਚ ਨੌਕਰੀ ਕਰਦਾ ਹੈ। ਇਕ ਦਿਨ ਉਸ ਨੂੰ ਘਰੋਂ ਫੋਨ ਆਉਂਦਾ ਹੈ ਕਿ ਉਸ ਦੀ ਵੱਡੀ ਧੀ (ਜਿਸ ਨੂੰ ਕੰਨਾਂ ਤੋਂ ਨਹੀਂ ਸੁਣਦਾ) ਦਾ ਸੁਣਨ ਵਾਲਾ ਯੰਤਰ ਗੁਆਚ ਗਿਆ ਹੈ। ਪੂਰਾ ਟੱਬਰ ਪ੍ਰੇਸ਼ਾਨ ਹੈ। ਉਹ ਜਦੋਂ ਘਰ ਜਾਂਦਾ ਹੈ ਤਾਂ ਉਸ ਦੇ ਪੁੱਤਰ ਆਪਣੇ ਦੋਸਤਾਂ ਨਾਲ ਮਿਲ ਕੇ ਘਰ ਵਿਚ ਬਣੇ ਖੂਹ ਵਿਚੋਂ ਉਹ ਯੰਤਰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ।***




# 'ਮੁਗਲ-ਏ-ਆਜ਼ਮ' ਦੀ ਦਾਸਤਾਨ


ਭਾਰਤ ਦੀ ਮਹਾਨ ਫਿਲਮ 'ਮੁਗਲ-ਏ-ਆਜ਼ਮ' ਦੀ 60ਵੀਂ ਵਰ੍ਹੇਗੰਢ ਮੌਕੇ ਪ੍ਰਕਾਸ਼ਿਤ ਹੋਈ ਨਵੀਂ ਕਿਤਾਬ 'ਦਾਸਤਾਨ-ਏ-ਮੁਗਲ-ਏ-ਆਜ਼ਮ' ਫਿਲਮ 'ਮੁਗਲ-ਏ-ਆਜ਼ਮ' ਦੀ ਸ਼ੂਟਿੰਗ ਮੌਕੇ ਕੈਮਰੇ ਪਿੱਛੇ ਵਾਪਰੀਆਂ ਬੇਹੱਦ ਦਿਲਚਸਪ ਘਟਨਾਵਾਂ ਅਤੇ ਕਿੱਸੇ ਬਿਆਨਦੀ ਹੈ। ਮੰਜੁਲ ਪਬਲਿਸ਼ਿੰਗ ਹਾਊਸ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਰਾਜਕੁਮਾਰ ਕੇਸਵਾਨੀ ਦੀ ਲਿਖੀ ਇਸ ਕਿਤਾਬ ਵਿਚ ਇਸ ਮਹਾਨ ਫਿਲਮ ਨੂੰ ਬਣਾਉਣ ਪਿੱਛੇ ਵਹਾਏ ਪਸੀਨੇ ਅਤੇ ਕੀਤੀ ਗਈ ਅੰਤਾਂ ਦੀ ਮਿਹਨਤ, ਖੁਸ਼ੀ ਤੇ ਹੰਝੂ, ਪ੍ਰੇਮ ਪ੍ਰਸੰਗ ਤੇ ਹਉਮੈ ਦੀ ਜੰਗ, ਜੋਸ਼ ਤੇ ਜਨੂੰਨ ਦੀਆਂ ਕਹਾਣੀਆਂ ਬਿਆਨ ਕੀਤੀਆਂ ਗਈਆਂ ਹਨ। ਦਲੀਪ ਕੁਮਾਰ, ਮਧੂਬਾਲਾ ਅਤੇ ਪ੍ਰਿਥਵੀਰਾਜ ਕਪੂਰ ਦੀਆਂ ਮੁੱਖ ਭੂਮਿਕਾਵਾਂ ਵਾਲੀ ਇਹ ਫਿਲਮ 5 ਅਗਸਤ, 1960 ਵਿਚ ਰਿਲੀਜ਼ ਹੋਈ ਸੀ। ਇਹ ਫਿਲਮ ਹਿੰਦੀ ਸਿਨੇਮਾ ਦੀਆਂ ਬਿਹਤਰੀਨ ਫਿਲਮਾਂ 'ਚੋਂ ਅੱਜ ਵੀ ਸਿਖਰ 'ਤੇ ਹੈ।

ਹਿੰਦੀ ਵਿਚ ਲਿਖੀ ਇਸ ਪੁਸਤਕ 'ਦਾਸਤਾਨ-ਏ-ਮੁਗਲ-ਏ-ਆਜ਼ਮ' ਵਿਚ ਫਿਲਮ ਦੇ ਨਿਰਦੇਸ਼ਕ ਕੇ. ਆਸਿਫ ਵਲੋਂ ਬਿਹਤਰੀਨ ਫਿਲਮ ਬਣਾਉਣ ਦੇ ਸੰਕਲਪ ਤਹਿਤ ਤਣਾਅਪੂਰਵਕ ਹਾਲਾਤ ਅਤੇ ਲੰਮੇ ਸਮੇਂ ਦੇ ਸ਼ੂਟਿੰਗ ਸ਼ਡਿਊਲ ਦੌਰਾਨ ਕੀਤੀ ਮਿਹਨਤ ਅਤੇ ਹੋਰ ਰੌਚਕ ਕਿੱਸੇ ਅਤੇ ਟੋਟਕਿਆਂ ਦਾ ਜ਼ਿਕਰ ਹੈ।

ਇਹ ਫਿਲਮ ਮੁਗਲ ਸ਼ਹਿਜ਼ਾਦੇ ਸਲੀਮ ਜੋ ਬਾਅਦ ਵਿਚ ਸ਼ਹਿਨਸ਼ਾਹ ਜਹਾਂਗੀਰ ਵਜੋਂ ਮਸ਼ਹੂਰ ਹੋਇਆ ਅਤੇ ਸਲੀਮ ਦੇ ਅੱਬਾ ਸ਼ਹਿਨਸ਼ਾਹ ਅਕਬਰ ਦੇ ਦਰਬਾਰ ਦੀ ਇਕ ਨਾਚੀ ਅਨਾਰਕਲੀ ਦੇ ਪਿਆਰ ਦੀ ਕਹਾਣੀ ਹੈ। ਇਸ ਫਿਲਮ ਨੂੰ ਬਣਾਉਣ ਦਾ ਕਿੱਸਾ ਉਸ ਵਕਤ ਸ਼ੁਰੂ ਹੋਇਆ, ਜਦੋਂ 1944 ਵਿਚ ਕੇ. ਆਸਿਫ ਨੇ ਸ਼ਹਿਨਸ਼ਾਹ ਅਕਬਰ ਬਾਰੇ ਇਕ ਨਾਟਕ ਪੜ੍ਹਿਆ। ਉਸ ਇਸ ਪ੍ਰਾਜੈਕਟ ਉਤੇ ਬਾਕਾਇਦਾ ਕੰਮ ਕਰਨ ਲੱਗ ਪਿਆ ਅਤੇ 1950ਵਿਆਂ ਦੇ ਆਰੰਭ ਵਿਚ ਫਿਲਮ ਨਾਲ ਸਬੰਧਤ ਫੋਟੋਗ੍ਰਾਫੀ ਸ਼ੁਰੂ ਕਰ ਦਿੱਤੀ ਗਈ। ਫਿਲਮ ਦੀ ਕਹਾਣੀ ਦਾ ਆਧਾਰ ਇਮਤਿਆਜ਼ ਅਲੀ ਤਾਜ ਦੀ ਲਿਖੀ ਪੁਸਤਕ 'ਅਨਾਰਕਲੀ' ਨੂੰ ਬਣਾਇਆ ਗਿਆ। ਇਮਤਿਆਜ਼ ਅਲੀ ਤਾਜ ਨੇ ਆਪਣਾ ਇਹ ਨਾਟਕ 1922 ਵਿਚ ਲਿਖਿਆ ਸੀ ਅਤੇ ਉਰਦੂ ਵਿਚ ਲਿਖਿਆ ਇਹ ਨਾਟਕ ਉਨ੍ਹਾਂ ਦੀ ਜ਼ਿੰਦਗੀ ਦੀ ਪਛਾਣ ਹੋ ਨਿਬੜਿਆ। ਇਹ ਨਾਟਕ ਸਫਲਤਾ ਪੂਰਵਕ ਸੇਟਜ ਉਤੇ ਵੀ ਖੇਡਿਆ ਗਿਆ ਅਤੇ ਭਾਰਤ ਤੇ ਪਾਕਿਸਤਾਨ ਵਿਚ ਇਸ ਨੂੰ ਆਧਾਰ ਬਣਾ ਕੇ ਕਈ ਫਿਲਮਾਂ ਵੀ ਬਣਾਈਆਂ ਗਈਆਂ। ਇਮਤਿਆਜ਼ ਅਲੀ ਤਾਜ ਦਾ ਜਨਮ ਲਾਹੌਰ ਵਿਚ 13 ਅਕਤੂਬਰ 1900 ਨੂੰ ਹੋਇਆ ਸੀ।

ਜਦੋਂ ਇਹ ਫਿਲਮ ਰਿਲੀਜ਼ ਹੋਈ, ਇਸ ਦੀਆਂ ਧੁੰਮਾਂ ਪੈ ਗਈਆਂ। 197 ਮਿੰਟਾਂ ਦੀ ਇਸ ਫਿਲਮ ਨੇ ਫਿਲਮੀ ਸੰਸਾਰ ਵਿਚ ਕਈ ਰਿਕਾਰਡ ਕਾਇਮ ਕਰ ਦਿੱਤੇ। ਫਿਲਮ ਵਿਚ ਦਲੀਪ ਕੁਮਾਰ, ਮਧੂਬਾਲਾ ਅਤੇ ਪ੍ਰਿਥਵੀਰਾਜ ਕਪੂਰ ਤੋਂ ਇਲਾਵਾ ਦੁਰਗਾ ਖੋਟੇ, ਨਿਗਾਰ ਸੁਲਤਾਨਾ, ਅਜੀਤ, ਜਿਲੋ ਬਾਈ, ਜੌਨੀ ਵਾਕਰ, ਜਲਾਲ ਆਗਾ, ਬੇਬੀ ਤਬੱਸਮ ਵਰਗੇ ਕਲਾਕਾਰਾਂ ਨੇ ਆਪੋ-ਆਪਣਾ ਯੋਗਦਾਨ ਪਾਇਆ। ਫਿਲਮ ਵਿਚ 12 ਗੀਤ ਸ਼ਾਮਿਲ ਕੀਤੇ ਗਏ ਜਿਨ੍ਹਾਂ ਨੇ ਫਿਲਮ ਦੀ ਮਕਬੂਲੀਅਤ ਵਿਚ ਆਪਣਾ ਹਿੱਸਾ ਪਾਇਆ। ***-ਆਮਨਾ ਕੌਰ***



*ਕਿਤਾਬ ਦਾ ਮੁਖੜਾ ਅਤੇ (ਸੱਜੇ) ਅਸਲ 'ਮੁਗਲ-ਏ-ਆਜ਼ਮ' ਫਿਲਮਸਾਜ਼ ਕੇ. ਆਸਿਫ।*

Tel.: 317-426-5410
Ext 311 or 340

# XPressCargo

Cell : 317-701-4230
Fax : 317-308-6424

**Pay Every Week**
Single upto 42 Cent + Team Upto 50 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
**ਵੀਕਲੀ ਹੋਮ**
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com